ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 19 | Issue 99 | 29 Nov. to 5 Dec., 2023 | Ph.: (510) 240-5949 | Email: asrtimes@gmail.com



# ਸ਼੍ਰੋਮਣੀ ਕਮੇਟੀ ਸੰਕਟ 'ਚ ਜਾਂ ਸੰਕਟ ਸ਼੍ਰੋਮਣੀ ਕਮੇਟੀ ਵਿੱਚ ?

# ਕਿਉਂ ਭਟਕ ਗਈ ਸ਼੍ਰੋਮਣੀ ਕਮੇਟੀ ਆਪਣੇ ਰਾਹ ਤੋਂ ?

## ਕੀ ਬਿਆਨਾਂ ਤੱਕ ਸੀਮਿਤ ਹੋ ਕੇ ਰਹਿ ਗਈ ਸ਼੍ਰੋਮਣੀ ਕਮੇਟੀ?

**ਬਲਰਾਜ ਪੰਨੂੰ**

ਸਿੱਖਾਂ ਦੀ ਸੁਪ੍ਰੀਮ ਸੰਸਥਾ ਭਾਵ ਮਿੰਨੀ ਪਾਰਲੀਮੈਂਟ, ਜਿਹੜੀ ਕਿ ਸਖ਼ਤ ਮਿਹਨਤਾਂ ਤੋਂ ਬਾਅਦ ਬੇਤਹਾਸ਼ਾ ਕੁਰਬਾਨੀਆਂ ਦੇ ਕੇ ਕਈ ਤਰਾਂ ਦੇ ਮੋਰਚਿਆਂ ਤੇ ਸਾਕਿਆਂ ਤੋਂ ਬਾਅਦ ਹੋਂਦ ਵਿੱਚ ਲਿਆਂਦੀ ਗਈ ਸੀ, ਜਿਸ ਦਾ ਮਕਸਦ, ਭਾਵਨਾ, ਕੌਮ ਦੀ ਚੜ੍ਹਦੀਕਲਾ, ਗੁਰਦੁਆਰਾ ਪ੍ਰਬੰਧਾਂ ਨੂੰ ਵਧੀਆ ਤਰੀਕਿਆਂ ਨਾਲ ਚਲਾਉਣ, ਕੌਮੀ ਭਵਿੱਖ ਸਿਰਜਣ ਤੇ ਚੱਲਦੇ ਆ ਰਹੇ ਬ੍ਰਾਹਮਣਵਾਦੀ ਪਾਖੰਡਵਾਦ ਨੂੰ ਖ਼ਤਮ ਕਰਕੇ ਗੁਰ ਮਰਿਆਦਾ ਲਾਗੂ ਕਰਵਾਉਣ ਹਿਤ ਲਿਆਂਦੀ ਇਹ ਸੰਸਥਾ ਅੱਜ ਆਪਣੇ ਮਕਸਦ ਤੋਂ ਕੋਹਾਂ ਮੀਲ ਦੂਰ ਜਾਪਦੀ ਹੈ।

ਕਦੇ ਇਸ ਸੰਸਥਾ ਵੱਲੋਂ ਸਿੱਖ ਕੌਮ ਨੂੰ ਦਿੱਤਾ ਗਿਆ ਸੰਦੇਸ਼ ਸਿੱਖ ਕੌਮ ਸਾਹ ਰੋਕ ਕੇ ਸੁਣਦੀ ਸੀ ਤੇ ਇਲਾਹੀ ਹੁਕਮ ਸਮਝ ਕੇ ਮੰਨਦੀ ਸੀ।ਅੱਜ ਇਸ ਸੰਸਥਾ ਤੋਂ ਬਿਆਨ ਦਾਗੇ ਜਾਂਦੇ ਨੇ, ਜਿਵੇਂ ਸਿੱਖ ਸ਼ਰਧਾਲੂਆਂ ਨੂੰ ਵੀਜ਼ਾ ਨਾ ਦੇਣ ਕਰਕੇ ਐਡਵੋਕੇਟ ਧਾਮੀ ਸਖ਼ਤ ਨਾਰਾਜ਼, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਨੇ ਦੇਸ਼ ਦੀ ਸਰਬ-ਉੱਚ ਅਦਾਲਤ ਵਿੱਚ ਸਿੱਖ ਉਮੀਦਵਾਰਾਂ ਨੂੰ ਜੱਜ ਨਿਯੁਕਤ ਨਾ ਕਰਨ 'ਤੇ ਜਤਾਈ ਨਾਰਾਜ਼ਗੀ, ਐਡਵੋਕੇਟ ਧਾਮੀ ਨੇ ਕਿਹਾ ਕਿ ਗੁਰਮੀਤ ਰਾਮ ਰਹੀਮ ਨੂੰ ਪੈਰੋਲ ਦੇ ਦਿੱਤੀ ਹੈ, ਇਹ ਸਿੱਖਾਂ ਦੇ ਨਾਲ ਵਿਤਕਰਾ।ਹਰ ਸਿੱਖ ਦੇ ਮਨ ਵਿੱਚ ਇਹ ਸੁਣ ਕੇ ਸਵਾਲ ਆਉਂਦਾ ਹੈ ਕਿ ਭਲਿਓ ਲੋਕੋ, ਕੀ ਤੁਸੀਂ ਇਤਰਾਜ਼ ਕਰਨ ਲਈ ਕੌਮ ਦੀ ਨੁਮਾਇੰਦਗੀ ਕਰ ਰਹੇ ਹੋ ? ਤੁਹਾਨੂੰ ਏਨੇ ਸਾਲਾਂ ਤੋਂ ਬੰਦੀ ਸਿੰਘਾਂ ਦੀ ਚਿੰਤਾ ਕਿਉਂ ਨਾ ਹੋਈ ? ਜੇ ਤੁਹਾਨੂੰ ਬੰਦੀ ਸਿੰਘ ਹੁਣ ਹੀ ਦਿਸਣ ਲੱਗੇ ਨੇ ਤਾਂ ਬਿਆਨਾਂ ਤੱਕ ਹੀ ਸੀਮਿਤ ਕਿਉਂ ਰੱਖ ਰਹੇ ਹੋ ਉਨ੍ਹਾਂ ਯੋਧਿਆਂ ਨੂੰ ? ਖ਼ੈਰ ਸਵਾਲ ਤਾਂ ਤੁਹਾਡੇ ਮਨ ਦੇ ਵਿੱਚ ਵੀ ਹੋਣਗੇ ਕਿ ਸਿੱਖ ਕੌਮ ਦੀ ਨਬਜ਼ ਪਛਾਣ ਕੇ ਅਸੀਂ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਢਕਵੰਜ ਕਰ ਰਹੇ ਹਾਂ ਤੇ ਸਾਨੂੰ ਸਿੱਖ ਕੌਮ ਦਾ ਹੁੰਗਾਰਾ ਕਿਉਂ ਨਹੀਂ ਮਿਲ ਰਿਹਾ ? ਜਵਾਬ ਇਹ ਹੈ ਕਿ ਜਿਵੇਂ ਤੁਸੀਂ ਸਿੱਖ ਕੌਮ ਦੀ ਨਬਜ਼ ਪਛਾਣ



ਰਹੇ ਹੋ ਨਾ, ਉਵੇਂ ਸਿੱਖ ਕੌਮ ਵੀ ਤੁਹਾਡੀ ਰਗ ਰਗ ਤੋਂ ਵਾਕਫ਼ ਹੈ। ਜਦੋਂ ਤੁਸੀਂ ਬੰਧਨ ਮੁਕਤ ਹੋ ਕੇ ਸੱਚੇ ਦਿਲੋਂ ਬੰਦੀ ਸਿੰਘਾਂ ਦੀ ਰਿਹਾਈ ਦੀ ਬਾਤ ਨੂੰ ਅੱਗੇ ਤੋਰੋਗੇ ਤਾਂ ਵੇਖਿਓ ਤੁਹਾਡੇ ਪਿੱਛੇ ਕੌਮ ਦੀਆਂ ਵਹੀਰਾਂ ਹੋਣਗੀਆਂ।ਸੋ ਫੋਕਾ ਇਤਰਾਜ਼ ਨਾ ਜਤਾਓ। ਤੁਹਾਡੇ ਇਤਰਾਜ਼ ਜਤਾਉਣ ਦੇ ਨਾਲ ਕੀ ਹੋਣਾ, ਦੱਸੋ ਕੋਈ ਪੁਖ਼ਤਾ ਕਦਮ ਚੁੱਕਿਆ ਤੁਸੀਂ ? ਅੱਜ ਜਿਹੜੇ ਸਾਧ ਦੀ ਪੈਰੋਲ 'ਤੇ ਤੁਸੀਂ ਇਤਰਾਜ਼ ਜਤਾਉਂਦੇ ਹੋ, ਉਸੇ ਸਾਧ ਨੂੰ ਨਿਰਦੋਸ਼ ਸਾਬਤ ਕਰਨ ਦੇ ਲਈ ਖ਼ਬਰਾਂ ਦੇ ਮੁਤਾਬਿਕ ਤੁਸੀਂ 91 ਲੱਖ ਰੁਪਇਆ ਖ਼ਰਚਿਆ ਸੀ। ਜਿਹੜਾ ਬੀਜ ਤੁਸੀਂ ਚੁਣਿਆ, ਬੂਟਾ ਲਗਾਇਆ, ਵੱਡਾ ਕੀਤਾ, ਤੇ ਹੁਣ ਤੁਸੀਂ

ਬਿਆਨ ਦੇ ਕੇ ਉਸੇ ਹੀ ਨਫ਼ਰਤੀ ਬੂਟੇ ਨੂੰ ਵੱਢਦੇ ਚੰਗੇ ਨਹੀਂ ਲੱਗਦੇ।ਮਾਫ਼ੀ ਚਾਹੁੰਦੇ ਹਾਂ ਇਹ ਗੱਲ ਆਖਣ ਲੱਗਿਆਂ ਕਿ ਦੋਗਲਾ ਕਿਰਦਾਰ ਏਡੀ ਵੱਡੀ ਸੰਸਥਾ ਦੇ ਵਜ਼ੀਰ ਬਣ ਕੇ ਨਾ ਨਿਭਾਓ।

ਕਿਸੇ ਕੌਮ ਦੀ ਤਰੱਕੀ ਉਸ ਦੇ ਵਿਦਿਅਕ ਅਦਾਰਿਆਂ 'ਤੇ ਵੀ ਨਿਰਭਰ ਕਰਦੀ ਹੈ । ਤੁਹਾਡੇ ਵਿਦਿਅਕ ਅਦਾਰਿਆਂ ਦੀਆਂ ਇਮਾਰਤਾਂ ਬਹੁਤ ਸੋਹਣੀਆਂ ਨੇ, ਤਾਰੀਫ਼ ਦੀਆਂ ਹੱਕਦਾਰ ਨੇ, ਪਰ ਉਨ੍ਹਾਂ ਦੇ ਵਿੱਚ ਪੜ੍ਹਾਉਣ ਵਾਲੇ ਜਥੇਦਾਰਾਂ ਦੇ ਸਿਫ਼ਾਰਸ਼ੀ ਨੇ। ਅਧਿਆਪਕਾਂ ਦੀ ਸੋਚ ਦਾ ਲੈਵਲ ਛੋਟਾ ਹੋਵੇ ਤਾਂ ਚੰਗੇ ਨਤੀਜਿਆਂ ਦੀਆਂ ਆਸਾਂ ਰੱਖਣਾ ਤਾਂ ਨਾਜਾਇਜ਼ ਹੈ ਨਾ। ਜਦੋਂ ਨਤੀਜੇ ਚੰਗੇ ਨਹੀਂ ਮਾਪੇ ਆਪਣੇ ਬੱਚੇ ਕਿਉਂ ਪੜ੍ਹਾਉਣਗੇ ? ਗੁਰੂ ਗਰੰਥ ਸਾਹਿਬ ਜੀ ਵਰਗੀ ਯੂਨੀਵਰਸਿਟੀ ਦੇ ਵਿੱਚ ਵਿਦਿਆਰਥੀਆਂ ਦੀ ਗਿਣਤੀ ਪੰਜ ਹਜ਼ਾਰ ਵੀ ਨਹੀਂ ਪਹੁੰਚ ਸਕੀ।ਅਕਾਲੀ ਦਲ ਨੇ ਸਭ ਤੋਂ ਵੱਡਾ ਧਿਰੋਹ ਇਹਨਾਂ ਅਦਾਰਿਆਂ ਦੇ ਵਿੱਚ ਸਿਫ਼ਾਰਸ਼ੀ ਭਰਤੀ ਕਰਕੇ ਕੀਤਾ ਤੇ ਜਿਹੜਾ ਹੁਣ ਢਹਿ ਢੇਰੀ ਹੋ ਕੇ ਰਹੇਗਾ। ਸ਼੍ਰੋਮਣੀ ਕਮੇਟੀ ਨੂੰ ਜੋ ਤੁਸੀਂ ਢਾਹ ਲਗਾਈ ਹੈ, ਬੇਨਤੀ ਹੈ ਸੰਗਤਾਂ ਦੀ ਕਿ ਉਹ ਕਾਲਖ ਦਾ ਟਿੱਕਾ ਉਤਰਨਾਂ ਤਾਂ ਨਹੀਂ ਥੋੜ੍ਹਾ ਧੁੰਦਲਾ ਤਾਂ ਕਰ ਲਓ। ਉਹ ਸਿੱਖ ਕੌਮ ਜਿਹੜੀ ਕਦੀ ਗੁਲਾਮ ਨਹੀਂ ਅਖਵਾਈ, ਕੰਗਾਲ ਹੋ ਕੇ ਵੀ ਆਜ਼ਾਦ ਰਹੀ ਹੈ, ਅੱਜ ਉਸੇ ਕੌਮ ਨੂੰ ਤੁਸੀਂ ਗਹਿਣੇ ਪਾਉਣ ਵਰਗੀ ਸਥਿਤੀ ਦੇ ਵਿੱਚ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਵਜ੍ਹਾ ਇਹ ਕਿ ਤੁਹਾਡੇ ਨਿੱਜੀ ਹਿੱਤ ਸਿੱਖ ਕੌਮ ਦੇ ਨਾਲੋਂ ਵੱਡੇ ਹੋ ਗਏ ਹਨ ਪਰ ਯਾਦ ਰੱਖਿਓ ਸਿੱਖ ਕੌਮ ਦੀਆਂ ਗੂੰ ਜਾਂ ਜੁਗੋਂ ਜੁਗ ਪੈਂਦੀਆਂ ਰਹਿਣਗੀਆਂ। ਹੁਣ ਤੁਸੀਂ ਆਪ ਹੀ ਸੋਚੋ ਕਿ ਜੇ ਆਜ਼ਾਦ ਸਿੱਖ ਕੌਮ ਗੁਲਾਮ ਨਹੀਂ ਹੋ ਸਕਦੀ, ਤਾਂ ਆਜ਼ਾਦ ਕੌਮ ਨੇ ਗੁਲਾਮ ਵਜ਼ੀਰ ਵੀ ਕੀ ਕਰਨੇ ਨੇ ? ਤੇ ਤਰੱਕੀ ਕਿਵੇਂ ਹੋਵੇ ? ਤੁਸੀਂ ਧਰਮ ਦਾ ਪ੍ਰਚਾਰ ਆਪ ਤਾਂ ਕੀ ਕਰਨਾ, ਸਗੋਂ ਕਰਨ ਵਾਲਿਆਂ ਨੂੰ ਐਨ.ਐਸ.ਏ. ਲਗਾ ਕੇ ਅੰਦਰ ਸੁੱਟ ਦਿੱਤਾ, ਤੇ ਤੁਸੀਂ ਬਿਆਨ ਦੇ ਕੇ ਹੀ ਕੌਮ ਨੂੰ ਸ਼ਾਂਤ ਕਰ ਦਿੱਤਾ।ਸਾਨੂੰ ਨੀ ਪਤਾ ਕਿ ਉਨ੍ਹਾਂ ਦੀ ਨੀਅਤ ਕੀ ਸੀ।ਸਾਨੂੰ ਤਾਂ ਇਹ ਪਤਾ ਕਿ ਉਹ ਸਿੱਖ ਧਰਮ ਦਾ ਪ੍ਰਚਾਰ ਪਿੰਡੋਂ ਪਿੰਡ ਕਰ ਰਹੇ ਸੀ।ਨੌਜਵਾਨਾਂ ਨੂੰ ਧਰਮ ਦੇ ਨਾਲ ਜੋੜਨ ਵਿੱਚ ਕਾਮਯਾਬ ਹੋ ਰਹੇ ਸੀ।

ਗੋਲਕਾਂ ਦਾ ਪੈਸਾ ਵੇਖ ਕੇ ਇਹ ਨਾ ਸੋਚਿਓ ਕਿ ਤੁਹਾਡੀਆਂ ਮਨਮਾਨੀਆਂ ਦਾ ਸਿੱਖ ਸੰਗਤਾਂ ਨੂੰ ਭੁਲੇਖਾ ਹੈ, ਉਹ ਉਨ੍ਹਾਂ ਦੀ ਆਪਣੇ ਗੁਰੂ ਸਬੰਧੀ ਸ਼ਰਧਾ ਹੈ। ਉਨ੍ਹਾਂ ਦੀ ਕਮਾਈ ਦਾ ਦਸਵੰਧ ਹੈ। ਕਦੀ ਮਸੰਦਾ ਤੋਂ ਆਜ਼ਾਦ ਕਰਵਾਏ ਸੀ ਸਾਡੇ ਧਰਮ ਅਸਥਾਨ, ਪਰ ਆਪਣਿਆਂ ਨੂੰ ਤਾਂ ਮਸੰਦ ਬਣੇ ਵੇਖ ਕੇ ਮਸੰਦ ਕਹਿਣ ਨੂੰ ਵੀ ਦਿਲ ਨਹੀਂ ਕਰਦਾ ਕਿਉਂਕਿ ਉਹ ਸਾਡੇ ਗੁਰੂ ਦੇ ਵਜ਼ੀਰ ਨੇ।

# ਹਾਈ ਕੋਰਟ ਵੱਲੋਂ ਮਿਸਲ ਸਤਲੁਜ ਦੀਆਂ ਦਲੀਲਾਂ ਦਾ ਨੋਟਿਸ ਲੈਂਦਿਆਂ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ

## ਸ਼੍ਰੋਮਣੀ ਕਮੇਟੀ ਦੇ ਲੋਕਤੰਤਰੀ ਢਾਂਚੇ 'ਚ ਵੱਡੀਆਂ ਤਬਦੀਲੀਆਂ ਦੀ ਲੋੜ: ਅਜੇਪਾਲ ਸਿੰਘ ਬਰਾੜ

## ਜੇ ਪਾਰਲੀਮੈਂਟ ਦੀਆਂ ਚੋਣਾਂ ਦੀ ਰਜਿਸਟ੍ਰੇਸ਼ਨ ਆਨਲਾਈਨ ਹੋ ਸਕਦੀ ਹੈ ਤਾਂ ਸ਼੍ਰੋਮਣੀ ਕਮੇਟੀ ਦੀ ਕਿਉਂ ਨਹੀਂ ?

ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਵੋਟਰਾਂ ਦੀ ਰਜਿਸਟ੍ਰੇਸ਼ਨ ਅਤੇ ਵੋਟਰ ਸੂਚੀਆਂ ਤਿਆਰ ਕਰਨ ਦੀ ਪ੍ਰਕਿਰਿਆ ਦੇ ਮੱਦੇ-ਨਜ਼ਰ ਮਿਸਲ ਸਤਲੁਜ ਨੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਇਸ ਮੁੱਦੇ ਨੂੰ ਉਠਾਉਣ ਨੂੰ ਤਰਜੀਹ ਦਿੱਤੀ। ਮਿਸਲ ਸਤਲੁਜ ਨੇ ਵੋਟਰਾਂ ਦੀ ਰਜਿਸਟ੍ਰੇਸ਼ਨ ਵਿੱਚ ਵੱਧ ਤੋਂ ਵੱਧ ਭਾਗੀਦਾਰੀ ਅਤੇ ਪਾਰ-ਦਰਸ਼ਤਾ ਦੀ ਮੰਗ ਕਰਨ ਲਈ ਆਪਣੀ ਪਟੀਸ਼ਨ ਵਿੱਚ ਇਸ ਪ੍ਰਕਿਰਿਆ ਲਈ ਇੱਕ ਸਮਾਨ ਵਿਧੀ ਸਥਾਪਤ ਕਰਨ ਦੀ ਮੰਗ ਕੀਤੀ ਹੈ। ਇਸ ਤੋਂ ਇਲਾਵਾ, ਸੁਸਾਇਟੀ ਨੇ ਵੋਟਰਾਂ ਦੀ ਰਜਿਸਟ੍ਰੇਸ਼ਨ ਅਤੇ ਸਿੱਖ ਗੁਰਦੁਆਰਾ ਐਕਟ, 1925 ਦੇ ਤਹਿਤ ਵੋਟਰ ਸੂਚੀਆਂ ਦੀ ਤਿਆਰੀ ਦੀ ਪ੍ਰਕਿਰਿਆ ਵਿੱਚ ਤਕਨਾਲੋਜੀ ਨੂੰ ਅਪਣਾਉਣ ਦੀ






ਵਕਾਲਤ ਕੀਤੀ ਹੈ।ਯਾਦ ਰਹੇ, ਭਾਰਤੀ ਚੋਣ ਕਮਿਸ਼ਨ ਨੇ 2015 ਵਿੱਚ ਆਨਲਾਈਨ ਰਜਿਸਟਰੇਸ਼ਨ ਚਾਲੂ ਕਰ ਦਿੱਤੀ ਸੀ ਇਸ ਲਈ ਉਸ ਨੂੰ ਅਧਾਰ ਬਣਾ ਕੇ ਮਿਸਲ ਸਤਲੁਜ ਨੇ ਵੀ ਇਸ ਨੂੰ ਲਾਗੂ ਕਰਨ ਦੀ ਮੰਗ ਕੀਤੀ ਹੈ।ਮਿਸਲ ਸਤਲੁਜ ਦੇ ਬੁਲਾਰੇ ਭਾਈ ਅਜੇਪਾਲ ਸਿੰਘ ਨੇ ਕਿਹਾ ਕਿ 1925 ਦਾ ਗੁਰਦੁਆਰਾ ਐਕਟ ਅਤੇ ਨਾ ਹੀ ਸਿੱਖ ਗੁਰਦੁਆਰਾ ਬੋਰਡ ਚੋਣ ਨਿਯਮ, 1959 ਇਸ ਨੂੰ ਰੋਕਦਾ ਹੈ।

ਮਿਸਲ ਸਤਲੁਜ ਨੇ ਇੱਕ ਹੋਰ ਅਹਿਮ ਨੁਕਤਾ ਸਾਹਮਣੇ ਲਿਆਂਦਾ ਹੈ ਕਿ ਹਰੇਕ ਵਾਰ ਵਿਅਕਤੀ ਨੂੰ ਦੁਬਾਰਾ ਰਜਿਸਟਰ ਕਰਾਉਣ ਦੀ ਜ਼ਰੂਰਤ ਨਹੀਂ। ਦੂਜੀ ਮੰਗ ਕਰਦੇ ਇਹ ਵੀ ਕਿਹਾ ਗਿਆ ਹੈ ਕਿ ਯੋਗ ਵੋਟਰਾਂ ਨੂੰ ਹਰ ਚੋਣ ਤੋਂ ਪਹਿਲਾਂ ਆਪਣੇ ਆਪ ਨੂੰ ਦੁਬਾਰਾ ਰਜਿਸਟਰ ਕਰਵਾਉਣਾ ਵੀ ਗੁਰਦੁਆਰਾ ਐਕਟ ਜਾਂ ਚੋਣ ਰੂਲ ਬੁੱਕ ਵਿੱਚ ਨਹੀਂ। ਜਿਹੜੇ ਸਿੱਖਾਂ ਨੇ ਪਹਿਲਾਂ ਵੋਟਾਂ ਬਣਾਈਆਂ ਹਨ ਉਹਨਾਂ ਨੂੰ ਦੁਬਾਰਾ ਰਜਿਸਟਰ ਕਰਨ ਦੀ ਕੋਈ ਜ਼ਰੂਰਤ ਨਹੀਂ। ਇਹ ਪਤਾ ਨਹੀਂ ਕਿ ਇਹ ਪ੍ਰਕ੍ਰਿਆ ਕਦੋਂ ਅਤੇ ਕਿਸ ਨੇ ਲਾਗੂ ਕੀਤੀ ਹੈ। ਸਰਕਾਰੀ ਅਧਿਕਾਰੀਆਂ ਵੱਲੋਂ ਰਜਿਸਟਰ ਕਰਨ ਦੇ ਅਲੱਗ ਅਲੱਗ ਤਰੀਕੇ ਵਰਤੇ ਜਾ ਰਹੇ ਹਨ। ਕਿਸੇ ਜਗ੍ਹਾ ਪਟਵਾਰੀ ਹਰੇਕ ਵਿਅਕਤੀ ਨੂੰ ਆਪ ਆ ਕੇ ਅਰਜ਼ੀ ਦਾਖਲ ਕਰਨ ਨੂੰ ਕਹਿ ਰਿਹਾ ਹੈ ਤੇ ਕਿਧਰੇ ਖਾਸ ਵਿਅਕਤੀ ਥੱਬਿਆਂ ਦੀ ਗਿਣਤੀ ਵਿੱਚ ਹੀ ਵੋਟਾਂ ਜਮ੍ਹਾਂ ਕਰਾ ਰਹੇ ਹਨ। ਮਿਸਲ ਸਤਲੁਜ ਨੇ ਮੰਗ ਕੀਤੀ ਹੈ ਕਿ ਇੱਕ ਵੋਟਾਂ ਬਨਾਉਣ ਤੋਂ ਲੈ ਕੇ

(**ਬਾਕੀ ਸਫ਼ਾ 30 'ਤੇ**)

# ਭਾਈ ਰਾਜੋਆਣਾ ਦੇ ਮਸਲੇ ਉੱਪਰ ਸ਼੍ਰੋਮਣੀ ਕਮੇਟੀ ਤੇ ਬਾਦਲ ਦਲ ਬੁਰੇ ਫਸੇ

## ਮੁਲਾਕਾਤ ਕਰਨ ਪਹੁੰਚੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਨਾਰਾਜ਼ ਰਾਜੋਆਣਾ ਨੇ ਕਿਹਾ- ਮੁਆਫ਼ੀ ਮੰਗੇ ਬਾਦਲ ਦਲ





ਪਟਿਆਲਾ/ਏ.ਟੀ.ਨਿਊਜ਼ : ਐੱਸਜੀਪੀਸੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਜਨਰਲ ਸਕੱਤਰ ਰਾਜਿੰਦਰ ਸਿੰਘ ਮਹਿਤਾ , ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਪਟਿਆਲਾ ਜੇਲ੍ਹ ਵਿੱਚ ਬੰਦ ਫਾਂਸੀ ਸਜ਼ਾਯਾਫ਼ਤਾ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕੀਤੀ। ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਰਾਜੋਆਣਾ ਨੇ ਮਰਸੀ ਪਟੀਸ਼ਨ ਵਾਪਸ ਨਾ ਲੈਣ 'ਤੇ ਭੁੱਖ ਹੜਤਾਲ ਕਰਨ ਦੀ ਗੱਲ ਆਖੀ ਹੈ ਜਿਸ 'ਤੇ ਲੰਬੀ ਚਰਚਾ ਹੋਈ ਹੈ। ਰਾਜੋਆਣਾ ਵੱਲੋਂ ਵੀ ਕਈ ਸੁਝਾਅ ਦਿੱਤੇ ਗਏ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਜਲਦ ਹੀ ਐੱਸਜੀਪੀਸੀ ਕਾਰਜਕਾਰਨੀ ਦੀ ਬੈਠਕ ਬੁਲਾ ਕੇ ਤੁਰੰਤ ਫੈਸਲਾ ਲਿਆ ਜਾਵੇਗਾ। ਬਾਦਲ ਅਕਾਲੀ ਦਲ ਦੀ ਕੌਰ ਕਮੇਟੀ ਵਿੱਚ ਵੀ ਇਸ ਮਸਲੇ 'ਤੇ ਚਰਚਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਰੀਬ 12 ਸਾਲ ਤੋਂ ਪਟੀਸ਼ਨ ਬਾਰੇ ਕੇਂਦਰ ਸਰਕਾਰ ਵੱਲੋਂ ਕੋਈ ਫੈਸਲਾ ਨਾ ਲਿਆ ਜਾਣਾ ਮੰਦਭਾਗਾ ਹੈ।

ਇਸ ਦੌਰਾਨ ਰਾਜੋਆਣਾ ਨੇ ਇੱਕ ਚਿੱਠੀ ਸੌਂਪੀ ਹੈ। ਰਾਜੋਆਣਾ ਨੇ ਕਿਹਾ ਕਿ ਉਹ ਪਿਛਲੇ 17 ਸਾਲਾਂ ਤੋਂ ਫਾਂਸੀ ਦੀ ਚੱਕੀ ਵਿੱਚ ਬੈਠਾ ਆਪਣੇ ਹੋਣ ਵਾਲੇ ਫੈਸਲੇ ਦਾ ਇੰਤਜ਼ਾਰ ਕਰ ਰਿਹਾ ਹੈ। ਰਾਜੋਆਣਾ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਮੁੱਚੇ ਖਾਲਸਾ ਪੰਥ ਦੀਆਂ ਭਾਵਨਾਵਾਂ ਅਨੁਸਾਰ ਮੇਰੀ ਫਾਂਸੀ ਦੀ ਸਜ਼ਾ ਨਾਲ ਸਬੰਧਿਤ ਕੇਸ 'ਚ ਬਣਦੇ ਕੌਮੀ ਫ਼ਰਜ਼ ਅਦਾ ਕਰਨ ਦੀ ਜੋ ਜ਼ਿੰਮੇਵਾਰੀ ਸ਼੍ਰੋਮਣੀ ਕਮੇਟੀ ਤੇ ਬਾਦਲ ਅਕਾਲੀ ਦਲ ਦੇ ਆਗੂਆਂ ਦੀ ਲਗਾਈ ਗਈ ਸੀ, ਉਹ ਅੱਜ 11 ਸਾਲ 8 ਮਹੀਨੇ ਬਾਅਦ ਵੀ ਪੂਰੀ ਨਹੀਂ ਹੋ ਸਕੀ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਕੇਂਦਰ ਸਰਕਾਰ ਵਿੱਚ ਭਾਈਵਾਲ ਹੋਣ ਦੇ ਬਾਵਜੂਦ ਇਸ ਅਪੀਲ 'ਤੇ ਕੋਈ ਫੈਸਲਾ ਨਹੀਂ ਕਰਵਾ ਸਕੇ। ਇਸ ਲਈ ਸ਼੍ਰੋਮਣੀ ਕਮੇਟੀ ਅਤੇ ਬਾਦਲ ਦਲ ਦੇ ਆਗੂਆਂ ਨੂੰ ਇਸ ਮਾਮਲੇ ਵਿੱਚ ਆਪਣੇ ਬਣਦੇ ਫ਼ਰਜ਼ ਨਾ ਅਦਾ ਕਰ ਸਕਣ ਦੇ ਬਦਲੇ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਖੜ੍ਹ ਕੇ ਸਮੁੱਚੇ ਖਾਲਸਾ ਪੰਥ ਤੋਂ ਮਾਫ਼ੀ ਮੰਗਣੀ ਚਾਹੀਦੀ ਹੈ। ਰਾਜੋਆਣਾ ਨੇ ਪ੍ਰਧਾਨ ਨੂੰ ਬੇਨਤੀ ਕੀਤੀ ਹੈ ਕਿ ਇਸ ਅਪੀਲ ਨੂੰ ਤੁਰੰਤ ਵਾਪਸ ਲਿਆ ਜਾਵੇ, ਕਿਉਂਕਿ ਹੁਣ ਉਹ ਇਸ ਮਾਮਲੇ ਵਿੱਚ ਕੋਸ਼ਿਸ਼ਾਂ ਦੀਆਂ ਰਸਮੀ ਕਾਰਵਾਈਆਂ ਦੀਆਂ ਘੁੰਮਣ ਘੇਰੀਆਂ ਰੂਪੀ ਧੋਖੇ ਤੋਂ ਮੁਕਤੀ ਚਾਹੁੰਦੇ ਹਨ। ਨਹੀਂ ਤਾਂ ਇਸ ਅਪੀਲ ਨੂੰ ਵਾਪਸ ਕਰਵਾਉਣ ਦੇ ਲਈ 5 ਦਸੰਬਰ ਤੋਂ ਭੁੱਖ ਹੜਤਾਲ ਰੱਖਣ ਲਈ ਮਜਬੂਰ ਹੋਣਾ ਪਵੇਗਾ। ਇਸ ਦੀ ਸਾਰੀ ਜ਼ਿੰਮੇਵਾਰੀ ਤੁਹਾਡੀ ਹੋਵੇਗੀ। ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਬੰਦੀ ਸਿੰਘਾਂ ਬਾਰੇ ਮੋਦੀ ਸਰਕਾਰ ਬਾਦਲ ਦਲ ਦੀ ਕੋਈ ਸੁਣਵਾਈ ਨਹੀਂ ਕਰ ਰਹੀ, ਨਾ ਮਿਲਣ ਦਾ ਸਮਾਂ ਦੇ ਰਹੀ ਹੈ। ਇਸ ਕਰਕੇ ਬਾਦਲ ਦਲ ਕੋਲ ਕੋਈ ਰਾਹ ਨਹੀਂ ਬਚਿਆ। ਉਹ ਬੁਰੀ ਤਰਾਂ ਧਰਮ ਸੰਕਟ ਵਿੱਚ ਘਿਰੇ ਮਹਿਸੂਸ ਕਰ ਰਹੇ ਹਨ।

# ਕੈਨੇਡਾ 'ਚ ਗਾਇਕ ਗਿੱਪੀ ਗਰੇਵਾਲ ਦੇ ਬੰਗਲੇ 'ਤੇ ਚਲੀ ਗੋਲ਼ੀ

## ਲਾਰੈਂਸ ਬਿਸ਼ਨੋਈ ਨੇ ਲਈ ਜ਼ਿੰਮੇਵਾਰੀ, ਮਿਊਜ਼ਿਕ ਸਨਅਤ ਚਿੰਤਤ

ਓਟਾਵਾ/ਏ.ਟੀ.ਨਿਊਜ਼ : ਬੀਤੇ ਦਿਨੀਂ ਵੈਨਕੂਵਰ ਵਾਈਟ ਰਾਕ ਇਲਾਕੇ ਵਿੱਚ ਪੰਜਾਬੀ ਗਾਇਕ ਗਿੱਪੀ ਗਰੇਵਾਲ ਦੇ ਬੰਗਲੇ 'ਤੇ ਗੋਲੀਬਾਰੀ ਕੀਤੀ ਗਈ ਸੀ ਅਤੇ ਇਸ ਦੀ ਜ਼ਿੰਮੇਵਾਰੀ ਲਾਰੈਂਸ ਗਰੁੱਪ ਨੇ ਲਈ ਸੀ । ਲਾਰੈਂਸ ਬਿਸ਼ਨੋਈ ਨੇ ਫੇਸਬੁੱਕ 'ਤੇ ਇਕ ਪੋਸਟ ਦੇ ਜ਼ਰੀਏ ਦਾਅਵਾ ਕੀਤਾ ਹੈ ਕਿ ਇਹ ਗੋਲੀਬਾਰੀ ਉਸ ਨੇ ਕਰਵਾਈ ਹੈ। ਉਸ ਨੇ ਅੱਗੇ ਲਿਖਿਆ, ਸਲਮਾਨ ਖ਼ਾਨ ਨੂੰ ਬਹੁਤ ਭਾਈ ਭਾਈ ਕਰਦਾ ਹੈ ਤੂੰ, ਬੋਲ ਹੁਣ ਤੈਨੂੰ ਬਚਾਏ ਤੇਰਾ ਭਾਈ ਅਤੇ ਸਲਮਾਨ ਖਾਨ ਨੂੰ ਵੀ ਮੈਸੇਜ ਹੈ ਕਿ ਦਾਊਦ ਤੁਹਾਡੀ ਮਦਦ ਕਰ ਦੇਵੇਗਾ, ਕੋਈ ਨਹੀਂ ਬਚਾ ਸਕਦਾ ਤੁਹਾਨੂੰ ਸਾਡੇ ਤੋਂ । ਸਿੱਧੂ ਮੂਸੇਵਾਲਾ ਦੇ ਮਰਨ 'ਤੇ ਬਹੁਤ ਓਵਰ ਐਕਟਿੰਗ ਕੀਤੀ ਹੈ ਤੁਸੀਂ, ਤੁਹਾਨੂੰ ਸਭ ਪਤਾ ਹੈ ਕਿ ਕਿੰਨਾ ਹੰਕਾਰੀ ਬੰਦਾ ਸੀ, ਇਸ ਦੇ ਕਿਸ ਕਿਸ ਤਰ੍ਹਾਂ ਦੇ ਬੰਦਿਆਂ ਨਾਲ ਸੰਪਰਕ ਸੀ। ਬਿਸ਼ਨੋਈ ਨੇ ਕਿਹਾ, ਜਦ ਤੱਕ ਵਿੱਕੀ ਮਿੱਡੂਖੇੜਾ ਜਿਊ ਰਿਹਾ ਸੀ, ਤੁਸੀਂ ਅੱਗੇ ਪਿੱਛੇ ਫਿਰਦੇ ਸੀ, ਬਾਅਦ ਵਿੱਚ ਸਿੱਧੂ ਦਾ ਜ਼ਿਆਦਾ ਦੁੱਖ ਹੋ ਗਿਆ ਤੈਨੂੰ । ਰਡਾਰ 'ਤੇ ਆ ਗਿਆ ਤੂੰ ਵੀ। ਹੁਣ ਦੱਸਦੇ ਹਾਂ ਤੁਹਾਨੂੰ, ਇਹ ਟ੍ਰੇਲਰ ਦਿਖਾਇਆ ਹੈ, ਹੁਣ ਫਿਲਮ ਜਲਦ ਰਿਲੀਜ਼ ਹੋਵੇਗੀ । ਕਿਸੇ ਵੀ ਦੇਸ਼ ਵਿਚ ਦੌੜ ਜਾਓ, ਯਾਦ ਰੱਖਣਾ ਮੌਤ ਨੂੰ ਕਿਸੇ ਜਗ੍ਹਾ ਵੀਜ਼ਾ ਨਹੀਂ ਲੈਣਾ ਪੈਂਦਾ। ਜ਼ਿਕਰਯੋਗ ਹੈ ਕਿ ਗਿੱਪੀ ਗਰੇਵਾਲ ਨੂੰ ਪਹਿਲਾਂ ਵੀ ਗੈਂਗਸਟਰ ਤੋਂ ਧਮਕੀਆਂ ਮਿਲ ਚੁੱਕੀਆਂ ਹਨ, ਜਿਸ ਤੋਂ ਬਾਅਦ ਉਸ ਨੂੰ ਸੁਰੱਖਿਆ ਮੁਹੱਈਆ ਕਰਵਾਈ ਗਈ ਸੀ, ਉਹ ਫਿਲਹਾਲ ਕੈਨੇਡਾ ਵਿੱਚ ਹੈ ।

### ਮਿਊਜ਼ਿਕ ਸਨਅਤ ਵਿੱਚ ਚਿੰਤਾ ਵਧੀ

ਇਸ ਘਟਨਾ ਦੇ ਬਾਅਦ ਮਿਊਜ਼ਿਕ ਸਨਅਤ ਵਿੱਚ ਚਿੰਤਾ ਵੱਧ ਗਈ ਹੈ, ਸਾਰੇ ਸਦਮੇ ਵਿੱਚ ਆ ਗਏ ਹਨ। ਗਿੱਪੀ ਦੇ ਫੈਨਸ ਅਤੇ ਮਿਊਜ਼ਿਕ ਸਨਅਤ ਨੂੰ ਗਿੱਪੀ ਗਰੇਵਾਲ ਦੀ ਸੁਰੱਖਿਆ ਦੀ ਚਿੰਤਾ ਹੋ ਗਈ ਹੈ। ਗਿੱਪੀ ਦੇ ਪ੍ਰੇਮੀਆਂ ਦਾ ਮੰਨਣਾ ਹੈ ਕਿ ਬਿਸ਼ਨੋਈ ਸਰਕਾਰੀ ਗੈਂਗਸਟਰ ਹੈ। ਉਸ ਰਾਹੀਂ ਪੰਜਾਬ ਤੇ ਕਿਸਾਨ ਵਿਰੋਧੀ ਤਾਕਤਾਂ ਘੱਟ ਗਿਣਤੀ ਕੌਮਾਂ ਦੇ ਕਲਾਕਾਰਾਂ ਨੂੰ ਡਰਾ ਰਹੀਆਂ ਹਨ। ਇਹ ਤਾਕਤਾਂ ਹੀ ਸਿਧੂ ਮੂਸੇਵਾਲ ਦੇ ਕਤਲ ਲਈ ਜ਼ਿੰਮੇਵਾਰ ਸਨ। ਹੁਣ ਗਿੱਪੀ ਗਰੇਵਾਲ ਨਿਸ਼ਾਨੇ ਉਪਰ ਹੈ ਤਾਂ ਜੋ ਉਸਦੀ ਪੰਜਾਬ ਪੱਖੀ ਆਵਾਜ਼ ਨੂੰ ਦਬਾਇਆ ਜਾ ਸਕੇ ਤੇ ਬਾਕੀ ਕਲਾਕਾਰਾਂ ਨੂੰ ਧਮਕਾਇਆ ਜਾ ਸਕੇ।

### ਸਲਮਾਨ ਨਾਲ ਮੇਰੀ ਕੋਈ ਦੋਸਤੀ ਨਹੀਂ: ਗਿੱਪੀ ਗਰੇਵਾਲ



ਕੈਨੇਡਾ ਦੇ ਵੈਸਟ ਵੈਨਕੂਵਰ 'ਚ ਘਰ ਦੇ ਬਾਹਰ ਹੋਈ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਗਿੱਪੀ ਗਰੇਵਾਲ ਨੇ ਲਾਰੈਂਸ ਬਿਸ਼ਨੋਈ ਦੇ ਨਾਂ ਨਾਲ ਪਾਈ ਗਈ ਪੋਸਟ 'ਤੇ ਵੀ ਹੈਰਾਨੀ ਜ਼ਾਹਿਰ ਕੀਤੀ। ਉਨ੍ਹਾਂ ਕਿਹਾ ਕਿ ਕੈਨੇਡਾ ਦੇ ਸਮੇਂ ਅਨੁਸਾਰ ਉਨ੍ਹਾਂ ਦੇ ਘਰ ਦੇ ਬਾਹਰ ਅੱਧੀ ਰਾਤ ਫਾਇਰਿੰਗ ਹੋਈ। ਘਟਨਾ ਵੇਲੇ ਉਹ ਘਰ ਵਿੱਚ ਮੌਜੂਦ ਨਹੀਂ ਸਨ। ਇਸ ਘਟਨਾ ਤੋਂ ਬਾਅਦ ਤੋਂ ਹੀ ਉਹ ਹੈਰਾਨ ਹਨ ਕਿ ਉਨ੍ਹਾਂ ਦੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਤੇ ਕੋਈ ਵਿਵਾਦ ਵੀ ਨਹੀਂ ਹੈ। ਗਿੱਪੀ ਨੇ ਕਿਹਾ ਕਿ ਲਾਰੈਂਸ ਬਿਸ਼ਨੋਈ ਵੱਲੋਂ ਪਾਈ ਗਈ ਪੋਸਟ ਤੋਂ ਬਾਅਦ ਉਹ ਘਟਨਾ ਬਾਰੇ ਸੋਚ ਕੇ ਹੈਰਾਨ ਹਨ। ਉਨ੍ਹਾਂ ਕਿਹਾ ਕਿ ਬਿਸ਼ਨੋਈ ਵੱਲੋਂ ਕਦੀ ਉਨ੍ਹਾਂ ਨੂੰ ਕੋਈ ਫੋਨ ਨਹੀਂ ਆਇਆ। ਗਿੱਪੀ ਨੇ ਸਲਮਾਨ ਨਾਲ ਦੋਸਤੀ ਤੋਂ ਵੀ ਸਾਫ ਇਨਕਾਰ ਕੀਤਾ। ਉਨ੍ਹਾਂ ਕਿਹਾ ਕਿ ਉਹ ਸਲਮਾਨ ਨੂੰ ਸਿਰਫ਼ ਦੋ ਵਾਰ ਮਿਲੇ ਹਨ। ਇਕ ਵਾਰੀ ਬਿੱਗ ਬੌਸ ਵਿਚ ਤੇ ਦੂਜੀ ਆਪਣੀ ਫਿਲਮ ਮੌਜਾਂ ਹੀ ਮੌਜਾਂ ਦੇ ਟ੍ਰੇਲਰ ਲਾਂਚ ਈਵੈਂਟ 'ਤੇ।

### ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਸਰਕਾਰਾਂ ਗੈਂਗਸਟਰਾਂ ਦੀ ਦਹਿਸ਼ਤ ਬਾਰੇ ਚੁੱਪ ਕਿਉਂ ਹਨ ?

ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਆਪਣੇ ਗ੍ਰਹਿ ਪਿੰਡ ਮੂਸਾ ਵਿਖੇ ਪੁੱਤਰ ਦੇ ਪ੍ਰਸੰਸਕਾਂ ਨੂੰ ਸੰਬੋਧਨ ਕਰਦਿਆਂ ਸਰਕਾਰਾਂ 'ਤੇ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜਣ ਦੇ ਦੋਸ਼ ਲਗਾਏ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪੁੱਤਰ ਦਾ ਇਹੀ ਕਸੂਰ ਸੀ ਕਿ ਉਸ ਨੇ ਆਪਣੀ ਮਿਹਨਤ ਅਤੇ ਲਗਨ ਨਾਲ ਗਾਇਕੀ ਦੇ ਖੇਤਰ ਵਿੱਚ ਵਿਸ਼ਵ ਪੱਧਰ 'ਤੇ ਨਾਂਅ ਕਮਾਇਆ, ਜਿਸ ਨੂੰ ਲੈ ਕੇ ਇਸ ਖ਼ਿੱਤੇ ਨਾਲ ਜੁੜੇ ਲੋਕ ਸਿੱਧੂ ਤੋਂ ਖ਼ਾਰ ਖਾਂਦੇ ਸਨ। ਉਨ੍ਹਾਂ ਕਿਹਾ ਕਿ ਸਿੱਧੂ ਦੀ ਹੱਤਿਆ ਵੇਲੇ ਮੈਂ ਪੂਰੀ ਸੰਗੀਤ ਇੰਡਸਟਰੀ ਨੂੰ ਸੁਚੇਤ ਕੀਤਾ ਸੀ ਕਿ ਸੰਭਲ ਜਾਓ ਅਤੇ ਇਕ ਦੂਜੇ ਦਾ ਮਾੜਾ ਨਾ ਕਰੋ, ਕਿਉਂਕਿ ਵਾਰੀ ਕਿਸੇ ਦੀ ਵੀ ਆ ਸਕਦੀ ਹੈ । ਉਨ੍ਹਾਂ ਦੱਸਿਆ ਕਿ 5 ਸਾਲ ਪਹਿਲਾਂ ਸਿੱਧੂ ਨਾਲ ਵੀ ਅਜਿਹਾ ਕੁਝ ਹੁੰਦਾ ਰਿਹੈ ਪਰ ਉਸ ਨੇ ਆਪਣੇ ਦਮ 'ਤੇ ਗਾਇਕੀ ਖੇਤਰ 'ਚ ਪੈਰ ਜਮਾਂ ਲਏ ਸਨ । ਬਲਕੌਰ ਸਿੰਘ ਨੇ ਗਾਇਕ ਤੇ ਅਦਾਕਾਰ ਗਿੱਪੀ ਗਰੇਵਾਲ ਦੀ ਕੈਨੇਡਾ ਰਿਹਾਇਸ਼ 'ਤੇ ਹੋਈ ਗੋਲੀਬਾਰੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਸਰਕਾਰਾਂ ਚੁੱਪ ਕਿਉਂ ਹਨ ?

# ਗੈਂਗਸਟਰਾਂ ਨਾਲ ਸਾਡਾ ਕੋਈ ਸੰਬੰਧ ਨਹੀਂ : ਸਿੱਖ ਸੰਸਥਾਵਾਂ

## ਬਿਸ਼ਨੋਈ ਵੱਲੋਂ ਗਿੱਪੀ ਗਰੇਵਾਲ ਦੇ ਘਰ ਉੱਪਰ ਕੀਤੀ ਫਾਈਰਿੰਗ ਦੀ ਨਿਖੇਧੀ

ਦੇਸ਼ ਵਿਦੇਸ਼ ਦੀਆਂ ਸਿੱਖ ਸੰਸਥਾਵਾਂ ਨੇ ਸੰਗਤ ਦੇ ਨਾਮ ਬਿਆਨ ਜਾਰੀ ਕਰਦੇ ਹੋਏ ਕਿਹਾ ਹੈ ਕਿ ਜਿਵੇਂ ਭਾਰਤੀ ਮੀਡੀਏ ਅਤੇ ਏਜੰਸੀਆਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਖ਼ਾਲਿਸਤਾਨ ਅਤੇ ਸਿੱਖ ਸੰਸਥਾਵਾਂ ਦੇ ਆਪਸੀ ਸਬੰਧ ਹਨ ਅਤੇ ਇਹ ਇਕੱਠੇ ਹੋ ਕੇ ਫਿਰੌਤੀਆ ਜਾਂ ਕਤਲ ਕਰਦੇ ਹਨ। ਸੰਸਥਾਵਾਂ ਨੇ ਕਿਹਾ ਹੈ ਕਿ ਸਰਕਾਰ ਲਾਰੈਂਸ ਬਿਸ਼ਨੋਈ ਨੂੰ ਬਚਾ ਰਹੀ ਹੈ ਤੇ ਸਿੱਖਾਂ ਦੇ ਮੁੰਡੇ ਜਿਹੜੇ ਗੈਂਗਸਟਰ ਬਣ ਚੁੱਕੇ ਹਨ ਉਹਨਾਂ ਦੇ ਫਰਜ਼ੀ ਮੁਕਾਬਲੇ ਬਣਾ ਕੇ ਮਾਰ ਰਹੀ ਹੈ। ਗੈਂਗਸਟਰਾਂ ਨਾਲ ਸੰਬੰਧਾਂ ਦੀ ਗੱਲ ਸਰਕਾਰ ਵੱਲੋਂ ਬਿਸ਼ਨੋਈ ਦੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਟੀ ਸ਼ਰਟ ਪੁਆ ਕੇ ਸ਼ੁਰੂ ਕੀਤੀ ਅਤੇ ਵੱਖ-ਵੱਖ ਤਰੀਕਿਆਂ ਨਾਲ ਪ੍ਰਚਾਰੀ ਜਾ ਰਹੀ ਹੈ ਤਾਂ ਜੋ ਲੋਕਾਂ ਦੇ ਦਿਮਾਗ ਵਿੱਚ ਇਹ ਬਿਠਾਇਆ ਜਾਵੇ ਕਿ ਖ਼ਾਲਿਸਤਾਨੀ ਤੇ ਗੈਂਗਸਟਰ ਇਕੱਠੇ ਹਨ ਤਾਂ ਜੋ ਖ਼ਾਲਿਸਤਾਨ ਦੀ ਮੰਗ ਦੇ ਵਿਰੋਧ ਵਿੱਚ ਲੋਕ ਹੋ ਜਾਣ। ਯਾਦ ਰਹੇ, ਭਾਈ ਹਰਦੀਪ ਸਿੰਘ ਨਿੱਝਰ ਦਾ ਕਤਲ ਭਾਰਤੀ ਏਜੰਸੀਆਂ ਨੇ ਗੈਂਗਸਟਰਾਂ ਦੁਆਰਾ ਕਰਵਾਇਆ, ਜਿਸ ਵਿੱਚ ਲਾਰੈਂਸ ਬਿਸ਼ਨੋਈ ਦੇ ਹੱਥ ਹੋਣ ਦਾ ਸ਼ੱਕ ਹੈ। ਹੁਣ ਉਸੇ ਇਲਾਕੇ ਵਿੱਚ ਗਿੱਪੀ ਗਰੇਵਾਲ ਦੇ ਘਰ ਉੱਤੇ ਫਾਈਰਿੰਗ ਕਰਵਾਈ ਹੈ। ਅਸੀਂ ਗੈਂਗਸਟਰਾਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਤੁਸੀਂ ਸਿੱਖਾਂ ਦੇ ਮੁੰਡੇ ਜਿਹੜੇ ਗੈਂਗਸਟਰ ਨਹੀਂ ਹਨ ਉਹਨਾਂ ਨੂੰ ਨੁਕਸਾਨ ਪੰਹੁਚਾਉਣ ਤੋਂ ਕਿਨਾਰਾ ਕਰਨ।

ਉਹਨਾਂ ਕਿਹਾ ਕਿ ਆਰਟਿਸਟ ਕਿਸੇ ਵੀ ਕੌਮ ਦਾ ਸਰਮਾਇਆ ਹੁੰਦੇ ਹਨ ਅਤੇ ਉਹਨਾਂ ਨੂੰ ਨੁਕਸਾਨ ਪਹੁੰਚਾਉਣਾ ਕੌਮੀ ਨੁਕਸਾਨ ਹੁੰਦਾ ਹੈ। ਅਸੀਂ ਗਿੱਪੀ ਗਰੇਵਾਲ ਨੂੰ ਬੇਨਤੀ ਕਰਦੇ ਹਾਂ ਕਿ ਚੜ੍ਹਦੀ ਕਲ੍ਹਾ ਵਿੱਚ ਰਹਿਣ। ਇਸ ਮਹੌਲ ਨੇ ਬਹੁਤੇ ਕਾਰੋਬਾਰੀਆਂ ਅਤੇ ਕਲਾਕਾਰਾਂ ਨੂੰ ਪੰਜਾਬ ਤੋਂ ਬਾਹਰ ਰਹਿਣ ਲਈ ਮਜਬੂਰ ਕਰ ਦਿੱਤਾ ਹੈ ਜਿਸ ਨਾਲ ਪੰਜਾਬ ਨੂੰ ਆਰਥਿਕ ਮੰਦਹਾਲੀ ਵੱਲ ਧੱਕਿਆ ਜਾ ਰਿਹਾ ਹੈ।

ਸਿੱਖ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਿੱਖਾਂ ਨਾਲ ਜਿਸਨੇ ਦੁਸ਼ਮਣੀ ਲਈ ਹੈ ਉਸਦੀ ਭਾਜੀ ਸਿੱਖਾਂ ਨੇ ਮੋੜੀ ਹੈ, ਉਹ ਚਾਹੇ ਦੇਸ਼ ਦਾ ਪ੍ਰਧਾਨ ਮੰਤਰੀ ਹੋਵੇ ਜਾਂ ਫੌਜਾਂ ਦਾ ਜਰਨੈਲ ਹੋਵੇ ਤੇ ਚਾਹੇ ਰਾਜ ਦਾ ਮੁੱਖ ਮੰਤਰੀ ਹੋਵੇ। ਅਸੀਂ ਸੰਗਤ ਨੂੰ ਦੁਬਾਰਾ ਸ਼ਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਜਿਹੜੇ ਬੰਦੇ ਗੁਰਸਿਧਾਂਤ ਵਿਰੋਧੀ ਹਨ ਉਹਨਾਂ ਨਾਲ ਸਾਡਾ ਸੰਬੰਧ ਨਹੀਂ ਜੁੜ ਸਕਦਾ।

# ਜਨਵਰੀ ਤੋਂ ਯੂ.ਕੇ. ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੇ ਆਸ਼ਰਿਤਾਂ ਉੱਪਰ ਪਾਬੰਦੀ

## ਯੂਨੀਵਰਸਿਟੀਆਂ ਵਿੱਚ ਸਥਾਨਾਂ ਨੂੰ ਸੁਰੱਖਿਅਤ ਕਰਨ ਲਈ ਵਧੇਰੇ ਪੈਸੇ ਵਸੂਲਣ ਲਗੇ

ਲੰਡਨ/ਏ.ਟੀ.ਨਿਊਜ਼: ਯੂ.ਕੇ ਜਾਣ ਦੇ ਚਾਹਵਾਨ ਭਾਰਤੀ ਖ਼ਾਸ ਕਰ ਕੇ ਪੰਜਾਬੀ ਵਿਦਿਆਰਥੀਆਂ ਨੂੰ ਵੱਡਾ ਝਟਕਾ ਲੱਗਾ ਹੈ। ਸਿੱਖਿਆ ਏਜੰਟ 1 ਜਨਵਰੀ, 2024 ਤੋਂ ਸ਼ੁਰੂ ਹੋਣ ਵਾਲੀ ਸਰਕਾਰੀ ਪਾਬੰਦੀ ਤੋਂ ਪਹਿਲਾਂ ਭਾਰਤੀ ਵਿਦਿਆਰਥੀਆਂ ਤੋਂ ਯੂ.ਕੇ ਦੀਆਂ ਯੂਨੀਵਰਸਿਟੀਆਂ ਵਿੱਚ ਸਥਾਨਾਂ ਨੂੰ ਸੁਰੱਖਿਅਤ ਕਰਨ ਲਈ ਵਧੇਰੇ ਪੈਸੇ ਵਸੂਲ ਰਹੇ ਹਨ, ਜੋ ਕਿ ਆਸ਼ਰਿਤਾਂ ਨੂੰ ਦੇਸ਼ ਵਿੱਚ ਦਾਖਲ ਹੋਣ ਤੋਂ ਰੋਕਦਾ ਹੈ। ਵਿਦੇਸ਼ੀ ਵਿਦਿਆਰਥੀਆਂ ਨਾਲ ਆਉਣ ਵਾਲੇ ਪਰਿਵਾਰਕ ਮੈਂਬਰਾਂ ਦੀ ਗਿਣਤੀ ਵਿੱਚ ਲਗਭਗ ਅੱਠ ਗੁਣਾ ਵਾਧੇ ਕਾਰਨ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਸਰਕਾਰੀ ਯੋਜਨਾਵਾਂ ਦੇ ਤਹਿਤ ਉੱਚ-ਮੁੱਲ ਦੀਆਂ ਡਿਗਰੀਆਂ ਦਾ ਅਧਿਐਨ ਨਾ ਕਰਨ ਵਾਲਿਆਂ ਲਈ ਇਸ ਸਾਲ ਦੇ ਸ਼ੁਰੂ ਵਿੱਚ ਪਾਬੰਦੀ ਦਾ ਐਲਾਨ ਕੀਤਾ। ਦਿ ਟੈਲੀਗ੍ਰਾਫ ਅਖ਼ਬਾਰ ਅਨੁਸਾਰ ਇੱਕ ਜੋੜੇ ਨੇ ਇਕੱਠੇ ਯਾਤਰਾ ਕਰਨ ਲਈ ਵਿਦਿਆਰਥੀ ਵੀਜ਼ਾ ਅਤੇ ਇੱਕ ਆਸ਼ਰਿਤ ਦੇ ਵੀਜ਼ੇ ਨੂੰ ਸੁਰੱਖਿਅਤ ਕਰਨ ਲਈ 30,000 ਪੌਂਡ ਦਾ ਭੁਗਤਾਨ ਕੀਤਾ। ਰਿਪੋਰਟ ਵਿੱਚ ਕਿਹਾ ਗਿਆ ਕਿ ਪਾਬੰਦੀ ਤੋਂ ਬਚਣ ਲਈ ਵਿਦਿਆਰਥੀਆਂ ਦੀ ਵੀਜ਼ਾ ਅਰਜ਼ੀਆਂ ਵਿੱਚ ਤੇਜ਼ੀ ਲਿਆਉਣ ਦੇ ਨਾਲ ਕੁਝ ਯੂਨੀਵਰਸਿਟੀਆਂ ਨੇ ਨਵੰਬਰ ਅਤੇ ਦਸੰਬਰ ਵਿੱਚ ਅਰਜ਼ੀਆਂ ਖੋਲ੍ਹੀਆਂ ਹਨ। ਸੁਨਕ ਦੀ ਘੋਸ਼ਣਾ ਨੇ ਵਿਦਿਆਰਥੀਆਂ ਦੇ ਆਸ਼ਰਿਤਾਂ ਲਈ ਅਧਿਐਨ-ਸਬੰਧਤ ਵੀਜ਼ਿਆਂ ਵਿੱਚ ਤੇਜ਼ੀ ਨਾਲ ਵਾਧਾ ਕੀਤਾ, ਜੋ ਕਿ ਜੂਨ 2022 ਨੂੰ ਖ਼ਤਮ ਹੋਏ ਸਾਲ ਵਿੱਚ 80,846 ਤੋਂ ਲਗਭਗ ਦੁੱਗਣਾ ਹੋ ਕੇ ਜੂਨ 2023 ਵਿੱਚ 154,063 ਹੋ ਗਈ, ਜੋ ਕਿ ਸਾਰੇ ਸਪਾਂਸਰ ਕੀਤੇ ਅਧਿਐਨ ਨਾਲ ਸਬੰਧਤ ਵੀਜ਼ਿਆਂ ਦਾ ਲਗਭਗ 24 ਪ੍ਰਤੀਸ਼ਤ ਹੈ। ਪਾਬੰਦੀ ਤੋਂ ਬਚਣ ਲਈ ਇੱਕ ਜੋੜੇ ਨੇ ਇਕਰਾਰਨਾਮੇ ਵਿੱਚ ਵਿਆਹ ਕਰਵਾ ਲਿਆ, ਜਿੱਥੇ ਆਦਮੀ ਨੇ ਆਪਣੀ ਪਤਨੀ ਦੀ ਯੂ.ਕੇ ਵਿੱਚ ਯੂਨੀਵਰਸਿਟੀ ਦੀ ਸਿੱਖਿਆ ਲਈ ਫੰਡ ਦੇਣ ਲਈ ਸਹਿਮਤੀ ਦਿੱਤੀ, ਜਿਸ ਦੇ ਬਦਲੇ ਵਿੱਚ ਉਸ ਦੇ ਨਿਰਭਰ ਵੀਜ਼ਾ ਨੂੰ ਸਪਾਂਸਰ ਕੀਤਾ ਗਿਆ ਤਾਂ ਜੋ ਉਹ ਯੂ.ਕੇ ਵਿੱਚ ਕੰਮ ਕਰ ਸਕੇ।

ਉਸ ਕੋਲ ਇੱਕ ਵਿਦਿਆਰਥੀ ਵਜੋਂ ਯੂ.ਕੇ ਵਿੱਚ ਦਾਖਲ ਹੋਣ ਲਈ ਲੋੜੀਂਦੀ ਅਕਾਦਮਿਕ ਜਾਂ ਭਾਸ਼ਾ ਯੋਗਤਾ ਨਹੀਂ ਸੀ ਅਤੇ ਉਸਨੇ ਆਪਣੇ ਖਰਚਿਆਂ ਦੇ ਸਿਖਰ 'ਤੇ ਉਸ ਦੀ ਟਿਊਸ਼ਨ, ਵੀਜ਼ਾ ਅਤੇ ਦਾਖਲਾ ਫੀਸ ਲਈ 30,000 ਪੌਂਡ ਦਾ ਭੁਗਤਾਨ ਕੀਤਾ। ਅਹਿਮਦਾਬਾਦ ਦੇ ਰਿੰਕੂ ਸ਼ਰਮਾ ਨੇ ਮਾਸਟਰਜ਼ ਕੋਰਸ ਵਿੱਚ ਦਾਖ਼ਲੇ ਲਈ ਐਜੂਕੇਸ਼ਨ ਏਜੰਟ ਨੂੰ 11,000 ਪੌਂਡ ਦਾ ਭੁਗਤਾਨ ਕਰਨ ਦੇ ਨਾਲ-ਨਾਲ ਆਪਣੀ ਪਤਨੀ ਲਈ ਨਿਰਭਰ ਵੀਜ਼ਾ ਦੇਣ ਲਈ ਆਪਣੀ ਖੇਤੀਬਾੜੀ ਜ਼ਮੀਨ ਵੇਚ ਦਿੱਤੀ। ਸ਼ਰਮਾ ਨੇ ਦ ਟੈਲੀਗ੍ਰਾਫ ਨੂੰ ਦੱਸਿਆ, ਇਹ ਇੱਕ ਵਾਰ ਦਾ ਨਿਵੇਸ਼ ਹੈ। ਇੱਕ ਵਾਰ ਜਦੋਂ ਅਸੀਂ ਯੂ.ਕੇ ਤੋਂ ਡਿਗਰੀ ਪ੍ਰਾਪਤ ਕਰ ਲੈਂਦੇ ਹਾਂ ਅਤੇ (ਬਾਕੀ ਸਫ਼ਾ 30 'ਤੇ)

# ਮਜਬੂਰੀ ’ਚੋਂ ਉਪਜਿਆ ਕਿਸਾਨ ਅੰਦੋਲਨ

## ਸਰਕਾਰਾਂ ਅਤੇ ਫ਼ੋਕੇ ਸਿਆਸੀ ਲਾਰੇ



**ਅੰਮ੍ਰਿਤਸਰ ਟਾਈਮਜ਼**

ਨਵੰਬਰ 2022 ਦਾ ਅੰਦੋਲਨ, ਜਿਸ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਅੰਦੋਲਨ ਕਿਹਾ ਜਾਂਦਾ ਹੈ, ਅੱਜ ਤੱਕ ਹਰ ਕਿਸੇ ਦੇ ਜ਼ਬਾਨੀ ਹੈ, ਚੇਤਿਆਂ ਵਿੱਚ ਹੈ ਤੇ ਇਤਿਹਾਸ ਦਾ ਇੱਕ ਪੰਨਾ ਹੈ। ਇਹ ਉਹ ਸਮਾਂ ਸੀ, ਜਦੋਂ ਕਿਸਾਨ ਅੱਕ ਕੇ ਸਰਕਾਰ ਦੇ ਲਾਰਿਆਂ ਤੋਂ ਥੱਕ ਕੇ ਦਿੱਲੀ ਵੱਲ ਨੂੰ ਵਹੀਰਾਂ ਘੱਤ ਤੁਰਿਆ ਸੀ। ਹਾਕਮਾਂ ਨੂੰ ਇਹ ਦੱਸਣ ਲਈ ਕਿ ‘ਖੇਤੀ ਕਰਮਾਂ ਸੇਤੀ’ ਤਾਂ ਹੁੰਦੀ ਹੈ ਪਰ ਇਹ ਗੱਲ ਨਾ ਭੁੱਲਿਓ, ਕਿ ਸਾਡੇ ਕਰਮ ਤੁਹਾਡੇ ਹੱਥ ਵਿੱਚ ਹਨ। ਕੁਦਰਤ ਦੀ ਕਰੋਪੀ ਦਾ ਵਾਧਾ ਘਾਟਾ ਜਰ ਲਵਾਂਗੇ ਪਰ ਸਾਡੀ ਭੋਇ ਵੱਲ ਕੋਈ ਉਂਗਲ ਕਰੇ, ਬਰਦਾਸ਼ਤ ਤੋਂ ਬਾਹਰ ਹੈ। ਇਹ ਉਹ ਅੰਦੋਲਨ ਸੀ ਜਿਸ ਨੇ ਸਰਕਾਰਾਂ ਨੂੰ ਠਿੱਬੀ ਲਾਈ, ਵਜ਼ੀਰਾਂ ਨੂੰ ਸਟੇਜਾਂ ’ਤੇ ਜਗਾ ਨਾ ਦਿੱਤੀ, ਭਾਈਚਾਰੇ ਨੂੰ ਲੀਹ ’ਤੇ ਲਿਆਂਦਾ ਤੇ ਇਸ ਅੰਦੋਲਨ ਦੇ ਵਿੱਚ ਕਿਸਾਨ ਬੀਬੀਆਂ ਬਰਾਬਰ ਦੀਆਂ ਹਿੱਸੇਦਾਰ ਹੋਈਆਂ। ਦਿੱਲੀ ਵੱਲ ਜਾਂਦਾ ਉਸ ਸਮੇਂ ਕੋਈ ਵੀ ਵਿਅਕਤੀ ਸਿੱਖ, ਮੁਸਲਮਾਨ, ਹਿੰਦੂ, ਕਾਮਰੇਡ ਜਾਂ ਕੋਈ ਨਿੱਕੀ ਜਾਤ ਨਹੀਂ ਅਖਵਾਉਂਦਾ ਸੀ, ਦਿੱਲੀ ਨੂੰ ਜਾਣ ਵਾਲਾ ਹਰ ਇੱਕ ਕਿਸਾਨ ਸੀ, ਕਿਉਂਕਿ ਅਸੀਂ ਜਾਣਦੇ ਹਾਂ ਕਿ ਜ਼ਮੀਨਾਂ ਵਾਲੇ ਹੀ ਕਿਸਾਨ ਨਹੀਂ ਹੁੰਦੇ, ਜ਼ਮੀਨਾਂ ਨਾਲ ਸੰਬੰਧ ਰੱਖਣ ਵਾਲੇ ਵੀ ਕਿਸਾਨ ਹੁੰਦੇ ਹਨ। ਏਸ ਅੰਦੋਲਨ ਨੇ ਅਜਿਹੀ ਗੰਢ ਪੀਡੀ ਕੀਤੀ ਕਿ ਸਰਕਾਰ ਦੀਆਂ ਗਲਤ ਨੀਤੀਆਂ ’ਤੇ ਲੋਕਾਂ ਦੀ ਏਕਤਾ ਸਵਾਲਾਂ ਦੀ ਵਲਗਣ ਵਲਦੀ ਗਈ ਅਤੇ ਸਰਕਾਰ ਕੋਲ ਨਾ ਪਹਿਲਾਂ ਜਵਾਬ ਸੀ ਤੇ ਨਾ ਹੁਣ। ਸਰਕਾਰ ਤਾਂ ਧੱਕਾ ਹੀ ਕਰਦੀ ਰਹੀ ਹੈ। ਏਸ ਅੰਦੋਲਨ ਨੇ ਪੜ੍ਹਿਆਂ ਨੂੰ ਪੜ੍ਹਾਇਆ ਸੀ। 2020 ਤੋਂ ਪਹਿਲਾਂ ਵੀ ਅੰਦੋਲਨ ਖ਼ਤਮ ਨਹੀਂ ਸੀ ਹੋਏ ਤੇ 2020 ਤੋਂ ਬਾਅਦ ਵੀ ਅੰਦੋਲਨ ਅੱਜ ਤੱਕ ਜਾਰੀ ਨੇ।

ਤੇ ਅੱਜ ਵੀ ਸਾਡਾ ਕਿਸਾਨ ਚੰਡੀਗੜ੍ਹ ਦੀਆਂ ਬਰੂਹਾਂ ’ਤੇ ਮੰਨ ਲਈਆਂ ਮੰਗਾਂ ਨੂੰ ਨਾ ਮੰਨਣ ਕਾਰਨ ਰੋਸ ਜਤਾਉਣ ਪਹੁੰਚਿਆ ਸੀ ਪਰ ਸਰਕਾਰ ਨੇ ਮੌਕਾ ਸਾਂਭਦਿਆਂ ਤੇ ਕੇਂਦਰ ਨੂੰ ਕਿਸਾਨਾਂ ਦਾ ਦੁਸ਼ਮਣ ਦਸਦਿਆਂ ਪੰਜਾਬ ਸਰਕਾਰ ਨੇ 19 ਦਸੰਬਰ ਨੂੰ ਕਿਸਾਨਾਂ ਦੇ ਨਾਲ ਮੁਲਾਕਾਤ ਦਾ ਵਾਅਦਾ ਕੀਤਾ। ਤੇ ਕਿਸਾਨਾਂ ਨੇ ਵੀ ਉਮੀਦ ਦੀ ਕਿਰਨ ਦੇ ਨਾਲ ਆਪਣਾ ਮੰਗ ਪੱਤਰ ਰਾਜਪਾਲ ਨੂੰ ਦੇ ਕੇ ਤਿੰਨ ਦਿਨਾਂ ਮੋਰਚੇ ਦੀ ਸਮਾਪਤੀ ਦਾ ਐਲਾਨ ਕਰ ਦਿੱਤਾ।

ਅੱਜ ਸਰਕਾਰ ਕਹਿੰਦੀ ਹੈ ਕਿ ਧਰਨੇ ਗਲਤ ਨੇ, ਪਰ ਇਹੀ ਸਰਕਾਰ ਜਦੋਂ ਸੱਤਾ ਵਿੱਚ ਨਹੀਂ ਸੀ, ਧਰਨਿਆਂ ਦਾ ਹਿੱਸਾ ਬਣਦੀ ਰਹੀ। ਰਿਪੋਰਟਾਂ ਅਨੁਸਾਰ ਹਿੰਦੁਸਤਾਨ ਦੇ ਵਿੱਚ 40 ਫ਼ੀਸਦੀ ਲੋਕ ਖੇਤੀ ਤੋਂ ਦੂਰ ਹੋ ਰਹੇ ਹਨ, ਸਰਕਾਰਾਂ ਵੀ ਤਾਂ ਏਹੀ ਚਾਹੁੰਦੀਆਂ ਨੇ।

ਅਮਰੀਕਾ ਦੀ ਗੱਲ ਕਰੀਏ ਜਦੋਂ ਉਥੋਂ ਦੇ ਰਾਸ਼ਟਰਪਤੀ ਰਿਚਰਡ ਨਿਕਸਨ ਸਨ ਤਾਂ ਉਸ ਸਮੇਂ ਉਥੋਂ ਦੇ ਕਿਸਾਨ 15 ਫ਼ੀਸਦੀ ਖੇਤੀ ਦੇ ਨਾਲ ਜੁੜੇ ਹੋਏ ਸੀ। ਤੇ ਸਵਾਲ ਹੁੰਦੇ ਸਨ ਕਿ ਬਹੁਤ ਜਿਆਦਾ ਪਾਪੂਲੇਸ਼ਨ ਜੁੜੀ ਹੋਈ ਹੈ। ਕਿਹਾ ਜਾਂਦਾ ਸੀ ਕਿ ਇਸ ਨੂੰ ਘੱਟ ਕੀਤਾ ਜਾਵੇ। ਇਸ ਚੀਜ਼ ’ਤੇ ਗੌਰ ਕੀਤੀ ਗਈ ਤਾਂ ਹੁਣ ਅਮਰੀਕਾ ਵਿੱਚ ਡੇਢ ਫ਼ੀਸਦੀ ਪਾਪੂਲੇਸ਼ਨ ਹੈ, ਜੋ ਖੇਤੀ ਨਾਲ ਜੁੜੀ ਹੋਈ ਹੈ। ਉਹਨਾਂ ਦੀ ਇਨਕਮ ਨਹੀਂ ਵਧੀ, ਸਬਸਿਡੀਆਂ ’ਤੇ ਟਿਕੇ ਹੋਏ ਨੇ। ਸੋ ਸਰਕਾਰਾਂ ਦੀ ਇਹ ਸੋਚ ਕਿ ਕਿਸਾਨਾਂ ਨੂੰ ਪਿੰਡਾਂ ਤੋਂ ਸ਼ਹਿਰਾਂ ਵਿੱਚ ਲੈ ਆਓ ਆਮਦਨ ਵਧੇਗੀ, ਇਹ ਗਲਤ ਸੋਚ ਹੈ। ਐਮ.ਐਸ.ਪੀ. ਨੂੰ ਕਾਨੂੰਨੀ ਅਧਿਕਾਰ ਬਣਾਓ, ਇਹੀ ਮੰਗ ਕਿਸਾਨਾਂ ਵੱਲੋਂ ਲਗਾਤਾਰ ਕੀਤੀ ਜਾ ਰਹੀ ਹੈ ਤੇ ਦੇਰ ਸਵੇਰ ਸਰਕਾਰ ਨੂੰ ਇਹ ਪੂਰੀ ਵੀ ਕਰਨੀ ਪਵੇਗੀ। ਅਸੀਂ ਸਾਰੇ ਜਾਣਦੇ ਹਾਂ ਕਿ ਪੰਜਾਬ ਤੇ ਹਰਿਆਣਾ ਨੂੰ ਝੋਨੇ ਤੇ ਕਣਕ ਤੇ ਕੁਝ ਕੁ ਦਾਲਾਂ ’ਤੇ ਐਮ.ਐਸ.ਪੀ. ਮਿਲਦੀ ਹੈ ਪਰ ਪੂਰੇ ਹਿੰਦੁਸਤਾਨ ਦੀ ਗੱਲ ਕੀਤੀ ਜਾਵੇ ਤਾਂ 14 ਫ਼ੀਸਦੀ ਕਿਸਾਨ ਐਮ.ਐਸ.ਪੀ. ਦੇ ਦਾਇਰੇ ਦੇ ਵਿੱਚ ਨੇ। ਇਹ ਤਾਂ ਹੁਣ ਦੀ ਰਿਪੋਰਟ ਹੈ, ਸ਼ਾਂਤਾ ਕੁਮਾਰ ਰਿਪੋਰਟ ਦੇ ਅਨੁਸਾਰ 6 ਫ਼ੀਸਦੀ ਸੀ। 86 ਫ਼ੀਸਦੀ ਕਿਸਾਨ ਮਾਰਕੀਟ ’ਤੇ ਡਿਪੈਂਡ ਨੇ। ਹੁਣ ਇਹ ਸੋਚੋ ਕਿ ਜੇ ਇਹ 86 ਫ਼ੀਸਦੀ ਕਿਸਾਨਾਂ ਨੂੰ ਐਮ.ਐਸ.ਪੀ. ਮਿਲੇ ਤਾਂ ਆਮਦਨ ਕਿੰਨੀ ਜਿਆਦਾ ਵੱਧ ਜਾਵੇਗੀ। ਜੀ.ਡੀ.ਪੀ. ਤਾਂ ਵਧੇਗੀ ਜੇ ਪੈਸਾ ਮਾਰਕੀਟ ਵਿੱਚ ਆਵੇਗਾ ਓ.ਈ.ਸੀ.ਡੀ. ਦੀ ਸਟੱਡੀ ਦੀ ਰਿਪੋਰਟ ਕਹਿੰਦੀ ਹੈ ਕਿ ਸੰਨ 2000 ਤੋਂ 2016 ਦੇ ਵਿੱਚ ਹਿੰਦੁਸਤਾਨ ਦੇ ਕਿਸਾਨਾਂ ਨੂੰ ਪੰਤਾਲੀ ਲੱਖ ਕਰੋੜ ਰੁਪਏ ਦਾ ਨੁਕਸਾਨ ਹੋਇਆ। ਏਡਾ ਵੱਡਾ ਨੁਕਸਾਨ ਹੋਵੇ ਤੇ ਚਰਚਾ ਦਾ ਵਿਸ਼ਾ ਨਾ



ਰਿਹਾ ਹੋਵੇ, ਅਸੈਂਬਲੀ ਪਾਰਲੀਮੈਂਟ ਵਿੱਚ ਸਵਾਲਾਂ ਦਾ ਹਿੱਸਾ ਨਾ ਬਣਿਆ ਹੋਵੇ, ਹੈ ਨਾ ਹੈਰਾਨੀ ਦੀ ਗੱਲ। ਜੇ ਕਿਤੇ ਇਹੀ ਘਾਟਾ ਕਾਰਪੋਰੇਟ ਦਾ ਹੁੰਦਾ ਤਾਂ ਹਾਹਾਕਾਰ ਮੱਚ ਜਾਣੀ ਸੀ। ਓ.ਈ.ਸੀ.ਡੀ. ਦੀ ਹੁਣ ਇੱਕ ਹੋਰ ਰਿਪੋਰਟ ਆਈ ਹੈ, ਇਸ ਰਿਪੋਰਟ ਦੇ ਮੁਤਾਬਿਕ 2022 ਦੇ ਵਿੱਚ 54 ਦੇਸ਼ਾਂ ਦੀ ਸਬਸਿਡੀ ਰਿਪੋਰਟ ਨੂੰ ਦੇਖਿਆ, ਤੇ ਦੱਸਿਆ ਕਿ ਹਿੰਦੁਸਤਾਨ ਦਾ ਕਿਸਾਨ ਘਾਟੇ ਵਾਲੀ ਆਮਦਨ ਨਾਲ ਜੀਅ ਰਿਹਾ ਹੈ। ਇਸ ਰਿਪੋਰਟ ਦੇ ਮੁਤਾਬਿਕ 2022 ਵਿੱਚ ਹਿੰਦੁਸਤਾਨ ਦੇ ਕਿਸਾਨਾਂ ਨੂੰ 14 ਲੱਖ ਕਰੋੜ ਦਾ ਨੁਕਸਾਨ ਹੋਇਆ, ਐਕਸਪੋਰਟ ਵਗੈਰਾ ਮਿਲਾ ਕੇ। ਕਦੇ ਚਰਚਾ ਤੁਸੀਂ ਸੁਣੀ ਹੈ ? ਕੀ ਇਹ ਸਾਡੀ ਗੱਲਬਾਤ ਦਾ ਵਿਸ਼ਾ ਬਣੀ ਹੈ ? ਹੁਣ ਤੁਸੀਂ ਸੋਚਦੇ ਹੋਵੋਗੇ ਕਿਸਾਨ ਨੂੰ ਘਾਟਾ ਪਾ ਕੇ ਏਨਾ ਪੈਸਾ ਗਿਆ ਕਿੱਥੇ ? ਭਾਰਤ ਸਰਕਾਰ ਦੀ ਰਿਪੋਰਟ ਆਪ ਦੱਸਦੀ ਹੈ ਕਿ 45 ਲੱਖ ਕਰੋੜ ਨਾਲ ਧੰਨਾ ਸੇਠਾਂ ਦੇ ਟੈਕਸ ਮਾਫ਼ ਕੀਤੇ ਗਏ ਹਨ। ਦੂਜੀ ਰਿਪੋਰਟ ਹੈ ਆਰ.ਬੀ.ਆਈ.ਡੀ, ਉਹ ਦੱਸਦੀ ਹੈ ਕਿ ਪੰਜਾਬ ਦੇ ਵਿੱਚ ਡਾਇਰੈਕਟ ਟੈਕਸ ਘਟਦੇ ਗਏ, ਭਾਵ ਇਹ ਟੈਕਸ 135 ਰੁਪਏ ਪ੍ਰਤੀ ਵਿਅਕਤੀ ਭਾਵ 450 ਕਰੋੜ ਰੁਪਇਆ ਅਮੀਰਾਂ ਤੋਂ, ਤੇ 19 ਹਜ਼ਾਰ ਰੁਪਇਆ ਪ੍ਰਤੀ ਵਿਅਕਤੀ ਭਾਵ 57 ਹਜ਼ਾਰ ਕਰੋੜ ਰੁਪਇਆ ਆਮ ਵਿਅਕਤੀ ਤੋਂ ਲਿਆ ਜਾ ਰਿਹਾ ਹੈ। ਹੁਣ ਇਹ ਸਰਕਾਰੀ ਬੁਝਾਰਤ ਤੁਸੀਂ ਆਸਾਨੀ ਨਾਲ ਸਮਝ ਸਕਦੇ ਹੋ।

ਕਿਸਾਨੀ ਦੇ ਵਿੱਚ ਘੱਟ ਤਾਂ ਬਹੁਤ ਕੁਝ ਹੋ ਗਿਆ ਹੈ। ਪੰਜਾਬ ਦੇ ਵਿੱਚ ਕਿਹਾ ਜਾਂਦਾ ਹੈ ਕਿ ਪਹਿਲਾਂ ਸਾਢੇ ਤੇਰਾਂ ਲੱਖ ਜੋਤਾਂ ਸਨ, ਤੇ ਹੁਣ ਇਹ ਆਕਾਰ ਸਾਢੇ 10 ਲੱਖ ਦਾ ਰਹਿ ਗਿਆ ਹੈ। ਕਿਸਾਨ ਦੀ ਹਾਲਤ ਮਾੜੀ ਤਾਂ ਹੋਈ ਸਗੋਂ ਜੋ ਸਾਂਝੀ ਸੀਰੀ ਕਿਸਾਨ ਦੇ ਨਾਲ ਰਲ ਕੇ ਚੱਲਦਾ ਸੀ, ਉਹ ਵੀ ਹੁਣ ਮਨਰੇਗਾ ਦਾ ਹਿਸਾ ਬਣ ਗਿਆ, ਉਧਰੋਂ ਮਨਰੇਗਾ ਦਾ ਬਜਟ ਵੀ ਲਗਾਤਾਰ ਘਟਾਇਆ ਜਾ ਰਿਹਾ ਹੈ। ਸੋ ਇਕੱਲਾ ਕਿਸਾਨ ਆਪਣੀ ਹੋਂਦ ਲਈ ਨਹੀਂ ਲੜ ਰਿਹਾ, ਸਾਡੇ ਸਾਂਝੀ ਸੀਰੀ ਵੀ ਲਗਾਤਾਰ ਲੜ ਰਹੇ ਹਨ।

ਇੱਥੇ ਅਸੀਂ ਕਿਸਾਨਾਂ ਨੂੰ ਹੀ ਇਹ ਗੱਲ ਜ਼ਰੂਰ ਕਹਾਂਗੇ ਕਿ ਐਮ.ਐਸ.ਪੀ. ਨੂੰ ਲੈ ਕੇ ਸਰਕਾਰ ’ਤੇ ਜੋਰ ਬਣਾਉਣਾ ਜਾਇਜ਼ ਹੈ ਪਰ ਜਥੇਬੰਦੀਆਂ ਨੂੰ ਇਹ ਵੀ ਚਾਹੀਦਾ ਹੈ ਕਿ ਉਹਨਾਂ 86 ਫ਼ੀਸਦੀ ਕਿਸਾਨਾਂ ਦੀ ਵੀ ਗੱਲ ਕਰੋ ਜੋ ਮਾਰਕੀਟ ’ਤੇ ਨਿਰਭਰ ਹਨ, ਐਮ.ਐਸ.ਪੀ. ਦੇ ਘੇਰੇ ਤੋਂ ਸੱਖਣੇ ਹਨ, ਇਹ ਮੰਗ ਵੀ ਉਭਾਰਨੀ ਚਾਹੀਦੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਸਿਆਸਤ ਵਿਚੋਂ ਲੋਕਾਂ ਦਾ ਵਿਸ਼ਵਾਸ ਘਟਦਾ ਜਾ ਰਿਹਾ ਹੈ ਪਰ ਪਤਾ ਨਹੀਂ ਆਉਣ ਵਾਲਾ ਸਮਾਂ ਕਿਵੇਂ ਦਾ ਹੋਵੇਗਾ। ਪਤਾ ਨਹੀਂ ਸਰਕਾਰੀ ਡੰਡਾ ਵਰ੍ਹੇਗਾ ਜਾਂ ਕੋਈ ਵੱਡਾ ਅੰਦੋਲਨ ਸਭ ਕੁਝ ਆਪਣੇ ਕਲਾਵੇ ਵਿੱਚ ਲੈ ਲਵੇਗਾ, ਕਿਉਂਕਿ ਤੁਸੀਂ ਜਾਣਦੇ ਹੀ ਹੋ ਕਿ ਮਾਰਕਸਇਜ਼ਿਮ ਦੇ ਕੈਪਟੀਲਿਜ਼ਮ ਨੂੰ ਕਿਸਾਨਾਂ ਨੇ ਗੋਡਿਆਂ ਥੱਲੇ ਰੱਖ ਲਿਆ ਸੀ।





# ਗੁ. ਅਕਾਲ ਬੁੰਗਾ ਸਾਹਿਬ 'ਤੇ ਗੋਲੀਬਾਰੀ ਬਾਰੇ ਜਾਂਚ ਲਈ ਸਿੱਟ ਬਣੀ

## ਗੁਰੂ ਘਰ ਵਿੱਚ ਮਰਿਯਾਦਾ ਦੀ ਉਲੰਘਣਾ ਲਈ ਪ੍ਰਸ਼ਾਸਨ ਜ਼ਿੰਮੇਵਾਰ: ਗਿ. ਰਘਬੀਰ ਸਿੰਘ

## ਦੋ ਨਿਹੰਗ ਜਥਿਆਂ ਦੇ ਗੁਰਦੁਆਰਾ ਉੱਪਰ ਕਬਜ਼ੇ ਦੇ ਵਿਵਾਦ ਕਾਰਨ ਪੁਲਿਸ ਨੇ ਦਖਲਅੰਦਾਜ਼ੀ ਕੀਤੀ

ਕਪੂਰਥਲਾ/ਏ.ਟੀ.ਨਿਊਜ਼ : ਗੁਰਦੁਆਰਾ ਅਕਾਲ ਬੁੰਗਾ ਸਾਹਿਬ ਸੁਲਤਾਨਪੁਰ ਲੋਧੀ ਵਿੱਚ 23 ਨਵੰਬਰ ਨੂੰ ਪੁਲਿਸ ਤੇ ਨਿਹੰਗ ਸਿੰਘਾਂ ਦਰਮਿਆਨ ਹੋਈ ਝੜਪ ਦੌਰਾਨ ਹੋਈ ਗੋਲੀਬਾਰੀ ਦੇ ਮਾਮਲੇ ਦੀ ਜਾਂਚ ਲਈ ਡੀ.ਆਈ.ਜੀ. ਜਲੰਧਰ ਰੇਂਜ ਐਸ. ਭੂਪਤੀ ਵੱਲੋਂ ਐਸ. ਐਸ. ਪੀ. ਕਪੂਰਥਲਾ ਵਤਸਲਾ ਗੁਪਤਾ ਦੀ ਅਗਵਾਈ ਵਿੱਚ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਗਿਆ। ਡੀ.ਆਈ.ਜੀ. ਨੇ ਕਿਹਾ ਕਿ ਸਿੱਟ ਮਾਮਲੇ ਦੀ ਜਾਂਚ ਕਰਕੇ ਆਪਣੀ ਰਿਪੋਰਟ ਸਰਕਾਰ ਨੂੰ ਦੇਵੇਗੀ। ਐਸ. ਭੂਪਤੀ ਨੇ ਕਿਹਾ ਕਿ ਪੁਲਿਸ ਵਲੋਂ ਕਿਸੇ



ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਸੁਲਤਾਨਪੁਰ ਲੋਧੀ ਵਿੱਚ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕੀਤੇ ਗਏ ਹਨ।

ਗੁਰਦੁਆਰੇ ਨੂੰ ਲੈਕੇ ਹੋਇਆ ਸੀ ਦੋ ਨਿਹੰਗ ਜਥਿਆਂ ਵਿੱਚ ਟਕਰਾਅ

ਵਰਨਣਯੋਗ ਹੈ ਕਿ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਵਿੱਚ ਨਿਹੰਗ ਮੁਖੀ ਬਾਬਾ ਮਾਨ ਸਿੰਘ ਨਾਲ ਸੰਬੰਧਿਤ ਨਿਹੰਗ ਸਿੰਘਾਂ ਨੂੰ ਗੁਰਦੁਆਰਾ ਸਾਹਿਬ ਤੋਂ ਬਾਹਰ ਕੱਢਣ ਲਈ ਪੁਲਿਸ ਤੇ ਸਿਵਲ ਪ੍ਰਸ਼ਾਸਨ ਨੇ ਪਹਿਲਾਂ ਬਾਬਾ ਮਾਨ ਸਿੰਘ ਨਾਲ ਗੱਲਬਾਤ ਦਾ ਰਾਹ ਅਖ਼ਤਿਆਰ ਕੀਤਾ, ਪਰ ਗੱਲ ਕਿਸੇ ਸਿਰੇ ਨਾ ਲੱਗਣ 'ਤੇ 23 ਨਵੰਬਰ ਨੂੰ ਸਵੇਰੇ ਪੁਲਿਸ ਤੇ ਨਿਹੰਗ ਸਿੰਘਾਂ ਦਰਮਿਆਨ ਹੋਈ ਗੋਲੀਬਾਰੀ ਦੌਰਾਨ ਹੋਮਗਾਰਡ ਦੇ ਜਵਾਨ ਜਸਪਾਲ ਸਿੰਘ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ ਸੀ। ਇਸ ਘਟਨਾ ਵਿੱਚ ਅੱਧੀ ਦਰਜਨ ਦੇ ਕਰੀਬ ਪੁਲਿਸ ਮੁਲਾਜ਼ਮ ਤੇ ਕੁਝ ਨਿਹੰਗ ਸਿੰਘ ਜ਼ਖ਼ਮੀ ਹੋਏ ਸਨ। ਘਟਨਾ ਪਿੱਛੋਂ ਥਾਣਾ ਸੁਲਤਾਨਪੁਰ ਲੋਧੀ ਦੀ ਪੁਲਿਸ ਨੇ ਬਾਬਾ ਮਾਨ ਸਿੰਘ ਤੇ ਉਨ੍ਹਾਂ ਦੇ 15-20 ਸਾਥੀਆਂ ਵਿਰੁੱਧ ਕਤਲ, ਇਰਾਦਾ ਕਤਲ, ਆਰਮਜ਼ ਐਕਟ ਤੇ ਹੋਰ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਤੋਂ ਬਾਹਰ ਜਾਣ ਲਈ ਰਜ਼ਾਮੰਦ ਕਰ ਲਿਆ ਸੀ ਤੇ ਬਾਅਦ ਵਿੱਚ ਪ੍ਰਸ਼ਾਸਨ ਨੇ ਗੁਰਦੁਆਰਾ ਸਾਹਿਬ 'ਤੇ ਧਾਰਾ 145 ਲਗਾ ਕੇ ਰਸੀਵਰ ਨਿਯੁਕਤ ਕਰਕੇ ਗੁਰਦੁਆਰਾ ਸਾਹਿਬ 'ਤੇ ਕਾਬਜ਼ ਪਹਿਲੀ ਤੇ ਦੂਜੀ ਧਿਰ ਨੂੰ ਗੁਰਦੁਆਰਾ ਸਾਹਿਬ ਦੀ ਹਦੂਦ ਵਿੱਚ ਦਾਖ਼ਲ ਹੋਣ ਦੀ ਮਨਾਹੀ ਕਰ ਦਿੱਤੀ ਸੀ। ਗੁਰਦੁਆਰਾ ਸਾਹਿਬ ਵਿੱਚ ਵਾਪਰੀ ਗੋਲੀਬਾਰੀ ਦੀ ਘਟਨਾ ਸੰਬੰਧੀ ਹੁਕਮ ਕਿਸ ਨੇ ਦਿੱਤੇ, ਇਹ ਸਵਾਲ ਸਿਆਸੀ ਹਲਕਿਆਂ ਵਿੱਚ ਕਾਫ਼ੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪੁਲਿਸ ਵਲੋਂ ਗੁਰਦੁਆਰਾ ਸਾਹਿਬ ਵਿੱਚ ਕਾਬਜ਼ ਨਿਹੰਗ ਸਿੰਘਾਂ 'ਤੇ ਚਲਾਈ ਗਈ ਗੋਲੀ ਦੇ ਮਾਮਲੇ ਨੂੰ ਸ਼੍ਰੋਮਣੀ ਅਕਾਲੀ ਦਲ ਤੇ ਹੋਰ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਗੰਭੀਰਤਾ ਨਾਲ ਲੈਂਦਿਆਂ ਇਸ ਸਾਰੇ ਘਟਨਾਕ੍ਰਮ (ਬਾਕੀ ਸਫ਼ਾ 30 'ਤੇ)

*ਮਾਮਲਾ ਫਲਸਤੀਨੀਆਂ ਦੇ ਘਾਣ ਬਾਰੇ ਆਵਾਜ਼ ਉਠਾਉਣ ਦਾ*

# ਸਾਰੇ ਦੇਸ਼ ਤਨਮਨਜੀਤ ਸਿੰਘ ਢੇਸੀ ਦੀ ਹਮਾਇਤ ਕਰਨ : ਜਥੇਦਾਰ ਅਕਾਲ ਤਖ਼ਤ

## ਯੂ.ਕੇ ਦੇ ਐਮ.ਪੀ. ਢੇਸੀ ਨੂੰ ਨਸਲਵਾਦੀਆਂ ਵੱਲੋਂ ਧਮਕੀਆਂ ਦੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਨਿਖੇਧੀ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਯੂ.ਕੇ. ਦੇ ਸਿੱਖ ਮੈਂਬਰ ਪਾਰਲੀਮੈਂਟ ਤਨਮਨਜੀਤ ਸਿੰਘ ਢੇਸੀ ਨੂੰ ਗਾਜ਼ਾ-ਇਜ਼ਰਾਈਲ ਜੰਗ ਸਬੰਧੀ ਸਕਾਟਿਸ਼ ਨੈਸ਼ਨਲ ਪਾਰਟੀ ਵਲੋਂ ਲਿਆਂਦੇ ਅਸਥਾਈ ਜੰਗਬੰਦੀ ਦੇ ਛੋਟੇ ਮਤੇ 'ਤੇ ਵੋਟ ਪਾਉਣ ਦੀ ਬਜਾਇ ਹਿੰਸਾ ਦੇ ਸਦੀਵੀ ਅੰਤ ਅਤੇ ਦੁਸ਼ਮਣੀ ਦੇ ਸਥਾਈ ਖ਼ਾਤਮੇ ਲਈ ਲੇਬਰ ਪਾਰਟੀ ਵੱਲੋਂ ਪੇਸ਼ ਕੀਤੇ ਮਤੇ 'ਤੇ ਵੋਟ ਪਾਉਣ ਕਾਰਨ ਨਸਲਵਾਦੀ ਤਾਕਤਾਂ ਵੱਲੋਂ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੀ ਸਖਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸਿੱਖ ਪੰਥ ਸਰਬੱਤ ਦਾ ਭਲਾ ਮੰਗਣ ਅਤੇ ਵਿਸ਼ਵ ਸ਼ਾਂਤੀ ਚਾਹੁਣ ਵਾਲਾ ਪੰਥ ਹੈ ਅਤੇ ਤਨਮਨਜੀਤ ਸਿੰਘ ਢੇਸੀ ਵਰਗੇ ਸਿੱਖਾਂ 'ਤੇ ਪੂਰੇ ਪੰਥ ਨੂੰ ਮਾਣ ਹੈ, ਜਿਹੜੇ ਹਮੇਸ਼ਾ ਦਲੇਰੀ ਤੇ ਨਿਡਰਤਾ ਦੇ ਨਾਲ ਵਿਸ਼ਵ ਸ਼ਾਂਤੀ ਅਤੇ ਮਨੁੱਖੀ ਅਧਿਕਾਰਾਂ ਲਈ ਆਵਾਜ਼ ਬੁਲੰਦ ਕਰਦੇ ਹਨ।

ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਸਿੱਖ ਪੰਥ ਦੀ ਸਰਬਤ ਦੇ ਭਲੇ ਦੀ ਸੋਚ ਨੂੰ ਕਰੋਨਾ ਕਾਲ ਤੇ ਦੁਨੀਆ ਦੇ ਵੱਖ-ਵੱਖ ਖਿੱਤਿਆਂ ਵਿੱਚ ਜੰਗਾਂ-ਯੁੱਧਾਂ ਵੇਲੇ ਸਿੱਖ ਵਾਲੰਟੀਅਰਾਂ



ਦੁਆਰਾ ਕੀਤੀ ਗਈ ਮਾਨਵਤਾ ਦੀ ਸੇਵਾ ਦੇ ਰੂਪ ਵਿੱਚ ਵਿਸ਼ਵ ਦੇ ਲੋਕ ਚੰਗੀ ਤਰ੍ਹਾਂ ਵੇਖ ਚੁੱਕੇ ਹਨ। ਹੁਣ ਇਜ਼ਰਾਈਲ ਅਤੇ ਹਮਾਸ ਵਿਚਾਲੇ ਲੜਾਈ ਦੌਰਾਨ ਹੋ ਰਹੇ ਮਨੁੱਖਤਾ ਦੇ ਘਾਣ ਵਿਰੁੱਧ ਵੀ ਸਿੱਖ ਆਪਣੇ ਧਰਮ ਦੇ ਸਿਧਾਂਤਾਂ ਤੋਂ ਸੇਧ ਲੈ ਕੇ ਸਦੀਵੀ ਵਿਸ਼ਵ ਸ਼ਾਂਤੀ ਦੀ ਕਾਮਨਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਤਨਮਨਜੀਤ ਸਿੰਘ ਢੇਸੀ ਵਲੋਂ ਗ਼ਾਜ਼ਾ-ਇਜ਼ਰਾਈਲ ਵਿਚਾਲੇ ਜੰਗ ਦੌਰਾਨ ਹਜ਼ਾਰਾਂ ਬੇਕਸੂਰ ਨਾਗਰਿਕਾਂ ਤੇ ਨਿੱਕੇ-ਨਿੱਕੇ ਬੱਚਿਆਂ ਦੀਆਂ ਦਰਦਨਾਕ ਮੌਤਾਂ 'ਤੇ ਹਾਅ ਦਾ ਨਾਅਰਾ ਮਾਰਨ ਅਤੇ ਦੁਵੱਲੀ ਸਦੀਵੀ ਅਮਨ-ਸ਼ਾਂਤੀ ਦੀ ਸਥਾਪਨਾ ਲਈ ਦ੍ਰਿੜ੍ਹਤਾ ਦੇ ਨਾਲ ਯੂ.ਕੇ. ਪਾਰਲੀਮੈਂਟ ਵਿਚ ਚੁੱਕੀ ਆਵਾਜ਼ ਨਸਲਵਾਦੀ ਅਤੇ ਹਿੰਸਾ ਦੀਆਂ ਹਮਾਇਤੀ ਤਾਕਤਾਂ ਨੂੰ ਰਾਸ ਨਹੀਂ ਆ ਰਹੀ, ਜਿਸ ਕਾਰਨ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੇ ਡਰਾਵੇ ਤੇ ਧਮਕੀਆਂ ਸਿੱਖਾਂ ਨੂੰ ਆਪਣੇ ਸਿਧਾਂਤਾਂ ਤੋਂ ਦੂਰ ਨਹੀਂ ਕਰ ਸਕਦੀਆਂ ਅਤੇ ਪੂਰੀ ਸਿੱਖ ਕੌਮ ਤਨਮਨਜੀਤ ਸਿੰਘ ਢੇਸੀ ਦੇ ਨਾਲ ਹੈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਕਿਹਾ ਕਿ ਹੁਣ ਜਦੋਂ ਸੰਯੁਕਤ ਰਾਸ਼ਟਰ ਵੀ ਇਹ ਚਿਤਾਵਨੀ ਦੇ ਚੁੱਕਾ ਹੈ ਕਿ ਗਾਜ਼ਾ-ਇਜ਼ਰਾਈਲ ਦੀ ਜੰਗ ਭਵਿੱਖ ਵਿਚ ਵਿਸ਼ਵ ਲਈ ਵੱਡਾ ਅੰਨ ਸੰਕਟ ਪੈਦਾ ਕਰ ਸਕਦੀ ਹੈ ਤਾਂ ਦੁਨੀਆਂ ਦੇ ਸਾਰੇ ਦੇਸ਼ਾਂ ਨੂੰ ਮਿਲ ਕੇ ਤੁਰੰਤ ਇਸ ਜੰਗ ਨੂੰ ਰੋਕਣ ਲਈ ਯਤਨਸ਼ੀਲ ਹੋਣ ਦੀ ਲੋੜ ਹੈ।

ਵਿਸ਼ਵ ਵਿੱਚ ਸਦੀਵੀ ਅਮਨ-ਸ਼ਾਂਤੀ ਤੇ ਖੁਸ਼ਹਾਲੀ ਚਾਹੁਣ ਵਾਲੇ ਸਾਰੇ ਦੇਸ਼ਾਂ ਨੂੰ ਤਨਮਨਜੀਤ ਸਿੰਘ ਢੇਸੀ ਦੀ ਹਮਾਇਤ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਾ ਮੁੱਦਾ ਸੰਯੁਕਤ ਰਾਸ਼ਟਰ ਕੋਲ ਰੱਖ ਕੇ ਉਨ੍ਹਾਂ ਨਾਪਾਕ ਤਾਕਤਾਂ ਨੂੰ ਦੁਨੀਆ ਦੇ ਸਾਹਮਣੇ ਨੰਗਾ ਕਰਨਾ ਚਾਹੀਦਾ ਹੈ, ਜੋ ਅਮਨ-ਸ਼ਾਂਤੀ ਤੇ ਮਨੁੱਖਤਾ ਦੀਆਂ ਦੁਸ਼ਮਣ ਹਨ।

# ਬੰਗਲੌਰ ਦਾ ਅਮਨਦੀਪ ਸਿੰਘ ਖ਼ਾਲਸਾ ਸਾਈਕਲ 'ਤੇ 15 ਸਾਲਾਂ ਤੋਂ ਨਸ਼ਿਆਂ ਵਿਰਧ ਕਰ ਰਿਹੈ ਪ੍ਰਚਾਰ

## ਸਾਈਕਲ 'ਤੇ ਲਗਭਗ 3 ਲੱਖ ਕਿਲੋਮੀਟਰ ਦੀ ਕੀਤੀ ਪ੍ਰਚਾਰ ਯਾਤਰਾ, ਗਿੰਨੀਜ਼ ਬੁੱਕ 'ਚ ਦਰਜ ਹੋ ਚੁੱਕਾ ਹੈ ਨਾਮ

ਬੰਗਲੌਰ/ਏ.ਟੀ.ਨਿਊਜ਼ : ਬੰਗਲੌਰ ਦਾ ਅਮਨਦੀਪ ਸਿੰਘ ਖ਼ਾਲਸਾ ਸਾਈਕਲ 'ਤੇ ਲਗਪਗ 3 ਲੱਖ ਕਿਲੋਮੀਟਰ ਦੀ ਯਾਤਰਾ ਕਰ ਕੇ ਲੋਕਾਂ ਨੂੰ ਨਸ਼ੇ ਛੱਡਣ ਲਈ ਪ੍ਰੇਰਿਤ ਕਰ ਰਿਹਾ ਹੈ ਤੇ ਪਿੰਡ-ਪਿੰਡ ਜਾ ਕੇ ਨਸ਼ੇ ਦੇ ਮਾੜੇ ਪ੍ਰਭਾਵ ਬਾਰੇ ਪ੍ਰਚਾਰ ਕਰ ਰਿਹਾ ਹੈ। ਯਾਤਰਾ ਦੌਰਾਨ ਸਾਦਿਕ ਵਿਖੇ ਰੁਕੇ ਕਰੀਬ 63 ਸਾਲਾ ਅਮਨਦੀਪ ਸਿੰਘ ਖਾਲਸਾ ਵਾਸੀ ਚਿਕਾ ਤਰਪਤੀ ਜ਼ਿਲ੍ਹਾ ਪੋਲਾਰ (ਬੰਗਲੌਰ) ਨੇ ਦੱਸਿਆ ਕਿ ਉਸ ਦਾ ਇੱਕ ਪੁੱਤਰ ਤੇ ਇਕ ਧੀ ਹੈ। ਉਹ ਹਿੰਦੂ ਪਰਿਵਾਰ ਨਾਲ ਸਬੰਧ ਰੱਖਦਾ ਹੈ ਤੇ ਗਰੈਜੂਏਟ ਹੈ। ਉਸ ਦਾ ਪੁੱਤਰ ਅਮਰੀਕਾ ਵਿਖੇ ਡਾਕਟਰ ਹੈ ਤੇ ਧੀ



ਅੰਮ੍ਰਿਤਸਰ ਵਿਆਹੀ ਹੋਈ ਹੈ। ਉਸ ਨੇ 1975 ਵਿੱਚ ਅੰਮ੍ਰਿਤ ਪਾਨ ਕੀਤਾ ਤਾਂ ਪਰਿਵਾਰ ਨਾਲ ਮਨਮੁਟਾਵ ਵੀ ਹੋਇਆ। ਫਿਰ ਉਹ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਲਾਲ ਬਾਗ ਬੰਗਲੌਰ ਵਿਖੇ ਪੰਜਾਬੀ ਟੀਚਰ ਵਜੋਂ ਸੇਵਾ ਨਿਭਾਉਣ ਲੱਗਾ ਤੇ ਉਸ ਦੀ ਪਤਨੀ ਵੀ ਉਥੇ ਹੀ ਰਹਿ ਰਹੀ ਹੈ। ਅਮਨਦੀਪ ਸਿੰਘ ਖਾਲਸਾ ਨੇ ਦੱਸਿਆ ਕਿ ਪਹਿਲੀ ਜਨਵਰੀ 2008 ਤੋਂ ਉਹ ਘਰੋਂ ਦੇਸ਼ ਯਾਤਰਾ 'ਤੇ ਸਾਈਕਲ 'ਤੇ ਨਿਕਲਿਆ। ਇਸ ਦੌਰਾਨ 26 ਸੂਬਿਆਂ ਦਾ ਦੌਰਾ ਕੀਤਾ। ਇਸ ਦੌਰਾਨ 12 ਸਾਈਕਲ, 65 ਟਾਇਰ, 55 ਟਿਊਬਾਂ ਅਤੇ ਲਗਪਗ (ਬਾਕੀ ਸਫ਼ਾ 31 'ਤੇ)

# ਨਵਾਂ ਸ਼ਹਿਰ ਦੀ ਲਵਪ੍ਰੀਤ ਕੌਰ ਨੇ ਇਟਲੀ 'ਚ ਵਧਾਇਆ ਮਾਣ

ਰੋਮ/ ਏ.ਟੀ.ਨਿਊਜ਼: ਪੰਜਾਬ ਦੀਆਂ ਹੋਣਹਾਰ ਧੀਆਂ ਇਟਲੀ ਵਿੱਚ ਅੱਜ ਕੱਲ੍ਹ ਸਫਲਤਾ ਦੇ ਝੰਡੇ ਬੁਲੰਦ ਕਰ ਰਹੀਆਂ ਹਨ। ਕੋਈ ਪੁਲਿਸ ਵਿੱਚ ਝੰਡੇ ਬੁਲੰਦ ਕਰ ਰਹੀ ਹੈ, ਕੋਈ ਵਕੀਲ ਬਣ ਭਾਈਚਾਰੇ ਦੀ ਸੇਵਾ ਕਰ ਰਹੀ ਹੈ। ਇੰਝ ਜਾਪਦਾ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਵਾਂਗ ਇੱਥੇ ਵੀ ਪੰਜਾਬੀਆਂ ਦੀ ਚੜ੍ਹਤ ਸਿਰ ਚੜ੍ਹ ਕੇ ਬੋਲੇਗੀ। ਪੰਜਾਬੀਆਂ ਦੀ ਇਟਲੀ ਦੇ ਚੁਫੇਰੇ ਝੰਡੀ ਹੋਵੇਗੀ। ਮਾਪਿਆਂ ਦੀ ਹੋਣਹਾਰ ਧੀ ਲਵਪ੍ਰੀਤ ਕੌਰ ਸਪੁੱਤਰੀ



ਜਗਦੀਸ ਪੌੜਵਾਲ ਤੇ ਬੀਬੀ ਜਸਵੰਤ ਕੌਰ ਵਾਸੀ ਨਵਾਂ ਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਨੇ ਵਿੱਦਿਅਕ ਖੇਤਰ ਵਿੱਚ ਪਿਛਲੇ ਇੱਕ ਦਹਾਕੇ ਤੋਂ ਜੋ ਕਾਮਯਾਬੀ ਦੇ ਝੰਡੇ ਗੱਡੇ ਹਨ, ਉਸ ਨੂੰ ਇਟਾਲੀਅਨ ਤੇ ਹੋਰ ਦੇਸ਼ਾਂ ਦੇ ਲੋਕ ਵੀ ਸਲੂਟ ਕਰਦੇ ਹਨ।

ਸੰਨ 2014 ਨੂੰ ਪਰਿਵਾਰ ਨਾਲ ਇਟਲੀ ਦੇ ਤੁਸਕਾਨਾ ਸੂਬੇ ਦੇ ਸ਼ਹਿਰ ਇਮਪੋਲੀ( ਫਿਰੈਂਸੇ)ਆਈ ਲਵਪ੍ਰੀਤ ਕੌਰ, ਜਿਸ ਦੀ ਉਮਰ ਮਹਿਜ ਇਸ ਸਮੇਂ 24 ਸਾਲ ਹੈ ਉਸ ਨੇ ਪਹਿਲਾਂ ਸੰਨ 2020 ਵਿੱਚ ਡੈਂਟਲ ਟੈਕਨੀਸ਼ੀਅਨ ਦੇ ਕੋਰਸ ਵਿੱਚ 5 ਸਾਲ ਸਖ਼ਤ ਪੜ੍ਹਾਈ ਕਰਦਿਆਂ 100 ਵਿੱਚੋਂ 100 ਨੰਬਰ ਲੈ ਪਹਿਲਾਂ ਮੁਕਾਮ ਹਾਸਲ ਕਰਦਿਆਂ ਮਾਪਿਆਂ ਸਮੇਤ ਦੇਸ਼ ਦਾ ਨਾਮ (ਬਾਕੀ ਸਫ਼ਾ 30 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਵੱਡੇ ਕਾਰਪੋਰੇਟ ਘਰਾਣੇ ਰਾਸ਼ਟਰਪਤੀ ਚੋਣਾਂ ਦੌਰਾਨ ਭਾਰਤੀ ਮੂਲ ਦੀ ਉਮੀਦਵਾਰ ਨਿੱਕੀ ਹੇਲੀ ਦੇ ਸਮਰਥਨ ਵਿੱਚ

## ਮਾਹਿਰਾਂ ਅਨੁਸਾਰ ਨਿੱਕੀ ਹੈਲੀ ਦੀ ਵੱਧਦੀ ਪ੍ਰਸਿੱਧੀ ਟਰੰਪ ਦੇ ਦਬਦਬੇ ਨੂੰ ਕਰ ਸਕਦੀ ਹੈ ਖ਼ਤਮ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕੀ ਰਾਸ਼ਟਰਪਤੀ ਚੋਣਾਂ 2024 ਦੇ ਵਿੱਚ ਰਿਪਬਲਿਕਨ ਉਮੀਦਵਾਰ ਦੀ ਦੌੜ ਵਿੱਚ ਸ਼ਾਮਲ ਭਾਰਤੀ ਮੂਲ ਦੀ ਨਿੱਕੀ ਹੈਲੀ ਨੇ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਸੰਯੁਕਤ ਰਾਸ਼ਟਰ ਵਿੱਚ ਅਮਰੀਕਾ ਦੀ ਸਾਬਕਾ ਰਾਜਦੂਤ ਨਿੱਕੀ ਹੈਲੀ ਨੇ ਵਰਤਮਾਨ ਵਿੱਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਭਾਵੇਂ ਪਿੱਛੇ ਹੈ, ਪਰ ਹਾਲ ਹੀ ਵਿੱਚ ਫਲੋਰਿਡਾ ਰਾਜ ਦੇ ਗਵਰਨਰ ਰੌਨ ਡੀਸੈਂਟਿਸ ਨੂੰ ਉਸ ਨੇ ਪਛਾੜ ਦਿੱਤਾ ਹੈ, ਜੋ ਇੱਕ ਸਾਲ ਲਈ ਪ੍ਰਸਿੱਧੀ ਵਿੱਚ ਟਰੰਪ ਤੋਂ ਬਾਅਦ ਦੂਜੇ ਨੰਬਰ 'ਤੇ ਸੀ। ਦੂਜੇ ਪਾਸੇ ਕਾਰਪੋਰੇਟ ਘਰਾਣਿਆਂ ਅਤੇ ਮੁੱਖ ਕਾਰਜਕਾਰੀ ਅਤੇ ਹੈਜ ਫੰਡ ਨਿਵੇਸ਼ਕਾਂ ਸਮੇਤ ਅਮਰੀਕਾ ਦੇ ਕਈ ਵੱਡੇ ਕਾਰੋਬਾਰੀ ਨੇਤਾ ਵੀ ਨਿੱਕੀ ਹੈਲੀ ਦੇ ਸਮਰਥਨ ਵਿੱਚ ਸਾਹਮਣੇ ਆਏ ਹਨ।

ਇੰਨਾ ਹੀ ਨਹੀਂ ਵੱਡੇ ਦਾਨੀਆਂ ਅਤੇ ਕਾਰਪੋਰੇਟ ਘਰਾਣਿਆਂ ਨੇ ਵੀ ਹੇਲੀ ਨੂੰ ਕਾਫੀ ਵਿੱਤੀ ਸਹਾਇਤਾ ਦਿੱਤੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਨਿੱਕੀ ਹੈਲੀ ਦੀ ਵੱਧਦੀ ਪ੍ਰਸਿੱਧੀ ਡੋਨਾਲਡ ਟਰੰਪ ਦੇ ਦਬਦਬੇ ਨੂੰ ਖ਼ਤਮ ਕਰ ਸਕਦੀ ਹੈ। ਅਜਿਹੀ ਉਮੀਦ ਨੇ ਰਿਪਬਲਿਕਨ ਸਮਰਥਕਾਂ ਦੇ ਨਾਲ-ਨਾਲ ਬਹੁਤ ਸਾਰੇ ਵੋਟਰਾਂ ਨੂੰ ਵੀ ਜਗਾਇਆ ਹੈ। ਅਤੇ ਨਾਜ਼ੁਕ ਮੁੱਦਿਆਂ ਤੋਂ ਪ੍ਰਭਾਵਿਤ ਬਹੁਤ ਸਾਰੇ ਨੇਤਾ ਨਿੱਕੀ ਹੇਲੀ ਦੇ ਸਮਰਥਨ ਵਿੱਚ ਆਏ ਹਨ। ਜਿੰਨਾਂ ਵਿੱਚ ਬਹੁਤ ਸਾਰੇ ਵੱਡੇ ਕਾਰੋਬਾਰੀ ਅਤੇ ਕਾਰਪੋਰੇਟ ਸ਼ਾਮਲ ਹਨ। ਇਹ ਕਾਰਪੋਰੇਟ ਸਮਰਥਨ ਜਨਵਰੀ ਵਿੱਚ ਆਇਓਵਾ ਕਾਕਸ ਤੋਂ ਪਹਿਲਾਂ ਮਹੱਤਵਪੂਰਨ ਹੈ।



ਹਾਲ ਹੀ ਵਿੱਚ ਜੇ.ਪੀ. ਮੋਰਗਨ ਦੇ ਮੁੱਖ ਕਾਰਜਕਾਰੀ ਜੈਮੀ ਡਿਮੋਨ ਨੇ ਕਿਹਾ ਕਿ ਉਹ ਨਿੱਕੀ ਦੀਆਂ ਨੀਤੀਆਂ ਅਤੇ ਗੁੰਝਲਦਾਰ ਮੁੱਦਿਆਂ 'ਤੇ ਉਸ ਦੀ ਖੁੱਲ੍ਹੇਪਣ ਤੋਂ ਪ੍ਰਭਾਵਿਤ ਹੋਏ ਹਨ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਾਰਜ ਡਬਲਯੂ. ਬੁਸ਼ ਦੇ ਚਚੇਰੇ ਭਰਾ ਅਤੇ ਹੈਲਥ ਸਟਾਰਟਅਪ ਦੇ ਸੀਈਓ ਜੋਨਾਥਨ ਬੁਸ਼ ਦਾ ਕਹਿਣਾ ਹੈ ਕਿ ਹੇਲੀ ਦੇ ਆਉਣ ਨਾਲ ਨਵੀਂ ਉਮੀਦ ਪੈਦਾ ਹੋਈ ਹੈ। ਜੋਨਾਥਨ ਇੱਕ ਰਿਪਬਲਿਕਨ ਵੀ ਹੈ, ਜਿਸਨੇ 2020 ਵਿੱਚ ਬਾਈਡੇਨ ਅਤੇ 2016 ਵਿੱਚ ਲਿਬਰਟੇਰੀਅਨ ਉਮੀਦਵਾਰ ਗੈਰੀ ਜੌਹਨਸਨ ਲਈ ਵੋਟ ਕੀਤਾ ਸੀ। ਉਸਨੇ ਕਿਹਾ ਕਿ ਉਹ ਹੇਲੀ ਦੀ ਸੋਚ ਅਤੇ ਸੰਜਮ ਤੋਂ ਪ੍ਰਭਾਵਿਤ ਹੈ। ਇਸ ਦੇ ਨਾਲ ਅਰਬਪਤੀ ਅਤੇ ਹੋਮ ਡਿਪੋ ਦੇ ਸਹਿ-ਸੰਸਥਾਪਕ ਕੇਨੇਥ ਲੈਂਗੋਨ ਦਾ ਮੰਨਣਾ ਹੈ ਕਿ ਹੇਲੀ ਟਰੰਪ ਨਾਲੋਂ ਜਨਤਾ ਵਿੱਚ ਵਧੇਰੇ ਪ੍ਰਸਿੱਧ ਹੈ।

ਕੈਲੀਫੋਰਨੀਆ ਦੇ ਕਾਰੋਬਾਰੀ ਟਿਮੋਥੀ ਡਰਾਪਰ ਵੀ ਹੇਲੀ ਦੇ ਸਮਰਥਕ ਹਨ, ਜਿਸ ਨੇ ਹੇਲੀ ਦੀ ਮਦਦ ਲਈ ਇੱਕ ਮੁਹਿੰਮ ਫਰਮ (ਸੁਪਰ ਸੀਏਸੀ) ਵਿੱਚ 10 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ। ਡਰੈਪਰ ਨੇ ਕਿਹਾ ਕਿ ਹੇਲੀ ਔਰਤਾਂ ਦੇ ਮੁੱਦਿਆਂ 'ਤੇ ਬੋਲ ਕੇ ਦੇਸ਼ ਨੂੰ ਇਕਜੁੱਟ ਕਰ ਸਕਦੀ ਹੈ। ਕ੍ਰਿਪਟੋਕਰੰਸੀ ਫਰਮ ਗਲੈਕਸੀ ਡਿਜੀਟਲ ਦੇ ਮੁੱਖ ਕਾਰਜਕਾਰੀ ਮਾਈਕਲ ਨੋਵੋਗਰਾਟਜ਼ ਦਾ ਕਹਿਣਾ ਹੈ ਕਿ ਮੈਂ ਕਿਸੇ ਅਜਿਹੇ ਵਿਅਕਤੀ ਦਾ ਸਮਰਥਨ ਕਰ ਸਕਦਾ ਹਾਂ ਜਿਸਦੀ ਉਮਰ 76 ਸਾਲ ਤੋਂ ਵੱਧ ਨਾ ਹੋਵੇ। ਉਹਨਾਂ ਟੈਕਸਾਂ ਵਿੱਚ ਕਟੌਤੀ ਕਰਨ ਅਤੇ ਸਰਕਾਰੀ ਖਰਚਿਆਂ ਵਿੱਚ ਕਟੌਤੀ ਦੇ ਵਾਅਦੇ ਤੋਂ ਖੁਸ਼ ਹੋਏ ਕਾਰੋਬਾਰੀਆਂ ਨੇ ਟੈਕਸਾਂ ਵਿੱਚ ਕਟੌਤੀ ਕਰਨ ਅਤੇ ਸਰਕਾਰੀ ਖਰਚਿਆਂ ਵਿੱਚ ਕਟੌਤੀ ਕਰਨ ਵੱਲ ਹੇਲੀ ਦਾ ਧਿਆਨ ਬਹੁਤ ਸਾਰੇ ਕਾਰੋਬਾਰੀ ਨੇਤਾਵਾਂ ਨੂੰ ਆਕਰਸ਼ਿਤ ਕੀਤਾ ਹੈ।

ਬਹੁਤ ਸਾਰੇ ਲੋਕ ਵਿਦੇਸ਼ ਨੀਤੀ ਸੁਧਾਰ ਅਤੇ ਗਰਭਪਾਤ ਦੇ ਅਧਿਕਾਰਾਂ 'ਤੇ ਹੇਲੀ ਦੇ ਰੁਖ਼ ਦੀ ਪ੍ਰਸ਼ੰਸਾ ਕਰਦੇ ਹਨ। ਬਹੁਤ ਸਾਰੇ ਡੈਮੋਕਰੇਟ ਪਾਰਟੀ ਦੇ ਸਮਰਥਕ ਵੀ ਹੇਲੀ ਦੇ ਵਿਚਾਰ ਨਾਲ ਸਹਿਮਤ ਹਨ, ਜੋ ਬਾਈਡੇਨ ਦੀ ਵਿਦੇਸ਼ ਨੀਤੀ ਅਤੇ ਬੁਢਾਪੇ ਬਾਰੇ ਚਿੰਤਤ ਹਨ। ਚਰਚਾ ਤੋਂ ਬਾਅਦ ਹੇਲੀ ਨੂੰ 24 ਘੰਟਿਆਂ 'ਚ 8.33 ਕਰੋੜ ਰੁਪਏ ਦਾ ਫੰਡ ਮਿਲਿਆ ਹੈ। ਅਤੇ ਨਿੱਕੀ ਹੇਲੀ ਨਿਊ ਹੈਂਪਸ਼ਾਇਰ ਸੂਬੇ 'ਚ ਦੂਜੇ ਨੰਬਰ 'ਤੇ ਹੈ। ਉਹ ਔਸਤ 20% ਦੇ ਨੇੜੇ ਹਨ। ਹੇਲੀ ਨੇ 9 ਨਵੰਬਰ ਨੂੰ ਬਹਿਸ ਤੋਂ ਬਾਅਦ ਪਹਿਲੇ 24 ਘੰਟਿਆਂ ਵਿੱਚ 8.33 ਕਰੋੜ ਰੁਪਏ ਇਕੱਠੇ ਕੀਤੇ। ਹੇਲੀ ਦੇ 96 ਕਰੋੜ ਦੇ ਚੋਣ ਫੰਡ ਦਾ ਪ੍ਰਬੰਧਨ ਵੈਟਰਨ ਵਾਲ ਸਟਰੀਟ ਫੰਡ ਮੈਨੇਜਰ ਸਟੈਨਲੇ ਡਰਕੇਨਮਿਲਰ ਅਤੇ ਪ੍ਰਾਈਵੇਟ-ਇਕਵਿਟੀ ਨਿਵੇਸ਼ਕ ਬੈਰੀ ਸਟਰਨਲਿਚ ਦੁਆਰਾ ਕੀਤਾ ਜਾਂਦਾ ਹੈ।

## ਚੀਨ ਨੇ ਇਟਲੀ ਸਮੇਤ 6 ਦੇਸ਼ਾਂ ਲਈ ਸ਼ੁਰੂ ਕੀਤੀ 'ਵੀਜ਼ਾ ਮੁਕਤ ਐਂਟਰੀ'

ਬੀਜਿੰਗ/ਏ.ਟੀ.ਨਿਊਜ਼ : ਚੀਨ ਨੇ ਐਲਾਨ ਕੀਤਾ ਕਿ ਉਹ ਪੰਜ ਯੂਰਪੀ ਦੇਸ਼ਾਂ ਅਤੇ ਮਲੇਸ਼ੀਆ ਦੇ ਨਾਗਰਿਕਾਂ ਨੂੰ ਵੀਜ਼ਾ-ਮੁਕਤ ਦਾਖਲੇ ਦੀ ਇਜਾਜ਼ਤ ਦੇਵੇਗਾ ਕਿਉਂਕਿ ਉਹ ਵਪਾਰ ਅਤੇ ਸੈਰ-ਸਪਾਟੇ ਲਈ ਵੱਧ ਤੋਂ ਵੱਧ ਲੋਕਾਂ ਨੂੰ ਆਉਣ ਲਈ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। 1 ਦਸੰਬਰ ਤੋਂ ਫਰਾਂਸ, ਜਰਮਨੀ, ਇਟਲੀ, ਨੀਦਰਲੈਂਡ, ਸਪੇਨ ਅਤੇ ਮਲੇਸ਼ੀਆ ਦੇ ਨਾਗਰਿਕਾਂ ਨੂੰ ਬਿਨਾਂ ਵੀਜ਼ੇ ਦੇ 15 ਦਿਨਾਂ ਤੱਕ ਚੀਨ ਵਿੱਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਜਾਵੇਗੀ। ਟ੍ਰਾਇਲ ਪ੍ਰੋਗਰਾਮ ਇੱਕ ਸਾਲ ਲਈ ਲਾਗੂ ਰਹੇਗਾ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਮਾਓ ਨਿੰਗ ਨੇ ਇੱਕ ਰੋਜ਼ਾਨਾ ਬ੍ਰੀਫਿੰਗ ਵਿੱਚ ਕਿਹਾ, ਇਸ ਦਾ ਉਦੇਸ਼ ਚੀਨੀ ਅਤੇ ਵਿਦੇਸ਼ੀ ਕਰਮਚਾਰੀਆਂ ਦੇ ਆਦਾਨ-ਪ੍ਰਦਾਨ ਦੇ ਉੱਚ ਪੱਧਰੀ ਵਿਕਾਸ ਅਤੇ ਬਾਹਰੀ ਦੁਨੀਆਂ ਲਈ ਉੱਚ ਪੱਧਰੀ ਖੁੱਲਣ ਦੀ ਸਹੂਲਤ ਦੇਣਾ ਹੈ। ਚੀਨ ਦੇ ਸਖਤ ਮਹਾਮਾਰੀ ਉਪਾਅ, ਜਿਸ ਵਿੱਚ ਸਾਰੇ ਆਉਣ ਵਾਲਿਆਂ ਲਈ ਲੋੜੀਂਦੀ ਕੁਆਰੰਟੀਨ ਸ਼ਾਮਲ ਸੀ, ਨੇ ਬਹੁਤ ਸਾਰੇ ਲੋਕਾਂ ਨੂੰ ਲਗਭਗ ਤਿੰਨ ਸਾਲਾਂ ਤੱਕ ਯਾਤਰਾ ਕਰਨ ਤੋਂ ਰੋਕਿਆ। ਪਾਬੰਦੀਆਂ ਨੂੰ ਇਸ ਸਾਲ ਦੇ ਸ਼ੁਰੂ ਵਿੱਚ ਹਟਾ ਦਿੱਤਾ ਗਿਆ ਸੀ, ਪਰ ਅੰਤਰਰਾਸ਼ਟਰੀ ਯਾਤਰਾ ਅਜੇ ਵੀ ਪੂਰਵ-ਮਹਾਮਾਰੀ ਦੇ ਪੱਧਰਾਂ 'ਤੇ ਵਾਪਸ ਨਹੀਂ ਆਈ ਹੈ।

ਚੀਨ ਨੇ ਪਹਿਲਾਂ ਬਰੂਨੇਈ, ਜਾਪਾਨ ਅਤੇ ਸਿੰਗਾਪੁਰ ਦੇ ਨਾਗਰਿਕਾਂ ਨੂੰ ਬਿਨਾਂ ਵੀਜ਼ਾ ਦੇ ਦਾਖਲ ਹੋਣ ਦੀ ਆਗਿਆ (**ਬਾਕੀ ਸਫ਼ਾ 30 'ਤੇ**)

## ਗੁਰਦੁਆਰਾ ਵੈਸਟ ਸੈਕਰਾਮੈਂਟੋ ਵਿੱਚ ਸਿੱਖ ਅਵੇਰਨਿਸ ਮਹੀਨਾ ਮਨਾਇਆ, ਤਿੰਨ ਸ਼ਹਿਰਾਂ ਦੇ ਮੇਅਰ ਹੋਏ ਸ਼ਾਮਿਲ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ : ਵੈਸਟ ਸੈਕਰਾਮੈਂਟੋ ਗੁਰਦੁਆਰਾ ਸਾਹਿਬ ਵਿੱਚ ਸਿੱਖ ਅਵੇਰਨਿਸ ਮਹੀਨਾ ਦਾ ਦਿਨ ਮਨਾਇਆ ਗਿਆ ਜੋ ਹਰ ਸਾਲ ਮਨਾਇਆ ਜਾਂਦਾ ਹੈ, ਇਸ ਦੌਰਾਨ ਵੈਸਟ ਸੈਕਰਾਮੈਂਟੋ ਦੇ ਮੇਅਰ, ਮਰਥਾ ਗੁਰੇਰਾ, ਵਲੇਹੋ ਸ਼ਹਿਰ ਦੇ ਵਾਇਸ ਮੇਅਰ ਤੇ ਸਟੇਟ ਸੈਨੇਟ ਲਈ ਉਮੀਦਵਾਰ ਰੋਜਾਨਾ ਵਰਡਰ ਅਲੀਗਾ, ਤੇ ਗਾਲਟ ਸ਼ਹਿਰ ਦੇ ਮੇਅਰ ਪ੍ਰਗਟ ਸਿੰਘ ਸੰਧੂ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਵੈਸਟ ਸੈਕਰਾਮੈਂਟੋ ਦੇ ਮੇਅਰ, ਮਰਥਾ ਗੁਰੇਰਾ ਨੇ ਸਿੱਖ ਧਰਮ ਦੇ ਅਸੂਲਾਂ ਤੇ ਸਿੱਖ ਭਾਈਚਾਰੇ ਦੀ ਤਰੀਫ ਕਰਦਿਆਂ ਕਿਹਾ ਕਿ ਸਿੱਖਾਂ ਨੇ ਕੈਲੀਫੋਰਨੀਆਂ ਤੇ ਵੈਸਟ ਸੈਕਰਾਮੈਂਟੋ ਦੀ ਤਰੱਕੀ ਭਰਵਾਂ ਯੋਗਦਾਨ ਪਾਇਆ, ਇਸ ਉਪਰੰਤ ਗਾਲਟ ਸ਼ਹਿਰ ਦੇ ਮੇਅਰ ਪ੍ਰਗਟ ਸਿੰਘ ਸੰਧੂ ਨੇ ਇਸ ਸਮੇਂ ਬੋਲਦਿਆਂ ਕਿਹਾ ਕਿ ਸਿੱਖ ਧਰਮ ਤਿੰਨ ਅਸੂਲਾਂ 'ਤੇ ਟਿਕਿਆ ਹੋਇਆ, ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ, ਇਸ ਤੋਂ ਇਲਾਵਾ ਸਿੱਖ ਨੂੰ ਗੁਰੂਆਂ ਦੀਆਂ ਸਿਖਿਆਂਵਾਂ ਹੋਰ ਵੀ ਅਨੁਸ਼ਾਸਨੀ ਬਣਾ ਦਿੰਦਿਆਂ ਹਨ। ਇਸ ਮੌਕੇ ਨਰਿੰਦਰ ਸਿੰਘ ਥਾਂਦੀ ਜਿਨ੍ਹਾਂ ਵਲੋਂ ਇਸ ਪ੍ਰੋਗਾਰਮ ਦਾ ਅਯੋਜਿਨ ਕੀਤਾ ਗਿਆ ਸੀ, ਨੇ ਆਏ ਮਹਿਮਾਨਾਂ ਦਾ ਤੇ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ। ਇਹ ਪ੍ਰੋਗਰਾਮਬਿਜਨਸਮੈਨ ਨਰਿੰਦਰ ਸਿੰਘ ਥਾਂਦੀ ਦੇ ਬੱਚਿਆਂ ਪਾਰਸ ਸਿੰਘ ਥਾਂਦੀ ਤੇ ਬੇਟੀ ਜੈਜਨਿਮ ਕੌਰ ਥਾਂਦੀ ਦੇ ਜਨਮ ਦਿਨ ਦੀ ਖੁਸ਼ੀ 'ਚ ਰੱਖਿਆ ਗਿਆ ਸੀ। ਇਸ ਮੌਕੇ ਸੈਕਰਾਮੇਂਟੋ ਦੇ ਲਗਭਗ ਸਾਰੇ ਗੁਰੂਘਰਾਂ ਦੇ ਪ੍ਰਬੰਧਕ ਤੇ ਥਾਂਦੀ ਪਰਿਵਾਰ ਨਾਲ ਸਬੰਧ ਰੱਖਣ ਵਾਲੇ ਸਾਰੇ ਰਿਸ਼ਤੇਦਾਰ ਤੇ ਦੋਸਤ ਮਿੱਤਰ ਵੀ ਹਾਜਿਰ ਸਨ।



## ਅਮਰੀਕਾ ਵਿੱਚ ਐਮਰਜੈਂਸੀ ਦਰਵਾਜਾ ਖੋਲ ਕੇ ਇੱਕ ਮੁਸਾਫ਼ਰ ਜਹਾਜ਼ ਦੇ ਪਰਾਂ 'ਤੇ ਚੜ੍ਹਿਆ

ਸੈਕਰਾਮੈਂਟੋ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕਾ ਦੇ ਲੋਇਸਆਨਾ ਰਾਜ ਵਿੱਚ ਨਿਊ ਓਰਲੀਨਜ ਲੋਇਸ ਆਰਮਸਟਰਾਂਗ ਇੰਟਰਨੈਸ਼ਨਲ ਏਅਰਪੋਰਟ 'ਤੇ ਉਸ ਵੇਲੇ ਹਾਲਾਤ ਤਨਾਅ ਵਾਲੇ ਬਣ ਗਏ ਜਦੋਂ ਸਾਊਥ ਵੈਸਟ ਏਅਰਲਾਈਨਜ਼ ਦੀ ਉਡਾਨ ਵਿੱਚ ਸਵਾਰ ਇੱਕ ਮੁਸਾਫ਼ਰ ਐਮਰਜੈਂਸੀ ਦਰਵਾਜ਼ਾ ਖੋਲ ਕੇ ਜਹਾਜ਼ ਦੇ ਪਰਾਂ ਉੱਪਰ ਚੜ ਗਿਆ। ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਜਹਾਜ਼ ਉਡਾਨ ਭਰਨ ਦੀ ਤਿਆਰੀ ਵਿੱਚ ਸੀ। ਇਹ ਜਾਣਕਾਰੀ ਹਵਾਈ ਅੱਡੇ ਦੇ ਅਧਿਕਾਰੀਆਂ ਨੇ ਜਾਰੀ ਇਕ ਬਿਆਨ ਵਿੱਚ ਦਿੱਤੀ ਹੈ। ਜੈਫਰਸਨ ਪੈਰਿਸ਼ ਸ਼ੈਰਿਫ ਦਫਤਰ ਨੇ ਕਿਹਾ ਹੈ ਕਿ ਇੱਕ 38 ਸਾਲਾ ਮੁਸਾਫ਼ਰ ਨੂੰ ਹਵਾਈ ਅੱਡੇ ਦੇ ਮੁਲਾਜ਼ਮਾਂ ਨੇ ਪੁਲਿਸ ਅਫਸਰਾਂ ਦੇ ਮੌਕੇ ਉਪਰ ਪੁੱਜਣ ਤੋਂ ਪਹਿਲਾਂ ਹੀ ਕਾਬੂ ਕਰ ਲਿਆ ਸੀ। ਪੁਲਿਸ ਅਨੁਸਾਰ ਘਟਨਾ ਸਮੇ ਜਹਾਜ਼ ਖੜਾ ਸੀ। ਸ਼ੈਰਿਫ ਦਫਤਰ ਵੱਲੋਂ ਜਾਰੀ ਇੱਕ ਬਿਆਨ ਵਿਚ ਕਿਹਾ ਗਿਆ ਹੈ ਕਿ ਮੁਸਾਫ਼ਰ ਨੂੰ ਸਥਾਨਕ ਹਸਪਤਾਲ ਲਿਜਾਇਆ ਗਿਆ ਤਾਂ ਜੋ ਉਸ ਦੀ ਸਿਹਤ ਦੀ ਜਾਂਚ ਕੀਤੀ ਜਾ ਸਕੇ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਮੁਸਾਫ਼ਰ ਨੂੰ ਮਾਨਸਿਕ ਸਿਹਤ ਦੀ ਸਮੱਸਿਆ ਹੋ ਸਕਦੀ ਹੈ। ਬਿਆਨ ਅਨੁਸਾਰ ਮੁਸਾਫ਼ਰ ਦੇ ਕਬਜ਼ੇ ਵਿਚੋਂ ਕਿਸੇ ਕਿਸਮ ਦਾ ਕੋਈ ਹਥਿਆਰ ਬਰਾਮਦ ਨਹੀਂ ਹੋਇਆ ਹੈ ਤੇ ਸਥਾਨਕ ਪੱਧਰ 'ਤੇ ਉਸ ਵਿਰੁੱਧ ਅਪਰਾਧਕ ਮਾਮਲਾ ਦਰਜ ਕਰਨ ਦੀ ਸੰਭਾਵਨਾ ਨਹੀਂ ਹੈ ਹਾਲਾਂ ਕਿ ਘਟਨਾ ਦੀ ਜਾਂਚ ਸੰਘੀ ਅਧਿਕਾਰੀਆਂ ਦੇ ਹਵਾਲੇ ਕਰ ਦਿੱਤੀ ਗਈ ਹੈ। ਪੁਲਿਸ ਨੇ ਸਪਸ਼ਟ ਕੀਤਾ ਹੈ ਕਿ ਇਸ ਘਟਨਾ ਵਿੱਚ ਕੋਈ ਵੀ ਵਿਅਕਤੀ ਜ਼ਖਮੀ ਨਹੀਂ ਹੋਇਆ ਹੈ। ਸਾਊਥ ਵੈਸਟ ਏਅਰਲਾਈਨਜ ਦੇ ਬੁਲਾਰੇ ਕ੍ਰਿਸ ਪੈਰੀ ਨੇ ਕਿਹਾ ਹੈ ਕਿ ਕੁਝ ਸਮੇ ਦੀ ਦੇਰੀ ਉਪਰੰਤ ਹਵਾਈ ਅੱਡੇ ਤੋਂ ਉਡਾਣਾਂ ਆਮ ਵਾਂਗ ਆ ਤੇ ਜਾ ਰਹੀਆਂ ਹਨ। ਤਕਰੀਬਨ 2 ਘੰਟੇ ਉਡਾਣਾਂ ਵਿਚ ਦੇਰੀ ਹੋਈ।



## ਭਾਰਤੀ ਮੂਲ ਦੇ ਵਿਅਕਤੀ 'ਤੇ ਹਮਲਾ ਕਰਨ ਵਾਲੀ ਔਰਤ ਗ੍ਰਿਫ਼ਤਾਰ

ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਇੱਕ ਭਾਰਤੀ ਮੂਲ ਦੇ ਵਿਅਕਤੀ ਜਿਸ ਨੇ ਰਵਾਇਤੀ ਫਲਸਤੀਨੀ ਸਕਾਰਫ ਪਾਇਆ ਹੋਇਆ ਸੀ, ਉੱਪਰ ਹਮਲਾ ਕਰਨ ਦੇ ਮਾਮਲੇ ਵਿੱਚ ਇੱਕ ਔਰਤ ਨੂੰ ਨਫਰਤੀ ਅਪਰਾਧ ਤਹਿਤ ਗ੍ਰਿਫਤਾਰ ਕੀਤੇ ਜਾਣ ਦੀ ਖਬਰ ਹੈ। ਬਰੁੱਕਲਿਨ ਦੇ ਐਡਮੌਂਡਜ ਖੇਡ ਮੈਦਾਨ ਵਿੱਚ ਵਾਪਰੀ ਇਸ ਘਟਨਾ ਵਿੱਚ ਇੱਕ ਔਰਤ ਨੇ 40 ਸਾਲਾ ਅਸ਼ੀਸ਼ ਪ੍ਰਾਸ਼ਰ

ਨਾਮੀ ਭਾਰਤੀ ਅਮਰੀਕੀ ਉੱਪਰ ਉਸ ਵੇਲੇ ਹਮਲਾ ਕੀਤਾ ਸੀ ਜਦੋਂ ਉਹ ਆਪਣੇ 18 ਮਹੀਨਿਆਂ ਦੇ ਪੁੱਤਰ ਨਾਲ ਖੇਡ ਰਿਹਾ ਸੀ। ਹਡਾਸਾ ਬੋਜ਼ਾਕਾਰਾਵਾਨੀ (48) ਨਾਮੀ ਔਰਤ ਵਿਰੁੱਧ ਨਫਰਤੀ ਅਪਰਾਧ ਦੇ ਦੋਸ਼ ਆਇਦ ਕੀਤੇ ਗਏ ਹਨ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਬੋਜ਼ਾਕਾਰਾਵਾਨੀ ਨੇ ਆਪਣੇ ਆਪ ਨੂੰ ਨਿਰਦੋਸ਼ ਦਸਿਆ ਹੈ।

## ਅਮਰੀਕਾ ਵਿੱਚ 3 ਫਲਸਤੀਨੀ ਵਿਦਿਆਰਥੀਆਂ ਉੱਪਰ ਹਮਲਾ ਕਰਨ ਵਾਲਾ ਸ਼ੱਕੀ ਦੋਸ਼ੀ ਗ੍ਰਿਫਤਾਰ

ਸੈਕਰਾਮੈਂਟੋ,ਕੈਲੀਫੋਰਨੀਆ / ਹੁਸਨ ਲੜੋਆ ਬੰਗਾ : ਅਮਰੀਕਾ ਦੇ ਵਰਮੌਂਟ ਰਾਜ ਵਿੱਚ ਬਰਲਿੰਗਟਨ ਵਿਖੇ ਥੈਂਕਸਗਿਵਿੰਗ ਦਿਵਸ ਮਨਾਉਣ ਲਈ ਇਕੱਠੇ ਹੋਏ 3 ਫਲਸਤੀਨੀ ਕਾਲਜ ਵਿਦਿਆਰਥੀਆਂ ਨੂੰ ਗੋਲੀਆਂ ਮਾਰ ਕੇ ਜ਼ਖਮੀ ਕਰ ਦੇਣ ਦੇ ਮਾਮਲੇ ਵਿੱਚ ਪੁਲਿਸ ਵੱਲੋਂ ਇੱਕ ਸ਼ੱਕੀ ਦੋਸ਼ੀ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਪੁਲਿਸ ਅਨੁਸਾਰ ਗ੍ਰਿਫਤਾਰ ਸ਼ੱਕੀ ਹਮਲਾਵਰ ਦੀ ਪਛਾਣ ਜੈਸਨ ਈਟੋਨ (48) ਵਜੋਂ ਹੋਈ ਹੈ ਤੇ ਪੁਲਿਸ ਨੇ ਉਸ ਨੂੰ 3 ਫਲਸਤੀਨੀ ਵਿਦਿਆਰਥੀਆਂ ਉਪਰ ਹਮਲੇ ਦੇ ਮਾਮਲੇ ਵਿੱਚ ਸ਼ੱਕੀ ਦੋਸ਼ੀ ਵਜੋਂ ਨਾਮਜ਼ਦ ਕੀਤਾ ਹੈ। ਘਟਨਾ ਦੀ ਨਫਰਤੀ ਅਪਰਾਧ ਦੇ ਨਜਰੀਏ ਤੋਂ ਜਾਂਚ ਕੀਤੀ ਜਾ ਰਹੀ ਹੈ। ਅਦਾਲਤ ਵਿੱਚ ਪੇਸ਼ੀ ਸਮੇ ਈਟੋਨ ਨੇ 3 ਹੱਤਿਆਵਾਂ ਦੀ ਕੋਸ਼ਿਸ਼ ਦੇ ਦੂਸਰਾ



ਦਰਜਾ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਬੀਤੇ ਦਿਨ ਵਾਪਰੀ ਇਸ ਘਟਨਾ ਵਿੱਚ ਹੀਸ਼ਮ ਅਵਾਰਤਨੀ, ਕਿਨਾਨ ਅਬਦੁਲ ਹਾਮਿਦ ਤੇ ਤਾਹਸੀਨ ਅਹਿਮਦ ਨਾਮੀ ਫਲਸਤੀਨੀ ਵਿਦਿਆਰਥੀ ਗੋਲੀਆਂ ਵੱਜਣ ਕਾਰਨ ਜ਼ਖਮੀ ਹੋਏ ਸਨ। ਇਹ ਸਾਰੇ ਵਿਦਿਆਰਥੀ 20 ਸਾਲ ਦੀ ਉਮਰ ਦੇ ਹਨ ਤੇ ਅਮਰੀਕਾ ਦੇ ਵੱਖ ਵੱਖ ਕਾਲਜਾਂ ਵਿੱਚ ਪੜ੍ਹ ਰਹੇ ਹਨ।

## ਭਾਰਤ ਨੂੰ ਦਿੱਤੀ ਚਿਤਾਵਨੀ: ਫਾਈਨੈਂਸ਼ੀਅਲ ਟਾਈਮਜ਼ ਵਿੱਚ ਖ਼ੁਲਾਸਾ

# ਅਮਰੀਕਾ ਨੇ ਆਜ਼ਾਦੀ ਪੱਖੀ ਸਿੱਖ ਸ਼ਖਸੀਅਤਾਂ ਨੂੰ ਮਾਰਨ ਦੀ ਸਾਜ਼ਿਸ਼ ਨੂੰ ਕੀਤਾ ਨਾਕਾਮ

ਸੈਕਰਾਮੈਂਟੋ / ਹੁਸਨ ਲੜੋਆ ਬੰਗਾ : ਅਮਰੀਕਾ ਦੇ ਅਧਿਕਾਰੀਆਂ ਨੇ ਦੇਸ਼ ਵਿੱਚ ਇੱਕ ਸਿੱਖ ਆਗੂ ਨੂੰ ਮਾਰਨ ਦੀ ਸਾਜ਼ਿਸ਼ ਨੂੰ ਨਾਕਾਮ ਕੀਤਾ ਹੈ ਅਤੇ ਨਵੀਂ ਦਿੱਲੀ ਦੀ ਸਰਕਾਰ ਦੀ ਇਸ ਵਿੱਚ ਸ਼ਾਮਲ ਚਿੰਤਾਵਾਂ ਨੂੰ ਲੈ ਕੇ ਭਾਰਤ ਨੂੰ ਚਿਤਾਵਨੀ ਵੀ ਜਾਰੀ ਕੀਤੀ ਹੈ। ਫਾਈਨੈਂਸ਼ੀਅਲ ਟਾਈਮਜ਼ ਨੇ ਸਰੋਤਾਂ ਦੇ ਹਵਾਲੇ ਨਾਲ ਰਿਪੋਰਟ ਜਾਰੀ ਕਰਦੇ ਕਿਹਾ ਕਿ ਉਨਾਂ ਕਥਿਤ ਤੌਰ ’ਤੇ ਨਾਕਾਮ ਸਾਜਿਸ਼ ਦੇ ਨਿਸ਼ਾਨੇ ਵਜੋਂ ਗੁਰਪਤਵੰਤ ਸਿੰਘ ਪੰਨੂ ਦੀ ਪਛਾਣ ਕੀਤੀ। ਸਾਜ਼ਿਸ਼ ਦਾ ਨਿਸ਼ਾਨਾ ਗੁਰਪਤਵੰਤ ਸਿੰਘ ਪੰਨੂ, ਇੱਕ ਅਮਰੀਕੀ ਅਤੇ ਕੈਨੇਡੀਅਨ ਨਾਗਰਿਕ ਹੈ, ਜੋ ਸਿੱਖਸ ਫਾਰ ਜਸਟਿਸ ਦਾ ਜਨਰਲ



ਸਲਾਹਕਾਰ ਹੈ, ਇੱਕ ਯੂਐਸ-ਅਧਾਰਤ ਸਮੂਹ ਜੋ ਖਾਲਿਸਤਾਨ ਨਾਂ ਦੀ ਇੱਕ ਆਜ਼ਾਦ ਸਿੱਖ ਰਾਜ ਨੂੰ ਅੱਗੇ ਵਧਾਉਣ ਵਾਲੀ ਲਹਿਰ ਦਾ ਹਿੱਸਾ ਹੈ। ਉਸਨੇ ਇਸ ਮਹੀਨੇ ਸੋਸ਼ਲ ਮੀਡੀਆ ’ਤੇ ਸ਼ੇਅਰ ਕੀਤੇ ਵੀਡੀਓ ਸੰਦੇਸ਼ਾਂ ਵਿੱਚ ਏਅਰ ਇੰਡੀਆ ਦੇ ਯਾਤਰੀਆਂ ਨੂੰ ਚਿਤਾਵਨੀ ਦਿੱਤੀ ਸੀ ਕਿ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ। ਪੰਨੂ ਨੇ ਰਾਇਟਰਜ਼ ਨੂੰ ਦੱਸਿਆ ਕਿ ਉਨ੍ਹਾਂ ਦਾ ਸੰਦੇਸ਼ ਏਅਰ ਇੰਡੀਆ ਦਾ ਬਾਈਕਾਟ ਕਰਨ ਦਾ ਸੀ ਨਾ ਕਿ ਬੰਬਾਰੀ

ਕਰਨ ਦਾ। ਐਨ ਆਈ ਏ ਕੇਸ 1985 ਵਿੱਚ ਕੈਨੇਡਾ ਤੋਂ ਭਾਰਤ ਲਈ ਉਡਾਣ ਭਰਨ ਵਾਲੇ ਏਅਰ ਇੰਡੀਆ ਦੇ ਇੱਕ ਜਹਾਜ਼ ਦੇ ਇੱਕ ਬੰਬ ਧਮਾਕੇ ਦਾ ਇਤਿਹਾਸਕ ਪਿਛੋਕੜ ਹੈ ਜਿਸ ਵਿੱਚ ਸਵਾਰ ਸਾਰੇ 329 ਲੋਕ ਮਾਰੇ ਗਏ ਸਨ, ਜਿਸ ਲਈ ਸਿੱਖ ਜੁਝਾਰੂਆਂ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਸੀ। ਐਫਟੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪੰਨੂ ਨੇ ਇਹ ਕਹਿਣ ਤੋਂ ਇਨਕਾਰ ਕਰ ਦਿੱਤਾ ਕਿ ਅਮਰੀਕੀ ਅਧਿਕਾਰੀਆਂ ਨੇ ਉਸ ਨੂੰ ਸਾਜ਼ਿਸ਼ ਬਾਰੇ ਪਹਿਲਾਂ ਚਿਤਾਵਨੀ ਦਿੱਤੀ ਸੀ। ਐਫਟੀ ਰਿਪੋਰਟ ਤੋਂ ਬਾਅਦ ਪੰਨੂ ਨੇ ਰਾਇਟਰਜ਼ ਨੂੰ ਕਿਹਾ ਕਿ ਉਹ ਅਮਰੀਕੀ ਸਰਕਾਰ ਨੂੰ ਭਾਰਤੀ ਸੰਚਾਲਕਾਂ ਤੋਂ ਅਮਰੀਕੀ ਧਰਤੀ ’ਤੇ ਮੇਰੀ ਜਾਨ ਨੂੰ ਖਤਰੇ ਦੇ ਮੁੱਦੇ ਦਾ ਜਵਾਬ ਦੇਵੇਗਾ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੀ ਕੈਨੇਡਾ ਦੀ ਧਰਤੀ ’ਤੇ ਭਾਰਤੀ ਏਜੰਟਾਂ ਵੱਲੋਂ ਕੀਤੀ ਗਈ ਹੱਤਿਆ ਕੈਨੇਡਾ ਦੀ ਪ੍ਰਭੁੱਸਤਾ ਲਈ ਚੁਣੌਤੀ ਸੀ, ਉਸੇ ਤਰ੍ਹਾਂ ਅਮਰੀਕੀ ਧਰਤੀ ’ਤੇ ਅਮਰੀਕੀ ਨਾਗਰਿਕ ਨੂੰ ਖਤਰਾ ਅਮਰੀਕਾ ਦੀ ਪ੍ਰਭੁੱਸਤਾ ਲਈ ਚੁਣੌਤੀ ਹੈ। ਫਾਈਨੈਂਸ਼ੀਅਲ ਟਾਈਮਜ਼ ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਕੈਨੇਡਾ ਦੇ ਜਨਤਕ ਇਲਜ਼ਾਮ ਤੋਂ ਬਾਅਦ ਅਮਰੀਕਾ ਨੇ ਨਾਕਾਮ ਸਾਜਿਸ਼ ਦੇ ਵੇਰਵੇ ਸਹਿਯੋਗੀ ਦੇਸ਼ਾਂ ਦੇ ਇੱਕ ਸਮੂਹ ਜੀ5 ਨਾਲ ਸਾਂਝੇ ਕੀਤੇ ਹਨ।

ਇਹ ਰਿਪੋਰਟ ਦੋ ਮਹੀਨੇ ਬਾਅਦ ਆਈ ਹੈ ਜਦੋਂ ਕੈਨੇਡਾ ਨੇ ਕਿਹਾ ਸੀ ਕਿ ਵੈਨਕੂਵਰ ਵਿੱਚ ਸਿੱਖ ਆਜ਼ਾਦੀ ਪੱਖੀ ਆਗੂ ਹਰਦੀਪ ਸਿੰਘ ਨਿੱਝਰ ਦੇ ਜੂਨ ਵਿੱਚ ਹੋਏ ਕਤਲ ਨਾਲ ਭਾਰਤੀ ਏਜੰਟਾਂ ਨੂੰ ਜੋੜਨ ਦੇ ਭਰੋਸੇਯੋਗ ਸਬੂਤ ਹਨ। ਯੂਐਸ ਨਿਆਂ ਵਿਭਾਗ ਇਸ ਗੱਲ ’ਤੇ ਬਹਿਸ ਕਰ ਰਿਹਾ ਹੈ ਕਿ ਕੀ ਦੋਸ਼ਾਂ ਨੂੰ ਖੋਲ੍ਹਣਾ ਹੈ ਅਤੇ ਦੋਸ਼ਾਂ ਨੂੰ ਜਨਤਕ ਕਰਨਾ ਹੈ ਜਾਂ ਉਦੋਂ ਤੱਕ ਇੰਤਜ਼ਾਰ ਕਰਨਾ ਹੈ ਜਦੋਂ ਤੱਕ ਕੈਨੇਡਾ ਨਿੱਝਰ ਦੇ ਕਤਲ ਦੀ ਜਾਂਚ ਪੂਰੀ ਨਹੀਂ ਕਰ ਲੈਂਦਾ। ਅਮਰੀਕੀ ਨਿਆਂ ਵਿਭਾਗ ਅਤੇ ਐਫਬੀਆਈ ਨੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

(ਬਾਕੀ ਸਫ਼ਾ 30 ’ਤੇ)

# ਭਾਰਤ ਸਰਕਾਰ ਕੈਨੇਡਾ ਵਿਖੇ ਖਾਲਿਸਤਾਨ ਰਾਏਸ਼ੁਮਾਰੀ ਤੋਂ ਔਖੀ

## ਭਾਰਤੀ ਹਾਈ ਕਮਿਸ਼ਨਰ ਨੇ ਕਿਹਾ ਕਿ ਇਜਾਜ਼ਤ ਕਿਵੇਂ ਦੇ ਸਕਦੈ ਕੈਨੇਡਾ

ਓਟਾਵਾ/ਏ.ਟੀ.ਨਿਊਜ਼ : ਭਾਰਤ ਦੇ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਤੋਂ ਸੀਟੀਵੀ ਦੀ ਇੰਟਰਵਿਊ ਦੌਰਾਨ ਕੈਨੇਡਾ ’ਚ ਹਾਲੀਆ ਰਾਏਸ਼ੁਮਾਰੀ ਬਾਰੇ ਸਵਾਲ ਪੁੱਛੇ ਗਏ। ਉਨ੍ਹਾਂ ਨੂੰ ਕਿਹਾ ਗਿਆ ਕਿ ਖ਼ਾਲਿਸਤਾਨ ਹਮਾਇਤੀਆਂ ਵੱਲੋਂ ਕੈਨੇਡਾ ਵਿੱਚ ਰਾਏਸ਼ੁਮਾਰੀ ਕਰਵਾਉਣਾ ਨਫ਼ਰਤੀ ਭਾਸ਼ਣ ਨਹੀਂ ਹੈ। ਵਰਮਾ ਨੇ ਕਿਹਾ ਕਿ ਜੇਕਰ ਰਾਏਸ਼ੁਮਾਰੀ ਘਰੇਲੂ ਪੱਧਰ ’ਤੇ ਕੈਨੇਡਾ ਲਈ ਕਰਵਾਉਂਦੇ ਹੋ ਤਾਂ ਮੈਨੂੰ ਕੋਈ ਇਤਰਾਜ਼ ਨਹੀਂ। ਆਖ਼ਰ ਤੁਸੀਂ ਆਪਣੇ ਨਾਗਰਿਕਾਂ ਨੂੰ ਭਾਰਤ ਨੂੰ ਵੰਡਣ ਲਈ ਰਾਏਸ਼ੁਮਾਰੀ ਕਰਨ ਦੀ ਇਜਾਜ਼ਤ ਕਿਵੇਂ ਦੇ ਰਹੇ ਹੋ।



ਭਾਰਤੀ ਹਾਈ ਕਮਿਸ਼ਨਰ ਨੇ ਕਿਹਾ ਕਿ ਕੈਨੇਡਾ ਨਾਲ ਸਬੰਧਾਂ ਵਿੱਚ ਮੁੱਖ ਚਿੰਤਾ ਇਹ ਹੈ ਕਿ ਕੁਝ ਕੈਨੇਡੀਅਨ ਨਾਗਰਿਕ ਭਾਰਤ ਦੀ ਖ਼ੁਦਮੁਖਤਾਰੀ ਤੇ ਖੇਤਰੀ ਅਖੰਡਤਾ ’ਤੇ ਹਮਲਾ ਕਰਨ ਲਈ ਕੈਨੇਡੀਅਨ ਧਰਤੀ ਦੀ ਵਰਤੋਂ ਕਰ ਰਹੇ ਹਨ। ਕੈਨੇਡਾ ’ਚ ਮੌਜੂਦ ਜ਼ਿਆਦਾਤਰ ਅਪਰਾਧੀ ਤੇ ਖਾੜਕੂ ਖ਼ਾਲਿਸਤਾਨੀ ਮਾਨਸਿਕਤਾ ਦੇ ਹਨ। ਉਨ੍ਹਾਂ ਵਿਚੋਂ ਕਈ ਭਾਰਤ ’ਚ ਆਪਣੇ ਜਥੇ ਚਲਾ ਰਹੇ ਹਨ। ਉਹ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰ ਰਹੇ ਹਨ। ਉਹ ਹਥਿਆਰਾਂ ਤੇ ਮਨੁੱਖੀ ਤਸਕਰੀ ਦੀਆਂ ਸਰਗਰਮੀਆਂ ਚਲਾ ਰਹੇ ਹਨ। ਇਸ ਲਈ ਭਾਵੇਂ ਉਨ੍ਹਾਂ ਦੀਆਂ ਸਰਗਰਮੀਆਂ ਇੱਥੇ ਹਨ ਪਰ ਉਹ ਹੱਦ ਪਾਰ ਕਰ ਚੁੱਕੀਆਂ ਹਨ। ਜਦੋਂ ਤੱਕ ਇਹ ਕੈਨੇਡਾ ’ਚ ਘਰੇਲੂ ਮੁੱਦਾ ਹੈ, ਸਾਨੂੰ ਦਿੱਕਤ ਨਹੀਂ। ਬਦਕਿਸਮਤੀ ਨਾਲ ਇਹ ਹੱਦ ਪਾਰ ਕਰ ਕੇ ਭਾਰਤ ਤੱਕ ਪੁੱਜ ਗਿਆ ਹੈ। ਵਰਮਾ ਨੇ ਕੈਨੇਡਾ ’ਚ ਕੰਮ ਕਰਨ ਵਾਲੇ ਭਾਰਤੀ ਡਿਪਲੋਮੈਟਾਂ ਤੇ ਅਧਿਕਾਰੀਆਂ ਦੀ ਸੁਰੱਖਿਆ ਬਾਰੇ ਚਿੰਤਾਵਾਂ ਦਾ ਵੀ ਜ਼ਿਕਰ ਕੀਤਾ।

# ਸਿਲੀਕੋਨ ਵੈਲੀ ਗੁਰਦੁਆਰਾ ਸੈਂਟਾ ਕਲਾਰਾ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ



ਸੈਂਟਾ ਕਲਾਰਾ,ਕੈਲੀਫੋਰਨੀਆ/ ਪ੍ਰਮਿੰਦਰ ਸਿੰਘ ਪ੍ਰਵਾਨਾ : ਬੀਤੇ ਦਿਨੀਂ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸਿਲੀਕੋਨ ਵੈਲੀ ਗੁਰਦੁਆਰਾ ਸੈਂਟਾ ਕਲਾਰਾ ਵਿਖੇ ਸਜੇ ਹਫ਼ਤਾਵਾਰੀ ਦੀਵਾਨਾਂ ਵਿੱਚ ਪ੍ਰਕਾਸ਼ ਪੁਰਬ ਗੁਰੂ ਨਾਨਕ ਦੇਵ ਸਾਹਿਬ ਜੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸ਼ਰਧਾ ਨਾਲ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿੱਖਿਆਵਾਂ ’ਤੇ ਰੌਸ਼ਨੀ ਪਾਈ ਗਈ।

ਧਾਰਮਿਕ ਕਵੀ ਦਰਬਾਰ ਵਿੱਚ ਤ੍ਰਲੋਚਨ ਸਿੰਘ ਦੁਪਾਲਪੁਰੀ, ਤਰਸੇਮ ਸਿੰਘ ਸੁਮੰਨ, ਜਸਦੀਪ ਸਿੰਘ ਫਰੀਮੋਂਟ, ਬੀਬੀ ਬਲਵਿੰਦਰ ਕੌਰ, ਬਲਕਾਰ ਸਿੰਘ, ਬੀਬੀ ਲਖਵਿੰਦਰ ਕੌਰ, ਰਣਜੀਤ ਸਿੰਘ, ਪ੍ਰਮਿੰਦਰ ਪ੍ਰਵਾਨਾ ਨੇ ਗੁਰਮਤਿ ਆਸ਼ੇ ਅਨੁਸਾਰ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਜੱਸ ਗਾਉਂਦਿਆਂ ਰਚਨਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਕਮੇਟੀ ਦੇ ਸਕੱਤਰ ਹਰਪ੍ਰੀਤ ਸਿੰਘ ਨੇ ਇਸ ਮੌਕੇ ਕਿਹਾ ਕਿ ਅਮਰੀਕੀ ਪੰਜਾਬੀ ਕਵੀਆਂ ਨੂੰ ਗੁਰਦੁਆਰਾ ਸਾਹਿਬ ਧਾਰਮਿਕ ਕਵੀ ਦਰਬਾਰ ਸਜਾਉਣ ਲਈ ਹਮੇਸ਼ਾ ਖੁੱਲਾ ਸੱਦਾ ਹੈ। ਪ੍ਰਬੰਧਕਾਂ ਵੱਲੋਂ ਕਵੀਆਂ ਦਾ ਸਨਮਾਨ ਕੀਤਾ ਗਿਆ। ਪ੍ਰਵਾਨਾ ਵੱਲੋਂ ਧਨਵਾਦੀ ਸ਼ਬਦਾਂ ਵਿੱਚ ਕਿਹਾ ਗਿਆ ਕਿ ਅਜਿਹੇ ਪ੍ਰੋਗਰਾਮ ਸੰਗਤਾਂ ਅਤੇ ਸੁਹਿਦਰ ਪ੍ਰਬੰਧਕਾਂ ਦੇ ਸਹਿਯੋਗ ਨਾਲ ਹੀ ਸਫ਼ਲ ਹੁੰਦੇ ਹਨ। ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਕਾਵਿ ਪ੍ਰਵਾਹ ਨੂੰ ਅੱਗੇ ਤੋਰਨ ਦਾ ਉਪਰਾਲਾ ਹੈ।

# ਚੀਨ ’ਚ ਮੁੜ ਫੈਲੀ ਭੇਤਭਰੀ ਬਿਮਾਰੀ

ਚੀਨ ਵਿੱਚ ਮੁੜ ਇੱਕ ਭੇਤਭਰੀ ਬਿਮਾਰੀ ਨੇ ਤਬਾਹੀ ਮਚਾਉਣੀ ਸ਼ੁਰੂ ਕਰ ਦਿੱਤੀ ਹੈ। ਇਸ ਬਿਮਾਰੀ ਦੇ ਲੱਛਣ ਨਿਮੋਨੀਆ ਵਾਂਗ ਦੱਸੇ ਜਾ ਰਹੇ ਹਨ ਅਤੇ ਵੱਡੀ ਗਿਣਤੀ ਵਿੱਚ ਬੱਚੇ ਬਿਮਾਰ ਹੋ ਰਹੇ ਹਨ। ਵਿਸ਼ਵ ਸਿਹਤ ਸੰਗਠਨ (ਡਬਲਊ. ਐੱਚ. ਓ.) ਨੇ ਚੀਨ ਨੂੰ ਇਸ ਬਿਮਾਰੀ ਬਾਰੇ ਰਿਪੋਰਟ ਸਾਂਝੀ ਕਰਨ ਲਈ ਕਿਹਾ ਹੈ, ਹਾਲਾਂਕਿ ਚੀਨ ਇਸ ਨੂੰ ਇਕ ਆਮ ਬਿਮਾਰੀ ਦੱਸ ਰਿਹਾ ਹੈ। ਇਸ ਤੋਂ ਬਾਅਦ ਚਰਚਾ ਹੋ ਰਹੀ ਹੈ ਕਿ ਕੀ ਇਹ ਬਿਮਾਰੀ ਕਿਸੇ ਹੋਰ ਮਹਾਮਾਰੀ ਦਾ ਸੰਕੇਤ ਤਾਂ ਨਹੀਂ ਹੈ।

ਇੱਕ ਰਿਪੋਰਟ ਅਨੁਸਾਰ, ਡਬਲਿਊ. ਐੱਚ. ਓ. ਨੇ ਵਿਸ਼ੇਸ਼ ਤੌਰ ’ਤੇ ਚੀਨ ਵਿੱਚ ਫੈਲ ਰਹੇ ਉਨ੍ਹਾਂ ਸਾਰੇ ਰੋਗਾਣੂਆਂ ਬਾਰੇ ਜਾਣਕਾਰੀ ਮੰਗੀ, ਜਿਨ੍ਹਾਂ ਵਿੱਚ ਇਨਫਲੂਐਂਜ਼ਾ, ਸਾਰਸ-ਕੋਵ-2, ਸਾਹ ਲੈਣ ਵਾਲੇ ਸਿੰਸੀਟੀਅਲ ਵਾਇਰਸ (ਆਰ.ਐੱਸ.ਵੀ.) ਅਤੇ ਮਾਈਕੋਪਲਾਜ਼ਮਾ ਨਿਮੋਨੀਆ ਸ਼ਾਮਲ ਹਨ। ਇਸ ਦੇ ਨਾਲ ਹੀ ਸਿਹਤ ਸੰਗਠਨ ਨੇ ਦੇਸ਼ ਦੀ ਸਿਹਤ ਪ੍ਰਣਾਲੀ ’ਤੇ ਨਿਮੋਨੀਆ ਦੇ ਅਚਾਨਕ ਹਮਲੇ ਦੇ ਵੇਰਵੇ ਵੀ ਮੰਗੇ ਹਨ। ਇੱਕ ਵਿਧੀ ਪ੍ਰੋਮੇਡ, ਜੋ ਵਿਸ਼ਵ ਪੱਧਰ ’ਤੇ ਛੂਤ (ਸਾਹ) ਦੀਆਂ ਬੀਮਾਰੀਆਂ ਦੇ ਫੈਲਣ ਦੀ ਜਨਤਕ ਤੌਰ ’ਤੇ ਨਿਗਰਾਨੀ ਕਰਦੀ ਹੈ, ਦਾ ਕਹਿਣਾ ਹੈ ਕਿ ਚੀਨ ਅਤੀਤ ਵਿੱਚ ਅਜਿਹੀ ਜਾਣਕਾਰੀ



ਸਾਂਝੀ ਕਰਨ ਵਿੱਚ ਪੂਰੀ ਤਰ੍ਹਾਂ ਪਾਰਦਰਸ਼ੀ ਨਹੀਂ ਰਿਹਾ ਹੈ। ਅਜਿਹੇ ਸਮੇਂ ਪੀੜਤ ਬੱਚਿਆਂ ਦੇ ਮਾਪੇ ਸਵਾਲ ਕਰ ਰਹੇ ਹਨ ਕਿ ਕੀ ਅਧਿਕਾਰੀ ਇਸ ਮਹਾਮਾਰੀ ਨੂੰ ਲੁਕਾ ਰਹੇ ਹਨ।

ਦੂਜੇ ਪਾਸੇ ਭਾਰਤ ਦੇ ਸਿਹਤ ਮੰਤਰਾਲੇ ਨੇ ਕਿਹਾ ਹੈ ਕਿ ਭਾਰਤ ਨੂੰ ਏਵੀਅਨ ਫਲੂ ਦੇ ਮਾਮਲਿਆਂ ਦੇ ਨਾਲ-ਨਾਲ ਚੀਨ ਤੋਂ ਰਿਪੋਰਟ ਕੀਤੇ ਗਏ ਸਾਹ ਦੀਆਂ ਬਿਮਾਰੀਆਂ ਦੇ ਸਮੂਹਾਂ ਤੋਂ ਘੱਟ ਜੋਖਮ ਹੈ। ਇਹ ਬਿਆਨ ਉੱਤਰੀ ਚੀਨ ਵਿੱਚ ਬੱਚਿਆਂ ਵਿੱਚ ਸਾਹ ਦੀ ਬਿਮਾਰੀ ਦੇ ਕਲੱਸਟਰਿੰਗ ਦੇ ਸੰਕੇਤ ਦੇਣ ਦੀਆਂ ਰਿਪੋਰਟਾਂ ਤੋਂ ਬਾਅਦ ਆਇਆ ਹੈ। ਮੰਤਰਾਲੇ ਨੇ ਕਿਹਾ ਕਿ ਉਹ ਉੱਤਰੀ ਚੀਨ ਵਿੱਚ ਐੱਚ 9 ਐੱਨ 2 ਕੇਸਾਂ ਅਤੇ ਬੱਚਿਆਂ ਵਿੱਚ ਸਾਹ ਦੀਆਂ ਬਿਮਾਰੀਆਂ ਦੇ ਸਮੂਹਾਂ ਦੇ ਫੈਲਣ ਦੀ ਨੇੜਿਓਂ ਨਿਗਰਾਨੀ ਕਰ ਰਿਹਾ ਹੈ। ਇਹ ਵੀ ਕਿਹਾ ਕਿ ਮਨੁੱਖੀ ਪਸ਼ੂ ਪਾਲਣ ਅਤੇ ਜੰਗਲੀ ਜੀਵ ਖੇਤਰਾਂ ਵਿਚਕਾਰ ਨਿਗਰਾਨੀ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਮੰਤਰਾਲੇ ਨੇ ਕਿਹਾ ਹੈ ਕਿ ਭਾਰਤ ਕਿਸੇ ਵੀ ਤਰ੍ਹਾਂ ਦੀ ਜਨਤਕ ਸਿਹਤ ਐਮਰਜੈਂਸੀ ਨਾਲ ਨਜਿੱਠਣ ਲਈ ਤਿਆਰ ਹੈ।

ਪ੍ਰੋਮੇਡ ਨੇ ਲੋਕਾਂ ਦੇ ਹਵਾਲੇ ਨਾਲ ਕਿਹਾ ਕਿ ਬੀਜਿੰਗ ਦੇ ਬੱਚਿਆਂ ਦੇ ਹਸਪਤਾਲਾਂ ਵਿੱਚ ਬਿਮਾਰ ਬੱਚਿਆਂ ਦੀ ਗਿਣਤੀ ਵੱਧ ਰਹੀ ਹੈ। ਬੱਚਿਆਂ ਵਿੱਚ ਤੇਜ਼ ਬੁਖਾਰ ਅਤੇ ਫੇਫੜਿਆਂ ਵਿੱਚ ਗੰਢਾਂ ਬਣਨ ਦੇ ਲੱਛਣ ਦਿਖਾਈ ਦੇ ਰਹੇ ਹਨ। ਬੀਜਿੰਗ ਤੋਂ ਲਗਭਗ 800 ਕਿਲੋਮੀਟਰ ਦੂਰ ਲਿਓਨਿੰਗ ਸੂਬੇ ਦੇ ਡਾਲੀਅਨ ਚਿਲਡਰਨ ਹਸਪਤਾਲ ਵਿੱਚ ਬਿਮਾਰ ਬੱਚਿਆਂ ਨੂੰ ਡ੍ਰਿੱਪ ਲਗਾਈ ਜਾ ਰਹੀ ਹੈ। ਉਥੇ ਹੀ ਹਸਪਤਾਲ ਦੇ ਇੱਕ ਸਟਾਫ਼ ਨੇ ਐਮਰਜੈਂਸੀ ਵਿਭਾਗ ਵਿੱਚ ਮਰੀਜ਼ਾਂ ਨੂੰ ਦੋ ਘੰਟੇ ਲਾਈਨ ਵਿੱਚ ਇੰਤਜ਼ਾਰ ਕਰਾਉਣ ਬਾਰੇ ਚਿੰਤਾ ਪ੍ਰਗਟਾਈ ਹੈ। ਪ੍ਰੋਮੇਡ ਦਾ ਕਹਿਣਾ ਹੈ ਕਿ ਇਹ ਸਪੱਸ਼ਟ ਨਹੀਂ ਹੈ ਕਿ ਬਿਮਾਰੀ ਕਦੋਂ ਸ਼ੁਰੂ ਹੋਈ, ਹਾਲਾਂਕਿ ਇੰਨੇ ਸਾਰੇ ਬੱਚਿਆਂ ਦਾ ਇੰਨੀ ਜਲਦੀ (ਬਾਕੀ ਸਫ਼ਾ 30 ’ਤੇ)

# ਆਸਟ੍ਰੇਲੀਆ ਨੇ 2,000 ਤੋਂ ਵੱਧ ਇਜ਼ਰਾਈਲੀਆਂ, ਫਲਸਤੀਨੀਆਂ ਨੂੰ ਦਿੱਤੇ ਵੀਜ਼ੇ

ਕੈਨਬਰਾ/ਏ.ਟੀ.ਨਿਊਜ਼ : ਆਸਟ੍ਰੇਲੀਆ ਦੀ ਸਰਕਾਰ ਨੇ ਖੁਲਾਸਾ ਕੀਤਾ ਕਿ ਅਕਤੂਬਰ ਵਿੱਚ ਇਜ਼ਰਾਈਲ ਅਤੇ ਹਮਾਸ ਵਿਚਾਲੇ ਸੰਘਰਸ਼ ਵਧਣ ਤੋਂ ਬਾਅਦ 2,000 ਤੋਂ ਵੱਧ ਫਲਸਤੀਨੀਆਂ ਅਤੇ ਇਜ਼ਰਾਈਲੀਆਂ ਨੂੰ ਅਸਥਾਈ ਤੌਰ ’ਤੇ ਆਸਟ੍ਰੇਲੀਆਈ ਵੀਜ਼ੇ ਦਿੱਤੇ ਗਏ ਹਨ। ਗ੍ਰਹਿ ਮਾਮਲਿਆਂ ਦੇ ਵਿਭਾਗ ਦੁਆਰਾ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ 7 ਅਕਤੂਬਰ ਤੋਂ 20 ਨਵੰਬਰ ਦੇ ਵਿਚਕਾਰ ਆਸਟ੍ਰੇਲੀਆ ਨਾਲ ਸਬੰਧ ਰੱਖਣ ਵਾਲੇ ਫਲਸਤੀਨੀਆਂ ਅਤੇ ਇਜ਼ਰਾਈਲੀਆਂ ਨੂੰ 2,500 ਤੋਂ ਵੱਧ ਵੀਜ਼ੇ ਦਿੱਤੇ ਗਏ ਸਨ। ਵਿਦੇਸ਼ ਮਾਮਲਿਆਂ ਦੇ ਮੰਤਰੀ ਪੈਨੀ ਵੋਂਗ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਇਨ੍ਹਾਂ ਵਿੱਚੋਂ 860 ਫਲਸਤੀਨੀਆਂ ਲਈ ਅਤੇ 1,793 ਇਜ਼ਰਾਈਲੀਆਂ ਲਈ ਸਨ। ਉਸਨੇ ਅੱਗੇ ਕਿਹਾ ਕਿ ਸਪੱਸ਼ਟ ਤੌਰ ’ਤੇ ਇਸ ਖੇਤਰ ਦੇ ਲੋਕਾਂ ਵੱਲੋਂ ਆਸਟ੍ਰੇਲੀਆਈ ਵੀਜ਼ਿਆਂ ਦੀ ਬਹੁਤ ਮੰਗ ਹੈ। ਵੋਂਗ ਮੁਤਾਬਕ ਇਹਨਾਂ ਲੋਕਾਂ ਦੀ ਆਸਟ੍ਰੇਲੀਅਨ ਬਾਰਡਰ ਫੋਰਸ ਅਤੇ ਅਧਿਕਾਰੀਆਂ ਦੁਆਰਾ ਉਸੇ ਤਰ੍ਹਾਂ ਦੀ ਸੁਰੱਖਿਆ ਜਾਂਚ ਕੀਤੀ ਗਈ ਹੈ ਜਿਵੇਂ ਕਿ ਕਿਸੇ ਵੀਜ਼ਾ ਬਿਨੈਕਾਰ ਦੀ ਕੀਤੀ ਜਾਂਦੀ ਹੈ। ਸਰਕਾਰੀ ਮੀਡੀਆ ਆਸਟ੍ਰੇਲੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ (ਏਬੀਸੀ) ਅਨੁਸਾਰ ਸਮੂਹ ਨੂੰ ਸਬ-ਕਲਾਸ 600 ਵਿਜ਼ਟਰ ਵੀਜ਼ੇ ਜਾਰੀ ਕੀਤੇ ਗਏ ਹਨ ਜੋ ਉਨ੍ਹਾਂ ਨੂੰ ਆਸਟ੍ਰੇਲੀਆ ਵਿੱਚ ਤਿੰਨ ਤੋਂ 12 ਮਹੀਨਿਆਂ ਤੱਕ ਰਹਿਣ ਦੀ ਆਗਿਆ ਦਿੰਦੇ ਹਨ। ਵੋਂਗ ਨੇ ਇਜ਼ਰਾਈਲ ਅਤੇ ਹਮਾਸ ਦਰਮਿਆਨ ਜੰਗਬੰਦੀ ਦੀਆਂ ਖ਼ਬਰਾਂ ਨੂੰ ਮਹੱਤਵਪੂਰਨ ਅਤੇ ਜ਼ਰੂਰੀ ਕਦਮ ਦੱਸਿਆ (ਬਾਕੀ ਸਫ਼ਾ 30 ’ਤੇ)

# ਕਲਿਆਣਕਾਰੀ ਯੋਜਨਾਵਾਂ ਬਨਾਮ ਰਿਉੜੀ ਕਲਚਰ

## ➢ਮੁ.ਫਤ ਸਹੂਲਤਾਂ ਕਾਰਨ ਪੰਜਾਬ ਦਾ ਘਾਟਾ 46 ਫੀਸਦੀ ਵਧਿਆ ➢ ਪੰਜਾਬ ਸਰਕਾਰ ਦੇ ਗਲੇ ਦੀ ਹੱਡੀ ਬਣੀਆਂ ਮੁ.ਫਤ ਸਹੂਲਤਾਂ

ਪੰਜਾਬ ਸਮੇਤ ਪੂਰੇ ਦੇਸ਼ ਵਿੱਚ ਹੀ ਮੁ.ਫਤ ਸਹੂਲਤਾਂ ਸਿਆਸਤ ਦਾ ਧੁਰਾ ਬਣ ਗਈਆਂ ਹਨ। ਪੰਜ ਰਾਜਾਂ ਵਿੱਚ ਚੋਣਾਂ ਦੌਰਾਨ ਸਿਆਸੀ ਪਾਰਟੀਆਂ ਵਿੱਚ ਮੁ.ਫਤ ਸਹੂਲਤਾਂ ਭਾਵ ਰਿਉੜੀਆਂ ਵੰਡਣ ਦੀ ਦੌੜ ਲੱਗੀ ਰਹੀ। ਇਸ ਤੋਂ ਪਹਿਲਾਂ ਦੀਆਂ ਹਰ ਤਰਾਂ ਦੀਆਂ ਚੋਣਾਂ ਵਿੱਚ ਵੀ ਸਿਆਸੀ ਪਾਰਟੀਆਂ ਇੱਕ ਦੂਜੇ ਤੋਂ ਵੱਧ ਕੇ ਵੋਟਰਾਂ ਨੂੰ ਮੁ.ਫਤ ਸਹੂਲਤਾਂ ਦੇਣ ਦੇ ਵਾਅਦੇ ਕਰਦੀਆਂ ਰਹੀਆਂ। ਚੋਣਾਂ ਜਿੱਤਣ ਤੋਂ ਬਾਅਦ ਇਹ ਮੁ.ਫਤ ਸਹੂਲਤਾਂ ਦੇਣ ਦੇ ਵਾਅਦੇ ਕੁਝ ਹੱਦ ਤਕ ਪੂਰੇ ਵੀ ਕੀਤੇ ਜਾਂਦੇ ਹਨ, ਜਿਸ ਕਾਰਨ ਸੂਬਿਆਂ ਦੀਆਂ ਸਰਕਾਰਾਂ ਕਰਜ਼ਾਈ ਹੋ ਜਾਂਦੀਆਂ ਹਨ। ਇਥੇ ਪੰਜਾਬ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਪੰਜਾਬ ਸਰਕਾਰ ਵੱਲੋਂ ਪੰਜਾਬ ਵਾਸੀਆਂ ਨੂੰ ਦਿੱਤੀਆਂ ਅਨੇਕਾਂ ਮੁ.ਫਤ ਸਹੂਲਤਾਂ ਕਾਰਨ ਪੰਜਾਬ ਸਰਕਾਰ ਸਿਰ ਕਰਜ਼ੇ ਦੀ ਪੰਡ ਦਿਨੋਂ ਦਿਨ ਭਾਰੀ ਹੋ ਰਹੀ ਹੈ, ਪੰਜਾਬ ਦੀ ਆਮਦਨ ਦਾ ਵੱਡਾ ਹਿੱਸਾ ਕਰਜ਼ੇ ਦੇ ਵਿਆਜ਼ ਦੇਣ ਵਿੱਚ ਚਲਾ ਜਾਂਦਾ ਹੈ। ਮੁ.ਫਤ ਸਹੂਲਤਾਂ ਭਾਵ ਰਿਉੜੀ ਸਕੀਮਾਂ ਕਾਰਨ ਪੰਜਾਬ ਦਾ ਘਾਟਾ 46 ਫੀਸਦੀ ਵਧ ਗਿਆ ਹੈ ਅਤੇ ਸਭ ਤੋਂ ਮਾੜੀ ਸਥਿਤੀ ਵਿੱਚ ਹੈ। ਪੰਜਾਬ ਵਿੱਚ ਬਿਜਲੀ ਸਬਸਿਡੀ ਇੱਕ ਸਾਲ ਵਿੱਚ 50 ਫੀਸਦੀ ਵਧ ਕੇ 20,200 ਕਰੋੜ ਰੁਪਏ ਹੋ ਗਈ ਹੈ। ਪੰਜਾਬ ਵਿੱਚ ਔਰਤਾਂ ਨੂੰ ਮੁ.ਫਤ ਬੱਸ ਸ.ਫਰ ਦੀ ਸਹੂਲਤ ਵੀ ਦਿੱਤੀ ਗਈ ਹੈ, ਜੋ ਕਿ ਪੰਜਾਬ ਦੇ ਖ਼ਜ਼ਾਨੇ ’ਤੇ ਭਾਰੀ ਪੈ ਰਹੀ ਹੈ। ਵੋਟਾਂ ਲੈਣ ਲਈ ਸਰਕਾਰ ਵੱਲੋਂ ਔਰਤਾਂ ਨੂੰ ਮੁ.ਫਤ ਬੱਸ ਸ.ਫਰ ਦੀ ਸਹੂਲਤ ਜਾਰੀ ਰੱਖੀ ਹੋਈ ਹੈ। ਹੁਣ ਪੰਜਾਬ ਸਰਕਾਰ ਵੱਲੋਂ ਪੰਜਾਬ ਵਾਸੀਆਂ ਨੂੰ ਮੁ.ਫਤ ਤੀਰਥ ਯਾਤਰਾ ਕਰਵਾਉਣ ਦੀ ਸਕੀਮ ਲਿਆਂਦੀ ਗਈ ਹੈ। ਇਸੇ ਤਰਾਂ ਪੰਜਾਬ ਵਿੱਚ ਹੋਰ ਵੀ ਕਈ ਮੁ.ਫਤ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਜਿਹਨਾਂ ਦਾ ਸਾਰਾ ਬੋਝ ਪੰਜਾਬ ਦੇ ਖ਼ਜ਼ਾਨੇ ’ਤੇ ਹੀ ਪੈ ਰਿਹਾ ਹੈ। ਇਸ ਤਰਾਂ ਇਹ ਮੁ.ਫਤ ਸਹੂਲਤਾਂ ਪੰਜਾਬ ਸਰਕਾਰ ਦੇ ਗਲੇ ਦੀ ਹੱਡੀ ਬਣ ਰਹੀਆਂ ਹਨ।




ਜੇਕਰ ਅਸੀਂ ਭਾਰਤ ਵਿੱਚ ਮੁ.ਫਤ ਸਹੂਲਤਾਂ ਭਾਵ ਰਿਉੜੀ ਕਲਚਰ ਦੀ ਸ਼ੁਰੂਆਤ ਦੀ ਗੱਲ ਕਰੀਏ ਤਾਂ 2006 ਉਹ ਸਾਲ ਸੀ ਜਦੋਂ ਰਿਉੜੀ ਕਲਚਰ ਦੀ ਸ਼ੁਰੂਆਤ ਤਾਮਿਲਨਾਡੂ ਵਿਧਾਨ ਸਭਾ ਚੋਣਾਂ ਨਾਲ ਹੋਈ ਸੀ। ਉਸ ਸਮੇਂ ਡੀ.ਐਮ.ਕੇ. ਨੇ ਵਾਅਦਾ ਕੀਤਾ ਸੀ ਕਿ ਜੇਕਰ ਉਹ ਚੋਣਾਂ ਜਿੱਤਦੇ ਹਨ ਭਾਵ ਉਨ ਾਂ ਦੀ ਸਰਕਾਰ ਬਣ ਜਾਂਦੀ ਹੈ ਤਾਂ ਰਾਜ ਦੇ ਹਰ ਪਰਿਵਾਰ ਨੂੰ ਮੁਫਤ ਰੰਗੀਨ ਟੈਲੀਵਿਜ਼ਨ ਸੈੱਟ ਮੁਹੱਈਆ ਕਰਵਾਏ ਜਾਣਗੇ, ਅਤੇ ਇਸਦੇ ਪਿੱਛੇ ਤਰਕ ਸੀ ਕਿ ਇਸ ਨਾਲ ਔਰਤਾਂ ਦੀ ਸਾਖਰਤਾ ਵਿੱਚ ਵਾਧਾ ਹੋਵੇਗਾ। ਇਸ ਦਾ ਅਸਰ ਇਹ ਹੋਇਆ ਕਿ ਸੀ ਕਿ ਡੀਐਮਕੇ ਪਾਰਟੀ ਚੋਣ ਜਿੱਤ ਗਈ ਅਤੇ ਇਸ ’ਤੇ 750 ਕਰੋੜ ਰੁਪਏ ਖਰਚ ਕੀਤੇ ਗਏ। ਇਹ ਵੱਖਰੀ ਗੱਲ ਹੈ ਕਿ 2011 ਵਿੱਚ ਇਸ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਸੀ, ਪਰ 2011 ਦੀਆਂ ਤਾਮਿਲਨਾਡੂ ਵਿਧਾਨ ਸਭਾ ਚੋਣਾਂ ਵਿੱਚ ਏ.ਆਈ.ਏ.ਡੀ.ਐਮ.ਕੇ. ਨੇ ਇਸ ਤਰ ਾਂ ਦੇ ਕਈ ਵਾਅਦੇ ਕੀਤੇ ਅਤੇ ਏ.ਆਈ.ਏ.ਡੀ.ਐਮ.ਕੇ. ਦੀ ਸਰਕਾਰ ਬਣੀ। ਇਸ ਦਾ ਮਤਲਬ ਹੈ ਕਿ ਮੁ.ਫਤ ਸਹੂਲਤਾਂ ਯਾਨੀ ਰਿਉੜੀ ਸੱਭਿਆਚਾਰ ਚੋਣਾਂ ਜਿੱਤਣ ਦੀ ਗਾਰੰਟੀ ਹੈ, ਅਤੇ ਉਦੋਂ ਤੋਂ, ਸਾਰੇ ਵਿਰੋਧਾਂ ਦੇ ਬਾਵਜੂਦ, ਮੁ.ਫਤ ਸਹੂਲਤਾਂ ਯਾਨੀ ਰਿਉੜੀ ਸੱਭਿਆਚਾਰ ਭਾਰਤ ਦਾ ਰਾਜਨੀਤੀ ਦਾ ਅਹਿਮ ਹਿੱਸਾ ਬਣ ਗਿਆ ਹੈ।

ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਅਜਿਹੇ ਮੁ.ਫਤ ਤੋਹ.ਫਿਆਂ ਯਾਨੀ ਮੁ.ਫਤ ਸਕੀਮਾਂ ਨਾਲ ਚੋਣਾਂ ਤੋਂ ਬਾਅਦ ਚੋਣ ਜਿੱਤਣਾ ਕਿਸੇ ਵੀ ਤਰ ਾਂ ਸਰਲ ਜਾਂ ਆਸਾਨ ਹੈ? ਕੀ ਰਿਉੜੀ ਕਲਚਰ ਚੋਣਾਂ ਜਿੱਤਣ ਦੀ ਗਾਰੰਟੀ ਹੈ? ਸਵਾਲ ਇਹ ਵੀ ਹੈ ਕਿ ਕੀ ਆਜ਼ਾਦਾਨਾ ਐਲਾਨਾਂ ਤੋਂ ਬਿਨਾਂ ਚੋਣਾਂ ਜਿੱਤਣਾ ਅਸੰਭਵ ਹੈ? ਆਖ਼ਰ, ਮੁ.ਫਤ ਸਹੂਲਤਾਂ ਚੋਣ ਰਾਜਨੀਤੀ ਦਾ ਧੁਰਾ ਕਿਉਂ ਬਣ ਰਹੀਆਂ ਹਨ? ਕੋਈ ਸਮਾਂ ਸੀ ਜਦੋਂ ਚੋਣ ਮੈਨੀਫੈਸਟੋ ਸਿਆਸੀ ਪਾਰਟੀਆਂ ਦੀ ਵਿਚਾਰਧਾਰਾ, ਨੀਤੀਆਂ ਅਤੇ ਸਿਆਸੀ ਫਲਸਫੇ ਨੂੰ ਦਰਸਾਉਂਦੇ ਸਨ ਪਰ ਅੱਜ ਚੋਣ ਮੈਨੀਫੈਸਟੋ ਮਹਿਜ਼ ਮੁ.ਫਤ ਦਾ ਬੰਡਲ ਬਣ ਕੇ ਰਹਿ ਗਏ ਹਨ, ਅਰਥਾਤ ਰਿਉੜੀ ਵੰਡਣ ਦੀ ਗਾਰੰਟੀ।

ਹੈਰਾਨੀ ਦੀ ਗੱਲ ਹੈ ਕਿ ਜਿਨ ਾਂ ‘ਮੁ.ਫਤ ਸਕੀਮਾਂ’ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ‘ਰੈਵੇਰੀ ਕਲਚਰ’ ਕਹਿ ਕੇ ਸਵਾਲ ਕੀਤੇ ਸਨ, ਅੱਜ ਉਨ ਾਂ ਦੀ ਆਪਣੀ ਪਾਰਟੀ ਵੱਲੋਂ ਹੀ ਚੋਣਾਂ ਵਿੱਚ ਵੱਡੀਆਂ-ਵੱਡੀਆਂ ਮੁ.ਫਤ ਸਕੀਮਾਂ ਦਾ ਐਲਾਨ ਕੀਤਾ ਜਾ ਰਿਹਾ ਹੈ। ਇਰਾਦਾ ਸਾ.ਫ ਹੈ ਕਿ ਕਿਸੇ ਵੀ ਤਰੀਕੇ ਨਾਲ ਚੋਣਾਂ ਜਿੱਤੀਆਂ ਜਾਣ। ਅੱਜ ਸਾਰੀਆਂ ਸਿਆਸੀ ਪਾਰਟੀਆਂ ਦੇ ਚੋਣ ਮਨੋਰਥ ਪੱਤਰ ਇਨ ਾਂ ਮੁ.ਫਤ ਸਹੂਲਤਾਂ ਯਾਨੀ ‘ਮੁ.ਫਤ ਸਕੀਮਾਂ’ ’ਤੇ ਆਧਾਰਿਤ ਸਿਆਸੀ ਵਾਅਦਿਆਂ ਅਤੇ ਦਾਅਵਿਆਂ ਨਾਲ ਭਰੇ ਹੋਏ ਹਨ।

ਛੱਤੀਸਗੜ੍ਹ, ਮੱਧ ਪ੍ਰਦੇਸ਼, ਰਾਜਸਥਾਨ ਅਤੇ ਤੇਲੰਗਾਨਾ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਿਸ ਤਰ ਾਂ ਲੋਕ-ਲੁਭਾਊ ਘੋਸ਼ਣਾਵਾਂ ਦੀ ਭਰਮਾਰ ਹੋਈ ਹੈ, ਉਸ ਨੂੰ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਮੁ.ਫਤ ਸਹੂਲਤਾਂ ਦਾ ਮੀਂਹ ਪੈ ਰਿਹਾ ਹੈ। ਅਜਿਹੀਆਂ ਨੀਤੀਆਂ, ਯੋਜਨਾਵਾਂ ਜਾਂ ਪ੍ਰੋਗਰਾਮਾਂ ਦਾ ਵਿਰੋਧ ਕਰਨ ਵਾਲੇ ਇਸ ਨੂੰ ‘ਰੇਵ ਕਲਚਰ’ ਕਹਿੰਦੇ ਹਨ, ਜਦਕਿ ਇਸ ਦੇ ਸਮਰਥਕ ਇਸ ਨੂੰ ‘ਕਲਿਆਣਕਾਰੀ ਯੋਜਨਾਵਾਂ’ ਕਹਿੰਦੇ ਹਨ। ਮੁ.ਫਤ ਸਕੀਮਾਂ ਯਾਨੀ ਰੇਵ ਕਲਚਰ ਨਾਲ ਅਸਹਿਮਤ ਹੋਣ ਵਾਲੇ ਲੋਕ ਦਲੀਲ ਦਿੰਦੇ ਹਨ ਕਿ ਇਸ ਨਾਲ ਸਰਕਾਰੀ ਖ਼ਜ਼ਾਨੇ ’ਤੇ ਬੋਝ ਪੈਂਦਾ ਹੈ, ਸਰਕਾਰ ’ਤੇ ਕਰਜ਼ੇ ਦਾ ਬੋਝ ਵਧਦਾ ਹੈ, ਜੋ ਆਖਿਰਕਾਰ ਆਰਥਿਕਤਾ ਲਈ ਵਿਨਾਸ਼ਕਾਰੀ, ਘਾਤਕ ਅਤੇ ਨੁਕਸਾਨਦਾਇਕ ਸਿੱਧ ਹੁੰਦਾ ਹੈ। ਸਿਆਸੀ ਪਾਰਟੀਆਂ ਆਪਣੇ ਸਿਆਸੀ ਨ.ਫੇ-ਨੁਕਸਾਨ ਲਈ ਅਜਿਹਾ ਕਰਦੀਆਂ ਹਨ। ਇਸ ਦੇ ਸਮਰਥਕਾਂ ਦਾ ਮੰਨਣਾ ਹੈ ਕਿ ਇਹ ਗਰੀਬਾਂ ਦੀ ਮਦਦ ਕਰਦੀਆਂ ਹਨ।

ਹਰ ਸਿਆਸੀ ਪਾਰਟੀ ਦੂਸਰੀ ਪਾਰਟੀ ’ਤੇ ਦੋਸ਼ ਲਗਾ ਰਹੀ ਹੈ ਕਿ ਮੁ.ਫਤ ਤੋਹ.ਫੇ ਯਾਨੀ ਮੁ.ਫਤ ਸਹੂਲਤਾਂ ਲਈ ਦੂਜੀ ਪਾਰਟੀ ਜ਼ਿੰਮੇਵਾਰ ਹੈ, ਉਨ ਾਂ ਦੀ ਪਾਰਟੀ ਸਿਰ.ਫ ਠੋਸ ਸਕੀਮਾਂ ਦੀ ਗੱਲ ਕਰਦੀ ਹੈ। ਸਿਆਸੀ ਪਾਰਟੀਆਂ ਆਪਣੀ ਪਾਰਟੀ ਦੇ ਐਲਾਨਾਂ ਨੂੰ ਲੋਕ ਭਲਾਈ ਸਕੀਮਾਂ ਦੱਸ ਕੇ ਦੂਜੀਆਂ ਪਾਰਟੀਆਂ ਦੀਆਂ ਸਕੀਮਾਂ ਨੂੰ ‘ਰਿਉੜੀ’, ਸੂਬੇ ਅਤੇ ਦੇਸ਼ ਦੇ ਹਿੱਤਾਂ ਦੇ ਉਲਟ ਅਤੇ ਲੋਕ ਹਿੱਤਾਂ ਲਈ ਵਿਨਾਸ਼ਕਾਰੀ ਕਰਾਰ ਦੇ ਰਹੀਆਂ ਹਨ।

ਆਰ.ਬੀ.ਆਈ. ਦੀ 31 ਮਾਰਚ 2023 ਤੱਕ ਦੀ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਮੱਧ ਪ੍ਰਦੇਸ਼, ਰਾਜਸਥਾਨ, ਪੰਜਾਬ, ਪੱਛਮੀ ਬੰਗਾਲ ਵਰਗੇ ਰਾਜ ਮੁਫਤ ਸਕੀਮਾਂ ’ਤੇ ਕੁੱਲ ਟੈਕਸ ਆਮਦਨ ਦਾ 35 ਪ੍ਰਤੀਸ਼ਤ ਖਰਚ ਕਰਦੇ ਹਨ। ਪੰਜਾਬ ਸਰਕਾਰ 35.4 ਫੀਸਦੀ ਦੇ ਨਾਲ ਸਭ ਤੋਂ ਉੱਪਰ ਹੈ। ਇਹ ਹਿੱਸਾ ਮੱਧ ਪ੍ਰਦੇਸ਼ ਵਿੱਚ 28.8 ਫੀਸਦੀ ਅਤੇ ਰਾਜਸਥਾਨ ਵਿੱਚ 28.6 ਫੀਸਦੀ ਹੈ। ਆਂਧਰਾ ਪ੍ਰਦੇਸ਼ ਆਪਣੀ ਆਮਦਨ ਦਾ 30.3 ਫੀਸਦੀ, ਝਾਰਖੰਡ 26.7 ਫੀਸਦੀ ਅਤੇ ਬੰਗਾਲ 23.8 ਫੀਸਦੀ ਮੁਫਤ ਸਹੂਲਤਾਂ ਦੇ ਨਾਂ ’ਤੇ ਖਰਚ ਕਰ ਰਿਹਾ ਹੈ।

ਭਾਰਤ ਦੀ ਸਿਆਸਤ ਵਿੱਚ ਰਿਉੜੀ ਕਲਚਰ ਦਾ ਵੱਧ ਰਿਹਾ ਰੁਝਾਨ ਮੰਦਭਾਗਾ ਹੈ, ਇਸ ਨੂੰ ਲੋਕਤੰਤਰ ਲਈ ਵੀ ਚੰਗਾ ਨਹੀਂ ਕਿਹਾ ਜਾ ਸਕਦਾ। ਮੁ.ਫਤ ਸਹੂਲਤਾਂ ਦਾ ਹੜ੍ਹ ਪਤਾ ਨਹੀਂ ਭਾਰਤ ਦੀ ਸਿਆਸਤ ਨੂੰ ਕਿਹੜੇ ਪਾਸੇ ਲੈ ਜਾਵੇਗਾ। ਅਸਲ ਵਿੱਚ ਸਿਆਸੀ ਪਾਰਟੀਆਂ ਮੁ.ਫਤ ਸਹੂਲਤਾਂ ਦਾ ਰੌਲਾ ਪਾ ਕੇ ਵੋਟਰਾਂ ਦਾ ਧਿਆਨ ਉਹਨਾਂ ਦੇ ਵੱਡੇ ਮਸਲਿਆਂ ਤੋਂ ਹਟਾਉਣ ਦਾ ਯਤਨ ਕਰਦੀਆਂ ਹਨ ਅਤੇ ਇਸ ਵਿੱਚ ਉਹ ਸ.ਫਲ ਵੀ ਹੋ ਜਾਂਦੀਆਂ ਹਨ। ਮੁ.ਫਤ ਸਹੂਲਤਾਂ ਦੇ ਲਾਲਚ ਵਿੱਚ ਅਕਸਰ ਵੋਟਰ ਆਪਣੇ ਵੱਡੇ ਮਸਲੇ ਅਤੇ ਵੱਡੀਆਂ ਸਮੱਸਿਆਵਾਂ ਨੂੰ ਭੁੱਲ ਜਾਂਦੇ ਹਨ। ਇਸ ਤਰਾਂ ਭਾਰਤ ਦੀ ਸਿਆਸਤ ਵਿੱਚ ਮੁਫਤ ਸਹੂਲਤਾਂ ਦੀ ਮਹਿੰਗੀ ਸਿਆਸਤ ਹੋ ਰਹੀ ਹੈ।

*’84 ਸਿੱਖ ਨਸਲਕੁਸ਼ੀ ਦਾ ਮਾਮਲਾ*

## ਦਿੱਲੀ ਦੇ ਉੱਪ ਰਾਜਪਾਲ ਨੇ ਸੁਪਰੀਮ ਕੋਰਟ ਵਿੱਚ ਵਿਸ਼ੇਸ਼ ਪਟੀਸ਼ਨ ਦਾਇਰ ਕਰਨ ਦੀ ਇਜਾਜ਼ਤ ਦਿੱਤੀ

**ਹਾਈਕੋਰਟ ਨੇ 6 ਦੋਸ਼ੀਆਂ ਨੂੰ ਕੀਤਾ ਸੀ ਬਰੀ**

ਨਵੀਂ ਦਿੱਲੀ/ਏ.ਟੀ.ਨਿਊਜ਼ : ਦਿੱਲੀ ਦੇ ਉਪ ਰਾਜਪਾਲ ਵੀ ਕੇ ਸਕਸੈਨਾ ਨੇ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਮਾਮਲੇ ਵਿੱਚ ਦਿੱਲੀ ਹਾਈਕੋਰਟ ਵੱਲੋਂ 10 ਜੁਲਾਈ ਦੌਰਾਨ 6 ਦੋਸ਼ੀਆਂ ਨੂੰ ਬਰੀ ਕਰਨ ਖ਼ਿਲਾ.ਫ ਸੁਪਰੀਮ ਕੋਰਟ ਵਿੱਚ ਵਿਸ਼ੇਸ਼ ਪਟੀਸ਼ਨ ਦਾਇਰ ਕਰਨ ਲਈ ਮਨਜ਼ੂਰੀ ਦੇ ਦਿੱਤੀ ਹੈ। ਉਪ ਰਾਜਪਾਲ ਦਫਤਰ ਦੇ ਅਧਿਕਾਰੀਆਂ ਨੇ ਕਿਹਾ ਕਿ ਸਕਸੈਨਾ ਨੇ ਮਾਮਲੇ ਵਿੱਚ ਕਥਿਤ ਤੌਰ ’ਤੇ ਦੇਰੀ ਲਈ ਦਿੱਲੀ ਸਰਕਾਰ ਦੀ ਨੁਕਤਾਚੀਨੀ ਕੀਤੀ। ਗ੍ਰਹਿ ਵਿਭਾਗ ਨੂੰ ਦੇਰੀ ਲਈ ਜ਼ਿੰਮੇਵਾਰ ਅਧਿਕਾਰੀਆਂ ਦੀ ਪਛਾਣ ਕਰਨ ਅਤੇ ਜਵਾਬਦੇਹੀ ਤੈਅ ਕਰਨ ਦੇ ਨਿਰਦੇਸ਼ ਦਿੱਤੇ ਹਨ ਅਤੇ ਸੱਤ ਦਿਨਾਂ ਦੇ ਅੰਦਰ ਰਿਪੋਰਟ ਮੰਗੀ ਹੈ।

ਇਹ ਮਾਮਲਾ ਉੱਤਰ ਪੱਛਮੀ ਦਿੱਲੀ ਦੇ ਸਰਸਵਤੀ ਵਿਹਾਰ ਥਾਣਾ (ਹੁਣ ਸੁਭਾਸ਼ ਪਲੇਸ) ਖੇਤਰ ਵਿੱਚ ਸਿੱਖ ਵਿਰੋਧੀ ਦੰਗਿਆਂ ਦੌਰਾਨ ਲੁੱਟ-ਖੋਹ ਅਤੇ ਕਤਲੇਆਮ ਨਾਲ ਸਬੰਧਤ ਹੈ, ਜਿਸ ਵਿੱਚ ਛੇ ਮੁਲਜ਼ਮ ਹਰੀ ਲਾਲ, ਮੰਗਲ, ਧਰਮਪਾਲ, ਆਜ਼ਾਦ, ਓਮ ਪ੍ਰਕਾਸ਼ ਅਤੇ ਅਬਦੁਲ ਹਬੀਬ ਸ਼ਾਮਲ ਹਨ।

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਮੋਦੀ ਦੇ ਰਾਜ 'ਚ ਭਗਵੇਂ ਸਾਧਾਂ ਦੀਆਂ ਮੌਜਾਂ ਹੀ ਮੌਜਾਂ

## ਮੋਦੀ ਸਰਕਾਰ ਦੀ ਮਦਦ ਨਾਲ ਰਾਮਦੇਵ ਬਣਿਆ ਵੱਡਾ ਵਪਾਰੀ

### ਦੇਸੀ ਦਵਾਈਆਂ ਦੇ ਨਾਮ ਹੇਠ ਜ਼ਮੀਨਾਂ ਵੇਚਣ ਦਾ ਕਥਿਤ ਕਾਲਾ ਧੰਦਾ ਕੀਤਾ

ਨਵੀਂ ਦਿੱਲੀ/ਏ.ਟੀ.ਨਿਊਜ਼: ਸਾਲ 2014 ਦੀ ਚੋਣ ਤੋਂ ਪਹਿਲਾਂ ਕਾਲਾ ਧਨ ਵਾਪਸ ਲਿਆਉਣ ਦਾ ਦਾਅਵਾ ਕਰਨ ਵਾਲੇ ਯੋਗ ਗੁਰੂ ਅਤੇ ਕਾਰੋਬਾਰੀ ਬਾਬਾ ਰਾਮਦੇਵ ਪੰਤਾਜਲੀ ਗਰੁੱਪ ਦਾ ਉਹ ਚਿਹਰਾ ਹਨ, ਜਿਨ੍ਹਾਂ ਦੇ ਕਾਲੇ ਧਨ ਨੂੰ ਲੈ ਕੇ ਦੀ ਰਿਪੋਰਟਰਜ਼ ਕਲੈਕਟਿਵ ਨੇ ਵੱਡੇ ਖੁਲਾਸੇ ਕੀਤੇ ਹਨ।

ਕਲੈਕਟਿਵ ਦੇ ਮੈਂਬਰ ਸ਼੍ਰੀਗਿਰੀਸ਼ ਜਲੀਹਾਲ ਅਤੇ ਤਪੱਸਿਆ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਰਾਮਦੇਵ ਦੇ ਪਰਿਵਾਰਕ ਮੈਂਬਰਾਂ ਅਤੇ ਨਜ਼ਦੀਕੀ ਸਹਿਯੋਗੀਆਂ ਨੇ ਹਰਿਆਣਾ ਵਿੱਚ ਸ਼ੈੱਲ ਕੰਪਨੀਆਂ ਰਾਹੀਂ ਕਈ ਏਕੜ ਜ਼ਮੀਨ ਖਰੀਦੀ ਅਤੇ ਵੇਚੀ ਅਤੇ ਰਾਮਦੇਵ ਨੂੰ ਰੀਅਲ ਅਸਟੇਟ ਦੀ ਦੁਨੀਆ ਦਾ ਬਾਦਸ਼ਾਹ ਬਣਾ ਦਿੱਤਾ। ਰਿਪੋਰਟ ਵਿੱਚ ਕਿਹਾ ਗਿਆ ਹੈ, ਰਾਮਦੇਵ ਨੂੰ ਭਾਰਤ ਵਿੱਚ ਯੋਗ ਗੁਰੂ ਵਜੋਂ ਜਾਣਿਆ ਜਾਂਦਾ ਹੈ। ਪਰ ਦਿੱਲੀ ਦੇ ਨਾਲ ਲੱਗਦੇ ਮਾਂਗਰ ਨਾਂ ਦੇ ਪਿੰਡ ਵਿੱਚ ਉਸ ਨੂੰ ਰੀਅਲ ਅਸਟੇਟ ਦੀ ਦੁਨੀਆਂ ਦਾ ਬਾਦਸ਼ਾਹ ਕਿਹਾ ਜਾਂਦਾ ਹੈ। ਉੱਥੋਂ ਦੇ ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਬਾਬੇ ਲਈ ਕੰਮ ਕਰਨ ਵਾਲਿਆਂ ਨੇ ਇੱਥੇ ਰੀਅਲ ਅਸਟੇਟ ਦਾ ਪੂਰਾ ਕਾਰੋਬਾਰ ਸਥਾਪਿਤ ਕੀਤਾ ਹੋਇਆ ਹੈ।

**ਰਾਮਦੇਵ ਰੀਅਲ ਅਸਟੇਟ ਦਾ ਬਾਦਸ਼ਾਹ ਕਿਵੇਂ ਬਣਿਆ ?**

ਰਿਪੋਰਟ ਦੱਸਦੀ ਹੈ ਕਿ ਉਸ ਨੂੰ ਰੀਅਲ ਅਸਟੇਟ ਦਾ ਬਾਦਸ਼ਾਹ ਬਣਾਉਣ ਵਿੱਚ ਸ਼ੈੱਲ ਕੰਪਨੀਆਂ ਦੀ ਵੱਡੀ ਭੂਮਿਕਾ ਹੈ।

ਸ਼ੈੱਲ ਕੰਪਨੀਆਂ ਸਿਰਫ਼ ਕਾਗਜ਼ਾਂ 'ਤੇ ਹੀ ਹੁੰਦੀਆਂ ਹਨ, ਲੈਣ-ਦੇਣ ਇਨ੍ਹਾਂ ਰਾਹੀਂ ਹੁੰਦਾ ਹੈ ਪਰ ਇਹ ਨਹੀਂ ਪਤਾ ਹੁੰਦਾ ਕਿ ਇਨ੍ਹਾਂ ਕੰਪਨੀਆਂ ਦਾ ਅਸਲੀ ਮਾਲਕ ਕੌਣ ਹੈ ਜਾਂ ਇਨ੍ਹਾਂ ਕੰਪਨੀਆਂ ਰਾਹੀਂ ਕਿਸ ਨੂੰ ਫਾਇਦਾ ਹੋ ਰਿਹਾ ਹੈ। ਇਨ੍ਹਾਂ ਕੰਪਨੀਆਂ ਨੂੰ ਬਣਾਉਣ ਦਾ ਮਕਸਦ ਇਹ ਹੈ ਕਿ ਸਭ ਕੁਝ ਬੈਂਕਿੰਗ ਚੈਨਲਾਂ ਰਾਹੀਂ ਕੀਤਾ ਜਾਵੇ ਪਰ ਇਹ ਨਹੀਂ ਪਤਾ ਹੋਣਾ ਚਾਹੀਦਾ ਕਿ ਪੈਸੇ ਦਾ ਅਸਲੀ ਮਾਲਕ ਕੌਣ ਹੈ। ਵੱਡੇ ਕਾਰੋਬਾਰੀ ਟੈਕਸਾਂ ਤੋਂ ਬਚਣ ਲਈ ਅਜਿਹੀਆਂ ਕੰਪਨੀਆਂ ਬਣਾਉਂਦੇ ਹਨ, ਜਿਸ ਨਾਲ ਉਹ ਸਰਕਾਰ ਅਤੇ ਲੋਕਾਂ ਨੂੰ ਇਹ ਦੱਸਣ ਤੋਂ ਬਚਦੇ ਹਨ ਕਿ ਉਨ੍ਹਾਂ ਨੇ ਕਿੱਥੋਂ ਪੈਸਾ ਕਮਾਇਆ ਅਤੇ ਕਿੱਥੇ ਨਿਵੇਸ਼ ਕੀਤਾ ਹੈ।

ਇਕ ਤਰ੍ਹਾਂ ਨਾਲ ਸਮਝੋ ਕਿ ਜਿਸ ਕਾਲੇ ਧਨ ਦੀ ਬਾਬਾ ਰਾਮਦੇਵ ਸਾਲ 2014 ਤੋਂ ਪਹਿਲਾਂ ਬਹੁਤ ਗੱਲਾਂ ਕਰਦੇ ਸਨ, ਉਸ ਕਾਲੇ ਧਨ ਨੂੰ ਬਣਾਉਣ ਅਤੇ ਬਚਾਉਣ ਦਾ ਸਭ ਤੋਂ ਵੱਡਾ ਜ਼ਰੀਆ ਇਹ ਸ਼ੈਲ ਕੰਪਨੀਆਂ ਹਨ। ਦੀ ਰਿਪੋਰਟਰਜ ਕਲੈਕਟਿਵ ਨੇ ਆਪਣੀ ਜਾਂਚ ਵਿੱਚ ਪਾਇਆ ਕਿ ਪਤੰਜਲੀ ਸਮੂਹ ਨਾਲ ਕਈ ਸ਼ੈੱਲ ਕੰਪਨੀਆਂ ਜੁੜੀਆਂ ਹੋਈਆਂ ਹਨ। ਇਹ ਕੰਪਨੀਆਂ ਕਾਗਜ਼ਾਂ 'ਤੇ ਜੋ ਕਾਰੋਬਾਰ ਕਰਨ ਦਾ ਦਾਅਵਾ ਕਰਦੀਆਂ ਹਨ, ਅਸਲ ਦੁਨੀਆ ਵਿੱਚ ਅਜਿਹਾ ਕੁਝ ਨਹੀਂ ਹੁੰਦਾ। ਪੈਸਾ ਕਿਸ ਨੂੰ ਮਿਲ ਰਿਹਾ ਹੈ, ਨੂੰ ਛੁਪਾਉਣ ਲਈ ਇਨ੍ਹਾਂ ਸ਼ੈਲ ਕੰਪਨੀਆਂ ਵਿੱਚ ਪੈਸਾ ਲਗਾਇਆ ਜਾਂਦਾ ਹੈ। ਇਸ ਪੈਸੇ ਨਾਲ ਇਨ੍ਹਾਂ ਸ਼ੈਲ ਕੰਪਨੀਆਂ ਨੇ ਦਹਾਕਿਆਂ ਤੋਂ ਦਿੱਲੀ ਲਈ ਫੇਫੜਿਆਂ ਦਾ ਕੰਮ ਕਰਨ ਲਈ ਅਰਾਵਲੀ ਦੇ ਮਾਂਗਰ ਇਲਾਕੇ ਵਿੱਚ ਕਈ ਏਕੜ ਜ਼ਮੀਨ ਖਰੀਦੀ ਸੀ। ਇਹ ਜ਼ਮੀਨਾਂ ਖਰੀਦੀਆਂ ਅਤੇ ਵੇਚੀਆਂ ਗਈਆਂ ਹਨ। ਵਿਕਰੀ ਤੋਂ ਪ੍ਰਾਪਤ ਹੋਏ ਪੈਸੇ ਨੂੰ ਇੱਕ ਹੋਰ ਸ਼ੈੱਲ ਕੰਪਨੀ ਵਿੱਚ ਮੁੜ ਨਿਵੇਸ਼ ਕੀਤਾ ਗਿਆ ਹੈ। ਉਸ ਨੇ ਅਰਾਵਲੀ ਖੇਤਰ ਵਿੱਚ ਜ਼ਮੀਨ ਖਰੀਦਣ ਅਤੇ ਵੇਚਣ ਦਾ ਕੰਮ ਫਿਰ ਕੀਤਾ ਹੈ।

ਸੰਖੇਪ ਵਿੱਚ, ਮੋਦੀ ਸਰਕਾਰ ਵਿੱਚ ਕਾਲੇ ਧਨ ਤੋਂ ਛੁਟਕਾਰਾ ਪਾਉਣ ਦਾ ਦਾਅਵਾ ਕਰਨ ਵਾਲਾ ਰਾਮਦੇਵ ਇੱਕ ਅਜਿਹੀ ਕੰਪਨੀ ਦੇ ਸੰਸਥਾਪਕ ਮੈਂਬਰਾਂ ਅਤੇ ਬ੍ਰਾਂਡ ਪ੍ਰਮੋਟਰਾਂ ਵਿੱਚੋਂ ਇੱਕ ਹੈ ਜੋ ਕਾਲਾ ਧਨ ਬਣਾਉਣ ਅਤੇ ਵਧਾਉਣ ਦੇ ਕੰਮ ਵਿੱਚ ਲੱਗੀ ਹੋਈ ਹੈ।



**ਮੰਗਰ ਜੰਗਲ ਦੀ ਜ਼ਮੀਨ ਦਾ ਮਾਮਲਾ**

ਆਓ ਜਾਣਦੇ ਹਾਂ ਮੰਗਰ ਦੀਆਂ ਜ਼ਮੀਨਾਂ ਬਾਰੇ ਵੀ। ਮਾਂਗਰ ਦਿੱਲੀ ਦੇ ਨਾਲ ਲਗਦਾ ਇੱਕ ਇਲਾਕਾ ਹੈ, ਜੋ ਕਿ ਹਰਿਆਣਾ ਦੇ ਫਰੀਦਾਬਾਦ ਜ਼ਿਲ੍ਹੇ ਵਿੱਚ ਪੈਂਦਾ ਹੈ। ਰਾਸ਼ਟਰੀ ਰਾਜਧਾਨੀ ਖੇਤਰ ਵਿੱਚ ਹੋਣ ਕਾਰਨ ਇੱਥੇ ਜ਼ਮੀਨ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਇਹ ਇਲਾਕਾ ਜੰਗਲਾਂ ਨਾਲ ਭਰਿਆ ਹੋਇਆ ਹੈ ਅਤੇ ਅਰਾਵਲੀ ਦੀਆਂ ਪਹਾੜੀਆਂ ਵਿੱਚ ਪੈਂਦਾ ਹੈ। ਜੇਕਰ ਆਦਰਸ਼ਕ ਤੌਰ 'ਤੇ ਨਿਯਮ-ਕਾਨੂੰਨ ਬਣਾ ਕੇ ਲਾਗੂ ਕੀਤੇ ਜਾਂਦੇ ਤਾਂ ਮਾਂਗਰ ਪਿੰਡ ਨੂੰ ਜੰਗਲ ਦੀ ਜ਼ਮੀਨ ਦਾ ਦਰਜਾ ਮਿਲ ਜਾਣਾ ਸੀ। ਇਸ ਖੇਤਰ ਨੂੰ ਜੰਗਲਾਤ ਸੰਭਾਲ ਕਾਨੂੰਨ ਤਹਿਤ ਸੁਰੱਖਿਅਤ ਕੀਤਾ ਜਾਣਾ ਸੀ। ਪਰ ਇਹ ਇਲਾਕਾ ਦਿੱਲੀ ਦੇ ਨੇੜੇ ਹੈ ਅਤੇ ਇਹ ਇਲਾਕਾ ਰੀਅਲ ਅਸਟੇਟ ਕਾਰੋਬਾਰੀਆਂ ਲਈ ਪੈਸੇ ਛਾਪਣ ਵਾਲੀ ਮਸ਼ੀਨ ਵਾਂਗ ਸਾਬਤ ਹੋ ਰਿਹਾ ਹੈ।

ਅਗਸਤ 2023 ਵਿੱਚ, ਮੋਦੀ ਸਰਕਾਰ ਨੇ ਜੰਗਲਾਤ ਸੰਭਾਲ ਕਾਨੂੰਨ ਵਿੱਚ ਇਸ ਤਰੀਕੇ ਨਾਲ ਬਦਲਾਅ ਕੀਤੇ ਕਿ ਇਹ ਖੇਤਰ ਭਾਵੇਂ ਅਣਅਧਿਕਾਰਤ ਹੈ, ਪਰ ਸੰਭਾਵੀ ਜੰਗਲਾਤ ਜ਼ਮੀਨ ਦੀ ਸ਼੍ਰੇਣੀ ਵਿੱਚ ਆਉਂਦਾ ਹੈ, ਇਸ ਕਾਨੂੰਨ ਤਹਿਤ ਜੋ ਵੀ ਸੁਰੱਖਿਆ ਮਿਲੀ, ਉਹ ਖਤਮ ਹੋ ਚੁਕੀ ਹੈ। ਭਾਵ ਹੁਣ ਇਹ ਖੇਤਰ ਵਪਾਰਕ ਲਾਭ ਲਈ ਪੂਰੀ ਤਰ੍ਹਾਂ ਖੁੱਲ੍ਹਾ ਹੈ। ਬਾਕੀ ਕੰਮ ਹਰਿਆਣਾ ਦੀ ਭਾਜਪਾ ਸਰਕਾਰ ਨੇ ਪੂਰਾ ਕਰ ਦਿਤਾ ਹੈ।

ਸੁਪਰੀਮ ਕੋਰਟ ਨੇ ਸਾਲ 1996 'ਚ ਹੁਕਮ ਦਿੱਤਾ ਸੀ ਕਿ ਜੇਕਰ ਜ਼ਮੀਨ ਦੇ ਕਿਸੇ ਟੁਕੜੇ 'ਤੇ ਜੰਗਲ ਹੈ ਤਾਂ ਉਸ ਨੂੰ ਸੁਰੱਖਿਅਤ ਕਰਨਾ ਹੋਵੇਗਾ। ਸੁਪਰੀਮ ਕੋਰਟ ਦਾ ਹੁਕਮ ਮੰਗਰ ਵਿੱਚ ਜੰਗਲਾਤ ਦੀ ਜ਼ਮੀਨ ਦੀ ਖਰੀਦ-ਵੇਚ ਵਿੱਚ ਅੜਿੱਕਾ ਬਣ ਰਿਹਾ ਸੀ। ਹਰਿਆਣਾ ਸਰਕਾਰ ਨੇ ਚੁੱਪਚਾਪ ਇਸ ਅੜਿੱਕੇ ਨੂੰ ਦੂਰ ਕਰਨ ਲਈ ਕੰਮ ਕੀਤਾ, ਜਿਸ ਦਾ ਅੰਤਮ ਲਾਭ ਪਤੰਜਲੀ ਸਮੂਹ ਅਤੇ ਹੋਰ ਰੀਅਲ ਅਸਟੇਟ ਕਾਰੋਬਾਰੀਆਂ ਨੂੰ ਹੋਇਆ।

ਕਲੈਕਟਿਵ ਦੀ ਰਿਪੋਰਟ ਦੇ ਦੂਜੇ ਹਿੱਸੇ ਵਿੱਚ ਦੱਸਿਆ ਗਿਆ ਹੈ ਕਿ ਕਿਵੇਂ ਸਰਕਾਰ ਦੀ ਹੇਰਾਫੇਰੀ ਦਾ ਪਤੰਜਲੀ ਨੂੰ ਫਾਇਦਾ ਹੋਇਆ।

ਰਿਪੋਰਟ ਵਿਚ ਕਿਹਾ ਗਿਆ ਹੈ, ਨਿਆਂਇਕ ਰਿਕਾਰਡ, ਸਰਕਾਰੀ ਰਿਕਾਰਡ ਦਰਸਾਉਂਦੇ ਹਨ ਕਿ ਹਰਿਆਣਾ ਸਰਕਾਰ ਨੇ ਇਹ ਯਕੀਨੀ ਬਣਾਉਣ ਲਈ ਠੋਸ ਕੋਸ਼ਿਸ਼ ਕੀਤੀ ਹੈ ਕਿ ਇਨ੍ਹਾਂ ਸੰਵੇਦਨਸ਼ੀਲ ਅਰਾਵਲੀ ਪਹਾੜੀਆਂ ਨੂੰ ਕੋਈ ਸੁਰੱਖਿਆ ਨਾ ਮਿਲੇ। ਰਾਜ ਨੇ 1996 ਅਤੇ 2022 ਦੇ ਦੋ ਮਹੱਤਵਪੂਰਨ ਸੁਪਰੀਮ ਕੋਰਟ ਦੇ ਆਦੇਸ਼ਾਂ ਨੂੰ ਰੱਦ ਕਰ ਦਿੱਤਾ ਹੈ ਜੋ ਇਹਨਾਂ ਜੰਗਲਾਂ ਨੂੰ ਸੁਰੱਖਿਆ ਪ੍ਰਦਾਨ ਕਰਦੇ ਸਨ, ਇੱਕ ਰਾਜ ਦੇ ਜੰਗਲਾਂ ਦੀ ਕਟਾਈ ਕਾਨੂੰਨ ਅਤੇ ਇੱਕ ਕੇਂਦਰੀ ਸਰਕਾਰ ਦਾ ਕਾਨੂੰਨ ਜੋ ਦਿੱਲੀ ਅਤੇ ਇਸਦੇ ਆਲੇ ਦੁਆਲੇ ਵਾਤਾਵਰਣਕ ਤੌਰ 'ਤੇ ਮਹੱਤਵਪੂਰਨ ਜ਼ਮੀਨਾਂ ਦੀ ਰੱਖਿਆ ਕਰਦਾ ਹੈ।

ਰਿਪੋਰਟਰਜ਼ ਕਲੈਕਟਿਵ ਦੁਆਰਾ ਕੰਪਨੀਆਂ ਅਤੇ ਦਸਤਾਵੇਜ਼ਾਂ ਦੇ ਅਧਿਐਨ ਦਾ ਹਵਾਲਾ ਦਿੰਦੇ ਹੋਏ ਕਿਹਾ, ਰਾਜ ਦੀ ਢਿੱਲ-ਮੱਠ ਨੇ ਅਰਾਵਲੀ ਜੰਗਲ ਦੀ ਜ਼ਮੀਨ ਵਿੱਚ ਇੱਕ ਬੇਨਾਮ ਰੀਅਲ ਅਸਟੇਟ ਕਾਰੋਬਾਰ ਨੂੰ ਵਧਣ ਵਿੱਚ ਮਦਦ ਕੀਤੀ ਸੀ। ਰਾਮਦੇਵ ਦਾ ਪਤੰਜਲੀ ਗਰੁੱਪ, ਜੋ ਆਯੁਰਵੇਦ, ਕਾਸਮੈਟਿਕਸ, ਭੋਜਨ ਅਤੇ ਐਫਐਮਸੀਜੀ ਉਤਪਾਦ ਵੇਚਦਾ ਹੈ, ਮੁੱਖ ਲਾਭਪਾਤਰੀਆਂ ਵਿੱਚੋਂ ਇੱਕ ਸੀ-ਅੱਜ ਤੱਕ ਇਹ ਸ਼ੱਕੀ ਸੰਸਥਾਵਾਂ ਅਤੇ ਸ਼ੈੱਲ ਕੰਪਨੀਆਂ ਰਾਹੀਂ ਅਰਾਵਲੀਆਂ ਵਿੱਚ ਜ਼ਮੀਨ ਦੇ ਵੱਡੇ ਹਿੱਸੇ ਨੂੰ ਖਰੀਦ ਰਿਹਾ ਹੈ ਅਤੇ ਵੇਚ ਰਿਹਾ ਹੈ।

**12 ਸਾਲ ਪੁਰਾਣੀ ਕੰਪਨੀ ਤੇ ਇੱਕ ਰੁਪਏ ਦਾ ਕਾਰੋਬਾਰ ਨਹੀਂ !**

ਕਲੈਕਟਿਵ ਦੀ ਟੀਮ ਨੇ ਕਾਰਪੋਰੇਟ ਰਿਕਾਰਡ ਦੀ ਘੋਖ ਕੀਤੀ ਤਾਂ ਪਤਾ ਲੱਗਾ ਹੈ ਕਿ ਪਤੰਜਲੀ ਸਾਮਰਾਜ ਨਾਲ ਸਬੰਧਤ ਦਰਜਨ ਤੋਂ ਵੱਧ ਸ਼ੈੱਲ ਕੰਪਨੀਆਂ ਹਨ, ਜਿਨ੍ਹਾਂ ਨੇ ਮਾਂਗਰ ਪਿੰਡ ਦੇ ਖੇਤਰ ਵਿੱਚ ਜ਼ਮੀਨਾਂ ਦੀ ਖਰੀਦ-ਵੇਚ ਕੀਤੀ ਹੈ। ਰਾਜ ਦੇ ਡਿਜੀਟਲ ਰਿਕਾਰਡ ਦੱਸਦੇ ਹਨ ਕਿ ਮਾਂਗਰ ਪਿੰਡ ਖੇਤਰ ਦੀ 142 ਏਕੜ ਜ਼ਮੀਨ ਘੱਟੋ-ਘੱਟ 14 ਸ਼ੈੱਲ ਕੰਪਨੀਆਂ ਦੇ ਕਬਜ਼ੇ ਵਿੱਚ ਹੈ। ਕਿਉਂਕਿ ਡਿਜੀਟਲ ਰਿਕਾਰਡ ਬਹੁਤ ਦੇਰ ਨਾਲ ਅਪਡੇਟ ਕੀਤੇ ਜਾਂਦੇ ਹਨ, ਇਸ ਲਈ ਇਹ ਵੀ ਸੰਭਾਵਨਾ ਹੈ ਕਿ ਪਤੰਜਲੀ ਸਮੂਹ ਨਾਲ ਜੁੜੀਆਂ ਸ਼ੈੱਲ ਕੰਪਨੀਆਂ ਦਾ ਹੋਰ ਜ਼ਮੀਨਾਂ 'ਤੇ ਕਬਜ਼ਾ ਹੋਵੇ।

ਕਲੈਕਟਿਵ ਦੀ ਟੀਮ ਨੇ ਪਤੰਜਲੀ ਗਰੁੱਪ ਨਾਲ ਜੁੜੀ ਇੱਕ ਸ਼ੈੱਲ ਕੰਪਨੀ ਪਤੰਜਲੀ ਕਰੁਪੈਕ ਪ੍ਰਾਈਵੇਟ ਲਿਮਟਿਡ ਦੇ ਪੈਸੇ ਦੀ ਆਵਾਜਾਈ ਦੀ ਵੀ ਜਾਂਚ ਕੀਤੀ ਹੈ। ਇਹ ਕੰਪਨੀ ਸਾਲ 2009 ਵਿੱਚ (ਬਾਕੀ ਸਫ਼ਾ 30 'ਤੇ)



ਦਰਪਣ ਝੂਠ ਨਹੀਂ ਬੋਲਦਾ

# ਅਮਰੀਕਾ, ਕੈਨੇਡਾ ਤੇ ਪਾਕਿਸਤਾਨ ਵਿੱਚ ਖਾੜਕੂ ਮਾਰਨ ਦੇ ਦੋਸ਼ਾਂ ਵਿੱਚ ਘਿਰਿਆ ਭਾਰਤ

## ਰਾਅ 'ਤੇ ਪਾਕਿਸਤਾਨ ਵਿੱਚ ਲੋੜੀਂਦੇ ਖਾੜਕੂਆਂ ਨੂੰ ਮਾਰਨ ਦੇ ਲੱਗੇ ਦੋਸ਼

## ਭਾਰਤ ਨੇ ਸਭ ਰਿਪੋਰਟਾਂ ਨੂੰ ਝੂਠਾ ਦਸਿਆ

ਅਮਰੀਕਾ, ਕੈਨੇਡਾ ਤੇ ਪਾਕਿਸਤਾਨ ਵਿੱਚ ਖਾੜਕੂ ਮਾਰਨ ਦੇ ਦੋਸ਼ਾਂ ਵਿੱਚ ਭਾਰਤ ਬੁਰੀ ਤਰ੍ਹਾਂ ਘਿਰਿਆ ਹੋਇਆ ਹੈ। ਕੈਨੇਡਾ ਵਿੱਚ ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਖ਼ਾਲਿਸਤਾਨੀ ਗੁਰਪਤਵੰਤ ਸਿੰਘ ਪੰਨੂੰ ਦੇ ਮਾਰਨ ਦੀ ਸਾਜਿਸ਼ ਦੇ ਦੋਸ਼ ਲਗਣ ਕਾਰਨ ਕੈਨੇਡਾ ਤੋਂ ਬਾਅਦ ਅਮਰੀਕਾ ਨੇ ਜੁਆਬ ਮੰਗਿਆ ਹੈ। ਇੱਕ ਬਰਤਾਨਵੀ ਅਖਬਾਰ ਫਾਈਨੈਂਸ਼ੀਅਲ ਟਾਈਮਜ਼ ਨੇ ਸਨਸਨੀਖੇਜ਼ ਖਬਰ ਪ੍ਰਕਾਸ਼ਿਤ ਕੀਤੀ ਸੀ ਕਿ ਅਮਰੀਕਾ ਨੇ ਖ਼ਾਲਿਸਤਾਨੀ ਕਾਰਕੁਨ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਸੀ ਅਤੇ ਭਾਰਤ ਨੂੰ ਇਸ ਬਾਰੇ ਚਿਤਾਵਨੀ ਦਿੱਤੀ ਸੀ। ਇਸੇ ਖ਼ਬਰ ਵਿੱਚ ਦੱਸਿਆ ਗਿਆ ਕਿ ਅਮਰੀਕੀ ਵਕੀਲਾਂ ਨੇ ਇਸ ਸਬੰਧ ਵਿੱਚ ਇੱਕ ਕਾਨੂੰਨੀ ਦਸਤਾਵੇਜ਼ ਤਿਆਰ ਕੀਤਾ ਹੈ। ਇਸ ਵੇਲੇ ਪ੍ਰਸ਼ਾਸਨ ਅੰਦਰ ਇਹ ਚਰਚਾ ਚੱਲ ਰਹੀ ਹੈ ਕਿ ਕੀ ਇਸ ਮਾਮਲੇ ਵਿੱਚ ਸ਼ਾਮਲ ਤੱਥਾਂ ਨੂੰ ਹੁਣ ਜਨਤਕ ਕੀਤਾ ਜਾਵੇ ਜਾਂ ਕੈਨੇਡਾ ਵਿੱਚ ਸਿੱਖ ਵੱਖਵਾਦੀ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਚੱਲ ਰਹੀ ਜਾਂਚ ਕਿਸੇ ਸਿੱਟੇ 'ਤੇ ਪਹੁੰਚਣ ਤੱਕ ਇੰਤਜ਼ਾਰ ਕੀਤਾ ਜਾਵੇ। ਇਹ ਖਬਰ ਭਾਰਤ ਵੱਲੋਂ ਆਯੋਜਿਤ ਜੀ-20 ਦੀ ਆਨਲਾਈਨ ਬੈਠਕ ਤੋਂ ਕੁਝ ਘੰਟੇ ਪਹਿਲਾਂ ਪ੍ਰਕਾਸ਼ਿਤ ਹੋਈ ਸੀ। ਭਾਰਤ ਨੇ ਬਾਅਦ ਵਿੱਚ ਪੁਸ਼ਟੀ ਕੀਤੀ ਕਿ ਅਮਰੀਕਾ ਨੇ ਉਸਨੂੰ ਇੱਕ ਸੰਦੇਸ਼ ਭੇਜਿਆ ਸੀ ਜਿਸ ਵਿੱਚ ਉਸਨੂੰ ਅਪਰਾਧੀਆਂ, ਬੰਦੂਕਾਂ ਦੇ ਤਸਕਰਾਂ ਅਤੇ ਖਾੜਕੂਆਂ ਦੇ ਗਠਜੋੜ ਬਾਰੇ ਸੂਚਿਤ ਕੀਤਾ ਗਿਆ ਸੀ। ਦੂਜੇ ਪਾਸੇ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਦੇ ਬੁਲਾਰੇ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਅਮਰੀਕਾ ਇਸ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲੈ ਰਿਹਾ ਹੈ ਅਤੇ ਇਸ ਨੂੰ ਭਾਰਤ ਦੇ ਨਾਲ 'ਉੱਚ ਪੱਧਰ' 'ਤੇ ਵੀ ਉਠਾਇਆ ਗਿਆ ਹੈ।

ਬੁਲਾਰੇ ਨੇ ਕਿਹਾ ਹੈ ਕਿ ਅਮਰੀਕਾ ਆਪਣੇ ਨਾਗਰਿਕਾਂ ਦੀ ਸੁਰੱਖਿਆ ਨੂੰ ਬਹੁਤ ਮਹੱਤਵ ਦਿੰਦਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਨੂੰ ਉਮੀਦ ਹੈ ਕਿ ਭਾਰਤ ਇਸ ਘਟਨਾ ਲਈ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਏਗਾ। ਜ਼ਾਹਿਰ ਹੈ ਕਿ ਦੋਵਾਂ ਦੇਸ਼ਾਂ ਨੇ ਸੈਨਤ ਭਾਸ਼ਾ ਵਿੱਚ ਬ੍ਰਿਟਿਸ਼ ਅਖਬਾਰ ਦੀ ਖਬਰ ਦੀ ਪੁਸ਼ਟੀ ਕੀਤੀ ਹੈ। ਅਮਰੀਕਾ ਨੇ ਸਾਫ ਕਰ ਦਿਤਾ ਹੈ ਕਿ ਪ੍ਰਭੂਸਤਾ ਦੀ ਉਲੰਘਣਾ ਬਰਦਾਸ਼ਤ ਨਹੀਂ ਹੋਵੇਗੀ। ਅਮਰੀਕਾ ਨੇ



ਇਸ ਮਾਮਲੇ ਵਿੱਚ ਭਾਰਤ ਦੇ ਤਰਕ ਨੂੰ ਸਵੀਕਾਰ ਨਹੀਂ ਕੀਤਾ ਹੈ। ਜਦਕਿ ਭਾਰਤ ਨੇ ਕਿਹਾ ਸੀ ਕਿ ਉਨ੍ਹਾਂ ਨੇ ਕਿਹਾ ਕਿ ਇਸ ਕਿਸਮ ਦੀ ਗਤੀਵਿਧੀ ਉਨ੍ਹਾਂ ਦੀ ਨੀਤੀ ਨਹੀਂ ਹੈ ।ਇਹ ਸਪੱਸ਼ਟ ਤੌਰ 'ਤੇ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਪੈਦਾ ਹੋਏ ਬੇਵਿਸ਼ਵਾਸੀ ਦਾ ਸੰਕੇਤ ਹੈ। ਇਸ ਨਾਲ ਇਸ ਰਿਸ਼ਤੇ ਦੀ ਭਵਿੱਖੀ ਪ੍ਰਕਿਰਤੀ 'ਤੇ ਕਈ ਸਵਾਲ ਖੜ੍ਹੇ ਹੋ ਗਏ ਹਨ। ਦੂਸਰੇ ਪਾਸੇ ਪੰਨੂ ਨੇ ਕਿਹਾ, ਭਾਰਤੀ ਏਜੰਟਾਂ ਦੁਆਰਾ ਅਮਰੀਕੀ ਧਰਤੀ 'ਤੇ ਮੇਰੀ ਜਾਨ ਨੂੰ ਮਾਰਨ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਗਿਆ ਹੈ, ਜੋ ਕਿ ਅੰਤਰਰਾਸ਼ਟਰੀ ਅੱਤਵਾਦ ਹੈ, ਜੋ ਕਿ ਅਮਰੀਕਾ ਦੀ ਪ੍ਰਭੂਸੱਤਾ, ਬੋਲਣ ਦੀ ਆਜ਼ਾਦੀ ਅਤੇ ਲੋਕਤੰਤਰ ਲਈ ਖ਼ਤਰਾ ਹੈ, ਇਸ ਲਈ ਮੈਂ ਅਮਰੀਕੀ ਸਰਕਾਰ ਨੂੰ ਇਸ ਧਮਕੀ ਦਾ ਜਵਾਬ ਦੇਣ ਲਈ ਕਹਾਂਗਾ। ਉਸਨੇ ਭਾਰਤ 'ਤੇ ਖ਼ਾਲਿਸਤਾਨ ਪੱਖੀ ਸਿੱਖਾਂ ਨੂੰ ਮਾਰਨ ਲਈ ਕਿਰਾਏਦਾਰਾਂ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ ਸੀ।

ਹੁਣੇ ਜਿਹੇ ਲੀਕ ਹੋਈ ਪਾਕਿਸਤਾਨ ਇੰਟੈਲੀਜੈਂਸ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਭਾਰਤੀ ਖੁਫੀਆ ਏਜੰਸੀ ਰਾਅ (ਰਿਸਰਚ ਐਂਡ ਐਨਾਲਿਸਿਸ ਵਿੰਗ) ਪਾਕਿਸਤਾਨ ਵਿੱਚ ਸਰਗਰਮ ਅਪਰਾਧੀਆਂ ਦੀ ਮਦਦ ਨਾਲ ਪਾਕਿਸਤਾਨੀ ਧਰਤੀ 'ਤੇ ਲੋੜੀਂਦੇ ਜਿਹਾਦੀਆਂ ਤੇ ਖਾੜਕੂਆਂ ਨੂੰ ਮਾਰਨ ਵਿੱਚ ਮਦਦ ਕਰ ਰਹੀ ਹੈ। ਸੰਡੇ ਗਾਰਡੀਅਨ ਅਨੁਸਾਰ ਭਾਰਤੀ ਡਿਪਲੋਮੈਟਿਕਸ ਨੇ ਪਾਕਿਸਤਾਨ ਦੇ ਇਸ ਕਥਿਤ ਲੀਕ ਹੋਏ ਦਸਤਾਵੇਜ਼ ਨੂੰ ਝੂਠਾ ਕਰਾਰ ਦਿੱਤਾ ਹੈ ਤੇ ਭਾਰਤ ਵਿਰੋਧੀਆਂ ਵੱਲੋਂ ਭਾਰਤ ਨੂੰ ਬਦਨਾਮ ਕਰਨ ਦੀ ਇੱਕ ਵੱਡੀ ਸਾਜ਼ਿਸ਼ ਦਸਿਆ ਹੈ, ਜੋ ਪਿਛਲੇ ਦਹਾਕੇ ਤੋਂ ਪਾਕਿਸਤਾਨ, ਅਮਰੀਕਾ, ਕੈਨੇਡਾ ਅਤੇ ਚੀਨ ਸਮੇਤ ਵਿਦੇਸ਼ਾਂ ਵਿੱਚ ਬਹੁਤ ਜ਼ਿਆਦਾ ਸਰਗਰਮ ਹਨ। ਭਾਰਤੀ ਡਿਪਲੋਮੈਟਾਂ ਦਾ ਕਹਿਣਾ ਹੈ ਕਿ ਪੂਰੀ ਦੁਨੀਆ ਜਾਣਦੀ ਹੈ ਕਿ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਆਈ. ਐੱਸ. ਆਈ.) ਨੇ ਲੰਬੇ ਸਮੇਂ ਤੋਂ ਭਾਰਤ ਖਿਲਾਫ ਅੱਤਵਾਦ ਨੂੰ ਉਤਸ਼ਾਹਿਤ ਕੀਤਾ ਹੈ। ਇੱਕ ਸੂਤਰ ਨੇ ਕਿਹਾ ਕਿ ਇਹ ਉਹੀ ਏਜੰਸੀ ਹੈ ਜਿਸ ਨੇ ਓਸਾਮਾ ਬਿਨ ਲਾਦੇਨ ਨੂੰ ਪਨਾਹ ਦਿੱਤੀ ਸੀ ਅਤੇ ਅਫਗਾਨਿਸਤਾਨ ਵਿੱਚ ਅਮਰੀਕੀ ਸੈਨਿਕਾਂ ਨਾਲ ਲੜਨ ਲਈ ਤਾਲਿਬਾਨ ਨੂੰ ਸੁਰੱਖਿਅਤ ਪਨਾਹ ਦਿੱਤੀ ਸੀ।

ਇਸ ਤੋਂ ਇਲਾਵਾ, ਇਹ ਆਈ.ਐਸ.ਆਈ. ਹੈ ਜੋ ਚੀਨੀਆਂ ਨਾਲ ਮਿਲੀ ਹੋਈ ਹੈ ਅਤੇ ਜੋ ਪਾਕਿਸਤਾਨ ਵਿੱਚ ਬਦਨਾਮ ਕਸ਼ਮੀਰੀ ਖ਼ਾਲਿਸਤਾਨੀ ਖਾੜਕੂਆਂ ਨੂੰ ਪਨਾਹ ਦੇ ਰਹੀ ਹੈ। ਭਾਰਤੀ ਡਿਪਲੋਮੈਟ ਨੇ ਇਹ ਵੀ ਕਿਹਾ ਕਿ ਅਮਰੀਕਾ ਕੋਲ ਵੀ ਇਸ ਬਾਰੇ ਕਾਫ਼ੀ ਜਾਣਕਾਰੀ ਹੈ ਕਿ ਕਿਵੇਂ ਆਈ.ਐਸ.ਆਈ. ਨੇ ਨਵੀਂ ਦਿੱਲੀ ਅਤੇ ਓਟਾਵਾ ਦੇ ਸਬੰਧਾਂ ਨੂੰ ਤਣਾਅਪੂਰਨ ਕਰਨ ਲਈ ਕੈਨੇਡਾ ਵਿੱਚ ਹਰਦੀਪ ਸਿੰਘ ਨਿੱਝਰ ਨੂੰ ਮਾਰਨ ਦੀ ਸਾਜ਼ਿਸ਼ ਰਚੀ ਸੀ। ਤੁਹਾਨੂੰ ਦੱਸ ਦੇਈਏ ਕਿ ਭਾਰਤ ਦਾ ਗੋਦੀ ਮੀਡੀਆ ਤੇ ਭਗਵੇਂਵਾਦੀ ਸ਼ੋਸ਼ਲ ਮੀਡੀਆ ਉੱਪਰ ਭਾਈ ਨਿਝਰ ਤੇ ਭਾਈ ਖੰਡੇ ਦੇ ਕਤਲ ਲਈ

(ਬਾਕੀ ਸਫ਼ਾ 31 'ਤੇ)

# ਬੰਦੀ ਸਿੰਘਾਂ ਦੇ ਮਸਲੇ ਦੀ ਅਗਵਾਈ ਅਕਾਲ ਤਖਤ ਸਾਹਿਬ ਦਾ ਜਥੇਦਾਰ ਕਰੇ

## ਸ਼੍ਰੋਮਣੀ ਕਮੇਟੀ ਦੀ ਅਗਵਾਈ ਵਿੱਚ ਸੰਗਤ ਦੇ ਹੁੰਗਾਰੇ ਦੀ ਸੰਭਾਵਨਾ ਘੱਟ

ਹੁਣੇ ਜਿਹੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੰਦੀ ਸਿੰਘਾਂ ਦੇ ਮਾਮਲੇ 'ਤੇ ਬੁੱਧੀਜੀਵੀਆਂ ਤੇ ਕਾਨੂੰਨੀ ਮਾਹਿਰਾਂ ਨਾਲ ਚੰਡੀਗੜ੍ਹ ਵਿੱਚ ਸ੍ਰੀ ਕਲਗੀਧਰ ਨਿਵਾਸ ਵਿੱਚ ਬੰਦੀ ਸਿੰਘਾਂ ਦੇ ਮਸਲੇ ਬਾਰੇ ਮੀਟਿੰਗ ਕੀਤੀ ਸੀ। ਮੀਟਿੰਗ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਬੰਦੀ ਸਿੰਘਾਂ ਦੇ ਮਾਮਲੇ ਵਿੱਚ ਕੌਮੀ ਤੇ ਮਨੁੱਖੀ ਦਰਦ ਰੱਖਣ ਵਾਲਿਆਂ ਦੀ ਮੀਟਿੰਗ ਵੀ ਜਲਦੀ ਕੀਤੀ ਜਾਵੇਗੀ, ਜਿਸ ਵਿੱਚ ਇਕੱਲੇ ਸਿੱਖ ਹੀ ਨਹੀਂ ਸਗੋਂ ਹਰ ਧਰਮ ਨਾਲ ਸਬੰਧਤ ਲੋਕ ਸ਼ਾਮਲ ਹੋਣਗੇ। ਇਸ ਇਕੱਤਰਤਾ ਵਿੱਚ ਹਾਜ਼ਰ ਬੁੱਧੀਜੀਵੀਆਂ ਤੇ ਵਕੀਲਾਂ ਦੇ ਵਿਚਾਰਾਂ ਦੀ ਪੜਚੋਲ ਕਰ ਕੇ ਸ਼੍ਰੋਮਣੀ ਕਮੇਟੀ ਅਗਲੀ ਰਣਨੀਤੀ ਦਾ ਇੱਕ



ਦਸਤਾਵੇਜ਼ ਤਿਆਰ ਕਰੇਗੀ। ਸ਼ੁਰੂਆਤੀ ਪ੍ਰੋਗਰਾਮ ਤਹਿਤ ਬੰਦੀ ਸਿੰਘਾਂ ਦੀ ਰਿਹਾਈ ਲਈ ਇੱਕ ਸਰਗਰਮ ਪ੍ਰਚਾਰ ਲਹਿਰ ਸ਼ੁਰੂ ਕੀਤੀ ਜਾਵੇਗੀ, ਜਿਸ ਵਿਚ ਦੁਨੀਆ ਤੇ ਸਰਕਾਰਾਂ ਨੂੰ ਇਹ ਦੱਸਿਆ ਜਾਵੇਗਾ ਕਿ ਸਿੱਖ ਬੰਦੀ ਕੋਈ ਪੇਸ਼ੇਵਰ ਅਪਰਾਧੀ ਨਹੀਂ ਸਨ, ਸਗੋਂ ਇਨ੍ਹਾਂ ਨੇ ਕੌਮ 'ਤੇ ਜ਼ੁਲਮ ਵਿਰੁੱਧ ਭਾਵਨਾਵਾਂ ਦੇ ਵਹਿਣ ਵਿੱਚ ਵਹਿ ਕੇ ਕਦਮ ਚੁੱਕੇ ਸਨ। ਧਾਮੀ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ ਦੇਸ਼ ਭਰ ਦੇ ਉਨ੍ਹਾਂ ਕੇਸਾਂ ਦਾ ਇੱਕ ਖਰੜਾ ਤਿਆਰ ਕੀਤਾ ਜਾਵੇਗਾ, ਜਿਨ੍ਹਾਂ ਵਿੱਚ ਫਾਂਸੀ ਜਾਂ ਉਮਰ ਕੈਦ ਦੀਆਂ ਸਜ਼ਾਵਾਂ ਵਾਲੇ ਕੈਦੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਹੋਈ ਹੈ। ਇਹ ਜਾਣਕਾਰੀ ਇਕੱਠੀ ਕਰ ਕੇ ਸਰਕਾਰਾਂ, ਅਦਾਲਤਾਂ ਤੇ ਮਨੁੱਖੀ ਅਧਿਕਾਰਾਂ ਲਈ ਕਾਰਜਸ਼ੀਲ ਸੰਸਥਾਵਾਂ ਤੱਕ ਪਹੁੰਚ ਕਰੇਗੀ। ਇਸ ਕਾਰਜ ਲਈ ਸੀਨੀਅਰ ਵਕੀਲਾਂ ਤੇ ਦੇਸ਼ ਭਰ ਵਿਚ ਮਾਨਵੀ ਹਿੱਤਾਂ ਦੀ ਰਖਵਾਲੀ ਕਰਨ ਵਾਲੇ ਨੁਮਾਇੰਦਿਆਂ ਦਾ ਸਹਿਯੋਗ ਲਿਆ ਜਾਵੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਜਲਦੀ ਹੀ ਜੇਲ੍ਹ ਵਿੱਚ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕੀਤੀ ਜਾਵੇਗੀ।

(ਬਾਕੀ ਸਫ਼ਾ 31 'ਤੇ)

# ਮੁਸਲਮਾਨ ਬਾਰੇ ਭਗਵਿਆਂ ਦੇ ਨਫ਼ਰਤ ਭਰੇ ਭਾਸ਼ਣ ਜ਼ਹਿਰੀਲੇ ਹੋਏ

## ਪ੍ਰਵੀਨ ਤੋਗੜੀਆ ਅਤੇ ਲਤਾ ਸਿੰਘ ਠਾਕੁਰ ਹਿੰਦੂ ਭਾਈਚਾਰੇ ਨੂੰ ਭੜਕਾਉਣ ਲੱਗੇ





ਹਾਲ ਹੀ ਦੇ ਹਫ਼ਤਿਆਂ ਵਿੱਚ, ਪ੍ਰਵੀਨ ਤੋਗੜੀਆ ਅਤੇ ਲਤਾ ਸਿੰਘ ਠਾਕੁਰ ਵਰਗੇ ਹਿੰਦੂਤਵੀ ਨੇਤਾ ਮੁਸਲਮਾਨਾਂ ਬਾਰੇ ਹਿੰਦੂ ਭਾਈਚਾਰੇ ਵਿਚ ਡਰ ਫੈਲਾਉਣ ਵਿੱਚ ਲੱਗੇ ਹੋਏ ਹਨ, ਜਿਸ ਵਿੱਚ ਮੁਸਲਮਾਨ ਨਫ਼ਰਤ ਅਤੇ ਸ਼ੱਕ ਦਾ ਵਿਸ਼ਾ ਹਨ। ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਨਫ਼ਰਤ ਭਰੇ ਫਿਰਕੂ ਭਾਸ਼ਣ ਦਾ ਤੇਜ਼ੀ ਨਾਲ ਵਧਦਾ ਰੁਝਾਨ ਦੇਖਿਆ ਜਾ ਰਿਹਾ ਹੈ।

ਗੋਹਾਨਾ, ਸੋਨੀਪਤ ਤੋਂ, ਜਿੱਥੇ ਹਿੰਦੂਤਵੀ ਨੇਤਾ ਪ੍ਰਵੀਨ ਤੋਗੜੀਆ ਨੇ ਕਥਿਤ ਤੌਰ 'ਤੇ ਨਵੀਂ ਦਿੱਲੀ ਤੋਂ, ਫਿਰਕੂ ਭਾਸ਼ਣ ਦਿੱਤਾ, ਜਿੱਥੇ ਹਿੰਦੂ ਧਰਮਸੈਨਾ ਚੰਡੀ ਵਾਹਿਨੀ ਦੀ ਲਤਾ ਸਿੰਘ ਠਾਕੁਰ ਵਰਗੀਆਂ ਸ਼ਖਸੀਅਤਾਂ ਨੇ ਹਿੰਦੂ ਰਾਸ਼ਟਰ ਸੰਮੇਲਨ ਸਮਾਗਮ ਵਿੱਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾ ਕੇ ਨਫ਼ਰਤ ਭਰੇ ਭਾਸ਼ਣ ਦਿੱਤੇ ਸਨ।

ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੇ ਅਨੁਸਾਰ, ਪਿਛਲੇ ਸੱਤ ਸਾਲਾਂ ਵਿੱਚ, ਭਾਰਤ ਵਿੱਚ ਨਫ਼ਰਤ ਵਾਲੇ ਭਾਸ਼ਣ ਕਾਨੂੰਨਾਂ ਦੇ ਤਹਿਤ ਦਰਜ ਕੀਤੇ ਗਏ ਮਾਮਲਿਆਂ ਵਿੱਚ 500% ਦਾ ਵਾਧਾ ਹੋਇਆ ਹੈ। ਅੰਕੜੇ ਦਰਸਾਉਂਦੇ ਹਨ ਕਿ ਨਫਰਤ ਭਰੇ ਭਾਸ਼ਣ ਦੇ ਅਪਰਾਧਾਂ ਵਿੱਚ ਛੇ ਗੁਣਾ ਵਾਧਾ ਹੋਇਆ ਹੈ।2014 ਵਿੱਚ ਸਭ ਤੋਂ ਘੱਟ 323 ਕੇਸ ਦਰਜ ਕੀਤੇ ਗਏ ਅਤੇ 2020 ਵਿੱਚ ਸਭ ਤੋਂ ਵੱਧ 1,804 ਕੇਸ ਦਰਜ ਕੀਤੇ ਗਏ। ਸਾਰੇ ਰਾਜਾਂ ਵਿੱਚੋਂ, ਤਾਮਿਲਨਾਡੂ ਵਿੱਚ ਸਭ ਤੋਂ ਵੱਧ 303 ਕੇਸ ਦਰਜ ਕੀਤੇ ਗਏ, ਇਸ ਤੋਂ ਬਾਅਦ ਉੱਤਰ ਪ੍ਰਦੇਸ਼ ਵਿੱਚ 243 ਅਤੇ ਤੇਲੰਗਾਨਾ ਵਿੱਚ 151 ਕੇਸ ਹਨ।

ਇਸ ਤੋਂ ਇਲਾਵਾ, ਨਫ਼ਰਤ ਉਪਰ ਨਿਗਰਾਨੀ ਰਖਣ ਦੇ ਲਈ ਸਮਰਪਿਤ ਇੱਕ ਸੰਗਠਨ ਹਿੰਦੂਤਵਾ ਵਾਚ ਨੇ ਇਕੱਲੇ 2023 ਦੇ ਪਹਿਲੇ ਅੱਧ ਵਿੱਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਂਣ ਵਾਲੇ ਨਫ਼ਰਤੀ ਭਾਸ਼ਣਾਂ ਦੇ ਇਕੱਠਾਂ ਦੀਆਂ ਲਗਭਗ 255 ਘਟਨਾਵਾਂ ਦਾ ਦਸਤਾਵੇਜ਼ੀਕਰਨ ਕੀਤਾ ਹੈ। ਦਿਲਚਸਪ ਗੱਲ ਇਹ ਹੈ ਕਿ ਇਨ੍ਹਾਂ ਵਿੱਚੋਂ ਲਗਭਗ 70% ਘਟਨਾਵਾਂ ਉਨ੍ਹਾਂ ਰਾਜਾਂ ਵਿੱਚ ਹੋਈਆਂ ਜਿੱਥੇ 2023 ਅਤੇ 2024 ਵਿੱਚ ਚੋਣਾਂ ਹੋਣੀਆਂ ਹਨ।

(ਬਾਕੀ ਸਫ਼ਾ 31 'ਤੇ)

# ਡੀਪਫੇਕ ਟੈਕਨਾਲੋਜੀ 'ਤੇ ਪ੍ਰਧਾਨ ਮੰਤਰੀ ਚਿੰਤਾ ਕਰਨ ਦੀ ਥਾਂ ਗੋਦੀ ਮੀਡੀਆ ਤੇ ਫਿਰਕੂਵਾਦ 'ਤੇ ਚਿੰਤਾ ਕਰਨ

ਪ੍ਰਧਾਨ ਮੰਤਰੀ ਮੋਦੀ ਨੇ ਹੁਣੇ ਜਿਹੇ ਭਾਜਪਾ ਵਰਕਰਾਂ ਨੂੰ ਸੰਬੋਧਿਤ ਕਰਦੇ ਹੋਏ, ਡੀਪ ਫੇਕ 'ਤੇ ਚਿੰਤਾ ਜ਼ਾਹਰ ਕੀਤੀ। ਪ੍ਰਧਾਨ ਮੰਤਰੀ ਨੇ ਸੋਸ਼ਲ ਮੀਡੀਆ 'ਤੇ ਸਾਹਮਣੇ ਆ ਰਹੀ ਇੱਕ ਵੀਡੀਓ ਦਾ ਜ਼ਿਕਰ ਕੀਤਾ, ਜਿਸ ਵਿੱਚ ਉਹ ਗਰਬਾ ਕਰਦੇ ਨਜ਼ਰ ਆ ਰਹੇ ਹਨ ਪਰ ਪ੍ਰਧਾਨ ਮੰਤਰੀ ਦਾ ਇਹ ਦਾਅਵਾ ਝੂਠਾ ਨਿਕਲਿਆ ਕਿਉਂਕਿ ਉਸ ਵੀਡੀਓ ਵਿੱਚ ਪ੍ਰਧਾਨ ਮੰਤਰੀ ਨਹੀਂ, ਸਗੋਂ ਉਨ੍ਹਾਂ ਦੀ ਦਿੱਖ ਵਾਲਾ ਹੀ ਗਰਬਾ ਕਰ ਰਿਹਾ ਸੀ । ਉਹ ਵੀਡੀਓ ਅਸਲ ਵੀਡੀਓ ਸੀ। ਡੀਪਫੇਕ ਇੱਕ ਅਜਿਹੀ ਤਕਨੀਕ ਹੈ ਜਿਸ ਦੀ ਮਦਦ ਨਾਲ ਕਿਸੇ ਵੀ ਆਡੀਓ-ਵਿਜ਼ੂਅਲ ਫਾਈਲ ਵਿਚਲੀ ਆਵਾਜ਼ ਜਾਂ ਤਸਵੀਰ ਨੂੰ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਮਦਦ



ਨਾਲ ਬਦਲਿਆ ਜਾ ਸਕਦਾ ਹੈ- ਕਿਸੇ ਦੀ ਆਵਾਜ਼ ਨੂੰ ਕਿਸੇ ਹੋਰ ਦੀ ਆਵਾਜ਼ ਵਿੱਚ ਬਦਲਿਆ ਜਾ ਸਕਦਾ ਹੈ, ਜਾਂ ਕਿਸੇ ਦਾ ਚਿਹਰਾ ਕਿਸੇ ਹੋਰ ਦੇ ਚਿਹਰੇ ਨਾਲ ਬਦਲਿਆ ਜਾ ਸਕਦਾ ਹੈ। ਹਾਲ ਹੀ 'ਚ ਅਭਿਨੇਤਰੀ ਰਸ਼ਮਿਕਾ ਮੰਧਾਨਾ ਨੇ ਸੋਸ਼ਲ ਮੀਡੀਆ 'ਤੇ ਆਪਣੀ ਡੀਪਫੇਕ ਫੋਟੋ ਵਾਇਰਲ ਹੋਣ ਦੀ ਸ਼ਿਕਾਇਤ ਕੀਤੀ ਸੀ। ਇਸ ਤੋਂ ਬਾਅਦ ਅਮਿਤਾਭ ਬੱਚਨ ਅਤੇ ਕਰਿਸ਼ਮਾ ਕਪੂਰ ਨੇ ਵੀ ਇਸ ਨੂੰ ਖਤਰਨਾਕ ਕਿਹਾ ਸੀ।

ਹੈਰਾਨੀ ਦੀ ਗੱਲ ਇਹ ਹੈ ਕਿ ਡੀਪ ਫੇਕ 'ਤੇ ਚਿੰਤਾ ਜ਼ਾਹਿਰ ਕਰਨ ਦੇ ਬਾਵਜੂਦ ਪ੍ਰਧਾਨ ਮੰਤਰੀ ਸਮੇਤ ਕਿਸੇ ਨੇ ਵੀ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਿਆਪਕ ਵਰਤੋਂ ਅਤੇ ਇਸ ਨਾਲ ਹੋਣ ਵਾਲੇ ਨੁਕਸਾਨ ਬਾਰੇ ਕੁਝ ਨਹੀਂ ਕਿਹਾ। ਅਮਰੀਕਾ ਅਤੇ ਯੂਰਪ ਦੇ ਕਈ ਦੇਸ਼ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਅਤੇ ਫੈਲਾਅ ਨੂੰ ਰੋਕਣਾ ਚਾਹੁੰਦੇ ਹਨ, ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਵਿਕਾਸ ਨਾਲ ਜੁੜੇ ਵਿਗਿਆਨੀ ਵੀ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ

(ਬਾਕੀ ਸਫ਼ਾ 31 'ਤੇ)

# ਕਿਉਂ ਹੁੰਦੈ ਗ਼ੈਰ ਕਾਨੂੰਨੀ ਪਰਵਾਸ?

## ਪੰਜਾਬੀ ਕਿਉਂ ਹੁੰਦੇ ਨੇ ਗ਼ੈਰ ਕਾਨੂੰਨੀ ਢੰਗ ਨਾਲ ਬਾਹਰ ਜਾਣ ਨੂੰ ਮਜਬੂਰ?





## ਅਮਰੀਕਾ ਵਿੱਚ ਨਾਜਾਇਜ਼ ਤੌਰ 'ਤੇ ਰਹਿਣ 'ਚ ਤੀਜੇ ਨੰਬਰ 'ਤੇ ਹਨ ਭਾਰਤੀ

ਪਰਵਾਸ ਅਤੇ ਗ਼ੈਰ ਕਾਨੂੰਨੀ ਪਰਵਾਸ ਇੱਕੋ ਸਿੱਕੇ ਦੇ ਦੋ ਪਾਸੇ ਹਨ। ਜਿੱਥੇ ਵੱਡੀ ਗਿਣਤੀ ਪੰਜਾਬੀ ਜਾਇਜ਼ ਤਰੀਕਿਆਂ ਨਾਲ ਪਰਵਾਸ ਕਰਕੇ ਪੰਜਾਬ ਨੂੰ ਛੱਡ ਦੇ ਵਿਦੇਸ਼ਾਂ 'ਚ ਜਾ ਰਹੇ ਹਨ, ਉਥੇ ਵੱਡੀ ਗਿਣਤੀ ਪੰਜਾਬੀ ਗ਼ੈਰ ਕਾਨੂੰਨੀ ਪਰਵਾਸ ਕਰਨ ਲਈ ਵੀ ਮਜਬੂਰ ਹਨ। ਯੂ.ਐਨ.ਓ. ਦੀ ਇੱਕ ਰਿਪੋਰਟ ਅਨੁਸਾਰ ਪੰਜਾਬ ਵਿਚੋਂ ਹਰ ਸਾਲ 20 ਹਜ਼ਾਰ ਤੋਂ ਵੱਧ ਵਿਅਕਤੀ ਯੂਰਪੀ ਮੁਲਕਾਂ ਨੂੰ ਗ਼ੈਰ ਕਾਨੂੰਨੀ ਤਰੀਕਿਆਂ ਨਾਲ ਪਰਵਾਸ ਕਰਨ ਲਈ ਤਿਆਰ ਰਹਿੰਦੇ ਹਨ। ਪੰਜਾਬ ਵਿਚੋਂ ਗ਼ੈਰ ਕਾਨੂੰਨੀ ਪਰਵਾਸ ਰੋਕਣ ਅਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਨੌਕਰੀ ਲਈ ਨਿਪੁੰਨ ਬਣਾਉਣ ਦੇ ਮਾਮਲੇ ਵਿੱਚ ਸੂਬੇ ਦੀ ਕਾਰਗੁਜ਼ਾਰੀ ਅਜੇ ਫਿੱਕੀ ਨਜ਼ਰ ਆ ਰਹੀ ਹੈ। ਪੰਜਾਬ ਸਰਕਾਰ ਨੇ ਕਾਗ਼ਜ਼ਾਂ ਦਾ 'ਢਿੱਡ' ਭਰਨ ਲਈ ਤਾਂ ਕਾਫ਼ੀ ਭੱਜ - ਨੱਠ ਕੀਤੀ ਹੈ ਪਰ ਇਸ ਨੂੰ ਅਮਲੀ ਜਾਮਾ ਪਹਿਨਾਏ ਜਾਣ ਦੀ ਲੋੜ ਹੈ, ਨਹੀਂ ਤਾਂ ਗ਼ੈਰ ਕਾਨੂੰਨੀ ਪਰਵਾਸ ਹੋਰ ਪਤਾ ਨਹੀਂ ਕਿੰਨੀਆਂ ਮਾਵਾਂ ਦੀਆਂ ਕੁੱਖਾਂ ਸੁੰਨੀਆਂ ਕਰ ਦੇਵੇ।

ਇੱਕ ਰਿਪੋਰਟ ਮੁਤਾਬਕ ਪਿਛਲੇ 20 ਸਾਲਾਂ ਦੌਰਾਨ ਮਨੁੱਖੀ ਤਸਕਰੀ ਕਰਨ ਵਾਲੇ ਸਮੂਹਾਂ ਨੇ ਇੱਕ ਪੂਰਾ ਉਦਯੋਗ ਸਥਾਪਿਤ ਕਰ ਲਿਆ ਹੈ। ਇਹਨਾਂ ਦਾ ਨੈਟਵਰਕ ਏਨਾ ਜ਼ਿਆਦਾ ਮਜ਼ਬੂਤ ਹੁੰਦਾ ਹੈ ਕਿ ਇਹ ਹਮੇਸ਼ਾ ਪੁਲਿਸ ਅਤੇ ਸਰਕਾਰ ਤੋਂ ਬਚੇ ਰਹਿੰਦੇ ਹਨ। ਇਹ ਅਕਸਰ ਆਪਣੀ ਪਹਿਚਾਣ ਵੀ ਬਦਲਦੇ ਰਹਿੰਦੇ ਹਨ ਅਤੇ ਵੱਖ ਵੱਖ ਮੁਲਕਾਂ ਵਿੱਚ ਵੱਖ ਵੱਖ ਨਾਵਾਂ ਹੇਠ ਆਪਣਾ ਮਨੁੱਖੀ ਤਸਕਰੀ ਦਾ ਕੰਮ ਧੰਦਾ ਚਲਾਉਂਦੇ ਹਨ। ਵਿਦੇਸ਼ ਜਾਣ ਦੇ ਚਾਹਵਾਨ ਲੋਕਾਂ ਨੂੰ ਜਦੋਂ ਜਾਇਜ਼ ਤਰੀਕੇ ਨਾਲ ਵੀਜ਼ਾ ਨਹੀਂ ਮਿਲਦਾ ਤਾਂ ਉਹ ਇਹਨਾਂ ਮਨੁੱਖੀ ਤਸਕਰਾਂ ਦੇ ਜਾਲ ਵਿੱਚ ਫਸ ਜਾਂਦੇ ਹਨ ਅਤੇ ਗ਼ੈਰ ਕਾਨੂੰਨੀ ਪਰਵਾਸ ਕਰਨ ਲਈ ਮਜਬੂਰ ਹੋ ਜਾਂਦੇ ਹਨ। ਇਹ ਠੱਗ ਏਜੰਟ ਅਕਸਰ ਮੋਟੀ ਕਮਾਈ ਕਰਨ ਦੇ ਲਾਲਚ ਵਿੱਚ ਆਮ ਭੋਲੇ ਭਾਲੇ ਪੰਜਾਬੀਆਂ ਨੂੰ ਅਮਰੀਕਾ ਤੇ ਕੈਨੇਡਾ ਵਰਗੇ ਮੁਲਕਾਂ ਵਿੱਚ ਭੇਜਣ ਦਾ ਸੁਪਨਾ ਦਿਖਾ ਕੇ ਜਹਾਜ਼ ਚੜ੍ਹਾ ਕੇ ਅਜਿਹੇ ਮੁਲਕਾਂ ਵਿੱਚ ਭੇਜ ਦਿੰਦੇ ਹਨ, ਜਿਨ੍ਹਾਂ ਮੁਲਕਾਂ ਦਾ ਇਹਨਾਂ ਪੰਜਾਬੀਆਂ ਨੇ ਪਹਿਲਾਂ ਕਦੇ ਨਾਮ ਵੀ ਨਹੀਂ ਸੁਣਿਆ ਹੁੰਦਾ ਅਤੇ ਇਹ ਪੰਜਾਬੀ ਉਥੇ ਪੈਸੇ ਅਤੇ ਭਾਸ਼ਾ ਦੀ ਸਮੱਸਿਆ ਕਾਰਨ ਆਪਣਾ ਪੱਖ ਨਹੀਂ ਦਸ ਸਕਦੇ, ਜਿਸ ਕਾਰਨ ਅਨੇਕਾਂ ਪੰਜਾਬੀ ਬੇਗਾਨੇ ਮੁਲਕਾਂ ਦੀ ਜੇਲ੍ਹਾਂ ਵਿੱਚ ਰੁਲਦੇ ਰਹਿੰਦੇ ਹਨ। ਇਸ ਤੋਂ ਇਲਾਵਾ ਵੱਡੀ ਗਿਣਤੀ ਪੰਜਾਬੀ 'ਡੌਂਕੀ ਸਿਸਟਮ' ਰਾਹੀਂ ਵੀ ਅਮਰੀਕਾ, ਕੈਨੇਡਾ ਅਤੇ ਹੋਰ ਮੁਲਕਾਂ ਨੂੰ ਜਾਣ ਲਈ ਤਰਜੀਹ ਦਿੰਦੇ ਹਨ।

ਏਜੰਟ ਮਾਪਿਆਂ ਦੇ ਰੀਝਾਂ ਨਾਲ ਪਾਲੇ ਪੁੱਤਰਾਂ ਨੂੰ ਪਨਾਮਾ ਵਰਗੇ ਦੇਸ਼ਾਂ ਦੇ ਖਤਰਨਾਕ ਜੰਗਲਾਂ ਵਿੱਚ ਮਰਨ ਲਈ ਤੋਰ ਦਿੰਦੇ ਹਨ। ਜੰਗਲਾਂ ਵਿੱਚ ਭੁੱਖ, ਪਿਆਸ ਤੇ ਜ਼ਹਿਰੀਲੇ ਜਾਨਵਰ ਉਹਨਾਂ ਦੀ ਮੌਤ ਦਾ ਕਾਰਨ ਬਣਦੇ ਹਨ। ਕਈ ਵਾਰ ਉਹ ਲੁਟੇਰੇ ਗੈਂਗਾਂ ਦਾ ਨਿਸ਼ਾਨਾ ਵੀ ਬਣ ਜਾਂਦੇ ਹਨ। ਸਾਰੇ ਖ਼ਤਰੇ ਹੰਢਾਉਂਦਿਆਂ ਉਹਨਾਂ ਦਾ ਇੱਕੋ ਮਕਸਦ ਹੈ ਮੈਕਸੀਕੋ ਵਾਲੀ ਕੰਧ ਟੱਪਣੀ ਹੁੰਦਾ ਹੈ, ਜਿਸ ਤੋਂ ਅੱਗੇ ਸੁਪਨਿਆਂ ਦੀ ਉਹ ਧਰਤੀ ਹੈ, ਜਿੱਥੇ ਪਹੁੰਚਣ ਲਈ ਜ਼ਮੀਨਾਂ ਵੇਚ ਕੇ 30-30 ਲੱਖ ਤੱਕ ਏਜੰਟਾਂ ਨੂੰ ਦਿੱਤੇ ਹੁੰਦੇ ਹਨ। ਪਰ ਉਸ ਕੰਧ ਨੂੰ ਟੱਪ ਸਕਣਾ ਹਰ ਕਿਸੇ ਦੇ ਹਿੱਸੇ ਨਹੀਂ ਹੁੰਦਾ। ਇਨ੍ਹਾਂ ਵਿੱਚੋਂ ਕਈ ਪੰਜਾਬੀ ਤਾਂ ਆਪਣੀ ਮੰਜ਼ਿਲ 'ਤੇ ਕਿਸੇ ਨਾ ਕਿਸੇ ਤਰਾਂ ਪਹੁੰਚ ਜਾਂਦੇ ਹਨ, ਜਦੋਂ ਕਿ ਵੱਡੀ ਗਿਣਤੀ ਪੰਜਾਬੀ ਰਸਤੇ ਵਿੱਚ ਪੈਂਦੇ ਜੰਗਲਾਂ ਵਿੱਚ ਹੀ ਗੁੰਮ ਹੋ ਜਾਂਦੇ ਹਨ ਜਾਂ ਮਾਰੇ ਜਾਂਦੇ ਹਨ।

ਵਿਦੇਸ਼ੀ ਧਰਤੀ ਦੀ ਖਿੱਚ, ਡਾਲਰਾਂ ਅਤੇ ਪੌਂਡਾਂ ਦੀ ਚਮਕ ਹੀ ਅਜਿਹੀ ਹੈ, ਕਿ ਵੱਡੀ ਗਿਣਤੀ ਪੰਜਾਬੀ ਵਿਦੇਸ਼ ਜਾਣ ਲਈ ਹਰ ਤਰੀਕਾ ਅਪਨਾਉਣ ਲਈ ਤਿਆਰ ਰਹਿੰਦੇ ਹਨ। ਇਹਨਾਂ ਪੰਜਾਬੀਆਂ ਨੂੰ ਹਰ ਸਮੇਂ ਡਾਲਰਾਂ ਤੇ ਪੌਂਡਾਂ ਦੇ ਬਦਲੇ ਮਿਲਦੇ ਭਾਰਤੀ ਨੋਟ ਦਿਖਾਈ ਦਿੰਦੇ ਹਨ ਅਤੇ ਇਹ ਪੰਜਾਬੀ ਹਮੇਸ਼ਾ ਇਸੇ ਹਿਸਾਬ ਕਿਤਾਬ ਵਿੱਚ ਲੱਗੇ ਰਹਿੰਦੇ ਹਨ ਕਿ ਉਹਨਾਂ ਵੱਲੋਂ ਵਿਦੇਸ਼ਾਂ ਵਿੱਚ ਕਮਾਏ ਡਾਲਰਾਂ ਦੇ ਪੰਜਾਬ ਵਿੱਚ ਕਿੰਨੇ ਰੁਪਏ ਬਣ ਜਾਣਗੇ।

## ਗ਼ੈਰ ਕਾਨੂੰਨੀ ਪਰਵਾਸ ਦੇ ਕਾਰਨ



ਗ਼ੈਰ ਕਾਨੂੰਨੀ ਪਰਵਾਸ ਦੇ ਅਨੇਕਾਂ ਕਾਰਨ ਹਨ। ਇਥੇ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਸਿਰਫ਼ ਪੰਜਾਬੀ ਹੀ ਗ਼ੈਰ ਕਾਨੂੰਨੀ ਪਰਵਾਸ ਨਹੀਂ ਕਰਦੇ ਸਗੋਂ ਭਾਰਤ ਦੇ ਹੋਰਨਾਂ ਸੂਬਿਆਂ ਦੇ ਲੋਕ ਵੀ ਗ਼ੈਰ ਕਾਨੂੰਨੀ ਪਰਵਾਸ ਕਰਦੇ ਹਨ ਪਰ ਪੰਜਾਬੀਆਂ ਦੀ ਗਿਣਤੀ ਗ਼ੈਰ ਕਾਨੂੰਨੀ ਪਰਵਾਸ ਕਰਨ ਵਾਲਿਆਂ ਵਿੱਚ ਕਾਫ਼ੀ ਹੁੰਦੀ ਹੈ। ਅਸਲ ਵਿੱਚ ਜਦੋਂ ਅਨੇਕਾਂ ਪੰਜਾਬੀਆਂ ਨੂੰ ਕਿਸੇ ਕਾਰਨ ਅਮਰੀਕਾ ਜਾਂ ਕੈਨੇਡਾ ਜਾਂ ਕਿਸੇ ਵੱਡੇ ਮੁਲਕ ਦਾ ਵੀਜ਼ਾ ਨਹੀਂ ਮਿਲਦਾ ਤਾਂ ਉਹ ਗ਼ੈਰ ਕਾਨੂੰਨੀ ਪਰਵਾਸ ਕਰਨ ਨੂੰ ਤਰਜੀਹ ਦਿੰਦੇ ਹਨ। ਪੰਜਾਬ ਵਿੱਚ ਹੁਣ ਇਹ ਰਿਵਾਜ ਹੀ ਪੈ ਗਿਆ ਹੈ ਕਿ ਪੰਜਾਬ ਵਿੱਚ ਰਹਿਣ ਦੀ ਥਾਂ ਹਰ ਪੰਜਾਬੀ ਪਰਵਾਸ ਕਰਕੇ ਵਿਦੇਸ਼ ਜਾਣਾ ਚਾਹੁੰਦਾ ਹੈ, ਇਸੇ ਕਰਕੇ ਪੰਜਾਬ ਦੇ ਲੋਕ ਵਿਦੇਸ਼ ਜਾ ਰਹੇ ਹਨ।

ਪੰਜਾਬ ਵਿੱਚ ਰੁਜ਼ਗਾਰ ਦੀ ਘਾਟ, ਹਰ ਪਾਸੇ ਫੈਲੇ ਨਸ਼ੇ, ਅਮਨ ਕਾਨੂੰਨ ਦੀ ਸਥਿਤੀ, ਨਵੰਬਰ ਮਹੀਨੇ ਦੌਰਾਨ ਪੰਜਾਬ ਵਿੱਚ ਹਰ ਪਾਸੇ ਫੈਲਦਾ ਪਰਾਲੀ ਦਾ ਧੂੰਆਂ,ਖ਼ੂਨ ਪੀਣੀਆਂ ਸੜਕਾਂ, ਆਪੋਧਾਪੀ ਦਾ ਮਾਹੌਲ, ਈਰਖ਼ਾਬਾਜ਼ੀ, ਆਪਸੀ ਸਾੜਾ, ਹਰ ਪਾਸੇ ਫੈਲਿਆ ਭ੍ਰਿਸ਼ਟਾਚਾਰ, ਪੰਜਾਬ 'ਚ ਮਿਹਨਤਾਂ ਦਾ ਮੁੱਲ ਨਾ ਪੈਣਾ ਵਰਗੇ ਅਜਿਹੇ ਕਾਰਨ ਹਨ, ਜਿਨ੍ਹਾਂ ਕਰਕੇ ਪੰਜਾਬੀ ਪੰਜਾਬ ਨੂੰ ਬੇਦਾਵਾ ਦੇ ਰਹੇ ਹਨ। ਇਸ ਤੋਂ ਇਲਾਵਾ ਕਈ ਸਾਲ ਪਹਿਲਾਂ ਵਿਦੇਸ਼ ਗਈ ਪੰਜਾਬੀਆਂ ਵੱਲੋਂ ਆਪਣੇ ਪਿੰਡਾਂ ਵਿੱਚ ਪਾਈਆਂ ਗਈਆਂ ਆਲੀਸ਼ਾਨ ਕੋਠੀਆਂ, ਮਹੱਲਾਂ ਵਰਗੇ ਘਰਾਂ ਨੂੰ ਵੇਖ ਕੇ ਅਤੇ ਐਨ.ਆਰ.ਆਈ. ਪੰਜਾਬੀਆਂ ਦੀ ਸ਼ਾਨੋ ਸ਼ੌਕਤ ਵੇਖ ਕੇ ਆਮ ਪੰਜਾਬੀ ਵੀ ਵਿਦੇਸ਼ ਜਾਣ ਨੂੰ ਤਰਜੀਹ ਦਿੰਦੇ ਹਨ। ਕੈਨੇਡਾ ਅਤੇ ਅਮਰੀਕਾ ਪੰਜਾਬੀਆਂ ਦੀ ਪਹਿਲੀ ਪਸੰਦ ਹਨ ਅਤੇ ਪੰਜਾਬੀ ਹਰ ਤਰੀਕਾ ਵਰਤ ਕੇ ਇਹਨਾਂ ਮੁਲਕਾਂ ਵਿੱਚ ਜਾਣਾ ਚਾਹੁੰਦੇ ਹਨ। ਵਿਦੇਸ਼ ਜਾਣ ਲਈ ਜਦੋਂ ਅਨੇਕਾਂ ਪੰਜਾਬੀਆਂ ਨੂੰ ਜਾਇਜ਼ ਰਸਤਾ ਨਹੀਂ ਮਿਲਦਾ ਤਾਂ ਉਹ ਗ਼ੈਰ ਕਾਨੂੰਨੀ ਪਰਵਾਸ ਕਰਨ ਲਈ ਮਜਬੂਰ ਹੁੰਦੇ ਹਨ।

## ਅਮਰੀਕਾ 'ਚ 7.25 ਲੱਖ ਗ਼ੈਰ ਕਾਨੂੰਨੀ ਭਾਰਤੀ



ਅਮਰੀਕਾ 'ਚ ਭਾਰਤੀਆਂ ਦੇ ਵੱਡੀ ਗਿਣਤੀ 'ਚ ਨਾਜਾਇਜ਼ ਤੌਰ 'ਤੇ ਰਹਿਣ ਦਾ ਹੈਰਾਨ ਕਰਨ ਵਾਲਾ ਖੁਲਾਸਾ ਹੋਇਆ ਹੈ। ਅਮਰੀਕਾ 'ਚ ਨਾਜਾਇਜ਼ ਤੌਰ 'ਤੇ ਰਹਿ ਰਹੇ ਪਰਵਾਸੀਆਂ ਦੀ ਤੀਜੀ ਸਭ ਤੋਂ ਵੱਡੀ ਆਬਾਦੀ ਭਾਰਤੀਆਂ ਦੀ ਹੈ। ਮੌਜੂਦਾ ਸਮੇਂ 'ਚ 7.25 ਲੱਖ ਭਾਰਤੀ ਅਮਰੀਕਾ ਦੇ ਵੱਖ-ਵੱਖ ਸੂਬਿਆਂ 'ਚ ਨਾਜਾਇਜ਼ ਤੌਰ 'ਤੇ ਰਹਿ ਰਹੇ ਹਨ। ਅਮਰੀਕਾ 'ਚ ਨਾਜਾਇਜ਼ ਤੌਰ 'ਤੇ ਰਹਿਣ ਵਾਲਿਆਂ 'ਚ ਮੈਕਸੀਕੋ ਤੇ ਅਲ ਸਲਵਾਡੋਰ ਦੇ ਲੋਕ ਕ੍ਰਮਵਾਰ ਪਹਿਲੇ ਤੇ ਦੂਜੇ ਨੰਬਰ 'ਤੇ ਹਨ। 'ਪਿਊ ਰਿਸਰਚ ਸੈਂਟਰ' ਨੇ ਦੱਸਿਆ ਕਿ 2021 ਤੱਕ 1.05 ਕਰੋੜ ਨਾਜਾਇਜ਼ ਤੌਰ 'ਤੇ ਰਹਿੰਦੇ ਪਰਵਾਸੀ ਅਮਰੀਕਾ ਦੀ ਕੁੱਲ ਆਬਾਦੀ ਦਾ ਤਿੰਨ ਫੀਸਦੀ ਤੇ ਵਿਦੇਸ਼ 'ਚ ਜੰਮੀ ਆਬਾਦੀ ਦਾ 22 ਫੀਸਦੀ ਅਗਵਾਈ ਕਰਦੇ ਹਨ। ਰਿਪੋਰਟ 'ਚ ਦੱਸਿਆ ਗਿਆ ਹੈ ਕਿ 2017 ਤੋਂ 2021 ਵਿਚਾਲੇ ਭਾਰਤ, ਬ੍ਰਾਜ਼ੀਲ, ਕੈਨੇਡਾ ਤੇ ਪੂਰਬੀ ਸੋਵੀਅਤ ਸੰਘ ਦੇ ਦੇਸ਼ਾਂ ਤੋਂ ਆਉਣ ਵਾਲੇ ਨਾਜਾਇਜ਼ ਪਰਵਾਸੀਆਂ 'ਚ ਤੇਜ਼ੀ ਨਾਲ ਵਾਧਾ ਹੋਇਆ। ਅਮਰੀਕੀ ਸਰਹੱਦ ਟੈਕਸ ਤੇ ਸਰਹੱਦ ਸੁਰੱਖਿਆ ਦੇ ਨਵੇਂ ਅੰਕੜਿਆਂ ਅਨੁਸਾਰ, ਵੱਡੀ ਗਿਣਤੀ 'ਚ ਭਾਰਤੀ ਪਰਵਾਸੀ ਬਿਨਾਂ ਦਸਤਾਵੇਜ਼ਾਂ ਦੇ ਪੈਦਲ ਹੀ ਅਮਰੀਕੀ ਸਰਹੱਦ ਪਾਰ ਕਰ ਰਹੇ ਹਨ। ਅਕਤੂਬਰ 2022 ਤੋਂ ਸਤੰਬਰ 2023 ਤੱਕ 96917 ਭਾਰਤੀਆਂ ਨੂੰ ਬਿਨਾਂ ਦਸਤਾਵੇਜ਼ਾਂ ਦੇ ਅਮਰੀਕਾ 'ਚ ਦਾਖਲਾ ਕਰਨ ਕਾਰਨ ਫੜਿਆ ਗਿਆ। ਕੋਵਿਡ ਤੋਂ ਬਾਅਦ ਸਰਹੱਦਾਂ ਖੁੱਲ੍ਹਣ 'ਤੇ ਅਮਰੀਕਾ 'ਚ ਬਿਨਾਂ ਦਸਤਾਵੇਜ਼ਾਂ ਦੇ ਦਾਖਲ ਹੋਣ ਵਾਲੇ ਭਾਰਤੀਆਂ ਦੀ ਗਿਣਤੀ ਵਧੀ ਹੈ। ਵਿੱਤੀ ਸਾਲ 2021 'ਚ 30662 ਤੇ ਵਿੱਤੀ ਸਾਲ 2022 'ਚ 63927 ਭਾਰਤੀ ਬਿਨਾਂ ਦਸਤਾਵੇਜ਼ ਅਮਰੀਕਾ 'ਚ ਦਾਖਲ ਹੋਏ। ਅਮਰੀਕਾ ਦੇ ਫਲੋਰੀਡਾ, ਵਾਸ਼ਿੰਗਟਨ 'ਚ ਨਾਜਾਇਜ਼ ਤੌਰ 'ਤੇ ਰਹਿ ਰਹੇ ਪਰਵਾਸੀਆਂ ਦੀ ਗਿਣਤੀ 'ਚ ਵਾਧਾ ਤੇ ਕੈਲੀਫੋਰਨੀਆ ਤੇ ਨੇਵਾਡਾ 'ਚ ਕਮੀ ਦੇਖੀ ਗਈ ਹੈ।

## ਮਾਲਟਾ ਕਾਂਡ ਵੀ ਨਹੀਂ ਰੋਕ ਸਕਿਆ ਗ਼ੈਰ ਕਾਨੂੰਨੀ ਪਰਵਾਸ ਨੂੰ

ਮਾਲਟਾ ਕਾਂਡ ਇੱਕ ਤ੍ਰਾਸਦੀ ਸੀ, ਜੋ ਸਦੀਆਂ ਤੱਕ ਭੁਲਾਈ ਨਹੀਂ ਜਾ ਸਕਦੀ। 25 ਦਸੰਬਰ 1996 ਨੂੰ ਕ੍ਰਿਸਮਿਸ ਵਾਲੇ ਦਿਨ ਮਾਲਟਾ ਕਾਂਡ ਵਾਪਰਿਆ ਸੀ ਜਿਸ ਵਿੱਚ 280 ਦੇ ਕਰੀਬ ਨੌਜਵਾਨਾਂ ਦੀ ਸਮੁੰਦਰ 'ਚ ਡੁੱਬਣ ਕਾਰਨ ਮੌਤ ਹੋ ਗਈ ਸੀ, ਜਿਨ੍ਹਾਂ ਵਿੱਚੋਂ 52 ਪੰਜਾਬੀ ਸਨ, ਜੋ ਗ਼ੈਰ ਕਾਨੂੰਨੀ ਢੰਗ ਨਾਲ ਸਮੁੰਦਰੀ ਰਸਤੇ ਇਟਲੀ ਜਾ ਰਹੇ ਸਨ। ਠੱਗ ਟਰੈਵਲ ਏਜੰਟਾਂ ਨੇ ਇਨ੍ਹਾਂ ਨੌਜਵਾਨਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰ ਦਿੱਤਾ ਸੀ। ਮਾਲਟਾ ਇੱਕ ਟਾਪੂ ਹੈ ਜੋ ਇਟਲੀ ਤੋਂ 80 ਕਿਲੋਮੀਟਰ ਦੂਰ ਹੈ, 5 ਲੱਖ ਦੀ ਆਬਾਦੀ ਵਾਲਾ ਇਹ ਛੋਟਾ



ਜਿਹਾ ਮੁਲਕ ਯੂਰਪ ਤੇ ਅਫ਼ਰੀਕਾ ਦੇ ਵਿਚਕਾਰ ਹੋਣ ਕਰਕੇ ਸਮੁੰਦਰੀ ਜਹਾਜ਼ਾਂ ਦਾ ਅਹਿਮ ਟਿਕਾਣਾ ਹੈ। ਇੱਥੋਂ ਹੀ ਰੋਮ ਸਾਗਰ ਪਾਰ ਕਰਕੇ ਜ਼ਿਆਦਾਤਰ ਏਸ਼ੀਆਈ ਤੇ ਅਫ਼ਰੀਕੀ ਲੋਕ ਗ਼ੈਰਕਨੂੰਨੀ ਢੰਗ ਨਾਲ ਯੂਰੋਪ ਪਹੁੰਚਦੇ ਹਨ। ਇਹ ਮਨੁੱਖੀ ਤਸਕਰੀ ਦੇ ਰਾਹ ਲਈ ਬਦਨਾਮ ਹੈ।

ਮਾਲਟਾ ਕਾਂਡ ਵਾਪਰੇ ਨੂੰ ਕਈ ਸਾਲ ਬੀਤ ਚੁੱਕੇ ਹਨ, ਇਸ ਕਾਂਡ ਨੇ ਭਾਵੇਂ ਸਭ ਨੂੰ ਝੰਜੋੜ ਕੇ ਰੱਖ ਦਿੱਤਾ ਸੀ ਪਰ ਮਾਲਟਾ ਕਾਂਡ ਵੀ ਪੰਜਾਬੀਆਂ ਦੇ ਗ਼ੈਰ ਕਾਨੂੰਨੀ ਪਰਵਾਸ ਨੂੰ ਨਹੀਂ ਰੋਕ ਸਕਿਆ।

# ਖ਼ਾਲਸਾ ਰਾਜ ਨੇ ਪਨਾਹ ਦੇ ਕੇ ਸੈਂਕੜੇ ਯਹੂਦੀਆਂ ਦੀਆਂ ਜਾਨਾਂ ਬਚਾਈਆਂ






ਡਾ. ਯਵੇਟ ਅਲਟ ਮਿਲਰ

ਯਹੂਦੀ ਅਤੇ ਸਿੱਖ ਰਾਜ ਦੇ ਘਟਨਾਕ੍ਰਮ ਲਗਭਗ ਦੋਵੇਂ ਵੀ ਭੁਲਾ ਦਿੱਤੇ ਗਏ ਹਨ, ਸਿੱਖ ਰਾਜ ਸਥਾਪਿਤ ਕਰਨ ਵਾਲੇ ਮਹਾਰਾਜਾ ਰਣਜੀਤ ਸਿੰਘ ਉਸ ਵੇਲੇ ਅੱਗੇ ਆਏ ਜਦੋਂ ਯਹੂਦੀਆਂ ਨੂੰ ਸਖ਼ਤ ਲੋੜ ਸੀ। ਭਿਆਨਕ ਹਿੰਸਾ ਤੋਂ ਮੀਲਾਂ ਦੂਰ, ਸਿੱਖ ਸਾਮਰਾਜ ਨੇ ਯਹੂਦੀਆਂ ਲਈ ਆਪਣੇ ਦਰਵਾਜ਼ੇ ਖੋਲ੍ਹ ਦਿੱਤੇ ਅਤੇ ਉਨ੍ਹਾਂ ਦੀਆਂ ਜਾਨਾਂ ਬਚਾਉਣ ਲਈ ਮਦਦ ਕੀਤੀ। ਮਹਾਰਾਜਾ ਰਣਜੀਤ ਸਿੰਘ ਦੇ ਪੰਜਾਬ ਨੇ ਸੈਂਕੜੇ ਯਹੂਦੀਆਂ ਦੀਆਂ ਜਾਨਾਂ ਬਚਾਈਆਂ। ਜਦੋਂ ਸਿੱਖ ਸਾਮਰਾਜ ਵਧ-ਫੁੱਲ ਰਿਹਾ ਸੀ, ਉਦੋਂ ਹਜ਼ਾਰਾਂ ਮੀਲ ਦੂਰ ਉੱਤਰ-ਪੱਛਮ ਵਿੱਚ ਇੱਕ ਬਹੁਤ ਵੱਖਰਾ ਇਲਾਕਾ ਹਿੰਸਾ ਵਿੱਚ ਰੁੱਝਿਆ ਹੋਇਆ ਸੀ। 1800 ਦੇ ਦਹਾਕੇ ਦੇ ਸ਼ੁਰੂ ਵਿੱਚ, ਮਸ਼ਹਦ ਸ਼ਹਿਰ- ਅੱਜ ਈਰਾਨ ਦਾ ਤੀਜਾ ਸਭ ਤੋਂ ਵੱਡਾ ਸ਼ਹਿਰ- ਇੱਕ ਅਰਧ-ਖੁਦਮੁਖਤਿਆਰੀ ਇਲਾਕਾ ਸੀ, ਜੋ ਸ਼ੀਆ ਅਤੇ ਸੁੰਨੀ ਮੁਸਲਮਾਨਾਂ ਵਿਚਾਲੇ ਚੱਲ ਰਹੀਆਂ ਅਤੇ ਲੜਾਈਆਂ ਅਤੇ ਸੰਘਰਸ਼ ਤੋਂ ਪ੍ਰਭਾਵਿਤ ਸੀ।

ਮਸ਼ਹਦ ਸ਼ਹਿਰ ਵਿੱਚ ਗੈਰ ਮੁਸਲਮਾਨਾਂ ਨੂੰ ਰਹਿਣ ਦਾ ਅਧਿਕਾਰ ਨਹੀਂ ਸੀ। ਮਸ਼ਹੱਦ ਇੱਕ ਸੰਘਰਸ਼ ਕਰ ਰਹੇ ਯਹੂਦੀ ਪਰਿਵਾਰਾਂ ਲਈ ਇੱਕ ਛੋਟਾ ਜਿਹਾ ਘਰ ਹੁੰਦਾ ਸੀ। ਯਹੂਦੀ ਪਰਿਵਾਰ ਜੰਗੀ ਇਤਿਹਾਸ ਨੂੰ ਕਿਵੇਂ ਲੈ ਕੇ ਤੁਰ ਰਹੇ ਹਨ, ਇਹ ਉਸ ਦੀ ਕਹਾਣੀ ਹੈ ਭਾਵੇਂ ਮਸ਼ਹਦ ਸਿੱਖ ਸਾਮਰਾਜ ਦੇ ਖੇਤਰਾਂ ਤੋਂ ਦੂਰ ਇੱਕ ਕਠਿਨ ਅਤੇ ਮਹੀਨਿਆਂਬੱਧੀ ਸਫ਼ਰ ਸੀ, ਪਰ ਮਸ਼ਹਦ ਦੇ ਯਹੂਦੀ ਸਿੱਖਾਂ ਦੇ ਵਤਨ ਨਾਲ ਨੇੜਿਓਂ ਜੁੜੇ ਹੋਏ ਸਨ।

ਮਸ਼ਹਦ ਵਿੱਚ ਅੱਤਿਆਚਾਰਾਂ ਤੋਂ ਤੰਗ ਆ ਕੇ ਯਹੂਦੀ ਪਰਿਵਾਰਾਂ ਦਾ ਸਿੱਖ ਸਾਮਰਾਜ ਵਿੱਚ ਆ ਜਾਣਾ, ਇੱਕ ਮਹੀਨਿਆਂਬੱਧੀ ਲੰਬੀ ਯਾਤਰਾ ਹੈ। ਮਸ਼ਹਦ ਦੇ ਯਹੂਦੀ ਸਿੱਖ ਰਾਜ ਨਾਲ ਜੁੜੇ ਹੋਏ ਸਨ। ਇੱਕ ਪੀੜ੍ਹੀ ਪਹਿਲਾਂ, ਫਾਰਸ ਦੇ ਸ਼ਾਸਕ ਨਾਦਰਸ਼ਾਹ ਨੇ ਪੰਜਾਬ ਦੇ ਨਾਲ-ਨਾਲ ਭਾਰਤ ਦੇ ਹੋਰ ਵੱਡੇ ਇਲਾਕਿਆਂ ਨੂੰ ਵੀ ਜਿੱਤ ਲਿਆ ਸੀ। ਆਪਣੀ ਬੇਰਹਿਮੀ ਲਈ ਜਾਣੇ ਜਾਂਦੇ ਨਾਦਰਸ਼ਾਹ ਨੇ ਆਪਣੇ ਦੁਸ਼ਮਣਾਂ- ਹਿੰਦੂਆਂ, ਮੁਸਲਮਾਨਾਂ, ਸਿੱਖਾਂ ਅਤੇ ਹੋਰਾਂ ਨੂੰ ਤਸੀਹੇ ਦੇ ਕੇ ਮਾਰ ਦਿੱਤਾ ਅਤੇ ਭਾਰਤੀ ਉੱਪ ਮਹਾਂਦੀਪ ਤੋਂ ਜਿੰਨੀ ਵੀ ਕੀਮਤੀ ਦੌਲਤ ਲੁੱਟੀ ਜਾ ਸਕਦੀ ਸੀ, ਉਹ ਲੁੱਟ ਕੇ ਲੈ ਗਿਆ।

ਨਾਦਰਸ਼ਾਹ ਭਾਰਤ ਤੋਂ ਲੁੱਟੇ ਹੋਏ ਖ਼ਜ਼ਾਨੇ ਨੂੰ ਸੁਰੱਖਿਅਤ ਰੱਖਣ ਲਈ ਮਸ਼ਹਦ ਸ਼ਹਿਰ ਪਹੁੰਚਿਆ। ਨਾਦਰਸ਼ਾਹ ਅੱਗੇ ਸਿਰਫ਼ ਇੱਕ ਸਮੱਸਿਆ ਸੀ, ਉਹ ਇਹ ਸੀ ਕਿ ਨਾਦਰਸ਼ਾਹ ਆਪ ਸੁੰਨੀ ਮੁਸਲਮਾਨ ਸੀ ਅਤੇ ਮਸ਼ਹਦ ਦੀ ਜ਼ਿਆਦਾ ਸ਼ੀਆ ਨਾਲ ਸਬੰਧਿਤ ਸੀ। ਇਸਲਾਮ ਵਿੱਚ ਦੋ ਧਾਰਾਵਾਂ ਹਨ- ਇੱਕ ਸ਼ੀਆ ਅਤੇ ਦੂਜੀ ਸੁੰਨੀ। ਨਾਦਰਸ਼ਾਹ ਨੂੰ ਡਰ ਸੀ ਕਿ ਕਿਤੇ ਮਸ਼ਹਦ ਦੇ ਸ਼ੀਆ ਲੋਕ ਉਸ ਉੱਤੇ ਹਮਲਾ ਕਰਕੇ ਉਸ ਦੀ ਦੌਲਤ ਨਾਲ ਲੁੱਟ ਲੈਣ। ਇਸ ਲਈ 1741 ਵਿੱਚ ਨਾਦਰਸ਼ਾਹ ਨੇ ਨੇੜਲੇ ਇਲਾਕਿਆਂ 'ਚ ਰਹਿੰਦੇ ਯਹੂਦੀ ਭਾਈਚਾਰਿਆਂ ਨੂੰ ਮਸ਼ਹਦ ਵਿੱਚ ਰਹਿਣ ਲਈ ਅਤੇ ਉਸ ਦੀ ਦੌਲਤ ਦੀ ਰਾਖੀ ਕਰਨ ਲਈ ਮਜਬੂਰ ਕੀਤਾ।

ਮਸ਼ਹਦ ਬਾਬਤ ਇਹ ਗੱਲ ਬਿਲਕੁੱਲ ਸਹੀ ਕਿ ਇਹ ਇੱਕ ਪਵਿੱਤਰ ਮੁਸਲਿਮ ਸ਼ਹਿਰ ਸੀ, ਜਿਸ ਦੇ ਰਸਤੇ ਗੈਰ ਮੁਸਲਿਮਾਂ ਲਈ ਬੰਦ ਸੀ। ਨਾਦਰਸ਼ਾਹ ਜਦੋਂ ਇੱਥੇ ਆਇਆ ਤਾਂ ਉਸ ਨੇ ਇੱਥੇ ਯਹੂਦੀਆਂ ਨੂੰ ਵਿਸ਼ੇਸ਼ ਕੁਆਰਟਰ ਬਣਾਉਣ ਦੇ ਆਦੇਸ਼ ਦਿੱਤੇ ਅਤੇ ਉਨ੍ਹਾਂ ਨੂੰ ਸ਼ਹਿਰ ਤੋਂ ਬਾਹਰ ਹੋਰ ਥਾਂ 'ਤੇ ਰਹਿਣ ਲਈ ਕਿਹਾ। ਯਹੂਦੀਆਂ ਨੂੰ ਜੋ ਜਗ੍ਹਾ ਦਿੱਤੀ ਗਈ ਸੀ, ਉਸ ਜਗ੍ਹਾ ਨੂੰ 'ਈਦਗਾਹ' ਜਾਂ 'ਜਸ਼ਨਾਂ ਦੀ ਥਾਂ' ਕਿਹਾ ਜਾਂਦਾ ਸੀ। ਪਰ ਮਸ਼ਹਦ ਵਿੱਚ ਯਹੂਦੀ ਮੁਸਲਿਮ ਸ਼ਰੀਆ ਦੇ ਮੁਤਾਬਿਕ ਹੀ ਜ਼ਿੰਦਗੀ ਜਿਉਂਦੇ ਸਨ। ਸ਼ਹਿਰ ਵਿੱਚ ਮੁਸਲਿਮ ਲੋਕਾਂ ਦੀ ਗਿਣਤੀ ਜ਼ਿਆਦਾ ਸੀ, ਇਸੇ ਕਰਕੇ ਯਹੂਦੀਆਂ ਨੂੰ ਸ਼ਰੀਆ ਦੇ ਮੁਤਾਬਿਕ ਜ਼ਿੰਦਗੀ ਜਿਉਣੀ ਪੈਂਦੀ ਸੀ ਅਤੇ ਵਾਧੂ ਟੈਕਸ ਵੀ ਅਦਾ ਕਰਨੇ ਪੈਂਦੇ ਸਨ।

ਯਹੂਦੀ 90 ਸਾਲਾਂ ਤੋਂ ਵੱਧ ਸਮੇਂ ਤੱਕ ਮਸ਼ਹਦ ਵਿੱਚ ਰਹੇ ਅਤੇ ਵਧੇ-ਫੁਲੇ ਵੀ। ਇਸ ਸ਼ਹਿਰ ਵਿੱਚ ਯਹੂਦੀਆਂ ਨੇ ਧਾਰਮਿਕ ਅਸਥਾਨ, ਯਹੂਦੀ ਸਕੂਲ ਅਤੇ ਸੱਭਿਆਚਾਰਕ ਅਦਾਰੇ ਖੜ੍ਹੇ ਕੀਤੇ। ਯਹੂਦੀ ਆਪਣੇ ਜੀਵੰਤ ਸੱਭਿਆਚਾਰ ਨਾਲ ਇੱਥੇ ਜ਼ਿੰਦਗੀ ਬਤੀਤ ਕਰਦੇ ਰਹੇ। ਮਸ਼ਹਦ ਦੇ ਬਹੁਤ ਸਾਰੇ ਯਹੂਦੀ ਕੌਮਾਂਤਰੀ ਵਪਾਰੀ ਵਜੋਂ ਵੀ ਕੰਮ ਕਰਦੇ ਸਨ। ਉਹ ਆਪਣੇ ਵਪਾਰ ਨੂੰ ਫਾਰਸ ਦੇ ਕੋਨੇ-ਕੋਨੇ ਤੱਕ ਲੈ ਕੇ ਜਾਂਦੇ ਸਨ। ਇਨ੍ਹਾਂ ਸਭ ਕੁਝ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਆਪਣੀ ਧਾਰਮਿਕ ਆਜ਼ਾਦੀ ਨਹੀਂ ਸੀ। ਉਨ੍ਹਾਂ ਦੇ ਵੱਖਰੇ ਧਰਮ ਲਈ ਅਤੇ ਸਫ਼ਲਤਾ ਲਈ ਸ਼ਹਿਰ ਵਿੱਚ ਨਾਰਾਜ਼ਗੀ ਦਾ ਮਾਹੌਲ ਸੀ।



**ਫਾਰਸ ਵਿੱਚ ਯਹੂਦੀਆਂ ਦਾ ਕਤਲੇਆਮ**

ਪੂਰੇ ਵਿਸ਼ਵ ਵਿੱਚ ਇੱਕੋ ਸਮੇਂ ਯਹੂਦੀਆਂ ਦੇ ਖਿਲਾਫ਼ ਭਾਵਨਾ ਉਜਾਗਰ ਹੋਈ ਸੀ। ਮਾਰਚ, 1839 ਤੱਕ ਇਹ ਭਾਵਨਾ ਮਸ਼ਹਦ ਵੀ ਪਹੁੰਚ ਗਈ। ਇਸ ਤੋਂ ਦੋ ਦਿਨ ਪਹਿਲਾਂ ਹੀ ਮਸ਼ਹਦ ਦੇ ਸ਼ੀਆ ਮੁਸਲਮਾਨ ਇੱਕ ਧਾਰਮਿਕ ਤਿਉਹਾਰ ਮਨਾ ਰਹੇ ਸਨ। ਇਮਾਮ ਹੁਸੈਨ ਦੀ ਯਾਦ ਵਿੱਚ ਇਹ ਤਿਉਹਾਰ ਮਨਾਇਆ ਜਾ ਰਿਹਾ ਸੀ। ਸਾਰੇ ਮੁਸਲਿਮ ਮੁਹੱਲਿਆ ਵਿੱਚ ਧਾਰਮਿਕ ਜੋਸ਼ ਅਤੇ ਜਨੂੰਨ ਸੀ। ਪਰ ਇਸ ਦੇ ਦੌਰਾਨ ਇੱਕ ਬੱਚੇ ਦੀ ਹਰਕਤ ਕਰਕੇ ਇਹ ਧਾਰਮਿਕ ਮਾਹੌਲ ਹਿੰਸਕ ਹੋ ਗਿਆ।

ਦਰਅਸਲ ਇੱਕ ਯਹੂਦੀ ਔਰਤ ਇੱਕ ਮੁਸਲਿਮ ਡਾਕਟਰ ਕੋਲ ਆਪਣੇ ਕੋਹੜ ਦੇ ਇਲਾਜ ਲਈ ਸਲਾਹ ਲੈ ਰਹੀ ਸੀ ਅਤੇ ਡਾਕਟਰ ਨੇ ਕੋਹੜ ਦੇ ਇਲਾਜ ਲਈ ਅਜੀਬ ਜਿਹਾ ਤਰੀਕਾ ਦੱਸਿਆ। ਡਾਕਟਰ ਨੇ ਔਰਤ ਨੂੰ ਕੁੱਤੇ ਦੇ ਖ਼ੂਨ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਸੀ। ਉੱਥੇ ਇੱਕ ਮੁਸਲਿਮ ਬੱਚਾ ਵੀ ਖੜ੍ਹਾ ਸੀ। ਜਿਸ ਨੇ ਬਾਹਰ ਜਾਕੇ ਇਹ ਰੌਲਾ ਪਾ ਦਿੱਤਾ ਕਿ ਯਹੂਦੀ ਔਰਤ ਇੱਕ ਕੁੱਤਾ ਲੈ ਕੇ ਆਈ ਹੈ, ਜਿਸ ਦਾ ਨਾਮ ਉਸ ਨੇ ਹੁਸੈਨ ਰੱਖਿਆ ਹੈ।

ਤੇਲ ਅਵੀਵ ਵਿੱਚ ਯਹੂਦੀਆਂ ਦਾ ਅਜਾਇਬ ਘਰ ਇਸ ਨੂੰ ਕੁਝ ਇਸ ਤਰ੍ਹਾਂ ਬਿਆਨ ਕਰਦਾ ਹੈ-

... ਫੋਟੋ ਨੂੰ ਕਲਪਨਾ ਕਰਨ ਦੀ ਕੋਸ਼ਿਸ਼ ਕਰੋ। ਹਜ਼ਾਰਾਂ ਮੁਸਲਿਮ ਲੋਕ ਤਿਉਹਾਰ ਵਾਲੇ ਦਿਨ ਮਸਜਿਦ ਵਿੱਚ ਹਨ, ਜਿੱਥੇ ਉਹ ਆਪਣੇ ਇਮਾਮ ਹੁਸੈਨ ਦੀ ਯਾਦ ਵਿੱਚ ਸੋਹਲੇ ਗਾ ਰਹੇ ਹਨ ਅਤੇ ਪਰੰਪਰਾਵਾਂ ਨਿਭਾਈਆਂ ਜਾ ਰਹੀਆਂ ਹਨ। ਅਚਾਨਕ ਉਹ ਸੁਣਦੇ ਹਨ ਕਿ ਇੱਕ ਗੈਰ ਮੁਸਲਿਮ ਜੋ ਉਨ੍ਹਾਂ ਦੇ ਇਲਾਕੇ ਵਿੱਚ ਰਹਿੰਦਾ ਹੈ- ਜਿਵੇਂ ਇੱਥੇ ਇੱਕ ਯਹੂਦੀ ਦੀ ਗੱਲ ਹੋ ਰਹੀ ਹੈ- ਉਸ ਨੇ ਕੁੱਤੇ ਨੂੰ ਹੁਸੈਨ ਦਾ ਨਾਮ ਦੇ ਕੇ ਉਨ੍ਹਾਂ ਦੇ ਨਬੀ ਦੀ ਬੇਅਦਬੀ ਕੀਤੀ ਹੈ।

ਇਸ ਤੋਂ ਬਾਅਦ ਸ਼ੀਆ ਮੁਸਲਮਾਨਾਂ ਨੇ ਯਹੂਦੀਆਂ ਦੇ ਉੱਪਰ ਹਮਲਾ ਕੀਤਾ। ਜਿੱਥੇ ਵੀ ਉਹ ਯਹੂਦੀਆਂ ਨੂੰ ਦੇਖਦੇ ਸਨ, ਉਨ੍ਹਾਂ ਨੂੰ ਮਾਰ ਦਿੰਦੇ ਸਨ। ਯਹੂਦੀ ਔਰਤਾਂ ਨੂੰ ਬੇਪੱਤ ਕੀਤਾ ਗਿਆ। ਯਹੂਦੀ ਬੱਚਿਆਂ ਨੂੰ ਅਗਵਾ ਕਰਕੇ ਉਨ੍ਹਾਂ ਨੂੰ ਮਾਰਿਆ ਗਿਆ। ਇਸ ਕਤਲੇਆਮ ਵਿੱਚ ਤਕਰੀਬਨ 30 ਯਹੂਦੀ ਮਾਰੇ ਗਏ। ਉਨ੍ਹਾਂ ਨੇ ਯਹੂਦੀਆਂ ਦਾ ਮੁਹੱਲਾ ਵੀ ਸਾੜ ਦਿੱਤਾ। ਅੰਤ ਵਿੱਚ ਹਮਲਾਵਰਾਂ ਨੇ ਮਸ਼ਹਦ ਦੇ ਯਹੂਦੀਆਂ ਨੂੰ ਕਿਹਾ- ਜਾਂ ਤਾਂ ਇਸਲਾਮ ਕਬੂਲ ਕਰ ਲਵੋ ਜਾਂ ਫਿਰ ਮਰਨ ਵਾਸਤੇ ਤਿਆਰ ਹੋ ਜਾਵੋ।

ਮਸ਼ਹਦ ਦੇ ਤਕਰੀਬਨ 300 ਯਹੂਦੀਆਂ ਨੇ ਇਸਲਾਮ ਕਬੂਲ ਕਰ ਲਿਆ। ਮਸ਼ਹਦ ਦੇ ਮੁਸਲਿਮ ਲੋਕ ਇਸ ਨੂੰ 'ਅੱਲ੍ਹਾਦਾਦ' ਜਾਂ 'ਰੱਬ ਦਾ ਇਨਸਾਫ਼' ਕਹਿੰਦੇ ਹਨ। ਕਈ ਪੀੜ੍ਹੀਆਂ ਤੱਕ ਯਹੂਦੀਆਂ ਨੇ ਆਪਣਾ ਯਹੂਦੀ ਜੀਵਨ ਲੁਕਵੇਂ ਢੰਗ ਨਾਲ ਜੀਵਿਆ, ਜਿਵੇਂ ਸਪੇਨ ਵਿੱਚ ਯਹੂਦੀ ਲੁਕ ਕੇ ਰਹਿੰਦੇ ਸਨ। ਸੈਂਕੜਿਆਂ ਦੀ ਗਿਣਤੀ ਵਿੱਚ ਯਹੂਦੀ ਮਸ਼ਹਦ ਵਿੱਚੋਂ ਭੱਜ ਨਿਕਲੇ। ਇਨ੍ਹਾਂ ਯਹੂਦੀਆਂ ਨੇ ਪੰਜਾਬ ਵਿੱਚ ਉਸ ਜਗ੍ਹਾ ਆ ਕੇ ਸ਼ਰਨ ਲਈ, ਜਿੱਥੇ ਇਨ੍ਹਾਂ ਦੇ ਖੇਤਰੀ ਸਬੰਧ ਸਨ ਅਤੇ ਇਹ ਇਲਾਕਾ ਸਿੱਖ ਰਾਜ ਦੇ ਅਧੀਨ ਸੀ। ਮਸ਼ਹਦ ਵਿੱਚੋਂ ਭੱਜੇ ਜ਼ਿਆਦਾਤਰ ਯਹੂਦੀਆਂ ਨੇ ਪਾਕਿਸਤਾਨ ਦੇ ਸ਼ਹਿਰ ਰਾਵਲਪਿੰਡੀ ਵਿੱਚ ਸ਼ਰਨ ਲਈ। ਅੱਜ-ਕੱਲ੍ਹ ਇਹ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਦੇ ਕੋਲ ਹੈ।

**ਸਿੱਖ ਰਾਜ ਵਿੱਚ ਇੱਕ ਯਹੂਦੀ ਮੁਹੱਲਾ**

ਮਸ਼ਹਦ ਵਿੱਚੋਂ ਭੱਜੇ ਹੋਏ ਯਹੂਦੀਆਂ ਨੇ ਇੱਕ ਵਾਰ ਰਾਵਲਪਿੰਡੀ ਵਿੱਚ ਆਪਣਾ ਡੇਰਾ ਵਸਾਇਆ। ਰਾਵਲਪਿੰਡੀ ਦੇ ਬਾਬੂ ਮੁਹੱਲਾ ਦੇ ਗੁਆਂਢ ਵਿੱਚ ਉਹ ਰਹਿੰਦੇ ਸਨ। ਇਹ ਸ਼ਹਿਰ ਦੇ ਰੇਲਵੇ ਸਟੇਸ਼ਨ ਦੇ ਬਿਲਕੁੱਲ ਨਜ਼ਦੀਕ ਸੀ ਅਤੇ ਇਸੇ ਕਰਕੇ ਇੱਥੋ ਕੌਮਾਂਤਰੀ ਤੌਰ 'ਤੇ ਵਪਾਰ ਜਾਰੀ ਰੱਖਿਆ ਜਾ ਸਕਦਾ ਸੀ। ਇੱਕ ਨਵੀਂ ਜਗ੍ਹਾ 'ਤੇ ਵਸੇ ਮਸ਼ਹਦ ਦੇ ਯਹੂਦੀ ਫਾਰਸ ਵਿੱਚ ਨਫ਼ਰਤ ਅਤੇ ਅੱਤਿਆਚਾਰ ਨੂੰ ਜ਼ਿਆਦਾ ਸਹਿਣ ਨਹੀਂ ਕਰ ਸਕੇ। ਸਿੱਖ ਰਾਜ ਵਿੱਚ ਇਹ ਯਹੂਦੀ ਸ਼ਰਨਾਰਥੀਆਂ ਨੂੰ ਸਤਿਕਾਰ ਅਤੇ ਸੁਰੱਖਿਆ ਦੋਵੇਂ ਮਿਲ ਰਹੇ ਸਨ, ਜੋ ਉਨ੍ਹਾਂ ਮਸ਼ਹਦ ਵਿੱਚ ਨਹੀਂ ਮਿਲਦਾ ਸੀ। ਯਹੂਦੀ ਰਿਫਿਊਜੀਆਂ ਨੇ ਇੱਥੇ ਰਾਵਲਪਿੰਡੀ ਵਿੱਚ ਇੱਕ ਆਲੀਸ਼ਾਨ ਪ੍ਰਾਰਥਨਾ ਘਰ ਅਤੇ ਕਮਿਊਨਿਟੀ ਹਾਲ ਬਣਾਇਆ ਜੋ ਇੱਥੇ ਇੱਕ ਸਦੀ ਤੱਕ ਰਿਹਾ।

ਸਿੱਖ ਸਾਮਰਾਜ ਦੀ ਸਥਾਪਨਾ ਕਰਨ ਵਾਲੇ ਮਹਾਰਾਜਾ ਰਣਜੀਤ ਸਿੰਘ ਦੀ ਉਸੇ ਸਾਲ ਮੌਤ ਹੋ ਗਈ ਸੀ, ਜਦੋਂ ਮਸ਼ਹਦ ਦੇ ਯਹੂਦੀਆਂ ਦਾ ਸਿੱਖ ਰਾਜ ਵਿੱਚ ਸੁਆਗਤ ਕੀਤਾ ਜਾ ਰਿਹਾ ਸੀ। ਫਿਰ ਵੀ ਉਸ ਦੀ ਵਿਰਾਸਤ ਅਤੇ ਖੁੱਲ੍ਹੇ ਦਿਲ ਨੇ ਮਸ਼ਹਦ ਦੇ ਯਹੂਦੀਆਂ ਲਈ ਇਹ ਯਕੀਨੀ ਬਣਾਇਆ ਕਿ ਉਹ ਆਪਣੇ ਨਵੇਂ ਘਰਾਂ ਵਿੱਚ ਸੁਰੱਖਿਅਤ ਹਨ।

27 ਜੂਨ1839 ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ। ਮਹਾਰਾਜਾ ਦੀ ਮੌਤ ਤੋਂ ਬਾਅਦ ਯਹੂਦੀ ਰਾਵਲਪਿੰਡੀ ਵਿੱਚ ਲੰਬਾ ਸਮਾਂ ਰਹੇ। ਇਹ ਮੰਨਣ ਵਾਲੀ ਗੱਲ ਹੈ ਕਿ ਸਿੱਖ ਸਾਮਰਾਜ ਕਦੇ ਵੀ ਪੀੜ੍ਹਤ ਸਰਨਾਰਥੀਆਂ ਲਈ ਸਤਿਕਾਰ ਕਰਨਾ ਨਹੀਂ ਭੁੱਲਿਆ ਸੀ। ਇੱਕ ਭਿਆਨਕ ਮੰਜ਼ਰ ਦੇ ਦੌਰਾਨ ਸਿੱਖ ਸਾਮਰਾਜ ਨੇ ਸੈਂਕੜੇ ਯਹੂਦੀਆਂ ਦੀਆਂ ਜਾਨਾਂ ਬਚਾਉਂਦੇਹੋਏ ਆਪਣੇ ਦਰਵਾਜ਼ੇ ਖੋਲ੍ਹ ਦਿੱਤੇ ਸਨ।

**ਅੱਜ ਦੀਆਂ ਕੁਝ ਯਾਦਾਂ**

1947 ਵਿੱਚ ਭਾਰਤ ਉਪ ਮਹਾਂਦੀਪ ਦੇ ਦੋ ਹਿੱਸੇ ਹੋਏ- ਇੱਕ ਭਾਰਤ ਬਣਿਆ, ਦੂਜਾ ਪਾਕਿਸਤਾਨ। ਜ਼ਿਆਦਾਤਰ ਯਹੂਦੀ ਭਾਰਤ ਵਿੱਚ ਪਰਵਾਸ ਕਰ ਗਏ। ਜ਼ਿਆਦਾਤਰ ਬੰਬਈ ਆ ਕੇ ਵਸ ਗਏ ਅਤੇ ਬਾਅਦ ਵਿੱਚ ਉਹ ਇਜ਼ਰਾਈਲ ਸ਼ਿਫ਼ਟ ਹੋ ਗਏ। 1960 ਦੇ ਦਹਾਕੇ ਵਿੱਚ ਲਗਭਗ ਸਾਰੇ ਯਹੂਦੀਆਂ ਨੇ ਰਾਵਲਪਿੰਡੀ ਨੂੰ ਛੱਡ ਦਿੱਤਾ ਸੀ। ਪਾਕਿਸਤਾਨੀ ਲੇਖਕ ਸੈਫ਼ ਤਾਹਿਰ ਨੇ 2016 ਵਿੱਚ ਰਾਵਲਪਿੰਡੀ ਦੇ ਉਨ੍ਹਾਂ ਇਲਾਕਿਆਂ ਦਾ ਦੌਰਾ ਕੀਤਾ ਸੀ, ਜਿੱਥੇ ਪੁਰਾਣੇ ਸਮੇਂ ਵਿੱਚ ਯਹੂਦੀ ਲੋਕ ਰਹਿੰਦੇ ਸਨ। ਉਥੋਂ ਦੇ ਲੋਕ ਵੀ ਯਹੂਦੀਆਂ ਬਾਰੇ ਗੱਲ ਕਰਨ ਤੋਂ ਵੀ ਡਰਦੇ ਸਨ। ਰਾਵਲਪਿੰਡੀ ਵਿੱਚ ਇੱਕ ਪੁਰਾਣਾ ਪ੍ਰਾਰਥਨਾ ਕੇਂਦਰ ਵੀ ਮਿਲਿਆ ਜੋ ਹਾਲੇ ਵੀ ਉੱਥੇ ਮੌਜੂਦ ਹੈ। ਇਸ ਇਮਾਰਤ ਦਾ ਬਾਹਰਲਾ ਹਿੱਸਾ ਡਿਵੇਡ ਦੇ ਯਹੂਦੀ ਸਿਤਾਰਿਆਂ ਨਾਲ ਸਜਾਇਆ ਗਿਆ ਸੀ । ਤਾਹਿਰ ਨੇ ਨੋਟ ਕੀਤਾ ਕਿ ਇਹ ਬਿਲਕੁੱਲ ਉਸ ਸਿਨਾਗੌਗ (ਪ੍ਰਾਰਥਨਾ ਅਸਥਾਨ) ਵਰਗੇ ਲਗਦਾ ਸੀ, ਜੋ 1800 ਦੇ ਦਹਾਕੇ ਵਿੱਚ ਇਰਾਨ ਤੇ ਇਰਾਕ ਦੇ ਯਹੂਦੀਆਂ ਨੇ ਬਣਾਇਆ ਸੀ।

1839 ਵਿੱਚ ਯਹੂਦੀਆਂ ਨੂੰ ਰਾਵਲਪਿੰਡੀ ਵਿੱਚ ਪਨਾਹ ਮਿਲੀ ਸੀ। ਰਾਵਲਪਿੰਡੀ ਉਨ੍ਹਾਂ ਯਹੂਦੀਆਂ ਲਈ ਸਵਰਗ ਵਰਗਾ ਸੀ। ਉਸ ਵੇਲੇ ਰਾਵਲਪਿੰਡੀ ਇੱਕ ਵਿਸ਼ਾਲ ਅਤੇ ਵਿਸਤ੍ਰਿਤ ਸਿੱਖ ਸਾਮਰਾਜ ਦਾ ਹਿੱਸਾ ਸੀ। ਯਹੂਦੀਆਂ ਨੂੰ ਜੋ ਸੁਰੱਖਿਆ ਅਤੇ ਸਤਿਕਾਰ ਇੱਥੇ ਮਿਲਿਆ, ਉਹ ਅੱਜ ਵੀ ਯਾਦ ਕੀਤਾ ਜਾਂਦਾ ਹੈ।

*(ਲੇਖਿਕਾ ਬਾਰੇ : ਡਾ. ਯਵੇਟ ਅਲਟ ਮਿੱਲਰ ਸ਼ਿਕਾਗੋ ਵਿੱਚ ਰਹਿੰਦੇ ਹਨ। ਉਹ ਯਹੂਦੀ ਵਿਸ਼ਿਆਂ 'ਤੇ ਬੋਲਣ ਵਾਲੇ ਕੌਮਾਂਤਰੀ ਬੁਲਾਰੇ ਹਨ। ਉਨ੍ਹਾਂ ਦੀ ਨਵੀਂ ਕਿਤਾਬ ਪੋਟਰੇਟ ਆਫ਼ ਵੈਟਰ : ਬਹਾਦਰ ਯਹੂਦੀ ਔਰਤਾਂ ਹੈ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

**29 ਨਵੰਬਰ ਤੋਂ 5 ਦਸੰਬਰ, 2023**

## ਗੁਰਪੁਰਬ ਕਿਵੇਂ ਮਨਾਇਆ ਜਾਣਾ ਚਾਹੀਦਾ ?

ਦੁਨੀਆਂ ਭਰ ਵਿੱਚ ਵੱਸਦੇ ਸਿੱਖ ਗੁਰਪੁਰਬ ਅਤੇ ਸ਼ਹੀਦੀ ਦਿਹਾੜਿਆਂ ਨੂੰ ਪੂਰਨ ਸ਼ਰਧਾ ਭਾਵ ਅਤੇ ਉਤਸ਼ਾਹ ਨਾਲ ਮਨਾਉਂਦੇ ਹਨ। ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਵਿਸ਼ੇਸ ਤਿਆਰੀਆਂ ਕੀਤੀਆਂ ਜਾਂਦੀਆਂ ਹਨ। ਦੁਨੀਆਂ ਦੇ ਹਰ ਕੋਨੇ ਵਿੱਚ ਬੈਠਾ ਸਿੱਖ ਇਸ ਦਿਨ ਦਾ ਆਮ ਦਿਨਾਂ ਨਾਲੋਂ ਅਲੱਗ ਹੋਣ ਦਾ ਫਰਕ ਮਹਿਸੂਸ ਕਰਦਾ ਹੈ। ਹੋਵੇ ਵੀ ਕਿਉਂ ਨਾ ਸਿੱਖਾਂ ਦੇ ਪ੍ਰਥਮ ਗੁਰੂ ਨਾਨਕ ਸਾਹਿਬ ਇਸ ਦਿਨ ਧਰਤੀ ਉਪਰ ਪ੍ਰਗਟ ਹੋਏ ਸਨ। ਜਿਨ੍ਹਾਂ ਦੀ ਕਮਾਈ ਤੋਂ ਇਕੱਲੀ ਸਿੱਖ ਵਸੋਂ ਹੀ ਨਹੀਂ, ਬਲਕਿ ਸਰਬੱਤ ਲੋਕਾਈ ਵੀ ਬਰਕਤਾਂ ਪ੍ਰਾਪਤ ਕਰ ਰਹੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਗੁਰਬਾਣੀ ਉਚਾਰਨ ਕੀਤੀ, ਸੰਭਾਲੀ ਅਤੇ ਗੁਰਸਿੱਖਾਂ ਨੂੰ ਗੁਰਬਾਣੀ ਦ੍ਰਿੜ ਕਰਵਾਈ। ਮਨੁੱਖਤਾ ਨੂੰ ਸੱਚੇ ਕਰਤਾਰੀ ਨਾਮ ਦੇ ਅਮੁੱਕ ਖਜਾਨੇ ਨਾਲ ਜੋੜਿਆ।

ਗੁਰਪੁਰਬ ਸਬੰਧੀ ਭਾਈ ਵੀਰ ਸਿੰਘ ਜੀ ਨੇ ਬੜੇ ਸੁੰਦਰ ਬਚਨ ਸੰਨ 1901 ਅਤੇ ਸੰਨ 1902 ਵਿੱਚ ਗੁਰਪੁਰਬ ਮੌਕੇ ਲੇਖਾਂ ਵਿੱਚ ਲਿਖੇ ਹਨ। ਗੁਰਪੁਰਬ ਦਾ ਦਿਨ ਮਨਾਉਣ ਬਾਰੇ ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਗੁਰਪੁਰਬ ਦਾ ਦਿਨ ਖੁਸ਼ੀਆਂ ਭਰਿਆ ਹੈ, ਇਹ ਇਸ ਲਈ ਖੁਸ਼ੀਆਂ ਭਰਿਆ ਸਮਾਂ ਨਹੀਂ ਹੈ ਕਿ ਇਸ ਦਿਨ ਕੋਈ ਸੂਰਜ ਦੀ ਗਤੀ ਵੱਖਰੀ ਹੋ ਗਈ ਹੈ, ਜਾਂ ਕੋਈ ਵੱਖਰਾ ਚੰਦ ਚੜ੍ਹਿਆ ਹੈ ਜਾਂ ਧਰਤੀ ਦਾ ਧੁਰਾ ਪਲਟਿਆ ਹੈ। ਸਤਿਗੁਰਾਂ ਦੇ ਸ਼ੁੱਧ ਪਰਉਪਕਾਰ ਲਈ ਸ਼ੁਕਰ ਗੁਜ਼ਾਰ ਹੋਣ ਦਾ ਸਮਾਂ ਹੈ। ਗੁਰਪੁਰਬ ਦਾ ਦਿਨ ਆਪਣੇ ਦਿਲਾਂ ਅੰਦਰ ਪਵਿਤ੍ਰ ਯਾਦਗਾਰ ਕਾਇਮ ਕਰਨੇ ਦਾ ਦਿਨ ਹੈ। ਇਹ ਇਸ ਲਈ ਨਹੀਂ ਕਿ ਸਤਿਗੁਰਾਂ ਨੂੰ ਇਸਦੀ ਕੋਈ ਲੋੜ ਹੈ, ਬਲਕਿ ਇਹ ਦਿਨ ਸਤਿਗੁਰਾਂ ਦੇ ਸ਼ੁਕਰ ਗੁਜ਼ਾਰ ਹੁੰਦਿਆਂ ਉਸਦੀਆਂ ਦਿਆਲਤਾਂਵਾ ਦਾ ਹੋਰ ਪਾਤਰ ਬਣਨ ਦਾ ਸਮਾਂ ਹੈ।

ਗੁਰਪੁਰਬ ਮਨਾਉਣ ਦੇ ਤਰੀਕੇ ਬਾਰੇ ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਗੁਰਪੁਰਬ ਦਾ ਦਿਨ ਉਹ ਦਿਨ ਹੈ ਜੋ ਸਚੇ ਦਿਨ ਦੀ ਯਾਦ ਕਰਵਾਉਣ ਵਾਲਾ ਹੈ ਜਿਸ ਦਿਨ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਸੰਸਾਰ ਵਿੱਚ ਪ੍ਰਗਟ ਹੋਏ ਸਨ। ਉਸ ਦਿਨ ਦਾ ਦਰਸ਼ਨ ਭਾਵੇਂ ਅਸੀਂ ਨਹੀਂ ਕਰ ਸਕੇ, ਪਰ ਅੱਜ ਦਾ ਦਿਨ ਸਾਨੂੰ ਵਿਅਰਥ ਨਹੀਂ ਗਵਾਉਣਾ ਚਾਹੀਦਾ। ਇਸ ਦਿਨ ਦੇ ਅੱਠੇ ਪਹਿਰ ਧੰਨ ਸ੍ਰੀ ਗੁਰੂ ਨਾਨਕ ਉਚਾਰਦੇ ਹੋਏ ਪ੍ਰਸੰਨਤਾ ਵਿੱਚ ਗੁਜ਼ਾਰਨੇ ਚਾਹੀਦੇ ਹਨ।

ਅੱਜ ਦੇ ਸਮੇਂ ਦਿਖਾਵੇ ਨੂੰ ਜਿਆਦਾ ਥਾਂ ਦਿੱਤੀ ਜਾਣ ਲੱਗੀ ਹੈ, ਜਦਕਿ ਅਮਲ ਅਤੇ ਬਚਨ ਪਾਲਣ ਦੀ ਗੱਲ ਦੋਇਮ ਦਰਜੇ ਉਤੇ ਧੱਕ ਦਿੱਤੀ ਗਈ ਹੈ। ਅਜਿਹਾ ਵਰਤਾਰਾ ਚਾਹੇ ਆਧੁਨਿਕ ਸਿੱਖਿਆ ਦੇ ਪ੍ਰਬੰਧ ਰਾਹੀਂ ਵਧਿਆ ਹੋਵੇ ਜਾਂ ਬਿਜਲਈ ਜਗਤ ਦੇ ਸੋਸ਼ਲ ਮੀਡੀਆ ਵਰਗੇ ਸਾਧਨ ਹੋਣ, ਇਹ ਗੁਰਮਤਿ ਦੇ ਅਨੁਸਾਰੀ ਨਹੀਂ ਹੈ। ਗੁਰਮਤਿ ਸਹਿਜ ਦਾ ਰਾਹ ਦੱਸਦੀ ਹੈ ਅਤੇ ਨਤੀਜਿਆਂ ਲਈ ਅਕਾਲ ਪੁਰਖ ’ਤੇ ਟੇਕ ਰੱਖਣੀ ਸਿਖਾਉਂਦੀ ਹੈ। ਸਤਿਗੁਰਾਂ ਦਾ ਪ੍ਰਕਾਸ਼ ਦਿਹਾੜਾ ਮਨਾਉਂਦਿਆਂ ਕਈ ਵਾਰ ਕਾਹਲ ਵਿੱਚ ਅਸੀਂ ਗੁਰਮਤਿ ਤੋਂ ਉਲਟ ਭੁਗਤ ਜਾਂਦੇ ਹਾਂ। ਸਮਾਗਮਾਂ ਅਤੇ ਸੋਸ਼ਲ ਮੀਡੀਆ ਦੇ ਸੁਨੇਹਿਆਂ ਵਿੱਚ ਸਤਿਗੁਰਾਂ ਦੇ ਕਾਲਪਨਿਕ ਸਰੂਪ ਨੂੰ ਤਸਵੀਰਾਂ ਦੇ ਰੂਪ ਵਿੱਚ ਪ੍ਰਵਾਨ ਕਰਨਾ ਅਤੇ ਅੱਗੇ ਭੇਜਣਾ, ਆਪਸੀ ਪਾੜੇ ਵਧਾਉਣੇ ਕਿਸੇ ਵੀ ਪੱਖੋਂ ਯੋਗ ਨਹੀਂ ਹੈ। ਨਗਰ ਕੀਰਤਨ ਦੇ ਜਲੌਅ ਵਿੱਚ ਖਾਲਸਾਈ ਰੰਗਤ ਦੀ ਥਾਂ ’ਤੇ ਦੁਨਿਆਵੀ ਕਿਸਮ ਦੇ ਤਰੀਕੇ ਅਖ਼ਤਿਆਰ ਕਰਨੇ ਸਤਗੁਰਾਂ ਦੀ ਸ਼ਾਨ ਵਿੱਚ ਵਾਧਾ ਨਹੀਂ ਕਰਦੇ। ਭਾਈ ਵੀਰ ਸਿੰਘ ਜੀ ਨੇ ਬਹੁਤ ਸੋਹਣਾ ਦਰਜ ਕੀਤਾ ਹੈ ਕਿ ਗੁਰਪੁਰਬ ਵਾਲੇ ਦਿਨ ਆਪਸੀ ਪਾੜਿਆਂ ਨੂੰ ਘਟਾਉਣ ਦਾ ਯਤਨ ਕਰਨਾ ਚਾਹੀਦਾ ਹੈ। ਅਲੱਗ ਹੋਈਆਂ ਸਭਾਵਾਂ, ਭਰਾਵਾਂ ਨੂੰ ਇਕੱਠਿਆਂ ਕਰਨ ਦੇ ਯਤਨ ਹੋਣੇ ਚਾਹੀਦੇ ਹਨ। ਕਿਸੇ ਦੇ ਵਿਗੜੇ ਕਾਰਜ ਨੂੰ ਸਵਾਰ ਦੇਣਾ ਚਾਹੀਦਾ ਹੈ। ਮਾੜੇ ਅਮਲ ਅਤੇ ਆਦਤਾਂ ਨੂੰ ਛੱਡਣ ਦੇ ਪ੍ਰਣ ਕਰਨੇ ਚਾਹੀਦੇ ਹਨ। ਖਿਮਾ ਮੰਗਣ ’ਤੇ ਮੁਆਫ ਕਰਨਾ ਚਾਹੀਦਾ ਹੈ। ਸਭ ਤੋਂ ਜਰੂਰੀ ਭਜਨ ਸਿਮਰਨ, ਨਾਮ ਬਾਣੀ ਨਾਲ ਜੁੜਨਾ ਚਾਹੀਦਾ ਹੈ। ਇਹੋ ਹੀ ਕੁਝ ਸੌਖੇ ਕਾਰਜ ਹਨ, ਜਿਨ੍ਹਾਂ ਨਾਲ ਗੁਰਪੁਰਬ ਮਨਾਉਂਦਿਆਂ ਅਸੀਂ ਗੁਰੂ ਨੂੰ ਵਧੇਰੇ ਚੰਗੇ ਲੱਗ ਸਕਾਂਗੇ। ਬਾਹਰੀ ਤਸਵੀਰਾਂ ਅਤੇ ਹੋਰ ਦਿਖਾਵੇ ਦੇ ਅਮਲਾਂ ਨਾਲੋਂ ਗੁਰਬਾਣੀ ਦੇ ਲੜ ਲੱਗਣਾ ਚਾਹੀਦਾ ਹੈ।

-----------

## ਮਸ਼ਹੂਰੀਆਂ ਵਾਲੀ ਸਰਕਾਰ

ਪਿਛਲੇ ਸਮਿਆਂ ਵਿੱਚ ਪੰਜਾਬ ਦੇ ਲੋਕਾਂ ਨੇ ਬਾਦਲ, ਕਪਤਾਨ ਦੀਆਂ ਸਰਕਾਰਾਂ ਦੇਖੀਆਂ ਹਨ। ਸਰਕਾਰ ਨੇ ਜਦੋਂ ਕਿਸਾਨਾਂ ਦੇ ਬਿਜਲੀ ਬਿਲ ਮਾਫ ਕੀਤੇ ਸਨ ਤਾਂ ਅਖਬਾਰਾਂ ਅਤੇ ਟੈਲੀਵੀਜਨ ਦੇ ਸਾਧਨਾਂ ਰਾਹੀਂ ਆਪਣੀ ਪਿੱਠ ਥਾਪੜੀ ਸੀ। ਅਗਾਂਹ ਚੱਲ ਕੇ ਜਦੋਂ ਵੀ ਕਿਸੇ ਸਰਕਾਰ ਨੇ ਕੋਈ ਕੰਮ ਕੀਤਾ ਤਾਂ ਮਸ਼ਹੂਰੀ ਖੱਟਣ ਲਈ ਲਗਦੀ ਵਾਹ ਲਾਈ। ਭਾਵੇਂ ਕਿ ਕਪਤਾਨ ਦੀ ਸਰਕਾਰ ਨੇ ਵੀ ਕੋਸ਼ਿਸ ਕੀਤੀ ਪਰ ਬਾਦਲ ਸਰਕਾਰ ਇਸ ਮਾਮਲੇ ਵਿੱਚ ਨਵੇਂ ਤਰੀਕੇ ਲੈਕੇ ਆਈ। ਲੋੜਵੰਦਾਂ ਨੂੰ ਵੰਡੇ ਜਾਣ ਵਾਲੇ ਸਾਇਕਲਾਂ ਤੋਂ ਲੈ ਕੇ ਐਂਬੂਲੈਂਸ ਤੱਕ, ਰਾਸ਼ਨ ਵਾਲੇ ਗੱਟਿਆਂ ਤੱਕ ਹਰ ਚੀਜ਼ ਵਸਤ ਉਪਰ ਆਪਣੀ ਫੋਟੋ ਚਿਪਕਾ ਦਿੱਤੀ। ਬਾਦਲ ਸਰਕਾਰ ਦੀ ਸੋਚ ਸਿੱਧੀ ਸੀ, ਉਨ੍ਹਾਂ ਨੇ ਪਿੰਡਾਂ ਦੇ ਉਨ੍ਹਾਂ ਲੋਕਾਂ ਨੂੰ ਵੀ ਦਿਖਾਉਣਾ ਸੀ, ਜੋ ਪੜ੍ਹ ਲਿਖ ਨਹੀਂ ਸੀ ਸਕਦੇ ਕਿ ਅਸੀਂ ਇਹ ਕੰਮ ਕੀਤਾ। ਇਸ ਲਈ ਉਨ੍ਹਾਂ ਦਾ ਬਹੁਤ ਮਖੌਲ ਵੀ ਉੱਡਦਾ ਰਿਹਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਖੁਦ ਇਹੀ ਗੱਲ ’ਤੇ ਜ਼ੋਰ ਦਿੰਦਾ ਰਿਹਾ ਕਿ ਇਹ ਬਾਦਲ ਦਲ ਵਾਲੇ ਹਰ ਚੀਜ ’ਤੇ ਆਪਣੀ ਫੋਟੋ ਲਾ ਕੇ ਮਸ਼ਹੂਰੀ ਕਰ ਰਹੇ ਹਨ, ਲੋਕਾਂ ਦੇ ਭਾਂਡਿਆਂ ਤੱਕ ਨਹੀਂ ਛੱਡਣੇ ਇਹਨਾਂ ਨੇ ਆਦਿ।

ਹੁਣ ਜਦੋਂ ਕਹਿਣ ਨੂੰ ਆਮ ਆਦਮੀ ਦੀ ਸਰਕਾਰ ਆਈ ਤਾਂ ਇਹਨਾਂ ਨੇ ਉਸ ਤੋਂ ਵੀ ਅਗਾਂਹ ਦੀ ਗੱਲ ਕਰ ਦਿਖਾਈ। ਤੀਰਥ ਯਾਤਰਾ ਸਕੀਮ ਤਹਿਤ ਧਾਰਮਕ ਸਥਾਨ ਦੀ ਯਾਤਰਾ ’ਤੇ ਜਾਣ ਵਾਲਿਆਂ ਦੇ ਹੱਥਾਂ ਵਿੱਚ ਜੋ ਝੋਲੇ ਫੜਾਏ ਗਏ ਉਹਨਾਂ ’ਤੇ ਸਰਕਾਰ ਦੀ ਮਸ਼ਹੂਰੀ ਲਈ ਮੁੱਖ ਮੰਤਰੀ ਦੀਆਂ ਤਸਵੀਰਾਂ ਲਗਵਾਈਆਂ ਗਈਆਂ। ਮਸ਼ਹੂਰੀ ਲਈ ਕਿਸ ਪੱਧਰ ਤੱਕ ਜਾਇਆ ਜਾ ਸਕਦਾ ਹੈ ਸ਼ਾਇਦ ਇਸ ਦੀ ਹੁਣ ਕੋਈ ਹੱਦ ਨਹੀਂ ਰਹੀ। ਜਿਹੜੇ ਪਹਿਲੀਆਂ ਸਰਕਾਰਾਂ ਨੂੰ ਓਹਨਾ ਦੇ ਗਲਤ ਅਮਲਾਂ ਲਈ ਭੰਡਦੇ ਹਨ, ਜਦੋਂ ਆਪ ਸੱਤਾ ਵਿੱਚ ਆਉਂਦੇ ਹਨ ਤਾਂ ਖੁਦ ਵੀ ਓਹੀ ਅਮਲ ਤੇ ਸਗੋਂ ਉਸ ਤੋਂ ਵੀ ਗਲਤ ਅਮਲ ਬਿਨਾਂ ਕਿਸੇ ਝਿਜਕ ਤੋਂ ਕਰਦੇ ਹਨ। ਇਸੇ ਲਈ ਸ਼ਾਇਦ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਦੀ ਵਿਸ਼ਵਾਸ਼ਯੋਗਤਾ ਹੁਣ ਖਤਮ ਹੋ ਗਈ ਹੈ।

***ਸੰਪਾਦਕ, ਅੰਮ੍ਰਿਤਸਰ ਟਾਈਮਜ਼***

# ਸਿੰਘ ਸਭਾ ਲਹਿਰ ਦੀ ਪੰਜਾਬੀ ਭਾਸ਼ਾ ਨੂੰ ਦੇਣ

ਡਾ. ਇੰਦਰਜੀਤ ਸਿੰਘ ਗੋਗੋਆਣੀ




ਸਿੰਘ ਸਭਾ ਲਹਿਰ ਦੀ ਸਥਾਪਨਾ ਮਿਤੀ 01 ਅਕਤੂਬਰ, 1873 ਈ. ਨੂੰ ਮੰਜੀ ਸਾਹਿਬ ਦੇ ਸਥਾਨ ’ਤੇ ਵੱਡੇ ਪੰਥਕ ਇਕੱਠ ਵਿੱਚ ਸ੍ਰੀ ਅੰਮ੍ਰਿਤਸਰ ਵਿਖੇ ਹੋਈ ਸੀ। ਉਪਰੰਤ 2 ਨਵੰਬਰ 1879 ਈ. ਨੂੰ ਸਿੰਘ ਸਭਾ ਲਾਹੌਰ ਦੀ ਸਥਾਪਨਾ ਹੋਈ। ਦੋਵਾਂ ਹੀ ਸਿੰਘ ਸਭਾਵਾਂ ਦੇ ਕੌਮੀ ਉਦੇਸ਼ ਸਾਂਝੇ ਸਨ। ਜਿੱਥੇ ਸਿੱਖ ਧਰਮ ਦੀ ਵਿਲੱਖਣਤਾ ਕਾਇਮ ਕਰਨੀ, ਨਵੇਂ ਸਕੂਲ, ਕਾਲਜ ਸਥਾਪਤ ਕਰਨੇ ਤੇ ਗੁਰਦੁਆਰਿਆਂ ਦਾ ਸੁਧਾਰ ਕਰਨਾ ਉਦੇਸ਼ ਸੀ, ਉਥੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਪਸਾਰ ਲਈ ਵਿਸ਼ੇਸ਼ ਮਦ ਸੀ ਕਿ ‘ਪੰਜਾਬੀ ਭਾਸ਼ਾ ਦਾ ਪ੍ਰਚਾਰ ਤੇ ਪੰਜਾਬੀ ਸਾਹਿਤ ਦਾ ਵਿਕਾਸ ਕਰਨਾ ਅਤੇ ਪੁਸਤਕਾਂ, ਅਖ਼ਬਾਰਾਂ, ਰਸਾਲੇ ਆਦਿ ਛਾਪ ਕੇ ਪਾਠਕਾਂ ਤੱਕ ਪੁੱਜਦੇ ਕਰਨੇ।’


ਖ਼ਾਲਸਾ ਅਖ਼ਬਾਰ ਲਾਹੌਰ

ਸਿੰਘ ਸਭਾ ਲਾਹੌਰ ਵਲੋਂ ਪਹਿਲਾਂ ‘ਵਿਦਯਾ ਪ੍ਰਚਾਰਕ ਮਹਾਂਵਾਰੀ ਰਸਾਲਾ’ ਸ਼ੁਰੂ ਹੋਇਆ। ਫਿਰ ‘ਗੁਰਮੁਖੀ ਅਖ਼ਬਾਰ’ ਪ੍ਰੋ. ਗੁਰਮੁਖ ਸਿੰਘ ਦੀ ਸੰਪਾਦਨਾ ਹੇਠ ਪ੍ਰਕਾਸ਼ਿਤ ਹੋਇਆ। ਉੱਧਰ ਸਿੰਘ ਸਭਾਵਾਂ ਕਾਫੀ ਵੱਡੀ ਗਿਣਤੀ ਵਿੱਚ ਸਥਾਪਤ ਹੋ ਗਈਆਂ ਸਨ। ਸੰਨ 1883 ਈ. ਵਿੱਚ ਖ਼ਾਲਸਾ ਦੀਵਾਨ ਅੰਮ੍ਰਿਤਸਰ ਦੀ ਸਥਾਪਨਾ ਹੋਈ ਅਤੇ ਸੰਨ 1886 ਵਿੱਚ ਵੱਖਰਾ ਖ਼ਾਲਸਾ ਦੀਵਾਨ ਲਾਹੌਰ ਸਥਾਪਤ ਹੋਇਆ। ਖ਼ਾਲਸਾ ਦੀਵਾਨ ਲਾਹੌਰ ਨੇ ਆਪਣੇ ਆਸ਼ਿਆਂ ਤੇ ਉਦੇਸ਼ਾਂ ਨੂੰ ਹਰ ਪੱਖੋਂ ਪੂਰਿਆਂ ਕਰਨ ਲਈ ਆਪਣੇ ਕਾਰਜ ਆਰੰਭ ਕੀਤੇ। ਮਿਤੀ 13 ਜੂਨ 1886 ਨੂੰ ‘ਖ਼ਾਲਸਾ ਅਖ਼ਬਾਰ’ (ਸਪਤਾਹਿਕ) ਲਾਹੌਰ ਤੋਂ ਸ਼ੁਰੂ ਹੋਇਆ। ਇਸ ਦੇ ਪਹਿਲੇ ਕੁਝ ਅੰਕਾਂ ਦੀ ਸੰਪਾਦਨਾ ਪ੍ਰੋ. ਗੁਰਮੁਖ ਸਿੰਘ ਨੇ ਕੀਤੀ ਅਤੇ ਬਾਅਦ ਵਿੱਚ 10 ਜੁਲਾਈ 1886 ਤੋਂ ਇਸ ਦਾ ਮੁੱਖ ਟਾਈਟਲ ‘ਖ਼ਾਲਸਾ ਅਖ਼ਬਾਰ ਲਾਹੌਰ’ ਹੋ ਗਿਆ ਅਤੇ ਗਿ: ਦਿੱਤ ਸਿੰਘ ਹੋਰੀਂ ਇਸ ਦੇ ਸੰਪਾਦਕ ਬਣੇ। ਸਿੰਘ ਸਭੀਆਂ ਦੀ ਪੰਜਾਬੀ ਭਾਸ਼ਾ ਪ੍ਰਤੀ ਦਿਆਨਤਦਾਰੀ ਦੀ ਗੱਲ ਕਰੀਏ ਤਾਂ ਜਦ 22 ਅਕਤੂਬਰ 1893 ਈ. ਨੂੰ ਅੰਮ੍ਰਿਤਸਰ ਵਿਖੇ ਖ਼ਾਲਸਾ ਕਾਲਜ ਮਿਡਲ ਸਕੂਲ ਦੀ ਸ਼ੁਰੂਆਤ ਸਮੇਂ ਅਰਦਾਸ ਹੋਈ ਤਾਂ ਉਸ ਦਿਨ ਖ਼ਾਲਸਾ ਕਾਲਜ ਕੌਂਸਲ ਦੇ ਸਕੱਤਰ ਸ. ਜਵਾਹਰ ਸਿੰਘ ਦੇ ਭਾਸ਼ਨ ਵਿੱਚ ਪੰਜਾਬੀ ਭਾਸ਼ਾ ਬਾਰੇ ਵਿਸ਼ੇਸ਼ ਮਤਾ ਸੀ, ਜੋ 30 ਅਕਤੂਬਰ 1893 ਈ. ਦੇ ਖ਼ਾਲਸਾ ਅਖਬਾਰ ਲਾਹੌਰ ਵਿਚ ਇਉਂ ਪ੍ਰਕਾਸ਼ਿਤ ਹੋਇਆ, ‘ਖ਼ਾਲਸਾ ਸਕੂਲ ਦੀ ਤਾਲੀਮ ਇੱਕ ਨਿਰਾਲੇ ਢੰਗ ਦੀ ਹੈ, ਜੋ ਅਸੀਂ ਪੰਜਾਬੀ ਨਾਲ ਜੋ ਮਾਦਰੀ ਜ਼ੁਬਾਨ ਹੈ ਤਾਲੀਮ ਦੇਵਾਂਗੇ। ਜੈਸਾ ਬੰਗਾਲ, ਮਦਰਾਸ ਵਿਚ ਆਪਣੀ ਮਾਦਰੀ ਜ਼ੁਬਾਨ ਵਿੱਚ ਤਾਲੀਮ ਦੇਣੇ ਤੇ ਲੋਕ ਲਾਇਕ ਬਣ ਗਏ ਹਨ, ਇਸੀ ਤਰ੍ਹਾਂ ਪੰਜਾਬ ਬੀ ਪਿੱਛੇ ਨਹੀਂ ਰਹੇਗਾ, ਇਸ ਵਾਸਤੇ ਐ ਸਾਹਿਬੋ ਆਪ ਆਪਣੇ ਲੜਕਿਆਂ ਨੂੰ ਭੇਜੋ ਇਸ ਤਾਲੀਮ ਦੇ ਪਾਉਣੇ ਲਈ।’

ਇਕ ਗੱਲ ਸਪੱਸ਼ਟ ਹੈ ਕਿ ਸਿੰਘ ਸਭਾ ਲਹਿਰ ਨੇ ਸਮਾਜ ਸੁਧਾਰ ਦੇ ਨਾਲ-ਨਾਲ ਸਿੱਖਿਆ ਤੇ ਸਾਹਿਤ ਦੇ ਖੇਤਰ ’ਚ ਵੱਡੀ ਕਰਾਂਤੀ ਲਿਆਂਦੀ। ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ ਦੇ ਨਾਲ ਲੜਕੀਆਂ ਦੀ ਵਿੱਦਿਆ ਲਈ ਸਿੱਖ ਕੰਨਿਆਂ ਮਹਾਂਵਿਦਿਆਲਾ ਫਿਰੋਜ਼ਪੁਰ ਦੀ ਸਥਾਪਨਾ ਇੱਕ ਵਿਸ਼ੇਸ਼ ਉਦਮ ਸੀ। ਇਹ ਵਿੱਦਿਆ ਕੇਂਦਰ ਗਿ. ਦਿੱਤ ਸਿੰਘ ਦੇ ਸ਼ਾਗਿਰਦ ਭਾਈ ਤਖ਼ਤ ਸਿੰਘ ਦੀ ਪ੍ਰਾਪਤੀ ਸੀ। ਇਸ ਦੇ ਨਾਲ ਪੁਸਤਕਾਂ, ਟ੍ਰੈਕਟ ਤੇ ਛਾਪਾ-ਖਾਨਾ ਹੋਂਦ ਵਿੱਚ ਆਉਣਾ ਇੱਕ ਵੱਡਾ ਉਪਰਾਲਾ ਸੀ। ਆਪਣੀ ਮਾਤ ਭਾਸ਼ਾ ਪੰਜਾਬੀ ਪ੍ਰਤੀ ਸਮਰਪਿਤ ਭਾਵਨਾ ਸਦਕਾ ਪ੍ਰੋ. ਗੁਰਮੁਖ ਸਿੰਘ, ਗਿ: ਦਿੱਤ ਸਿੰਘ, ਭਾਈ ਵੀਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਗਿਆਨੀ ਗਿਆਨ ਸਿੰਘ, ਭਾਈ ਮਈਆ ਸਿੰਘ ਆਦਿ ਸਿੱਖ ਚਿੰਤਕਾਂ ਦੀਆਂ ਰਚਨਾਵਾਂ ਨੇ ਸਿੰਘ ਸਭਾ ਲਹਿਰ ਦੇ ਆਸ਼ਿਆਂ ਤੇ ਉਦੇਸ਼ਾਂ ਦੀ ਪੂਰਤੀ ਲਈ ਫ਼ਖਰਯੋਗ ਪ੍ਰਾਪਤੀਆਂ ਕੀਤੀਆਂ।

ਸਿੰਘ ਸਭਾ ਲਹਿਰ ਦੇ ਸਮੇਂ ਦੀਆਂ ਅਖ਼ਬਾਰਾਂ ਦਾ ਅਧਿਐਨ ਕਰਦਿਆਂ ਇਕ ਗੱਲ ਸਾਹਮਣੇ ਆਈ ਕਿ ਸੰਨ 1893 ਈ. ਵਿੱਚ ਸਿੰਘ ਸਭੀਆਂ ਦੀ ਅੰਗਰੇਜ਼ ਸਰਕਾਰ ਤੱਕ ਕੀਤੀ ਪਹੁੰਚ ਸਦਕਾ ਇੱਕ ਵਾਰ ਗੁਰਮੁਖੀ ਦੀ ਲਾਜ਼ਮੀ ਪੜ੍ਹਾਈ ਸੰਬੰਧੀ ਆਦੇਸ਼ ਜਾਰੀ ਹੋਇਆ ਸੀ, ਪਰ ਵਕਤ ਦੀ ਅਫ਼ਸਰਸ਼ਾਹੀ ਸਭ ਕੁਝ ਜਾਣਦਿਆਂ ਤੇ ਕੁਝ ਕੁ ਆਮ ਲੋਕ ਅਗਿਆਨਤਾ ਵਿਚ ਪੰਜਾਬੀ ਭਾਸ਼ਾ ਤੋਂ ਬਾਗੀ ਸਨ।

ਮਿਤੀ 31 ਜੁਲਾਈ, 1893 ਈ. ਦੇ ਖ਼ਾਲਸਾ ਅਖ਼ਬਾਰ ਲਾਹੌਰ ਦੀ ਸੰਪਾਦਕੀ ਹੈ ‘ਪੰਜਾਬੀ ਤੇ ਪੰਜਾਬ’। ਇਸ ਲੇਖ ਨੂੰ ਹੂ-ਬ-ਹੂ ਪ੍ਰਕਾਸ਼ਿਤ ਕਰਦਿਆਂ ਸਾਡੀ ਭਾਵਨਾ ਇਹ ਹੈ ਕਿ ਅਜੋਕੇ ਸਮੇਂ ’ਚ ਵੀ ਪੰਜਾਬੀ ਦੇ ਪ੍ਰਚਾਰ ਤੇ ਪਾਸਾਰ ਵਿੱਚ ਰੁਕਾਵਟਾਂ ਪਾਉਣ ਵਾਲੀਆਂ ਨੀਤੀਆਂ ਸੰਬੰਧੀ ਪੰਜਾਬੀਆਂ ਨੂੰ ਅਹਿਸਾਸ ਹੋ ਜਾਵੇ। ਇਹ ਸੰਪਾਦਕੀ ਇਸ ਪ੍ਰਕਾਰ ਹੈ:

ਇਸ ਬਾਤ ਨੂੰ ਹਰ ਕੋਈ ਜਾਨਦਾ ਹੈ, ਜੋ ਸਾਰੇ ਦੇਸਾਂ ਵਿੱਚ ਆਪੋ ਆਪਨੀ ਬੋਲੀ, ਬੋਲੀ ਜਾਂਦੀ ਹੈ। ਉਸੀ ਦੇਸ ਦੀ ਬੋਲੀ ਵਿੱਚ ਉਸੇ ਦੇਸ਼ ਦੀ ਵਿੱਦਯਾ ਅਤੇ ਕਾਰੋ-ਬਿਹਾਰ ਹੁੰਦੇ ਹਨ ਅਤੇ ਇਹ ਬਾਤ ਭੀ ਗੁੱਝੀ ਨਹੀਂ ਹੈ। ਜੋ ਸਾਰੇ ਦੇਸਾਂ ਨੇ ਅਪਨੀ ਉਨਤੀ ਅਪਨੀ ਦੇਸੀ ਭਾਸ਼ਾ ਨਾਲ ਹੀ ਕੀਤੀ ਹੈ। ਜੈਸਾ ਕਿ ਇੰਗਲਸਤਾਨ ਵਿੱਚ ਅੰਗ੍ਰੇਜ਼ੀ, ਜਰਮਨ ਵਿਚ ਜਰਮਨੀ, ਰੂਸ ਵਿਚ ਰੂਸੀ, ਅਰਬ ਵਿੱਚ ਅਰਬੀ, ਫ਼ਾਰਸ ਵਿੱਚ ਫ਼ਾਰਸੀ, ਚੀਨ ਵਿੱਚ ਚੀਨੀ ਭਾਸ਼ਾ ਹੈ। ਅੱਜ ਤੱਕ ਉਨ੍ਹਾਂ ਦੇਸ਼ਾਂ ਦੇ ਵਸਨੀਕ ਅਪਨੀ ਮਾਦਰੀ ਭਾਸ਼ਾ ਪੜ੍ਹ ਕੇ ਹੀ ਅਪਨੀ ਉਨਤੀ ਸਮਝਦੇ ਹਨ।

ਹੋਰਨਾਂ ਟਾਪੂਆਂ ਦੀ ਗੱਲ ਛੱਡ ਕੇ ਹਿੰਦੁਸਤਾਨ ਦਾ ਹਾਲ ਹੀ ਦੇਖੋ ਜੋ ਬੰਗਾਲ ਵਿੱਚ ਬੰਗਾਲੀ, ਮਦਰਾਸ ਵਿੱਚ ਮਦਰਾਸੀ ਬੋਲੀ-ਬੋਲੀ ਜਾਂਦੀ ਹੈ ਅਤੇ ਉਸਨੂੰ ਉਥੇ ਹੀ ਯੂਨੀਵਰਸਿਟੀਆਂ ਨੇ ਮਨਜ਼ੂਰ ਕੀਤਾ ਹੋਇਆ ਹੈ, ਤਾਲੀਮੀ ਮਹਕਮੇ ਵਿੱਚ ਉਸਦਾ ਹਿੱਸਾ ਬਰਾਬਰ ਹੈ। ਇਸ ਗੱਲ ਨੂੰ ਸਭ ਜਾਨਦੇ ਹਨ ਪ੍ਰੰਤੂ ਪੰਜਾਬ ਦੀ ਭਾਸ਼ਾ ਅਰਥਾਤ ਬੋਲੀ ਜੋ ਪੰਜਾਬੀ ਹੈ ਜੋ ਗੁਰਮੁਖੀ ਅੱਖਰਾਂ ਵਿੱਚ ਲਿਖੀ ਜਾਂਦੀ ਹੈ, ਉਸਦੀ ਬੋਲ ਚਾਲ ਪੰਜਾਬ ਵਿਚੋਂ ਦੂਰ ਹੁੰਦੀ ਜਾਂਦੀ ਹੈ ਅਤੇ ਇਸ ਦਾ ਪ੍ਰਚਾਰ ਅੱਗੇ ਇਸਤ੍ਰੀਆਂ ਵਿੱਚ ਸੀ ਪਰ ਹੁਣ ਸਰਕਾਰੀ ਪਾਠਸ਼ਾਲਾ ਹੋਣ ਕਰਕੇ ਉਨ੍ਹਾਂ ਵਿੱਚ ਭੀ ਉਰਦੂ ਜੋ ਇਸ ਦੇਸ ਦੀ ਬੋਲੀ ਨਹੀਂ ਹੈ ਪ੍ਰਚਾਰ ਹੁੰਦਾ ਜਾਂਦਾ ਹੈ। ਅਰ ਪੰਜਾਬੀ ਅੱਖਰਾਂ ਵਿੱਚ ਭੀ ਬਹੁਤ ਬੋਲ ਚਾਲ ਉਰਦੂ ਦੀ ਪੈਂਦੀ ਜਾਂਦੀ ਹੈ। ਦੇਸ ਦੇ ਉਪਕਾਰੀ ਸਿੰਘਾਂ ਨੇ ਸਰਕਾਰ ਅੱਗੇ ਇਹ ਬੇਨਤੀ ਕੀਤੀ ਸੀ ਕਿ ਦੇਸ ਦੀ ਬੋਲੀ ਗੁਰਮੁਖੀ ਅੱਖਰਾਂ ਦੁਆਰਾ ਪ੍ਰਚਾਰ ਕਰਨੀ ਚਾਹੀਏ, ਜਿਸ ਤੇ ਦੇਸ ਦੀ ਉਨਤੀ ਹੋਵੇ। ਜਿਸ ਪਰ ਸਰਕਾਰ ਨੇ ਵੱਡੀ ਕ੍ਰਿਪਾ ਕਰਕੇ ਜ਼ਿਮੀਦਾਰੀ ਦੀ ਪੜ੍ਹਾਈ ਜੋ ਸਕੂਲਾਂ ਵਿੱਚ ਰੱਖੀ ਹੈ ਉਸ ਵਿੱਚ ਗੁਰਮੁਖੀ ਭੀ ਰਖਾ ਦਿੱਤੀ ਅਰ ਕਈ ਲੋਗ ਪੜ੍ਹਨ ਭੀ ਲਗੇ, ਪਰ ਅਤੀ ਸ਼ੋਕ ਦੀ ਗੱਲ ਹੈ ਜੋ ਉਨ੍ਹਾਂ ਸਕੂਲਾਂ ਦੇ ਇੰਨਸਪੈਕਟਰ ਜੋ ਹਿੰਦੁਸਤਾਨੀ ਹਨ ਜੋ ਸਾਨੂੰ ਦੀ ਥਾਇ (ਹਮ) ਤੁਸਾਨੂੰ ਦੀ ਥਾਇ (ਤੁਮ), ਚਿੱਕੜ ਦੀ ਥਾਇ (ਕੀਚੜ), ਨੇੜੇ ਦੀ ਥਾਇ (ਨਗੀਚ), ਯਾ ਨਜਦੀਕ ਬੋਲਨ ਵਾਲੇ ਹਨ ਸੋ ਪੰਜਾਬੀ ਦੇ ਦਿਲੋਂ ਵਿਰੋਧੀ ਹਨ, ਜਿਸਤੇ ਉਹ ਸਾਫ਼ ਆਖਦੇ ਹਨ ਕਿ ਗੁਰਮੁਖੀ ਕੋਈ ਨਾ ਲੇਵੇ, ਸਭ ਉਰਦੂ ਲੈਣ। ਦੇਸ ਉਨਤੀ ਦੇ ਪਯਾਰਿਆਂ ਨੂੰ ਚਾਹੀਦਾ ਹੈ ਜੋ ਇਸ ਬਾਤ ਪਰ ਧਯਾਨ ਦੇਨ ਅਤੇ ਓਨਾ ਇੰਨਸਪੈਕਟਰਾਂ ਦੀ ਇਸ ਪ੍ਰਕਾਰ ਦੀ ਕਾਰਵਾਈ ਸਰਕਾਰ ਅੱਗੇ ਪ੍ਰਗਟ ਕਰਨ ਅਤੇ ਅਪਨੀ ਦੇਸੀ ਭਾਸ਼ਾ ਦੀ ਉਨਤੀ ਲਈ ਪੁਰਖਾਰਥ ਕਰਨ ਅਤੇ ਹਰ ਇਕ ਨੂੰ ਇਸ ਸਵਾਲ ਪਰ ਅਪਨਾ ਸਮਯ ਵਿਚਾਰ ਵਿਚ ਦੇਣਾ ਚਾਹੀਏ।

ਅੱਜ ਸਿੰਘ ਸਭਾ ਲਹਿਰ ਦਾ 150 ਸਾਲਾ ਸਥਾਪਨਾ ਦਿਵਸ ਮਨਾਉਂਦਿਆਂ ਇਕ ਗੱਲ ਵਿਚਾਰਨਯੋਗ ਹੈ ਕਿ ਜਿਵੇਂ ਪੰਜਾਬੀ ਦਾ ਅਖਾਣ ਹੈ,ਖੇਡਾਂ ਤੇ ਮਾਵਾਂ ਮੁੱਕਣ ’ਤੇ ਹੀ ਚੇਤੇ ਆਉਂਦੀਆਂ ਹਨ ਭਾਵ ਇਨ੍ਹਾਂ ਦੀ ਅਹਿਮੀਅਤ ਤੇ ਮਮਤਾ ਦਾ ਅਹਿਸਾਸ ਤੇ ਕੀਮਤ ਦਾ ਬਾਅਦ ’ਚ ਪਤਾ ਲਗਦਾ ਹੈ। ਸਿੰਘ ਸਭਾ ਲਹਿਰ ਦੇ ਵਿਦਵਾਨਾਂ ਨੇ ਪੰਜਾਬੀ ਭਾਸ਼ਾ ਪ੍ਰਤੀ ਜਿੰਨਾ ਨਿੱਠ ਕੇ ਕਾਰਜ ਕੀਤਾ, ਉਸ ਦੀ ਦਾਦ ਦੇਣੀ ਬਣਦੀ ਹੈ ਅਤੇ ਅਜਿਹੀਆਂ ਰੂਹਾਂ ਨੂੰ ਸਦ ਨਮਸਕਾਰ ਹੈ। ਇਸ ਤੋਂ ਪ੍ਰੇਰਨਾ ਲੈ ਕੇ ਅਜੋਕੇ ਸਮੇਂ ਵਿੱਚ ਵੀ ਸਮਾਜ ਤੇ ਸਰਕਾਰਾਂ ਨੂੰ ਧਿਆਨ ਦੇਣਾ ਚਾਹੀਦਾ ਹੈ ਕਿ ਪੰਜਾਬੀ ਰੁਜ਼ਗਾਰ ਦੀ ਭਾਸ਼ਾ ਵੀ ਬਣੇ, ਸਰਕਾਰੇ ਦਰਬਾਰੇ ਇਸ ਦੀ ਪੂਰੀ ਮਾਨਤਾ ਹੋਵੇ ਅਤੇ ਜੋ ਲੋਕ ਆਪਣੇ ਵਿੱਦਿਅਕ ਅਦਾਰਿਆਂ ਵਿਚ ਪੰਜਾਬੀ ਬੋਲਣ ਤੋਂ ਹੀ ਪੰਜਾਬੀ ਬੱਚਿਆਂ ਨੂੰ ਵਰਜਦੇ ਹਨ ਜਾਂ ਜੋ ਘਰਾਂ ਵਿੱਚ ਪੰਜਾਬੀ ਬੋਲਣ ਤੋਂ ਸ਼ਰਮਾਉਂਦੇ ਹਨ, ਉਹ ਆਪਣੀ ਮਾਂ ਬੋਲੀ ਦੀ ਅਹਿਮੀਅਤ ਨੂੰ ਜ਼ਰੂਰ ਸਮਝਣ। ਹਰ ਇਨਸਾਨ ਤਿੰਨ ਮਾਵਾਂ ਦੇ ਸਦਕਾ ਪੂਰਨ ਵਿਕਾਸ ਕਰਦਾ ਹੈ, ਪਹਿਲੀ ਮਾਂ ਜਨਨੀ, ਦੂਜੀ ਮਾਂ ਬੋਲੀ ਤੇ ਤੀਜੀ ਮਾਂ ਧਰਤੀ। ਇਨ੍ਹਾਂ ਤਿੰਨਾਂ ਦਾ ਸੁਮੇਲ ਕਿਸੇ ਸ਼ਖ਼ਸੀਅਤ ਦੀ ਸੰਪੂਰਨ ਉਸਾਰੀ ਦਾ ਆਧਾਰ ਹੁੰਦਾ ਹੈ। ਕਾਸ਼! ਇਹ ਭਾਵਨਾ ਸਿੰਘ ਸਭੀਆਂ ਵਾਂਗ ਸਾਡੇ ਸਮੂਹ ਪੰਜਾਬੀਆਂ ਦੇ ਹਿਰਦਿਆ ਵਿਚ ਸਮਾ ਜਾਵੇ, ਇਹ ਸਾਡੀ ਕਾਮਨਾ ਹੈ।

**-ਪ੍ਰਿੰਸੀਪਲ, ਖ਼ਾਲਸਾ ਕਾਲਜ ਸੀ:ਸੈ: ਸਕੂਲ, ਅੰਮ੍ਰਿਤਸਰ।**

# ਇਜ਼ਰਾਈਲ ਫਲਸਤੀਨ ਯੁੱਧ ਵਿੱਚ ਮੀਡੀਆ ਦੀ ਭੂਮਿਕਾ ’ਤੇ ਸੁਆਲ



ਰਣਜੀਤ ਸਿੰਘ ਕੁੱਕੀ ਗਿੱਲ



ਦੁਨੀਆਂ ਭਰ ਦੇ 750 ਤੋਂ ਵੱਧ ਸਾਬਕਾ ਅਤੇ ਮੌਜੂਦਾ ਪੱਤਰਕਾਰਾਂ ਨੇ ਇੱਕ ਪਟੀਸ਼ਨ ’ਤੇ ਦਸਤਖ਼ਤ ਕੀਤੇ ਹਨ ਜਿਸ ਵਿੱਚ ਫਲਸਤੀਨੀਆਂ ਦੇ ਨਾਲ ਸੰਘਰਸ਼ ਵਿੱਚ ਇਜ਼ਰਾਈਲ ਦੀਆਂ ਕਾਰਵਾਈਆਂ ਦਾ ਵਰਣਨ ਕਰਨ ਲਈ ਮੀਡੀਆ ਨੂੰ ਨਸਲਕੁਸ਼ੀ ਅਤੇ ਨਸਲਵਾਦ ਵਰਗੇ ਸ਼ਬਦਾਂ ਦੀ ਵਰਤੋਂ ਸ਼ੁਰੂ ਕਰਨ ਲਈ ਕਿਹਾ

ਗਿਆ ਹੈ ਅਤੇ ਇਸ ਦੇ ਨਾਲ ਹੀ ਇਜ਼ਰਾਈਲ ਅਤੇ ਹਮਾਸ ਯੁੱਧ ਦੇ ਅੰਤਰਰਾਸ਼ਟਰੀ ਮੀਡੀਆ ਕਵਰੇਜ ਪ੍ਰਤੀ ਵੀ ਸੁਚੇਤ ਹੋਣ ਲਈ ਕਿਹਾ ਹੈ। ਇਸ ਪਟੀਸ਼ਨ ਵਿੱਚ, ਯੁੱਧ ਦੌਰਾਨ ਵਿਦੇਸ਼ੀ ਮੀਡੀਆ ਆਉਟਲੈਟਾਂ ਲਈ ਕੰਮ ਕਰ ਰਹੇ ਦਰਜਨਾਂ ਫਲਸਤੀਨੀਆਂ ਦੀ ਮੌਤ ਦਾ ਹਵਾਲਾ ਦਿੰਦੇ ਹੋਏ, ਗਾਜ਼ਾ ਪੱਟੀ ਵਿੱਚ ਇਜ਼ਰਾਈਲੀ ਫੌਜ ਦੁਆਰਾ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਨੂੰ ਖਤਮ ਕਰਨ ਦੀ ਅਪੀਲ ਕੀਤੀ ਗਈ ਸੀ। ਇਜ਼ਰਾਈਲ ਨੇ ਵਿਦੇਸ਼ੀ ਪ੍ਰੈੱਸ ਦੇ ਦਾਖਲੇ ’ਤੇ ਰੋਕ ਲਗਾ ਦਿੱਤੀ ਹੈ, ਦੂਰ ਸੰਚਾਰ ’ਤੇ ਭਾਰੀ ਪਾਬੰਦੀ ਲਗਾ ਦਿੱਤੀ ਹੈ ਅਤੇ ਪ੍ਰੈਸ ਦਫਤਰਾਂ ਨੂੰ ਬੰਬ ਨਾਲ ਉਡਾ ਦਿੱਤਾ ਹੈ। ਪਟੀਸ਼ਨ ਵਿੱਚ ਲਿਖਿਆ ਗਿਆ ਹੈ, ਪਿਛਲੇ ਮਹੀਨੇ ਗਾਜ਼ਾ ਵਿੱਚ ਤਕਰੀਬਨ 50 ਮੀਡੀਆ ਹੈੱਡਕੁਆਰਟਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਜ਼ਰਾਈਲੀ ਬਲਾਂ ਨੇ ਨਿਊਜ਼ ਰੂਮਾਂ ਨੂੰ ਸਪੱਸ਼ਟ ਤੌਰ ’ਤੇ ਚਿਤਾਵਨੀ ਦਿੱਤੀ ਕਿ ਉਹ ਹਵਾਈ ਹਮਲੇ ਤੋਂ ਆਪਣੇ ਕਰਮਚਾਰੀਆਂ ਦੀ ਸੁਰੱਖਿਆ ਦੀ ਗਾਰੰਟੀ ਨਹੀਂ ਦੇ ਸਕਦੇ। ਪੱਤਰਕਾਰਾਂ ਨੂੰ ਘਾਤਕ ਤੌਰ ’ਤੇ ਨਿਸ਼ਾਨਾ ਬਣਾਉਣ ਦੇ ਦਹਾਕਿਆਂ-ਲੰਬੇ ਪੈਟਰਨ ਨੂੰ ਦੇਖਦੇ ਹੋਏ ਇਜ਼ਰਾਈਲ ਦੀਆਂ ਕਾਰਵਾਈਆਂ ਬੋਲਣ ਦੇ ਅਧਿਕਾਰ ਦੇ ਵਿਆਪਕ ਪੱਧਰ ’ਤੇ ਦਮਨ ਨੂੰ ਦਰਸਾਉਂਦੀਆਂ ਹਨ, ਇਸ ਨੇ ਦਾਅਵਾ ਕੀਤਾ। ਪਟੀਸ਼ਨ ਵਿੱਚ ਪੱਛਮੀ ਨਿਊਜ਼ ਰੂਮ ’ਤੇ ਗਾਜ਼ਾ ਨਾਗਰਿਕਾਂ ਦੀ ਦੁਰਦਸ਼ਾ ਨੂੰ ਨਜ਼ਰਅੰਦਾਜ਼ ਕਰਨ ਅਤੇ ਫਲਸਤੀਨੀ, ਅਰਬ ਅਤੇ ਮੁਸਲਿਮ ਦ੍ਰਿਸ਼ਟੀਕੋਣਾਂ ਨੂੰ ਕਮਜ਼ੋਰ ਕਰਨ, ਉਹਨਾਂ ਨੂੰ ਭਰੋਸੇਯੋਗ ਵਜੋਂ ਖਾਰਜ ਕਰਨ ਦਾ ਦੋਸ਼ ਲਗਾਇਆ ਗਿਆ ਹੈ ਅਤੇ ਇਹ ਪਟੀਸ਼ਨ ਦਾਅਵਾ ਕਰਦੀ ਹੈ ਕਿ ਉਹਨਾਂ ਨੇ ਭੜਕਾਊ ਭਾਸ਼ਾ ਦੀ ਵਰਤੋਂ ਕੀਤੀ ਹੈ ਜੋ ਇਸਲਾਮੋਫੋਬਿਕ ਅਤੇ ਨਸਲਵਾਦੀ ਚਿੰਨ੍ਹਾਂ ਨੂੰ ਮਜ਼ਬੂਤ ਕਰਦੀ ਹੈ। ਉਨ੍ਹਾਂ ਨੇ ਇਜ਼ਰਾਈਲੀ ਅਧਿਕਾਰੀਆਂ ਦੁਆਰਾ ਫੈਲਾਈ ਗਈ ਗਲਤ ਜਾਣਕਾਰੀ ਨੂੰ ਛਾਪਿਆ ਹੈ ਅਤੇ ਗਾਜ਼ਾ ਵਿੱਚ ਨਾਗਰਿਕਾਂ ਦੀ ਅੰਨ੍ਹੇਵਾਹ ਹੱਤਿਆ ਦੀ ਪੜਤਾਲ ਕਰਨ ਵਿੱਚ ਅਸਫਲ ਰਹੇ ਅਤੇ ਉਹ ਅਮਰੀਕੀ ਸਰਕਾਰ ਦੇ ਸਮਰਥਨ ਨਾਲ ਵਚਨਬੱਧ ਹਨ, ਇਸ ਵਿੱਚ ਲਿਖਿਆ ਗਿਆ ਹੈ। ਸੰਯੁਕਤ ਰਾਸ਼ਟਰ ਦੇ ਮਾਹਰਾਂ ਦਾ ਹਵਾਲਾ ਦਿੰਦੇ ਹੋਏ ਜਿਨ੍ਹਾਂ ਨੇ ਚਿਤਾਵਨੀ ਦਿੱਤੀ ਹੈ ਕਿ ਫਲਸਤੀਨੀ ਨਸਲਕੁਸ਼ੀ ਦੇ ਖ਼ਤਰੇ ਵਿੱਚ ਹਨ, ਪਟੀਸ਼ਨ ਵਿੱਚ ਮੀਡੀਆ ਆਉਟਲੈਟਾਂ ਨੂੰ ਨਿਰਦੇਸ਼, ਨਸਲੀ ਸਫਾਈ ਅਤੇ ਨਸਲਕੁਸ਼ੀ ਸਮੇਤ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਗਠਨਾਂ ਦੁਆਰਾ ਚੰਗੀ ਤਰ੍ਹਾਂ ਪਰਿਭਾਸ਼ਿਤ ਸ਼ਬਦਾਂ ਦੀ ਵਰਤੋਂ

ਕਰਨ ਲਈ ਕਿਹਾ ਗਿਆ ਹੈ। ਸਾਡਾ ਇਹ ਮੰਨਣਾ ਕਿ ਜੰਗੀ ਅਪਰਾਧਾਂ ਜਾਂ ਇਜ਼ਰਾਈਲ ਦੁਆਰਾ ਫਲਸਤੀਨੀਆਂ ਦੇ ਜ਼ੁਲਮ ਦੇ ਸਬੂਤਾਂ ਨੂੰ ਛੁਪਾਉਣ ਲਈ ਸਾਡੇ ਸ਼ਬਦਾਂ ਦਾ ਵਿਰੋਧ ਕਰਨਾ ਪੱਤਰਕਾਰੀ ਦੀ ਦੁਰਵਰਤੋਂ ਅਤੇ ਨੈਤਿਕ ਸਪੱਸ਼ਟਤਾ ਦਾ ਤਿਆਗ ਹੈ। ਰਾਇਟਰਜ਼, ਲਾਸ ਏਂਜਲਸ ਟਾਈਮਜ਼, ਬੋਸਟਨ ਗਲੋਬ, ਦਿ ਗਾਰਡੀਅਨ ਅਤੇ ਵਾਸ਼ਿੰਗਟਨ ਪੋਸਟ ਦੇ ਪੱਤਰਕਾਰ ਹਸਤਾਖਰ ਕਰਨ ਵਾਲਿਆਂ ਵਿੱਚ ਸ਼ਾਮਲ ਹਨ। ਬੋਸਟਨ ਗਲੋਬ ਦੇ ਸਾਬਕਾ ਸੰਪਾਦਕੀ ਬੋਰਡ ਦੇ ਮੈਂਬਰ ਅਤੇ 2022 ਪੁਲਿਤਜ਼ਰ ਪੁਰਸਕਾਰ ਦੇ ਫਾਈਨਲਿਸਟ, ਅਬਦੁੱਲਾ ਫੈਯਾਦ ਨੇ ਵਾਸ਼ਿੰਗਟਨ ਪੋਸਟ ਨੂੰ ਦੱਸਿਆ ਕਿ ਉਸਨੂੰ ਉਮੀਦ ਹੈ ਕਿ ਇਹ ਪੱਤਰ ਇਸ ਮੁੱਦੇ ਦੇ ਆਲੇ ਦੁਆਲੇ ਡਰ ਦੇ ਸੱਭਿਆਚਾਰ ਨੂੰ ਪਿੱਛੇ ਧੱਕੇਗਾ... ਅਤੇ ਫੈਸਲੇ ਲੈਣ ਵਾਲਿਆਂ ਅਤੇ ਪੱਤਰਕਾਰਾਂ ਅਤੇ ਸੰਪਾਦਕਾਂ ਨੂੰ ਉਸ ਭਾਸ਼ਾ ਬਾਰੇ ਜੋ ਉਹ ਵਰਤਦੇ ਹਨ ਦੋ ਵਾਰ ਸੋਚਣ ਲਈ ਤਿਆਰ ਕਰੇਗਾ।

ਉਸਨੇ ਦਾਅਵਾ ਕੀਤਾ ਕਿ ਬਹੁਤ ਸਾਰੇ ਸਮਾਚਾਰ ਆਉਟਲੈਟ ਨੋਟ ਕਰਦੇ ਹਨ ਕਿ ਅਮਰੀਕਾ ਨੇ ਹਮਾਸ ਨੂੰ ਇੱਕ ਅੱਤਵਾਦੀ ਸੰਗਠਨ ਵਜੋਂ ਨਾਮਜ਼ਦ ਕੀਤਾ ਹੈ, ਪਰ ਇਹ ਨੋਟ ਨਾ ਕਰੋ ਕਿ ਮੋਹਰੀ ਮਨੁੱਖੀ ਅਧਿਕਾਰ ਸਮੂਹਾਂ ਨੇ ਇਜ਼ਰਾਈਲ ਨੂੰ ਨਸਲਵਾਦੀ ਸ਼ਾਸਨ ਕਿਹਾ ਹੈ। ਇਹ ਉਹੋ ਜਿਹਾ ਦੋਹਰਾ ਮਿਆਰ ਹੈ ਜਿਸ ਦੀ ਮੈਨੂੰ ਉਮੀਦ ਹੈ ਕਿ ਇਹ ਚਿੱਠੀ ਬਾਹਰ ਲਿਆਵੇਗੀ, ਉਸਨੇ ਇਸ ਗੱਲ ’ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਉਹ ਵਿਸ਼ਵਾਸ ਨਹੀਂ ਕਰਦਾ ਸੀ ਕਿ ਆਊਟਲੇਟਾਂ ਨੂੰ ਲਾਜ਼ਮੀ ਤੌਰ ’ਤੇ ਆਪਣੇ ਵਰਣਨ ਵਜੋਂ ਸ਼ਰਤਾਂ ਨੂੰ ਅਪਣਾਉਣ ਦੀ ਜ਼ਰੂਰਤ ਹੈ। ਜੋ ਰਿਵਾਨੋ ਬਰੋਸ , ਸੈਨ ਫਰਾਂਸਿਸਕੋ-ਅਧਾਰਤ ਨਿਊਜ਼ ਸਾਈਟ ਮਿਸ਼ਨ ਲੋਕਲ ਦੇ ਸੰਪਾਦਕ ਨੇ ਦਾਅਵਾ ਕੀਤਾ ਕਿ ਯੁੱਧ ਦੌਰਾਨ ਪੱਛਮੀ ਨਿਊਜ਼ਰੂਮਾਂ ਤੋਂ । ਪੱਤਰਕਾਰਾਂ ਦੀਆਂ ਹੱਤਿਆਵਾਂ ਦੀ ਵਿਆਪਕ ਨਿੰਦਾ ਦੀ ਅਣਹੋਂਦ ਸੀ। ਇਹ ਖਾਸ ਟਕਰਾਅ ਬਹੁਤ ਸਾਰੇ ਵਿਗਾੜਾਂ ਨੂੰ ਇਸ ਤਰੀਕੇ ਨਾਲ ਲਿਆਉਂਦਾ ਜਾਪਦਾ ਹੈ ਜੋ ਹੋਰ ਟਕਰਾਅ ਨਹੀਂ ਕਰਦੇ, ਉਸਨੇ ਪੋਸਟ ਨੂੰ ਦੱਸਿਆ। ਇਜ਼ਰਾਈਲੀ-ਫਲਸਤੀਨੀ ਸੰਘਰਸ਼ ਦੀ ਮੀਡੀਆ ਕਵਰੇਜ ਦੀ ਅਕਸਰ ਫਿਲਸਤੀਨ ਪੱਖੀ ਅਤੇ ਇਜ਼ਰਾਈਲ ਪੱਖੀ ਕਾਰਕੁੰਨਾਂ ਦੁਆਰਾ ਪੱਖਪਾਤੀ ਵਜੋਂ ਆਲੋਚਨਾ ਕੀਤੀ ਜਾਂਦੀ ਹੈ। ਪ੍ਰਮੁੱਖ ਆਉਟਲੇਟਾਂ ਨੂੰ ਆਪਣੀ ਕਵਰੇਜ ਵਿੱਚ ਹਮਾਸ ਨੂੰ ਇੱਕ ਅੱਤਵਾਦੀ ਸਮੂਹ ਲੇਬਲ ਕਰਨ ਤੋਂ ਇਨਕਾਰ ਕਰਨ ’ਤੇ ਇਜ਼ਰਾਈਲ ਪੱਖੀ ਸਮੂਹਾਂ ਦੇ ਪ੍ਰਤੀਕਰਮ ਦਾ ਸਾਹਮਣਾ ਕਰਨਾ ਪਿਆ ਹੈ। ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ ਮੁਤਾਬਕ ਇਜ਼ਰਾਈਲ-ਹਮਾਸ ਜੰਗ ਵਿੱਚ ਹੁਣ ਤੱਕ 42 ਪੱਤਰਕਾਰ ਅਤੇ ਮੀਡੀਆ ਕਰਮਚਾਰੀ ਮਾਰੇ ਜਾ ਚੁੱਕੇ ਹਨ। 1992 ਵਿੱਚ ਕਮੇਟੀ ਦੇ ਟ੍ਰੈਕ ਕਰਨਾ ਸ਼ੁਰੂ ਕਰਨ ਤੋਂ ਬਾਅਦ ਤੋਂ ਪੱਤਰਕਾਰਾਂ ਲਈ ਇਹ ਸਭ ਤੋਂ ਘਾਤਕ ਮਹੀਨਾਵਾਰ ਸਮਾਂ ਹੈ। ਦੱਖਣੀ ਭਾਈਚਾਰਿਆਂ ਵਿੱਚ 7 ਅਕਤੂਬਰ ਨੂੰ ਹਮਾਸ ਦੇ ਖ਼ੂਨੀ ਹਮਲੇ ਤੋਂ ਬਾਅਦ ਯੁੱਧ ਸ਼ੁਰੂ ਹੋਇਆ, ਜਿਸ ਵਿੱਚ ਫਲਸਤੀਨੀ ਅੱਤਵਾਦੀਆਂ ਨੇ ਲਗਭਗ 1,200 ਲੋਕਾਂ ਨੂੰ ਬੇਰਹਿਮੀ ਨਾਲ ਮਾਰ ਦਿੱਤਾ, ਜ਼ਿਆਦਾਤਰ ਨਾਗਰਿਕ ਸਨ, ਅਤੇ 240 ਤੋਂ ਵੱਧ ਲੋਕਾਂ ਨੂੰ ਬੰਧਕ ਬਣਾ ਲਿਆ। ਇਸ ਹਮਲੇ ਵਿੱਚ ਕਈ ਇਜ਼ਰਾਈਲੀ ਪੱਤਰਕਾਰ ਮਾਰੇ ਗਏ ਸਨ। ਯਨੈੱਟ ਫੋਟੋਗ੍ਰਾਫਰ ਰੋਈ ਇਡਾਨ ਦੀ ਉਸਦੇ ਜੱਦੀ ਸ਼ਹਿਰ ਕੇਫਰ ਅਜ਼ਾ ਵਿੱਚ ਹੱਤਿਆ ਕਰ ਦਿੱਤੀ ਗਈ ਸੀ , ਇਜ਼ਰਾਈਲ ਹਾਯੋਮ ਫੋਟੋਗ੍ਰਾਫਰ ਯਾਨੀਵ ਜ਼ੋਹਰ ਨੂੰ ਉਸਦੀ ਪਤਨੀ ਅਤੇ ਦੋ ਬੇਟੀਆਂ ਸਮੇਤ ਨਾਹਲ ਓਜ਼ ਵਿੱਚ ਕਤਲ ਕਰ ਦਿੱਤਾ ਗਿਆ ਸੀ ਅਤੇ ਕਾਨ ਨਿਊਜ਼ ਐਡੀਟਰ ਆਇਲੇਟ ਅਰਨਿਨ ਅਤੇ ਮਾਰੀਵ ਦੇ ਰਿਪੋਰਟਰ ਸ਼ਾਈ ਰੇਗੇਵ ਨੂੰ ਨੋਵਾ ਸੰਗੀਤ ਸਮਾਰੋਹ ਵਿੱਚ ਕਤਲ ਕੀਤਾ ਗਿਆ ਸੀ। ਗਾਜ਼ਾ ਵਿੱਚ ਹਮਾਸ ਦੁਆਰਾ ਚਲਾਏ ਜਾ ਰਹੇ ਸਿਹਤ ਮੰਤਰਾਲੇ ਦੇ ਅਨੁਸਾਰ, ਹਮਾਸ ਦੇ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਂਦੇ ਹੋਏ ਇਜ਼ਰਾਈਲ ਦੇ ਬਾਅਦ ਦੇ ਹਵਾਈ ਅਤੇ ਜ਼ਮੀਨੀ ਹਮਲੇ ਵਿੱਚ 11,000 ਤੋਂ ਵੱਧ ਲੋਕ ਮਾਰੇ ਗਏ ਹਨ। ਅੰਕੜੇ ਦੀ ਸੁਤੰਤਰ ਤੌਰ ’ਤੇ ਪੁਸ਼ਟੀ ਨਹੀਂ ਕੀਤੀ ਜਾ ਸਕਦੀ ਹੈ ਅਤੇ ਮੰਨਿਆ ਜਾਂਦਾ ਹੈ ਕਿ ਇਸ ਵਿੱਚ ਅੱਤਵਾਦੀ ਸਮੂਹਾਂ ਦੇ ਮੈਂਬਰ ਅਤੇ ਨਾਲ ਹੀ ਗਲਤ ਫਾਇਰ ਕੀਤੇ ਗਏ ਫਲਸਤੀਨੀ ਰਾਕੇਟ ਦੁਆਰਾ ਮਾਰੇ ਗਏ ਨਾਗਰਿਕ ਸ਼ਾਮਲ ਹਨ। ਇਜ਼ਰਾਈਲ ਦਾ ਕਹਿਣਾ ਹੈ ਕਿ ਉਹ ਨਾਗਰਿਕਾਂ ਦੀ ਮੌਤ ਨੂੰ ਘੱਟ ਤੋਂ ਘੱਟ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰ ਰਿਹਾ ਹੈ, ਪਰ ਇਹ ਅਟੱਲ ਹੈ ਕਿਉਂਕਿ ਇਹ ਨਾਗਰਿਕ ਖੇਤਰਾਂ ਦੇ ਅੰਦਰ ਡੂੰਘਾਈ ਨਾਲ ਜੁੜੇ ਅੱਤਵਾਦੀਆਂ ਨਾਲ ਲੜਦਾ ਹੈ ਜੋ ਗਜ਼ਾ ਦੇ ਗੈਰ- ਵਿਰੋਧੀ ਲੋਕਾਂ ਨੂੰ ਮਨੁੱਖੀ ਢਾਲ ਵਜੋਂ ਵਰਤ ਰਹੇ ਹਨ।

# ਵਿਸ਼ਵ ਸ਼ਾਂਤੀ ਲਈ ਖ਼ਤਰਾ ਹੈ ਗਾਜ਼ਾ ਵਿੱਚ ਤਬਾਹੀ



ਡਾ. ਅਰੁਣ ਮਿੱਤਰਾ

ਗਾਜ਼ਾ ਵਿੱਚ ਮਨੁੱਖਤਾਵਾਦੀ ਸੰਕਟ ਚੱਲ ਰਹੀ ਸਦੀ ਵਿੱਚ ਸਭ ਤੋਂ ਭੈੜੀ ਕਿਸਮ ਦਾ ਹੈ। ਲਗਪਗ14000 ਲੋਕ ਜਿਨ੍ਹਾਂ ’ਚੋਂ 70 ਫ਼ੀਸਦੀ ਔਰਤਾਂ ਅਤੇ ਬੱਚੇ ਹਨ, ਉਨ੍ਹਾਂ ’ਚੋਂ40 ਫ਼ੀਸਦੀ 15 ਸਾਲ ਤੋਂ ਘੱਟ ਉਮਰ ਦੇ ਬੱਚੇ ਸੰਘਣੀ ਆਬਾਦੀ ਵਾਲੇ ਖੇਤਰ ਉੱਤੇ ਬੇਮਿਸਾਲ ਹਮਲੇ ਅਤੇ ਬੇਮਿਸਾਲ ਬੰਬਾਰੀ ’ਚ ਮਾਰੇ ਗਏ ਹਨ। ਗਾਜ਼ਾ ’ਚ ਹਰ 10 ਮਿੰਟ ’ਚ ਇੱਕ ਬੱਚੇ ਦੀ ਮੌਤ ਹੋ ਜਾਂਦੀ ਹੈ। ਹਸਪਤਾਲਾਂ ਅਤੇ ਸ਼ਰਨਾਰਥੀ ਕੈਂਪਾਂ ਸਮੇਤ ਜ਼ਿਆਦਾਤਰ ਬੁਨਿਆਦੀ ਢਾਂਚਾ ਮਲਬੇ ਵਿੱਚ ਬਦਲ ਗਿਆ ਹੈ। ਇਸ ਅਣਮਨੁੱਖੀ ਤਬਾਹੀ ਦੇ ਹੁੰਦਿਆਂ ਵੀ ਇਜ਼ਰਾਈਲ ਦੇ ਵਿਰਾਸਤ ਮੰਤਰੀ ਅਮੀਚਾਈ ਇਲੀਆਹੂ ਨੇ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਦੀ ਧਮਕੀ ਦਿੱਤੀ ਹੈ। ਪ੍ਰਧਾਨ ਮੰਤਰੀ ਨੇਤਨਯਾਹੂ ਨੇ ਉਨ੍ਹਾਂ ਨੂੰ ਮੰਤਰੀ ਮੰਡਲ ਤੋਂ ਹਟਾ ਦਿੱਤਾ ਹੈ, ਪਰ ਇਹ ਕੇਵਲ ਛਲਾਵਾ ਹੈ ਅਤੇ ਆਪਣੇ ਆਪ ਨੂੰ ਚੌਤਰਫਾ ਆਲੋਚਣਾ ਤੋਂ ਬਚਾਉਣ ਲਈ ਇਕ ਕਦਮ ਹੈ। ਇਹ ਮੰਨਣਾ ਭੋਲਾਪਣ ਹੋਵੇਗਾ ਕਿ ਮੰਤਰੀ ਦਾ ਬਿਆਨ ਇਜ਼ਰਾਈਲੀ ਸਰਕਾਰ ਦੇ ਅੰਦਰੂਨੀ ਹਲਕਿਆਂ ’ਚ ਬਿਨਾਂ ਕਿਸੇ ਚਰਚਾ ਦੇ ਆਇਆ ਹੈ। ਨਾ ਤਾਂ ਪ੍ਰਧਾਨ ਮੰਤਰੀ ਨੇਤਨਯਾਹੂ ਅਤੇ ਨਾ ਹੀ ਕਿਸੇ ਹੋਰ ਅਧਿਕਾਰੀ ਨੇ ਇਜ਼ਰਾਈਲ ਕੋਲ ਪਰਮਾਣੂ ਹਥਿਆਰ ਹੋਣ ਤੋਂ ਇਨਕਾਰ ਕੀਤਾ ਹੈ। ਇਸਨੇ ਪਹਿਲਾਂ ਦੀਆਂ ਅਟਕਲਾਂ ਦੀ ਪੁਸ਼ਟੀ ਕੀਤੀ ਹੈ ਕਿ ਇਜ਼ਰਾਈਲ ਪ੍ਰਮਾਣੂ ਹਥਿਆਰਾਂ ਵਾਲਾ ਦੇਸ਼ ਹੈ। ਗਾਜ਼ਾ ’ਤੇ ਇਜ਼ਰਾਈਲੀ ਹਮਲਾ, ਜਿਸ ਨੂੰ ਕਿ ‘ਹਮਾਸ ਦੇ ਖ਼ਿਲਾਫ਼ ਜੰਗ’ ਦਾ ਨਾਂਅ ਦਿੱਤਾ ਜਾ ਰਿਹਾ ਹੈ, ਅਸਲ ’ਚ ਫਿਲਸਤੀਨੀਆਂ ਦੀ ਨਸਲੀ ਸਫਾਈ ’ਚ ਬਦਲ ਗਿਆ ਹੈ।

ਗ਼ੈਰ-ਪ੍ਰਮਾਣਿਤ ਸਬੂਤਾਂ ਦੇ ਆਧਾਰ ’ਤੇ ਇਰਾਕ ’ਤੇ ਹਮਲਾ ਕਰਨ ਲਈ ਅਮਰੀਕਾ ਸਭ ਤੋਂ ਅੱਗੇ ਸੀ, ਪਰ ਇਸ ਨੇ ਇਜ਼ਰਾਈਲ ਦੇ ਮੰਤਰੀ ਦੇ ਬਿਆਨ ’ਤੇ ਚੁੱਪ ਧਾਰੀ ਹੋਈ ਹੈ। ਅਮਰੀਕਾ ਹਮੇਸ਼ਾ ਈਰਾਨ ’ਤੇ ਪਰਮਾਣੂ ਹਥਿਆਰ ਰੱਖਣ ਦਾ ਦੋਸ਼ ਲਾਉਂਦਾ ਰਿਹਾ ਹੈ ਪਰ ਹੁਣ ਜਦੋਂ ਇਜ਼ਰਾਈਲ ਦੇ ਮੰਤਰੀ ਨੇ ਪਰਮਾਣੂ ਹਥਿਆਰਾਂ ਦੀ ਵਰਤੋਂ ਦੀ ਖੁੱਲ੍ਹ ਕੇ ਧਮਕੀ ਦਿੱਤੀ ਹੈ ਤਾਂ ਅਮਰੀਕੀ ਸਰਕਾਰ ਅਤੇ ਉਸ ਦੇ ਸਹਿਯੋਗੀਆਂ ਦੀ ਚੁੱਪ ਸ਼ੱਕੀ ਹੈ। ਕੌਮਾਂਤਰੀ ਪਰਮਾਣੂ ਊਰਜਾ ਏਜੰਸੀ(ਆਈ.ਏ.ਈ.ਏ.) ਨੇ ਵੀ ਇੱਕ ਸ਼ਬਦ ਨਹੀਂ ਬੋਲਿਆ। ਅੰਤਰਰਾਸ਼ਟਰੀ ਅਪਰਾਧਿਕ ਅਦਾਲਤ(ਆਈ.ਸੀ.ਸੀ.) ਜਿਸ ਕੋਲ ਨਸਲਕੁਸ਼ੀ ਦੇ ਅੰਤਰਰਾਸ਼ਟਰੀ ਅਪਰਾਧਾਂ, ਮਨੁੱਖਤਾ ਵਿਰੁੱਧ ਅਪਰਾਧਾਂ ਲਈ ਵਿਅਕਤੀਆਂ ਵਿਰੁੱਧ ਮੁਕੱਦਮਾ ਚਲਾਉਣ ਦਾ ਅਧਿਕਾਰ ਖੇਤਰ ਹੈ, ਨੇਤਨਯਾਹੂ ਸਰਕਾਰ ਦੁਆਰਾ ਅਮਰੀਕਾ ਦੇ ਸਪੱਸ਼ਟ ਸਮਰਥਨ ਨਾਲ ਹਜ਼ਾਰਾਂ ਬੱਚਿਆਂ ਦਾ ਕਤਲੇਆਮ ਹੁੰਦਾ ਦੇਖ ਕੇ ਵੀ ਚੁੱਪ ਹੈ।

ਇਹ ਚਿੰਤਾ ਦੀ ਗੱਲ ਹੈ ਕਿ ਸੰਯੁਕਤ ਰਾਸ਼ਟਰ ਮਹਾਂਸਭਾ (ਯੂ.ਐਨ.ਜੀ.ਏ.) @ਚ ਇਜ਼ਰਾਈਲ ਅਤੇ ਫਿਲਸਤੀਨ ਵਿਚਕਾਰ ਤੁਰੰਤ ਜੰਗਬੰਦੀ ਲਈ ਜਾਰਡਨ ਦੇ ਪ੍ਰਸਤਾਵ ’ਤੇ ਅਮਰੀਕਾ ਅਤੇ ਸਹਿਯੋਗੀਆਂ ਨੇ ਉਲਟ ਵੋਟ ਕੀਤਾ। ਭਾਰਤ ਦਾ ਵੋਟਿੰਗ ਤੋਂ ਗ਼ੈਰ-ਹਾਜ਼ਰ ਰਹਿਣਾ ਇਜ਼ਰਾਈਲੀ ਸਰਕਾਰ ਦੇ ਕਤਲਾਂ ਨੂੰ ਜਾਇਜ਼ ਠਹਿਰਾਉਣ ਦੇ ਬਰਾਬਰ ਹੈ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਪਹਿਲਾਂ ਹੀ ਭਾਰਤ ਦੀ ਪਹੁੰਚਦੀ ਸ਼ਲਾਘਾ ਕਰ ਚੁੱਕੇ ਹਨ।7 ਅਕਤੂਬਰ ਨੂੰ ਹਮਾਸ ਵੱਲੋਂ ਕੀਤੇ ਗਏ ਹਮਲੇ ਨੂੰਵੀ ਬਿਲਕੁਲ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ, ਪਰ ਜਿਵੇਂ ਕਿ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਸ ਦੁਆਰਾ ਕਿਹਾ ਗਿਆ ਹੈ ਕਿ ਇਜ਼ਰਾਈਲ ਉੱਤੇ ਹਮਾਸ ਦੇ ਹਮਲੇ ਖਲਾਅ ਵਿੱਚ ਨਹੀਂ ਹੋਏ। ਇਜ਼ਰਾਈਲ ਅਤੇ ਅਮਰੀਕਾ ਨੇ ਇਕ ਬਿਰਤਾਂਤ ਬਣਾਇਆ ਹੈ ਕਿ ਇਜ਼ਰਾਈਲ ਨੂੰ ਆਪਣੀ ਰੱਖਿਆ ਕਰਨ ਦਾ ਅਧਿਕਾਰ ਹੈ, ਜਦੋਂਕਿ ਇਤਿਹਾਸ ਅਨੇਕਾਂ ਸਬੂਤਾਂ ਨਾਲ ਭਰਿਆ ਹੋਇਆ ਹੈ ਕਿ ਇਜ਼ਰਾਈਲ ਨੇ ਨਾ ਸਿਰਫ ਫਿਲਸਤੀਨ ਦੀ ਜ਼ਮੀਨ ’ਤੇ ਕਬਜ਼ਾ ਕੀਤਾ ਹੈ, ਸਗੋਂ ਉਨ੍ਹਾਂ ਨੂੰ ਬਾਹਰ ਧੱਕ ਦਿੱਤਾ ਹੈ ਅਤੇ ਉਨ੍ਹਾਂ ਨੂੰ ਰਾਜ ਰਹਿਤ ਨਾਗਰਿਕ ਬਣਾ ਦਿੱਤਾ ਹੈ। ਇਸ ਤਰ੍ਹਾਂ ਇਜ਼ਰਾਇਲ ਨੇ ਅੰਤਰਰਾਸ਼ਟਰੀ ਕਾਨੂੰਨ ਅਤੇ ਸ਼ਾਂਤੀ ਪੂਰਨ ਸਹਿ-ਹੋਂਦ ਦੇ ਦੋ ਰਾਸ਼ਟਰ ਦੇ ਸਿਧਾਂਤ ਦੀ ਸਪੱਸ਼ਟ ਉਲੰਘਣਾ ਕੀਤੀ ਹੈ, ਜਿਸ ਨੂੰ ਕਿ ਅਮਰੀਕਾ ਅਤੇ ਸੋਵੀਅਤ ਸੰਘ ਦੇ ਦਖ਼ਲ ਨਾਲ 1967 ’ਚ ਇਜ਼ਰਾਈਲ ਅਤੇ ਫਿਲਸਤੀਨ ਵਿਚਕਾਰ ਅਪਨਾਇਆ ਗਿਆ ਸੀ।ਹਮਲਾਵਰਾਂ ਦੁਆਰਾ ਆਪਣੇ ਅਪਰਾਧਾਂ ਨੂੰ ਜਾਇਜ਼ ਠਹਿਰਾਉਣ ਲਈ ਝੂਠੇ ਬਿਰਤਾਂਤ ਬਣਾਏ ਜਾਂਦੇ ਹਨ। ਨਾਜ਼ੀਆਂ ਨੇ ਜਰਮਨੀ ਦੀਆਂ ਸਮੱਸਿਆਵਾਂ ਲਈ ਯਹੂਦੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਉਨ੍ਹਾਂ ਨੇ ਇਹ ਮਿੱਥ ਫੈਲਾਈ ਕਿ ਜਰਮਨੀ ਪਹਿਲੀ ਵਿਸ਼ਵ ਜੰਗ ’ਚ ਜੰਗ ਦੇ ਮੈਦਾਨ ’ਚ ਨਹੀਂ ਹਾਰਿਆ, ਬਲਕਿ ਘਰੇਲੂ ਮੋਰਚੇ ’ਤੇ ਵਿਸ਼ਵਾਸਘਾਤ ਕਾਰਨ ਉਸ ਦੀ ਹਾਰ ਹੋਈ ਹੈ। ਇਸ ਲਈ ਯਹੂਦੀਆਂ, ਸੋਸ਼ਲ ਡੈਮੋਕਰੇਟਸ ਅਤੇ ਕਮਿਊਨਿਸਟਾਂ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਸੀ। ਯੁੱਧ ’ਚ ਯਹੂਦੀਆਂ ਦੀ ਭੂਮਿਕਾ ਬਾਰੇ ਦਿੱਤੇ ਬਿਆਨ ਝੂਠੇ ਸਨ। ਇਕ ਲੱਖ ਤੋਂ ਵੱਧ ਜਰਮਨ ਅਤੇ ਆਸਟਰੀਆ ਦੇ ਯਹੂਦੀ ਆਪਣੀ ਜਨਮ ਭੂਮੀ ਲਈ ਲੜੇ ਸਨ। ਹਿਟਲਰ ਨੇ ਉਪਰੋਕਤ ਤੱਥਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੱਤਾ ਅਤੇ ਯਹੂਦੀਆਂ ਵਿਰੁੱਧ ਝੂਠੇ ਬਿਰਤਾਂਤ ਦੀ ਵਰਤੋਂ ਕੀਤੀ ਤਾਂ ਕਿ ਜਨਤਕ ਪਾਗ਼ਲਪਨ ਪੈਦਾ ਕੀਤਾ ਜਾ ਸਕੇ ਅਤੇ ਇਸ ਨੂੰ 60 ਲੱਖ ਤੋਂ ਵੱਧ ਯਹੂਦੀਆਂ ਦੇ ਕਤਲੇਆਮ ਦੇ ਬਹਾਨੇ ਵਜੋਂ ਵਰਤਿਆ ਜਾ ਸਕੇ।

ਅਜਿਹੇ ਕੱਟੜ ਲੋਕ ਆਪਣੇ ਆਪ ਦੇ ਉੱਚਾ ਹੋਣ ਦੀ ਗੱਲ ਵੀ ਕਰਦੇ ਹਨ ਅਤੇ ਦੂਜਿਆਂ ਨੂੰ ਨੀਵਾਂ ਦਿਖਾ ਕੇ ਉਨ੍ਹਾਂ ਨੂੰ ਆਪਣੇ ਕਬਜ਼ੇ ਹੇਠ ਰਹਿਣ ਲਈ ਮਜਬੂਰ ਕਰਨ ਨੂੰ ਜਾਇਜ਼ ਠਹਿਰਾਉਂਦੇ ਹਨ। ਚਰਚਿਲ ਨੇ ਵੀ ਇਸੇ ਤਰ੍ਹਾਂ ਦੇ ਵਿਚਾਰ ਰੱਖੇ ਸਨ। 1937 ’ਚ, ਉਸ ਨੇ ਫਿਲਸਤੀਨ ਰਾਇਲ ਕਮਿਸ਼ਨ ਨੂੰ ਕਿਹਾ: ਉਦਾਹਰਨ ਵਜੋਂ, ਮੈਂ ਇਹ ਨਹੀਂ ਮੰਨਦਾ ਕਿ ਅਮਰੀਕਾ ਦੇ ਰੈੱਡ ਇੰਡੀਅਨਾਂ ਜਾਂ ਆਸਟ੍ਰੇਲੀਆ ਦੇ ਕਾਲੇ ਲੋਕਾਂ ਨਾਲ ਬਹੁਤ ਵੱਡਾ ਗ਼ਲਤ ਕੀਤਾ ਗਿਆ ਹੈ। ਇਸ ਤੱਥ ਦੁਆਰਾ ਇਕ ਮਜ਼ਬੂਤ ਨਸਲ, ਇਕ ਉੱਚੀ ਕੌਮ ਅਤੇ ਗਿਆਨ ਦੇ ਵੱਖ ਤੋਂ ਉੱਚੇ ਲੋਕ ਅੱਜ ਉਨ੍ਹਾਂ ਦੀ ਥਾਂ ਲੈਣ ਲਈ ਆ ਗਏ ਹਨ।

1943 ’ਚ, ਬੰਗਾਲ ਦੇ ਉੱਤਰ-ਪੂਰਬੀ ਖੇਤਰ ’ਚ ਇੱਕ ਭਿਆਨਕ ਕਾਲ ਪਿਆ। ਘੱਟੋ-ਘੱਟ 30 ਲੱਖ ਲੋਕਾਂ ਦੀ ਮੌਤ ਹੋਣ ਦੀ ਖ਼ਬਰ ਹੈ। ਚਰਚਿਲ ਨੇ ਕਾਲ ਲਈ ਭਾਰਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ, ਦਾਅਵਾ ਕੀਤਾ ਕਿ ਉਹ ਖਰਗੋਸ਼ਾਂ ਵਾਂਗ ਬੱਚੇ ਪੈਦਾ ਕਰਦੇ ਹਨ। ਹਾਲਾਂਕਿ ਸੱਚਾਈ ਇਹ ਹੈ ਕਿ ਬੰਗਾਲ ਦੇ ਲੋਕਾਂ ਨੂੰ ਦਿੱਤਾ ਜਾਣ ਵਾਲਾ ਭੋਜਨ ਬਰਮਾ ’ਚ ਬ੍ਰਿਟਿਸ਼ ਫ਼ੌਜ ਵੱਲ ਮੋੜ ਦਿੱਤਾ ਗਿਆ ਸੀ। 1994 ’ਚ ਰਵਾਂਡਾ ’ਚ ਹੂਟੂ ਸ਼ਾਸਕ ਕਬੀਲਿਆਂ ਨੇ ਤੁਤਸੀ ਘੱਟ ਗਿਣਤੀ ਵਿਰੁੱਧ ਨਫ਼ਰਤ ਫੈਲਾਈ, ਜਿਸ ਕਾਰਨ ਸਿਰਫ਼100 ਦਿਨਾਂ ’ਚ 8 ਲੱਖ ਲੋਕ ਮਾਰੇ ਗਏ।

1947 ਦੀ ਵੰਡ ਦੌਰਾਨ ਭਾਰਤ ਨੂੰ ਇਕ ਗੰਭੀਰ ਮਾਨਵੀ ਸੰਕਟ ਦਾ ਸਾਹਮਣਾ ਕਰਨਾ ਪਿਆ, ਜਿਸ ’ਚ ਕੱਟੜਪੰਥੀਆਂ ਦੁਆਰਾ 25 ਲੱਖ ਹਿੰਦੂ, ਮੁਸਲਮਾਨ ਅਤੇ ਸਿੱਖ ਹਰ ਪਾਸੇ ਮਾਰੇ ਗਏ। ਬਦਕਿਸਮਤੀ ਨਾਲ ਵਰਤਮਾਨ ਸਮੇਂ ’ਚ ਘੱਟ ਗਿਣਤੀਆਂ ਵਿਰੋਧੀ ਬਿਆਨਬਾਜ਼ੀ ਕੀਤੀ ਜਾ ਰਹੀ ਹੈ ਅਤੇ ਘੱਟ ਗਿਣਤੀਆਂ ਖ਼ਾਸ ਕਰਕੇ ਮੁਸਲਮਾਨਾਂ ਨੂੰ ਹਿੰਦੂ ਕੱਟੜਪੰਥੀਆਂ ਦੁਆਰਾ ਕੇਂਦਰ ’ਚ ਸੱਤਾਧਾਰੀ ਸਰਕਾਰ ਦੀ ਖੁੱਲ੍ਹੀ ਹਮਾਇਤ ਨਾਲ ਦੁਤਕਾਰਿਆ ਜਾ ਰਿਹਾ ਹੈ।

ਇਹ ਸਮਝਣ ਦੀ ਲੋੜ ਹੈ ਕਿ ਜਾਇਨਵਾਦ ਨੂੰ ਯਹੂਦੀਆਂ ਤੋਂ, ਨਾਜ਼ੀਵਾਦ ਨੂੰ ਜਰਮਨਾਂ ਤੋਂ ਅਤੇ ਹਿੰਦੂਤਵ (ਹਿੰਦੂ ਕੱਟੜਵਾਦ) ਨੂੰ ਹਿੰਦੂਆਂ ਤੋਂ ਵੱਖਰਾ ਕਰਕੇ ਦੇਖਣਾ ਚਾਹੀਦਾ ਹੈ। ਸਾਰੇ ਮੁਸਲਮਾਨਾਂ ਨੂੰ ਅੱਤਵਾਦੀ ਨਹੀਂ ਮੰਨਿਆ ਜਾ ਸਕਦਾ। ਅਜਿਹੀ ਵਿਚਾਰਧਾਰਾ ਵਿਨਾਸ਼ਕਾਰੀ ਹੋ ਸਕਦੀ ਹੈ ਅਤੇ ਸਿਰਫ ਜੰਗਬਾਜ਼ਾਂ ਦੀ ਸੇਵਾ ਕਰਦੀ ਹੈ। ਇਸ ਲਈ ਇਜ਼ਰਾਈਲ ਦੇ ਵਿਰਾਸਤ ਮੰਤਰੀ ਦੇ ਬਿਆਨ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਅਜਿਹਾ ਪ੍ਰਤੀਤ ਹੁੰਦਾ ਹੈ ਕਿ ਉਸ ਨੂੰ ਦੁਨੀਆ ਦੀ ਪ੍ਰਤੀਕਿਰਿਆ ਦੇਖਣ ਲਈ ਬੋਲਣ ਲਈ ਆਖਿਆ ਗਿਆ ਸੀ। ਅਮਰੀਕਾ ਮਿਲਟਰੀ ਇੰਡਸਟਰੀਅਲ ਕੰਪਲੈਕਸ ਬਣਾ ਕੇ ਅਤੇ ਦੁਨੀਆ ਦੇ ਵੱਖ-ਵੱਖ ਹਿੱਸਿਆਂ ’ਚ ਜੰਗਾਂ ਲਵਾ ਕੇ ਆਪਣੇ ਆਰਥਿਕ ਸੰਕਟ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

# ਅਧਿਆਤਮਕ ਬਾਬਿਆਂ ਦੀ ਸਨਅਤ ਦੀ ਸੁਪਰ ਮਾਰਕਿਟ ਲੋਕਾਂ ਦੀ ਕਰ ਰਹੀ ਹੈ ਲੁੱਟ

ਅਵਿਜੀਤ ਪਾਠਕ







ਸਾਡੇ ਸਮਾਜ ਵਿੱਚ ਬਾਬਿਆਂ ਅਤੇ ਧਾਰਮਿਕ ਆਗੂਆਂ ਦੀ ਕੋਈ ਕਮੀ ਨਹੀਂ। ਅਜੋਕੀ ਮੀਡੀਆਮਈ ਦੁਨੀਆਂ ਵਿੱਚ ਇਨ੍ਹਾਂ ਦੇ 'ਕਾਰਨਾਮਿਆਂ' ਨੂੰ ਚਰਿਤਾਰਥ ਕਰਨ ਵਾਲੇ ਪ੍ਰਤੀਕਾਂ, ਨਾਟਕੀ ਪੇਸ਼ਕਾਰੀਆਂ ਅਤੇ ਮੁਕਤੀ ਦੀਆਂ ਵਿਧੀਆਂ ਦੇ ਪ੍ਰਚਾਰ ਪ੍ਰਸਾਰ ਦਾ ਵੀ ਕੋਈ ਅੰਤ ਨਹੀਂ। ਦਰਅਸਲ, ਇਨ੍ਹਾਂ ਧਾਰਮਿਕ ਰਹੁ-ਰੀਤਾਂ ਦੀ ਬਹੁਵਿਧ ਖਪਤ ਸਾਡੀ ਉਸ ਸਮਾਜਕ ਸੱਭਿਆਚਾਰਕ ਪੂੰਜੀ ਦੀ ਕਿਸਮ 'ਤੇ ਮੁਨੱਸਰ ਕਰਦੀ ਹੈ ਜੋ ਸਾਡੇ ਵਰਗੇ ਸ਼ਰਧਾਲੂ ਜਾਂ ਗ੍ਰਾਹਕ ਆਪਣੇ ਬਾਬਿਆਂ ਤੋਂ ਵਿਰਾਸਤ ਦੇ ਰੂਪ ਵਿੱਚ ਗ੍ਰਹਿਣ ਕਰਦੇ ਹਨ। ਧਿਰੇਂਦਰ ਸ਼ਾਸਤਰੀ ਜਾਂ ਬਗੇਸ਼ਵਰ ਬਾਬੇ ਦੇ 'ਚਮਤਕਾਰ' ਅਤੇ 'ਆਸ਼ੀਰਵਾਦ' ਸਾਹਵੇਂ ਮੂਰਛਿਤ ਹੋ ਜਾਣ ਵਾਲੇ ਜਾਂ ਸਤਿਗੁਰੂ ਜੱਗੀ ਵਾਸਦੇਵ ਅੱਗੇ ਨਤਮਸਤਕ ਹੁੰਦੇ ਫਰਾਟੇਦਾਰ ਅੰਗਰੇਜ਼ੀ ਬੋਲਣ ਵਾਲੇ, ਮਹਾਂਨਗਰ ਵਾਸੀ ਰਈਸ ਲੋਕਾਂ ਨੂੰ ਤੱਕਣ ਲਈ ਤੁਹਾਨੂੰ ਕੋਈ ਸਭਿਆਚਾਰਕ ਮਾਨਵਵਿਗਿਆਨੀ ਹੋਣ ਦੀ ਕਤਈ ਲੋੜ ਨਹੀਂ ਹੈ; ਜਾਂ ਫਿਰ ਇਵੇਂ ਹੀ ਚੋਟੀ ਦੇ ਅਦਾਰਿਆਂ ਦੇ ਉਹ ਯੁਵਾ ਵਿਦਿਆਰਥੀ ਜੋ ਗੌਰ ਗੋਪਾਲ ਦਾਸ ਅਤੇ 'ਆਪਣੇ ਮਨ ਨੂੰ ਉਰਜਿਤ ਕਰੋ' ਜਿਹੀਆਂ ਅਧਿਆਤਮਕ ਕੁੰਜੀਆਂ ਪੜ੍ਹਦੇ ਰਹਿੰਦੇ ਹਨ, ਹੇਠਲੇ ਮੱਧ ਵਰਗੀ ਲੋਕ ਹਰਿਦੁਆਰ ਵਿਚ ਪਤੰਜਲੀ ਯੋਗਪੀਠ ਵਿਚ ਇਕੱਤਰ ਹੋ ਕੇ ਰਾਮਦੇਵ ਦੀਆਂ ਯੋਗ ਵਿਧੀਆਂ ਤੇ ਅਯੁਰਵੈਦਿਕ ਦਵਾਈਆਂ ਦਾ 'ਲਾਹਾ' ਤੱਕਦੇ ਹਨ।

ਬਿਨਾ ਸ਼ੱਕ, ਇਹ ਬਾਬੇ ਗ੍ਰਾਹਕਾਂ ਅਤੇ ਸ਼ਰਧਾਲੂਆਂ ਦੇ ਮਨਮਸਤਕ 'ਤੇ ਕਿੰਝ ਕਾਬਜ਼ ਹਨ, ਇਸ ਨੂੰ ਪ੍ਰਚੱਲਤ ਸਿਆਸੀ ਸਭਿਆਚਾਰ 'ਤੇ ਝਾਤ ਮਾਰੇ ਬਿਨਾਂ ਸਮਝਿਆ ਨਹੀਂ ਜਾ ਸਕਦਾ। ਹਿੰਦੂਤਵ ਅਤੇ ਇਸ ਦੇ ਸਿਆਸੀ ਤੇ ਸਭਿਆਚਾਰਕ ਤਾਮ ਝਾਮ ਦੇ ਬੱਝਵੇਂ ਉਭਾਰ ਕਰ ਕੇ ਬਹੁਤ ਸਾਰੇ ਬਾਬਿਆਂ ਨੂੰ ਭੱਲ ਖੱਟਣ ਦਾ ਇਹ ਬਹੁਤ ਹੀ ਸੁਨਹਿਰਾ ਮੌਕਾ ਮਿਲਿਆ ਹੋਇਆ ਹੈ। ਜਿਹੜੇ ਸਿਆਸਤਦਾਨ ਧਰਮ ਨਿਰਲੇਪ ਜਨਤਕ ਖੇਤਰ ਦੇ ਵਿਚਾਰ ਦਾ ਤ੍ਰਿਸਕਾਰ ਕਰਦੇ ਰਹਿੰਦੇ ਹਨ ਅਤੇ ਧਾਰਮਿਕ ਪਛਾਣਾਂ ਦੀ ਅੱਗ ਨਾਲ ਖੇਡਣ ਦਾ ਸ਼ੌਕ ਰੱਖਦੇ ਹਨ, ਉਨ੍ਹਾਂ ਦੀ ਇਹ ਬਹੁਤ ਵੱਡੀ ਲੋੜ ਹੈ ਕਿ ਬਾਬਿਆਂ ਦੀ ਇਹ ਸਨਅਤ ਵਧਦੀ ਫੁੱਲਦੀ ਰਹੇ। ਇਸੇ ਲਈ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਅੱਜ ਕੱਲ੍ਹ ਬਗੇਸ਼ਵਰ ਬਾਬਾ 'ਸਨਾਤਨ ਧਰਮ' ਜਾਂ 'ਹਿੰਦੂ ਰਾਸ਼ਟਰ' ਦੇ ਕਾਜ ਦੀ ਪੂਰਤੀ ਦਾ ਨਵਾਂ ਚਿਹਰਾ ਬਣਿਆ ਹੋਇਆ ਹੈ। ਇਸ ਦੌਰਾਨ, ਜ਼ੈੱਨ ਗੁਰੂਆਂ, ਓਸ਼ੋ ਅਤੇ ਜਿੱਦੂ ਕ੍ਰਿਸ਼ਨਾਮੂਰਤੀ ਦੇ ਕਥਨਾਂ ਦੇ ਅਸਾਨੀ ਨਾਲ ਹਵਾਲੇ ਦੇਣ ਵਾਲੇ ਸਤਿਗੁਰੂ ਵਾਸਦੇਵ ਵਰਗੇ ਬਾਬੇ ਗਊ ਰੱਖਿਆ, ਲਵ ਜਿਹਾਦ ਦੇ ਨਾਂ 'ਤੇ ਹੁੰਦੀ ਹਜੂਮੀ ਹਿੰਸਾ ਜਿਹੇ ਪ੍ਰੇਸ਼ਾਨਕੁਨ ਮਾਮਲਿਆਂ 'ਤੇ ਬੜੀ ਚਲਾਕੀ ਨਾਲ ਮੌਨ ਧਾਰਨ ਕਰ ਲੈਂਦੇ ਹਨ। ਕਹਿਣ ਦੀ ਲੋੜ ਨਹੀਂ ਕਿ ਇਸ ਚੁੱਪ ਦੀ ਆਪਣੀ ਸਿਆਸਤ ਹੁੰਦੀ ਹੈ।

ਉਂਝ, ਸਮਾਜਿਕ ਮਨੋਵਿਗਿਆਨ ਦੀਆਂ ਜਟਿਲ ਪਰਤਾਂ ਨੂੰ ਫਰੋਲੇ ਬਗ਼ੈਰ ਬਾਬਿਆਂ ਤੇ ਇਨ੍ਹਾਂ ਦੇ ਗ੍ਰਾਹਕਾਂ ਦਰਮਿਆਨ ਰਿਸ਼ਤੇ ਦੀ ਗਤੀਸ਼ੀਲਤਾ ਦੀ ਥਾਹ ਪਾਉਣੀ ਮੁਸ਼ਕਿਲ ਹੈ। ਅਸੀਂ ਰਹੱਸਮਈ ਹੋਂਦ ਦੀ ਪੀੜ, ਸੰਤਾਪ ਤੇ ਸਦਮੇ ਦੇ ਮਾਹੌਲ ਵਿਚ ਜੀਅ ਰਹੇ ਹਾਂ ਅਤੇ ਅਕਸਰ ਬੰਦਖਲਾਸੀ ਕਰਾਉਣ ਵਾਲੀ ਸਿੱਖਿਆ ਅਤੇ ਨਾਲ ਹੀ ਢੁਕਵੀਂ ਆਰਥਿਕ ਪੂੰਜੀ ਦੀ ਅਣਹੋਂਦ ਵਿਚ ਇਸ ਮਨੋਵਿਗਿਆਨਕ ਝੰਜਟ ਨਾਲ ਸਿੱਝਣ ਲਈ ਵਿਗਿਆਨਕ/ਮੈਡੀਕਲ ਤੇ ਪ੍ਰੋਫੈਸ਼ਨਲ ਇਮਦਾਦ ਹਾਸਲ ਕਰਨਾ ਸੰਭਵ ਨਹੀਂ ਹੁੰਦਾ। ਮਿਸਾਲ ਦੇ ਤੌਰ 'ਤੇ ਸਮਾਜਿਕ, ਆਰਥਿਕ ਤਲਖੀਆਂ ਦੀ ਭੰਨੀ ਕਿਸੇ ਐਸੀ ਪੇਂਡੂ ਔਰਤ ਬਾਰੇ ਸੋਚ ਕੇ ਦੇਖੋ ਜੋ ਇਹ ਮੰਨਦੀ ਹੋਵੇ ਕਿ ਉਸ ਦੇ ਬੱਚੇ ਦੇ ਦਿਲ ਦਾ ਛੇਕ ਦਾ ਰੋਗ ਬਗੇਸ਼ਵਰ ਜਿਹਾ ਕੋਈ ਬਾਬਾ ਹੀ ਦੂਰ ਕਰ ਸਕਦਾ ਹੈ। ਇਕ ਲੇਖੇ, ਉਸ ਦਾ ਇਹ ਭਰਮ ਪ੍ਰਚੱਲਤ ਅਸਾਵੇਂ ਤੇ ਨਾ-ਬਰਾਬਰ ਸਮਾਜਿਕ, ਆਰਥਿਕ ਤੇ ਸਭਿਆਚਾਰਕ ਪੂੰਜੀ ਦੀ ਅਸਾਵੀਂ ਵੰਡ ਦਾ ਸਿੱਟਾ ਹੈ; ਤੇ ਇਹ ਬਾਬੇ ਹਾਲਾਤ ਦਾ ਫਾਇਦਾ ਉਠਾ ਕੇ ਆਪਣੇ ਚਮਤਕਾਰ ਵੇਚਦੇ ਹਨ ਅਤੇ ਆਪਣੇ ਆਪ ਨੂੰ ਚਕਿਤਸਕ ਦੇ ਤੌਰ 'ਤੇ ਪੇਸ਼ ਕਰਦੇ ਹਨ ਕਿਉਂਕਿ ਇਸ ਅਸਾਵੇਂ ਅਤੇ ਬੇਕਿਰਕ ਸਮਾਜ ਅੰਦਰ ਗਰੀਬਾਂ ਅਤੇ ਸ਼ੋਸ਼ਿਤਾਂ ਨੂੰ ਜਿਊਂਦੇ ਰਹਿਣ ਲਈ ਕੋਈ ਨਾ ਕੋਈ ਧਰਵਾਸ ਦਰਕਾਰ ਹੁੰਦਾ ਹੈ।

ਇਸੇ ਤਰ੍ਹਾਂ, ਤਕਨੀਕੀ ਤੌਰ ਤੇ ਹੁਨਰਮੰਦ, ਘੁੰਮਣ ਫਿਰਨ ਦੀ ਸ਼ੌਕੀਨ, ਪ੍ਰੋਫੈਸ਼ਨਲ ਅਤੇ ਉਤਸ਼ਾਹੀ ਜਮਾਤ ਨੂੰ 'ਸਫਲਤਾ' ਦੀ ਵੱਡੀ ਕੀਮਤ ਅਦਾ ਕਰਨੀ ਪੈਂਦੀ ਹੈ। ਹਰ ਦਿਨ ਵਕਤ ਦਾ ਖਾਸ ਹਿੱਸਾ ਉਤਪਾਦਕ ਮੰਤਵਾਂ ਦੇ ਲੇਖੇ ਲਾਇਆ ਜਾਂਦਾ ਹੈ ਜਿਸ ਕਰ ਕੇ ਕੋਈ ਵਾਧੂ ਸਮਾਂ ਨਹੀਂ ਹੁੰਦਾ। ਮੈਟਰਨਿਟੀ ਕਲੀਨਿਕ ਵਿਚ ਜਨਮ ਦੇ ਦਿਨ ਤੋਂ ਲੈ ਕੇ ਕਿਸੇ ਮੈਗਾ ਹਸਪਤਾਲ ਦੇ ਆਈਸੀਯੂ ਤੋਂ ਸ਼ਮਸ਼ਾਨਘਾਟ ਪਹੁੰਚਣ ਦੇ ਅੰਤਿਮ ਦਿਨ ਤੱਕ ਜ਼ਿੰਦਗੀ ਤੈਅਸ਼ੁਦਾ ਉਦੇਸ਼ਾਂ ਜਾਂ ਟੀਚਿਆਂ ਦੀ ਸੇਧ ਵਿੱਚ ਸਿੱਧੀ ਸਤੋਰ ਚਲਦੀ ਰਹਿੰਦੀ ਹੈ, ਕੱਲ੍ਹ ਦੀ ਚਿੰਤਾ ਤੋਂ ਕਦੇ ਮੁਕਤੀ ਨਹੀਂ ਮਿਲਦੀ। ਤਣਾਅ, ਡਰ, ਬੇਵਿਸਾਹੀ, ਬੇਹਿਸਾਬ ਮੁਕਾਬਲੇਬਾਜ਼ੀ, ਨਿਰੰਤਰ ਬੇਚੈਨੀ ਤੇ ਘਬਰਾਹਟ ਉਨ੍ਹਾਂ ਦੀ ਹੋਂਦ ਦੀ ਪਛਾਣ ਬਣ ਜਾਂਦੀ ਹੈ; ਹਾਲਾਂਕਿ ਵਕਤੀ ਤੌਰ 'ਤੇ ਖਪਤ, ਜਿਨਸੀ ਭੋਗ ਜਾਂ ਸੋਸ਼ਲ ਮੀਡੀਆ ਦੇ ਸਰੂਰ ਤੋਂ ਪਾਸਾ ਵੱਟ ਲੈਣ 'ਤੇ ਵੀ ਤਾਉਮਰ ਇਸ ਜਜ਼ਬਾਤੀ ਖਲਜਗਣ 'ਚੋਂ ਨਿਕਲ ਨਹੀਂ ਹੁੰਦਾ। ਇਸ ਕਰ ਕੇ ਇਸ ਜਮਾਤ ਵਾਸਤੇ ਇੱਕ ਫੈਂਸੀ ਅਧਿਆਤਮਕ ਸਨਅਤ ਹੋਂਦ ਵਿੱਚ ਆ ਗਈ ਹੈ ਜੋ ਸੁੰਨਤਾ, ਸਾਹ ਪ੍ਰਕਿਰਿਆ ਅਤੇ ਧਿਆਨ ਦੀਆਂ ਵਿਧੀਆਂ ਦੇ ਬ੍ਰਾਂਡਾਂ ਦੇ ਪੈਕੇਜ ਪਰੋਸਦੀ ਤੇ ਵੇਚਦੀ ਹੈ।

ਦਰਅਸਲ, ਇਹ ਵਿਕਲੋਤਰੀਆਂ ਅਧਿਆਤਮਕ ਵਿਧੀਆਂ ਖ਼ੁਸ਼ਨੁਮਾ ਅਹਿਸਾਸ ਤਾਂ ਕਰਾਉਂਦੀਆਂਹਨ ਪਰ ਇਹ ਇਹ ਅਹਿਸਾਸ ਵਕਤੀ ਸਾਬਿਤ ਹੁੰਦਾ ਹੈ ਪਰ ਇਹ ਬਾਬੇ ਆਪਣੇ ਭਗਤਾਂ ਨੂੰ ਅਧਿਆਤਮਕ ਖਾਲੀਪਣ ਦੀਆਂ ਜੜ੍ਹਾਂ, ਭਾਵ ਉਸ ਪੂੰਜੀਵਾਦੀ ਜਾਂ ਨਵ-ਉਦਾਰਵਾਦੀ ਤਰਕ ਨੂੰ ਚੁਣੌਤੀ ਦੇਣ ਦੀ ਪ੍ਰੇਰਨਾ ਕਦੇ ਨਹੀਂ ਦੇਣਗੇ ਜੋ ਐਰਿਕ ਫਰੌਮ ਦੇ ਸ਼ਬਦਾਂ 'ਚ ਮਾਨਸਿਕ ਤੌਰ 'ਤੇ ਬੇਚੈਨ ਅਤੇ ਪਦਾਰਥਕ ਅਤੇ ਸੰਕੇਤਕ ਪਦਾਰਥਕ ਸਾਧਨ ਪੈਦਾ ਕਰਦਾ ਰਹਿੰਦਾ ਹੈ। ਜ਼ਿੰਦਗੀ ਭਰ ਕਿਸੇ ਘੁੜ ਦੌੜ ਦੇ ਘੋੜੇ ਵਾਂਗ ਦੌੜਦੇ ਰਹੋ, ਉਂਝ ਵਿਚ ਵਿਚਾਲੇ ਕਦੇ ਕਦਾਈਂ ਕੋਈ ਦਸ ਕੁ ਦਿਨਾਂ ਦਾ ਮੈਡੀਟੇਸ਼ਨ ਕੈਂਪ ਲਾ ਲਓ ਜਾਂ ਦਿਨ ਭਰ ਦਾ ਅਕੇਵਾਂ ਲਾਹੁਣ ਲਈ ਰਾਹ ਨੂੰ ਪੰਦਰਾਂ ਕੁ ਮਿੰਟ ਲਈ 'ਮੁਕਤੀ ਦਾ ਕੈਪਸੂਲ' ਖਾ ਲਓ!

ਇਹ ਠੀਕ ਹੈ ਕਿ ਸਿਆਸਤ ਅਤੇ ਮੰਡੀ ਦੀ ਖੇਡ ਬਣ ਚੁੱਕੇ ਇਸ ਦੌਰ ਵਿਚ ਨਿੱਠ ਕੇ ਸੰਗੀਤਮਈ ਬਣੇ ਰਹਿਣਾ, ਹਉਮੈ ਤੇ ਤਾਕਤ ਦੇ ਨਸ਼ੇ ਤੋਂ ਮੁਕਤ ਹੋ ਕੇ ਪਿਆਰ ਅਤੇ ਖਲੂਸ ਦੀ ਰੌਸ਼ਨੀ ਵਿਚ ਨਹਾਉਣਾ, ਸਰੀਰਕ ਕਸ਼ਟਾਂ ਅਤੇ ਪਦਾਰਥਕ ਸੰਪਦਾ ਜਾਂ ਆਪਣੇ ਪਿਆਰਿਆਂ ਦੀ ਅਣਹੋਂਦ ਵਿਚ ਸ਼ਾਂਤਚਿਤ ਬਣੇ ਰਹਿਣਾ ਸੌਖਾ ਕੰਮ ਨਹੀਂ ਹੈ। ਬਿਲਕੁੱਲ ਇਵੇਂ ਹੀ, ਧਿਆਨਮਈ ਸ਼ਾਂਤੀ ਅਤੇ ਸਮਾਜਿਕ ਤੇ ਢਾਂਚਾਗਤ ਤਬਦੀਲੀ ਦੀ ਪ੍ਰਚੰਡ ਪ੍ਰਕਿਰਿਆ ਵਿਚਕਾਰ ਪੁਲ ਉਸਾਰਨ ਵਾਲੀ ਮੇਲ ਜੋਲ ਦੀ ਧਾਰਮਿਕਤਾ ਨੂੰ ਅਮਲ ਵਿਚ ਲਿਆਉਣਾ ਵੀ ਸੌਖਾ ਕਾਰਜ ਨਹੀਂ ਹੈ ਜਾਂ ਫਿਰ ਜਾਤੀਵਾਦ, ਪਿੱਤਰਸੱਤਾ, ਨਸਲਵਾਦ ਅਤੇ ਸਭ ਤੋਂ ਵਧ ਕੇ ਸਭਿਆਚਾਰ, ਵਾਤਾਵਰਨ, ਸਿੱਖਿਆ ਅਤੇ ਮਨੁੱਖੀ ਰਿਸ਼ਤਿਆਂ ਉਪਰ ਧਾਵਾ ਬੋਲਣ ਵਾਲੇ ਨਵ ਉਦਾਰਵਾਦ 'ਤੇ ਕਿੰਤੂ ਕਰਦੇ ਹੋਏ ਸਮਾਜਿਕ ਨਿਆਂ ਦੀ ਪਰਿਵਰਤਨਸ਼ੀਲ ਸਿਆਸਤ ਜ਼ਰੀਏ ਅੰਦਰੂਨੀ ਸ਼ਾਂਤੀ ਅਤੇ ਬਾਹਰੀ ਦੁਨੀਆ ਵਿਚ ਅਮਨ ਦੀ ਯਾਤਰਾ 'ਤੇ ਨਿਕਲਣਾ ਵੀ ਸੌਖਾ ਕੰਮ ਨਹੀਂ ਹੈ।

ਅਫ਼ਸੋਸ ਦੀ ਗੱਲ ਇਹ ਹੈ ਕਿ ਅੱਜ ਅਸੀਂ ਆਪਣੀਆਂ ਅੱਖਾਂ ਸਾਹਮਣੇ ਜੋ ਕੁਝ ਹੁੰਦਾ ਤੱਕ ਰਹੇ ਹਾਂ, ਉਹ ਇਸ ਧਾਰਮਿਕਤਾ ਦੀ ਮੌਤ ਹੈ। ਇਸ ਤਰ੍ਹਾਂ ਦੀ ਧਾਰਮਿਕਤਾ ਦੀ ਬਜਾਇ ਅਸੀਂ ਆਪਣੇ ਆਲੇ ਦੁਆਲੇ ਆਡੰਬਰ, ਪੁਜਾਰੀਪੁਣੇ ਅਤੇ ਇਸ ਨਾਲ ਜੁੜੀ ਸਮਾਜਿਕ ਰੂੜੀਵਾਦੀ, ਫਿਰਕੂ/ਵੰਡਪਾਊ ਸਿਆਸਤ ਵਲੋਂ ਸਪਾਂਸਰ ਕੀਤੇ ਗਏ ਆਪੂੰ ਬਣੇ ਸਾਧੂ ਅਤੇ ਫੈਂਸੀ ਮਸ਼ਕਾਂ ਕਰਵਾ ਕੇ ਝਟਪਟ ਨਿਰਵਾਣ ਕਰਾਉਣ ਦਾ ਵਾਅਦਾ ਕਰਨ ਵਾਲੀ ਨਵ-ਉਦਾਰਵਾਦੀ ਅਧਿਆਤਮ ਦੀ ਸਨਅਤ ਦਾ ਪਸਾਰਾ ਤੱਕਦੇ ਹਾਂ।

# ਹਿੰਸਾ ਤੇ ਆਤੰਕ ਦੁਨੀਆਂ ਦਾ ਮਨਭਾਉਂਦਾ ਸ਼ੁਗਲ ਬਣੇ



ਡਾ. ਬ੍ਰਹਮ ਜਗਦੀਸ਼ ਸਿੰਘ

ਆਧੁਨਿਕ ਯੁੱਗ ਵਿੱਚ ਹਿੰਸਾ, ਆਤੰਕ ਅਤੇ ਬਣਾਉਟੀ ਪਰਾਕਰਮ ਮੱਧ ਸ਼੍ਰੇਣੀ ਦਾ ਮਨਭਾਉਂਦਾ ਸ਼ੁਗਲ ਬਣਦਾ ਜਾ ਰਿਹਾ ਹੈ। ਹਰ ਧਰਮ ਦੇ ਲੋਕ ਇਸ ਵਿੱਚ ਦਿਲਚਸਪੀ ਲੈਣ ਲੱਗ ਪਏ ਹਨ। ਪ੍ਰਾਚੀਨ ਰੋਮ ਵਿੱਚ ਵੀ ਕਦੇ ਲੋਕਾਂ ਦਾ ਇਹੀ ਸ਼ੁਗਲ ਹੁੰਦਾ ਸੀ। ਹਰ ਪਾਸੇ ਸਰਕਸਾਂ ਅਤੇ ਅਖਾੜੇ ਬਣੇ ਹੋਏ ਸਨ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਇੱਥੇ ਇਕੱਠੇ ਹੋ ਕੇ, ਮਾਰੂ ਅਤੇ ਖ਼ਤਰਨਾਕ ਕਰਤੱਬ ਦੇਖਦੇ ਸਨ। ਕਈ ਵਾਰ ਜੰਗ ਵਿੱਚ ਫੜੇ ਗਏ ਕੈਦੀਆਂ ਨੂੰ ਇੱਕ-ਦੂਜੇ ਨਾਲ ਉਦੋਂ ਤਕ ਲੜਨ-ਘੁਲਣ ਦਾ ਹੁਕਮ ਦਿੱਤਾ ਜਾਂਦਾ ਸੀ, ਜਦੋਂ ਤੱਕ ਦੋਵਾਂ ਵਿਚੋਂ ਕੋਈ ਇੱਕ ਮਰ ਨਹੀਂ ਸੀ ਜਾਂਦਾ ਅਤੇ ਬਹੁਤੀ ਵਾਰ ਤਾਂ ਦੋਵੇਂ ਮਰ ਜਾਂਦੇ ਸਨ। ਇਸੇ ਪ੍ਰਕਾਰ ਅਖਾੜਿਆਂ ਵਿੱਚ ਸ਼ੇਰ ਜਾਂ ਬਾਘ ਵਰਗੇ ਆਦਮਖੋਰ ਜਾਨਵਰਾਂ ਨੂੰ ਦੋਸ਼ੀਆਂ ਉੱਪਰ ਛੱਡ ਦਿੱਤਾ ਜਾਂਦਾ ਸੀ। ਸ਼ੇਰ/ਬਾਘ ਉਨ੍ਹਾਂ ਉੱਪਰ ਝਪਟਦੇ ਸਨ ਅਤੇ ਉਨ੍ਹਾਂ ਦੇ ਜਿਸਮਾਂ ਦੀਆਂ ਲੀਰਾਂ-ਲੀਰਾਂ ਕਰ ਦਿੰਦੇ ਸਨ। ਰੋਮ ਦੇ ਆਮ ਸ਼ਹਿਰੀ ਇਹ ਵਹਿਸ਼ੀ ਦ੍ਰਿਸ਼ ਦੇਖਦੇ ਸਨ ਅਤੇ ਇੱਕ ਤਰ੍ਹਾਂ ਨਾਲ ਨਾਟਕੀ ਅਨੰਦ ਹਾਸਲ ਕਰਕੇ ਆਪਣੇ-ਆਪਣੇ ਘਰੀਂ ਪਰਤ ਜਾਂਦੇ ਸਨ। ਸ਼ਹਿਰੀਆਂ ਦਾ ਪੂਰੀ ਤਰ੍ਹਾਂ ਨਾਲ ਅਮਾਨਵੀਕਰਨ ਹੋ ਚੁੱਕਾ ਸੀ। ਸਟੇਡੀਅਮ ਵਿੱਚ ਹੋਰ ਵੀ ਅਨੇਕ ਤਰ੍ਹਾਂ ਦੀਆਂ ਖ਼ਤਰਨਾਕ ਖੇਡਾਂ ਖੇਡੀਆਂ ਜਾਂਦੀਆਂ ਸਨ। ਬਲਦਾਂ ਅਤੇ ਸਾਹਨਾਂ ਨਾਲ ਤਾਕਤਵਰ ਬੰਦਿਆਂ ਨੂੰ ਲੜਾਇਆ ਜਾਂਦਾ ਸੀ, ਜਿਸ ਵਿੱਚ ਅਨੇਕ ਬੰਦਿਆਂ ਦੀਆਂ ਜਾਨਾਂ ਚਲੀਆਂ ਜਾਂਦੀਆਂ ਸਨ। ਤ੍ਰਾਸਦੀ ਦਾ ਇਹ ਅਤਿਅੰਤ ਵਿਕਰਾਲ ਰੂਪ ਹੁੰਦਾ ਸੀ। ਇਸੇ ਪ੍ਰਕਾਰ ਰੱਥਾਂ ਦੀਆਂ ਦੌੜਾਂ ਹੁੰਦੀਆਂ ਸਨ, ਜਿਨ੍ਹਾਂ ਵਿੱਚ ਕਈ ਵਾਰ ਰੱਥ ਉਲਟ ਜਾਂਦੇ ਸਨ ਅਤੇ ਚਾਲਕ ਜ਼ਮੀਨ ਉਪਰ ਡਿੱਗ ਪੈਂਦੇ ਸਨ। ਡਿਗੇ ਪਏ ਰੱਥ-ਚਾਲਕਾਂ ਦੇ ਉਪਰੋਂ ਘੋੜੇ ਅਤੇ ਰੱਥ ਗੁਜ਼ਰਦੇ ਰਹਿੰਦੇ ਸਨ। ਰੋਮਨ ਲੋਕਾਂ ਦਾ ਇਹ ਸਭ ਤੋਂ ਮਨਭਾਉਂਦਾ ਮਨੋਰੰਜਨ ਹੁੰਦਾ ਸੀ। ਕਵੀ ਸੇਨੇਕਾ ਰੋਮਨ ਲੋਕਾਂ ਦੀ ਇਸ ਰੁਚੀ ਨੂੰ ਬੇਹੱਦ ਘਿਨੌਣੀ ਅਤੇ ਭੱਦੀ ਮੰਨਦਾ ਸੀ, ਕਿਉਂਕਿ ਇਸ ਪ੍ਰਕਾਰ ਦੇ ਖੇਡ-ਤਮਾਸ਼ੇ ਲੋਕਾਂ ਤੋਂ ਉਨ੍ਹਾਂ ਦੀ ਮਨੁੱਖਤਾ ਨੂੰ ਖੋਹ ਲੈਂਦੇ ਸਨ। ਬੇਸ਼ੱਕ ਰੋਮਨ ਲੋਕਾਂ ਨੇ ਅਖਾੜਿਆਂ ਅਤੇ ਸਟੇਡੀਅਮਾਂ ਦੀ ਦੁਨੀਆਂ, ਯੂਨਾਨੀਆਂ ਪਾਸੋਂ ਹਾਸਲ ਕੀਤੀ ਸੀ ਪਰ ਯੂਨਾਨੀ ਲੋਕ ਰਿਸ਼ਟ-ਪੁਸ਼ਟ ਸਰੀਰ ਦੀ ਪੂਜਾ ਕਰਦੇ ਸਨ, ਇਨ੍ਹਾਂ ਨਾਲ ਖਿਲਵਾੜ ਜਾਂ ਹਿੰਸਾ ਦਾ ਪ੍ਰਯੋਗ ਨਹੀਂ ਸਨ ਕਰਦੇ। ਉਨ੍ਹਾਂ ਦੀ ਤ੍ਰਾਸਦੀ ਦਾ ਭਾਵਬੋਧ ਦੈਵੀ ਜਾਂ ਅਧਿਆਤਮਕ ਹੁੰਦਾ ਸੀ, ਜੋ ਮਨੁੱਖਾਂ ਨੂੰ ਸੰਭਲ ਕੇ ਚੱਲਣ ਦੀ ਸਿੱਖਿਆ ਦਿੰਦਾ ਸੀ।

ਸਾਡੇ ਦੇਸ਼ ਭਾਰਤ ਵਿੱਚ ਵੀ ਸਮੇਂ-ਸਮੇਂ ਇਹੋ ਜਿਹੇ ਖ਼ਤਰਨਾਕ ਅਤੇ ਹਿੰਸਕ ਕਰਤੱਬ ਦਿਖਾਏ ਜਾਂਦੇ ਹਨ। ਅੱਜ ਕੱਲ੍ਹ ਟੈਲੀਵਿਜ਼ਨ ਉੱਪਰ ਅਜਿਹੇ ਬਹੁਤ ਸਾਰੇ ਚੈਨਲ ਉਪਲਬਧ



ਹਨ, ਜਿਨ੍ਹਾਂ ਵਿੱਚ ਹਿੰਸਾ, ਜਬਰ-ਜਨਾਹ ਕਤਲਾਂ ਅਤੇ ਉਧਾਲਿਆਂ ਦੇ ਬਿਰਤਾਂਤ ਪਰੋਸੇ ਜਾਂਦੇ ਹਨ। ਹਾਲਾਂਕਿ ਸਾਡਾ ਦੇਸ਼ ਆਪਣੇ ਆਪ ਨੂੰ ਅਮਨ ਅਤੇ ਅਹਿੰਸਾ ਦਾ ਪੁਜਾਰੀ ਮੰਨਦਾ ਹੈ ਪਰ ਇਸ ਪ੍ਰਕਾਰ ਦੇ ਹਿੰਸਾਤਮਕ ਚੈਨਲ ਸਾਡੀ ਮੱਧ ਸ਼੍ਰੇਣੀ ਵਲੋਂ ਸਭ ਤੋਂ ਵੱਧ ਦੇਖੇ ਜਾਂਦੇ ਹਨ। ਇਸ ਤੋਂ ਵੀ ਵੱਡੀ ਹੈਰਾਨੀ ਅਤੇ ਤ੍ਰਾਸਦੀ ਵਾਲਾ ਤੱਥ ਇਹ ਹੈ ਕਿ ਇਨ੍ਹਾਂ ਚੈਨਲਾਂ ਦੀਆਂ ਦਰਸ਼ਕ ਮੱਧ-ਸ਼੍ਰੇਣਿਕ ਔਰਤਾਂ ਹੁੰਦੀਆਂ ਹਨ। ਔਰਤਾਂ ਦੀ ਅਜਿਹੀ ਮਾਨਸਿਕਤਾ ਤੋਂ ਪ੍ਰਤੱਖ ਹੋ ਜਾਂਦਾ ਹੈ ਕਿ ਉਹ ਸਾਡੇ ਮਰਦ ਪ੍ਰਧਾਨ ਸਮਾਜ ਵਿੱਚ ਖ਼ੁਸ਼ ਜਾਂ ਸੰਤੁਸ਼ਟ ਨਹੀਂ ਹਨ ਬਲਕਿ ਉਹ ਮਰਦ ਜਾਤ ਤੋਂ ਬਦਲਾ ਲੈਣਾ ਚਾਹੁੰਦੀਆਂ ਹਨ। ਉਹ ਉਪਰੋਂ-ਉਪਰੋਂ ਨਜ਼ਰ ਆਉਂਦੀ ਸਾਡੀ ਸਹਿਜ ਤੇ ਸ਼ਾਂਤ ਦੁਨੀਆ ਨੂੰ ਉਲਟਾ-ਪੁਲਟਾ ਕਰ ਦੇਣ ਦੀ ਇੱਛਾ ਰੱਖਦੀਆਂ ਹਨ। ਸਾਡੇ ਮਨੋਵਿਗਿਆਨੀ ਹੋਰ ਵੀ ਕਈ ਕਾਰਨ ਦੱਸਦੇ ਹਨ ਪਰ ਏਨਾ ਪ੍ਰਤੱਖ ਹੈ ਕਿ ਮੱਧ-ਸ਼੍ਰੇਣੀ ਔਰਤ ਆਪਣੀ ਨੀਰਸ ਤੇ ਨਿਮਨ ਪ੍ਰਕਾਰ ਦੀ ਜੀਵਨ-ਸ਼ੈਲੀ ਨਾਲ ਸੰਤੁਸ਼ਟ ਨਹੀਂ ਹੈ। ਇਹੀ ਕਾਰਨ ਹੈ ਕਿ ਇਸ ਸ਼੍ਰੇਣੀ ਦੀਆਂ ਬਹੁਤ ਸਾਰੀਆਂ ਔਰਤਾਂ ਬਲਾਤਕਾਰੀ ਅਤੇ ਅਪਰਾਧੀ ਕਿਸਮ ਦੇ ਬਾਬਿਆਂ ਕੋਲ ਜਾਣ ਤੋਂ ਵੀ ਨਹੀਂ ਝਿਜਕਦੀਆਂ। ਭਾਰਤ ਦੇ ਕਈ ਸੂਬਿਆਂ ਵਿੱਚ ਇੱਕ ਹੋਰ ਖ਼ਤਰਨਾਕ ਤਮਾਸ਼ਾ ਦਿਖਾਇਆ ਜਾ ਰਿਹਾ ਹੈ ਅਤੇ ਉਹ ਇਹ ਕਿ ਜਿਹੜੇ ਘੱਟ ਗਿਣਤੀਆਂ ਦੇ ਲੋਕ ਕਿਸੇ ਵਿਸ਼ੇਸ਼ ਪਾਰਟੀ ਜਾਂ ਲੀਡਰ ਦੇ ਬਰਖਿਲਾਫ਼ ਵੋਟ ਪਾਉਂਦੇ ਹਨ, ਜੇ ਉਹ ਕੋਈ ਗ਼ਲਤੀ ਕਰ ਬੈਠਣ ਤਾਂ ਉਨ੍ਹਾਂ ਦੇ ਘਰਾਂ ਤੇ ਕਾਰੋਬਾਰਾਂ ਉਪਰ ਬੁਲਡੋਜ਼ਰ ਚਲਾ ਕੇ ਇਨ੍ਹਾਂ ਨੂੰ ਤਹਿਸ-ਨਹਿਸ ਕਰ ਦਿੱਤਾ ਜਾਂਦਾ ਹੈ। ਪੁਲਿਸ ਨੂੰ ਖੁੱਲ੍ਹੀ ਛੁੱਟੀ ਦੇ ਕੇ ਉਨ੍ਹਾਂ ਦਾ ਐਨਕਾਊਂਟਰ ਕਰਵਾ ਦਿੱਤਾ ਜਾਂਦਾ ਹੈ। ਹਿੰਸਾ ਦੇ ਅਜਿਹੇ ਦ੍ਰਿਸ਼ ਲੁਕੋ ਕੇ ਨਹੀਂ ਰੱਖੇ ਜਾਂਦੇ ਬਲਕਿ ਟੈਲੀਵਿਜ਼ਨਾਂ ਉੱਪਰ ਵਾਰ-ਵਾਰ ਦਿਖਾਏ ਜਾਂਦੇ ਹਨ, ਕਿਉਂਕਿ ਚੈਨਲਾਂ ਦੀ ਟੀ.ਆਰ.ਪੀ. ਵਧਦੀ ਹੈ। ਲੋਕਾਂ ਨੂੰ ਅਜਿਹੇ ਪ੍ਰੋਗਰਾਮਾਂ ਵਿਚੋਂ ਅਨੰਦ ਮਿਲਣ ਲੱਗਾ ਹੈ। ਇਸੇ ਤਰ੍ਹਾਂ ਦੀ ਇਕ ਹੋਰ ਪ੍ਰਕਿਰਿਆ ਸੱਚੇ-ਝੂਠੇ ਅਪਰਾਧੀਆਂ ਦਾ ਪੁਲਿਸ ਵਲੋਂ ਪਿੱਛਾ ਕਰਨਾ ਹੈ। ਇਹ ਕਵਾਇਦ ਕਈ ਦਿਨਾਂ ਤੱਕ ਚਲਦੀ ਰਹਿੰਦੀ ਹੈ ਅਤੇ ਜਦੋਂ ਕੋਈ ਸਿੱਟਾ ਨਿਕਲਦਾ ਨਹੀਂ ਦਿੱਸਦਾ ਤਾਂ ਚੈਨਲਾਂ ਵਾਲੇ ਕੋਈ ਹੋਰ ਖ਼ਤਰਨਾਕ ਮਨੋਰੰਜਨ ਦਾ ਪ੍ਰੋਗਰਾਮ ਦਿਖਾਉਣਾ ਸ਼ੁਰੂ ਕਰ ਦਿੰਦੇ ਹਨ। ਇਉਂ ਹਿੰਸਾ, ਮਾਰਧਾੜ ਅਤੇ ਫੜੋ-ਫੜਾਈ ਦਾ ਇਕ ਦਿਲਚਸਪ ਅਤੇ ਅਮੁੱਕ ਬਿਰਤਾਂਤ ਚਲਦਾ ਰਹਿੰਦਾ ਹੈ। ਸਾਡੇ ਧਰਮ-ਗੁਰੂਆਂ ਅਤੇ ਰਹਿਬਰਾਂ ਨੇ ਮਨੁੱਖ ਜਾਤੀ ਨੂੰ ਅਮਨ, ਸ਼ਾਂਤੀ ਅਤੇ ਸਦਭਾਵਨਾ ਦਾ ਸੰਦੇਸ਼ ਦਿੱਤਾ ਸੀ ਪਰ ਉਹ ਸੰਦੇਸ਼ ਹੁਣ ਵੱਟੇ-ਖਾਤੇ ਪੈਂਦਾ ਜਾ ਰਿਹਾ ਹੈ। ਸੜਕਾਂ ਉੱਪਰ ਆਪਣੇ ਵਾਹਨ ਲੈ ਕੇ ਨਿਕਲੇ ਮੱਧ-ਸ਼੍ਰੇਣਿਕ ਲੋਕ ਆਪਣੇ ਆਪ ਨੂੰ ਕਿਸੇ ਸਿਕੰਦਰ ਤੋਂ ਘੱਟ ਨਹੀਂ ਸਮਝਦੇ। ਛੋਟੀਆਂ-ਛੋਟੀਆਂ ਗੱਲਾਂ ਉੱਪਰ ਉਤੇਜਿਤ ਹੋ ਕੇ ਲੜਾਈਆਂ ਕਰਨ ਲੱਗ ਜਾਂਦੇ ਹਨ। ਸਮਾਜ-ਸ਼ਾਸਤਰੀ ਅਜਿਹੇ ਵਿਵਹਾਰ ਨੂੰ ਰੋਡ-ਰੇਜ (ਸੜਕੀ ਆਕ੍ਰੋਸ਼) ਦਾ ਨਾਂਅ ਦਿੰਦੇ ਹਨ। ਪਰ ਅੱਜ-ਕੱਲ੍ਹ ਅਜਿਹੀ ਸਹਿਣਸ਼ੀਲਤਾ ਕੌਣ ਵਿਖਾਉਂਦਾ ਹੈ? ਸਹਿਣਸ਼ੀਲ ਵਿਅਕਤੀ ਨੂੰ ਕਾਇਰ ਦੱਸਿਆ ਜਾਂਦਾ ਹੈ।

ਅਜੋਕੇ ਦੌਰ ਵਿੱਚ ਪਰਿਵਾਰ ਅਤੇ ਸਕੂਲ, ਇਹ ਦੋਵੇਂ ਸੰਸਥਾਵਾਂ ਹੀ ਫੇਲ੍ਹ ਹੋ ਗਈਆਂ ਹਨ। ਚਰਿੱਤਰ ਨਿਰਮਾਣ ਸੰਬੰਧੀ ਨਾ ਤਾਂ ਮਾਤਾ-ਪਿਤਾ ਕੋਈ ਉਪਦੇਸ਼ ਦਿੰਦੇ ਹਨ ਤੇ ਨਾ ਸਕੂਲ ਅਧਿਆਪਕ। ਜੇ ਅਸੀਂ ਆਪਣੇ ਜੀਵਨ ਨੂੰ ਸਹਿਜ ਬਣਾਉਣਾ ਹੈ ਤਾਂ ਮਹਾਂਪੁਰਖਾਂ ਅਤੇ ਗ੍ਰੰਥਾਂ ਵਿੱਚ ਦਰਸਾਏ ਮਾਰਗ ਉੱਪਰ ਚੱਲਣਾ ਹੀ ਪਵੇਗਾ ਨਹੀਂ ਤਾਂ ਮਨੁੱਖੀ ਜੀਵਨ ਪ੍ਰਾਚੀਨ ਰੋਮ ਵਾਂਗ ਹੀ ਹਿੰਸਾ ਅਤੇ ਆਤੰਕ ਦਾ ਲਹੂ-ਲੁਹਾਣ ਖੇਤਰ ਬਣ ਜਾਵੇਗਾ।

# ਬੰਦੀ ਸਿੰਘਾਂ ਦਾ ਮਸਲਾ



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਬੰਦੀ ਸਿੰਘਾਂ ਦਾ ਮਸਲਾ ਪਿਛਲੇ ਲੰਮੇ ਸਮੇਂ ਤੋਂ ਚਰਚਾ ਵਿੱਚ ਹੈ। ਸੁਹਿਰਦ ਸ਼ਖ਼ਸੀਅਤਾਂ ਇਹ ਕਹਿ ਰਹੀਆਂ ਹਨ ਕਿ ਜਿਹੜੇ ਸਿੱਖ ਕਿਸੇ ਵੀ ਰਾਜਨੀਤਿਕ ਮਸਲੇ ਵਿੱਚ ਜੇਲਾਂ ਵਿਖੇ ਬੰਦ ਹਨ ਅਤੇ ਉਹ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਉਹਨਾਂ ਨੂੰ ਹੁਣ ਕਾਨੂੰਨ ਦੀ ਦ੍ਰਿਸ਼ਟੀ ਤੋਂ ਦੋਸ਼ੀ ਨਹੀਂ ਮੰਨਿਆ ਜਾ ਸਕਦਾ। ਦੂਜੇ ਪਾਸੇ ਮਨੁੱਖੀ ਅਧਿਕਾਰਾਂ ਦੇ ਮੱਦੇਨਜ਼ਰ ਵੀ ਉਹਨਾਂ ਨੂੰ ਜੇਲ੍ਹਾਂ ਵਿੱਚ ਨਹੀਂ ਰੱਖਿਆ ਜਾਣਾ ਚਾਹੀਦਾ ਅਤੇ ਉਹਨਾਂ ਦੀ ਰਿਹਾਈ ਲਈ ਕੋਈ ਠੋਸ ਕਾਰਜ ਕਰਨ ਦੀ ਲੋੜ ਹੈ।

ਬੰਦੀ ਸਿੰਘਾਂ ਦੀ ਰਿਹਾਈ ਸੰਬੰਧੀ ਕਾਨੂੰਨੀ ਅਤੇ ਰਾਜਨੀਤਿਕ ਪੱਖ ਤੋਂ ਅਕਸਰ ਚਰਚਾ ਸੁਣਨ ਨੂੰ ਮਿਲਦੀ ਹੈ ਅਤੇ ਇਹ ਕਿਹਾ ਜਾਂਦਾ ਹੈ ਕਿ ਕਾਨੂੰਨ ਦੀ ਦ੍ਰਿਸ਼ਟੀ ਵਿੱਚ ਸਜਾਵਾਂ ਪੂਰੀਆਂ ਕਰ ਚੱਕੇ ਸਿੰਘਾਂ ਦਾ ਮਸਲਾ ਰਾਜਨੀਤੀ ਦੀ ਭੇਟ ਚੜ੍ਹਿਆ ਹੋਇਆ ਹੈ। ਰਾਜਨੀਤਿਕ ਪਾਰਟੀਆਂ ਇਹ ਸੋਚਦੀਆਂ ਹਨ ਕਿ ਘੱਟ-ਗਿਣਤੀ ਭਾਈਚਾਰੇ ਨਾਲ ਦਿਖਾਈ ਹਮਦਰਦੀ ਕਿਤੇ ਮਹਿੰਗੀ ਨਾ ਪਾ ਜਾਵੇ। ਘੱਟ-ਗਿਣਤੀਆਂ ਨੂੰ ਕੇਵਲ ਓਨਾਂ ਹੀ ਖ਼ੁਸ਼ ਰੱਖਣ ਦੀ ਲੋੜ ਹੈ ਜਿਸ ਨਾਲ ਅੰਤਰ-ਰਾਸ਼ਟਰੀ ਪੱਧਰ 'ਤੇ ਅਕਸ ਕਾਇਮ ਰਹੇ ਅਤੇ ਇਹਨਾਂ ਦੀਆਂ ਵੋਟਾਂ ਲੈਣ ਵਾਲੀ ਨੀਤੀ ਸੁਚਾਰੂ ਰੂਪ ਵਿੱਚ ਕਾਰਜ ਕਰਦੀ ਰਹੇ। ਅਜਿਹੇ ਮਸਲਿਆਂ ਨੂੰ ਨਜਿੱਠਣ ਲਈ ਸਿੱਖਾਂ ਦੀ ਸਭ ਤੋਂ ਵੱਡੀ ਰਾਜਨੀਤਿਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਹੈ ਜਿਹੜਾ ਕਿ ਰਾਜਨੀਤਿਕ ਹਲਕਿਆਂ ਵਿੱਚ ਹਰ ਤਰ੍ਹਾਂ ਨਾਲ ਸਿੱਖਾਂ ਦੀ ਆਵਾਜ਼ ਬੁਲੰਦ ਕਰਨ ਲਈ ਕਾਇਮ ਕੀਤਾ ਗਿਆ ਸੀ। ਇਸ ਪਾਰਟੀ ਦੀ ਸਰਕਾਰ ਸਮੇਂ ਵੀ ਅਜਿਹਾ ਕੋਈ ਠੋਸ ਕਦਮ ਸਾਹਮਣੇ ਨਹੀਂ ਆਇਆ ਜਿਹੜਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਕਾਰਗਾਰ ਸਾਬਤ ਹੋ ਸਕਦਾ। ਇਸ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਬੀਬੀ ਕਮਲਦੀਪ ਕੌਰ ਨੂੰ ਸੰਗਰੂਰ ਲੋਕ ਸਭਾ ਹਲਕੇ ਤੋਂ ਚੋਣਾਂ ਵਿੱਚ ਉਤਾਰਿਆ ਗਿਆ ਸੀ। ਭਾਵੇਂ ਕਿ ਇਸ ਚੋਣ ਵਿੱਚ ਸ਼੍ਰੋਮਣੀ ਅਕਾਲੀ ਦਲ ਸਭਨਾਂ ਪ੍ਰਮੁੱਖ ਪਾਰਟੀਆਂ ਤੋਂ ਪਛੜ ਗਿਆ ਸੀ ਪਰ ਫਿਰ ਵੀ ਉਹਨਾਂ ਦੇ ਇਸ ਫੈਸਲੇ ਨਾਲ ਬੰਦੀ ਸਿੰਘਾਂ ਦਾ ਮਸਲਾ ਭਾਰਤ ਦੇ ਰਜਨੀਤਿਕ ਗਲਿਆਰਿਆਂ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਸੀ।

ਮੌਜੂਦਾ ਸਮੇਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਬਜਾਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਮਸਲੇ 'ਤੇ ਵਧੇਰੇ ਕਿਰਿਆਸ਼ੀਲ ਦਿਖਾਈ ਦਿੰਦੀ ਹੈ। ਸ਼੍ਰੋਮਣੀ ਕਮੇਟੀ ਇਹ ਮਸਲਾ ਸੰਗਤ ਤੱਕ ਲਿਜਾਣ ਅਤੇ ਉਹਨਾਂ ਦੀ ਬੰਦੀ ਸਿੰਘਾਂ ਪ੍ਰਤੀ ਹਮਦਰਦੀ ਪੈਦਾ ਕਰਨ ਵਿੱਚ ਸਫ਼ਲ ਰਹੀ ਹੈ। ਬੰਦੀ ਸਿੰਘਾਂ ਦੀ ਰਿਹਾਈ ਲਈ ਇਹਨਾਂ ਨੇ 26 ਲੱਖ ਤੋਂ ਵਧੇਰੇ ਸਿੱਖਾਂ ਦੁਆਰਾ ਫਾਰਮ ਭਰਵਾਏ ਅਤੇ ਇੱਕ ਪੈਨ-ਡਰਾਇਵ ਰਾਹੀਂ ਪੰਜਾਬ ਦੇ ਗਵਰਨਰ ਨੂੰ ਸੌਂਪਦੇ ਹੋਏ ਭਾਰਤ ਸਰਕਾਰ ਨੂੰ ਇਹ ਸੁਨੇਹਾ ਦੇਣ ਦਾ ਯਤਨ ਕੀਤਾ ਕਿ ਜਿਹੜੇ ਸਿੱਖ ਜੇਲ੍ਹਾਂ ਵਿੱਚ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਆਮ ਸਿੱਖ ਉਹਨਾਂ ਦੀ ਰਿਹਾਈ ਦੀ ਅਪੀਲ ਕਰਦੇ ਹਨ। ਸਿੱਖਾਂ ਦੀਆਂ ਭਾਵਨਾਵਾਂ ਨੂੰ ਦੇਖਦੇ ਹੋਏ ਬੰਦੀ ਸਿੰਘਾਂ ਨੂੰ ਛੇਤੀ ਤੋਂ ਛੇਤੀ ਰਿਹਾਅ ਕੀਤਾ ਜਾਣਾ ਚਾਹੀਦਾ ਹੈ।

ਬੰਦੀ ਸਿੰਘਾਂ ਨੂੰ ਰਿਹਾਈ ਇੱਕ ਰਾਜਨੀਤਿਕ ਮਸਲਾ ਬਣ ਕੇ ਰਹਿ ਗਿਆ ਹੈ। ਸੁਪਰੀਮ ਕੋਰਟ ਨੇ ਇਸ ਸੰਬੰਧੀ ਭਾਰਤ ਸਰਕਾਰ ਨੂੰ ਕੋਈ ਫੈਸਲਾ ਕਰਨ ਦਾ ਸੁਝਾਅ ਦਿੱਤਾ ਹੈ ਅਤੇ 2019 ਵਿੱਚ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਇਸ ਸੰਬੰਧੀ ਐਲਾਨ ਕਰਦੇ ਹੋਏ ਬੰਦੀ ਸਿੰਘਾਂ ਦੀ ਰਿਹਾਈ ਦਾ ਸੰਕੇਤ ਦਿੱਤਾ ਸੀ ਪਰ ਹਾਲੇ ਤੱਕ ਕੋਈ ਠੋਸ ਸਿੱਟਾ ਸਾਹਮਣੇ ਨਹੀਂ ਆਇਆ।

ਪਿਛਲੇ ਦਿਨੀਂ ਬੰਦੀ ਸਿੰਘਾਂ ਵਿਚੋਂ ਜਦੋਂ ਭਾਈ ਰਾਜੋਆਣਾ ਨੇ ਸ਼੍ਰੋਮਣੀ ਕਮੇਟੀ ਨੂੰ ਇਹ ਅਪੀਲ ਕੀਤੀ ਕਿ ਉਸ ਦੀ ਸਜ਼ਾ ਮਾਫ਼ ਕਰਨ ਲਈ ਕੇਂਦਰ ਸਰਕਾਰ ਨੂੰ ਭੇਜੀ ਗਈ ਅਰਜੀ ਵਾਪਸ ਲੈ ਲਈ ਜਾਵੇ ਤਾਂ ਇਹ ਮਸਲਾ ਹੋਰ ਵਧੇਰੇ ਜੋਰ ਫੜ ਗਿਆ। ਉਸ ਦੀ ਅਪੀਲ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਯਤਨ ਤੇਜ਼ ਕਰ ਦਿੱਤੇ ਹਨ ਅਤੇ ਮੀਡੀਆ ਵਿੱਚ ਇਸ ਸੰਬੰਧੀ ਚਰਚਾ ਹੋਰ ਵਧੇਰੇ ਜੋਰ ਫੜ ਗਈ ਹੈ। ਹੁਣ ਤੱਕ ਆਮ ਲੋਕ ਇਹ ਸਮਝ ਚੁੱਕੇ ਹਨ ਕਿ ਬੰਦੀ ਸਿੰਘ ਕੋਈ ਪੇਸ਼ੇਵਾਰ ਅਪਰਾਧੀ ਨਹੀਂ ਹਨ, ਉਹ ਰਾਜਨੀਤਿਕ ਕੈਦੀ ਹਨ। ਭਾਵੇਂ ਕਿ ਰਾਜਨੀਤਿਕ ਉਦੇਸ਼ਾਂ ਦੀ ਪੂਰਤੀ ਲਈ ਉਹਨਾਂ ਵੱਲੋਂ ਵਰਤਿਆ ਗਿਆ ਢੰਗ ਸਹੀ ਨਹੀਂ ਸੀ ਪਰ ਫਿਰ ਵੀ ਉਹ ਆਪਣੇ ਕੀਤੇ ਦੀਆਂ ਸਜ਼ਾਵਾਂ ਵੀ ਪੂਰੀਆਂ ਕਰ ਚੁੱਕੇ ਹਨ। ਹੁਣ ਉਹਨਾਂ ਨੂੰ ਜੇਲ੍ਹਾਂ ਵਿੱਚ ਬੰਦ ਰੱਖਣਾ ਕਿਸੇ ਤਰ੍ਹਾਂ ਨਾਲ ਵੀ ਉਚਿਤ ਨਹੀਂ ਹੈ।

ਸਿੱਖ ਹਲਕਿਆਂ ਵਿੱਚ ਇਹ ਚਰਚਾ ਜੋਰ ਫੜਦੀ ਜਾ ਰਹੀ ਹੈ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਜਦੋਂ ਸਾਰੇ ਰਸਤੇ ਬੰਦ ਹੋ ਰਹੇ ਹਨ ਤਾਂ ਅਜਿਹਾ ਕਿਹੜਾ ਪੁਰ-ਅਮਨ ਯਤਨ ਕੀਤਾ ਜਾਵੇ ਜਿਸ ਨਾਲ ਸਰਕਾਰ 'ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਜੋਰ ਪਾਇਆ ਜਾ ਸਕਦਾ ਹੈ?




# ਭਾਰਤ ਲਈ ਉੱਚ ਸਿੱਖਿਆ - ਵਧਦੀਆਂ ਚੁਣੌਤੀਆਂ



ਗੁਰਮੀਤ ਸਿੰਘ ਪਲਾਹੀ
9815802070



ਸਮੇਂ-ਸਮੇਂ 'ਤੇ ਭਾਰਤ ਵਿੱਚ ਸਿੱਖਿਆ ਨੀਤੀ ਬਨਾਉਣ ਅਤੇ ਲਾਗੂ ਕਰਨ ਦਾ ਯਤਨ ਹੋਇਆ। ਇਹਨਾਂ ਵਿੱਚ ਉੱਚ ਸਿੱਖਿਆ ਲਈ ਵੱਡੇ ਦਾਈਏ ਸਿਰਜੇ ਗਏ, ਪਰ ਉੱਚ ਸਿੱਖਿਆ ਕਦੇ ਵੀ ਨੌਜਵਾਨਾਂ ਦੇ ਹਾਣ ਦੀ ਨਾ ਹੋ ਸਕੀ। ਇਹ ਸਿੱਖਿਆ ਬੁਨਿਆਦੀ ਢਾਂਚੇ ਤੇ ਅਧਿਆਪਕਾਂ ਦੀ ਕਮੀ, ਸਿੱਖਿਆ ਦੇ ਅਸਲ ਸੰਕਲਪ ਤੋਂ ਦੂਰੀ ਕਾਰਨ ਸਮੇਂ ਦੀ ਭੇਂਟ ਚੜ ਦੀ ਰਹੀ ਅਤੇ ਹੁਣ ਨਵੀਂ ਸਿੱਖਿਆ ਨੀਤੀ ਵੀ ਹਾਲੋਂ ਬੇਹਾਲ ਹੈ। ਦੇਸ਼ ਭਰ ਦੇ 31ਫੀਸਦੀ ਵਿਦਿਆਰਥੀਆਂ ਦੇ ਨਾਲ-ਨਾਲ ਸੂਬਿਆਂ ਦੀਆਂ ਉੱਚ ਸਿੱਖਿਆ ਸੰਸਥਾਵਾਂ, ਗੁਣਵੱਤਾ, ਬੁਨਿਆਦੀ ਸੁਵਿਧਾਵਾਂ ਦੀ ਘਾਟ ਨਾਲ ਦਸਤਪੰਜਾ ਲੈ ਰਹੀਆਂ ਹਨ।

ਕੀ ਇਹੋ ਜਿਹੇ ਹਾਲਾਤਾਂ ਵਿਚ ਬਦਹਾਲ ਯੂਨੀਵਰਸਿਟੀਆਂ, ਕਾਲਜਾਂ ਅਤੇ ਹੋਰ ਸਿੱਖਿਆ ਸੰਸਥਾਵਾਂ ਵਿਚ ਉਦੋਂ ਤੱਕ ਬੁਨਿਆਦੀ ਤਬਦੀਲੀ ਲਿਆਉਣੀ ਸੋਚੀ ਜਾ ਸਕਦੀ ਹੈ, ਜਦੋਂ ਤੱਕ ਸਰਕਾਰਾਂ ਸਿੱਖਿਆ ਦੇ ਵਪਾਰੀਕਰਨ ਨਿੱਜੀਕਰਨ ਨਾਲ ਉਤਪੋਤ ਹੋ ਕੇ ਸਭ ਲਈ ਬਰਾਬਰ ਦੀ ਸਿੱਖਿਆ ਦਾ ਫ਼ਰਜ਼ ਨਿਭਾਉਣ ਲਈ ਅੱਗੇ ਨਹੀਂ ਆਉਂਦੀਆਂ।

ਆਲ ਇੰਡੀਆ ਹਾਇਰ ਐਜੂਕੇਸ਼ਨ ਸਰਵੇਖਣ 2020-21 ਅਨੁਸਾਰ ਦੇਸ਼ ਵਿਚ ਕੁਲ 1113 ਯੂਨੀਵਰਸਿਟੀਆਂ ਹਨ, ਜਿਹਨਾਂ ਵਿਚੋਂ 235 ਕੇਂਦਰੀ ਅਤੇ 422 ਸੂਬਾ ਸੰਚਾਲਿਤ ਯੂਨੀਵਰਸਿਟੀਆਂ ਸਹਿਤ 657 ਸਰਕਾਰੀ ਯੂਨੀਵਰਸਿਟੀਆਂ ਹਨ, 10 ਨਿੱਜੀ ਡੀਮਡ ਯੂਨੀਵਰਸਿਟੀਆਂ ਅਤੇ 446 ਪ੍ਰਾਈਵੇਟ ਯੂਨੀਵਰਸਿਟੀਆਂ ਹਨ। ਦੇਸ਼ ਵਿਚ 43796 ਕਾਲਜ ਅਤੇ 11296 'ਸਟੈਂਡ ਅਲੋਨ' ਸਿੱਖਿਆ ਸੰਸਥਾਵਾਂ ਹਨ।

**ਉੱਚ ਸਿੱਖਿਆ ਦੇ ਹਾਲਾਤ ਵੇਖੋ :** ਭਾਰਤ ਵਿਚ 18 ਤੋਂ 23 ਸਾਲ ਉਮਰ ਵਰਗ ਦੀ ਇਕ ਲੱਖ ਅਬਾਦੀ ਉੱਤੇ ਇੱਕੀ ਕਾਲਜ ਹਨ। ਇਹਨਾਂ ਵਿਚੋਂ 21.4 ਸਰਕਾਰੀ ਕਾਲਜ, 13.6ਫੀਸਦੀ ਨਿੱਜੀ ਸਹਾਇਤਾ ਪ੍ਰਾਪਤ ਕਾਲਜ ਅਤੇ 65ਫੀਸਦੀ ਗੈਰ ਸਹਾਇਤਾ ਪ੍ਰਾਪਤ ਕਾਲਜ ਹਨ। ਲਗਭਗ 61.4ਫੀਸਦੀ ਕਾਲਜ ਪੇਂਡੂ ਖੇਤਰ ਵਿਚ ਅਤੇ 10.5ਫੀਸਦੀ ਔਰਤਾਂ ਦੇ ਕਾਲਜ ਹਨ।

ਉੱਤਰ ਪ੍ਰਦੇਸ਼, ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਕਰਨਾਟਕ, ਰਾਜਸਥਾਨ, ਤਾਮਿਲਨਾਡੂ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਦੇਸ਼ ਦੇ ਕੁਲ ਜੀ.ਈ.ਆਰ. (ਗਰੌਸ ਇਨਰੋਲਮੈਂਟ ਰੇਸ਼ੋ) 53.17ਫੀਸਦੀ ਹੈ। ਬਾਕੀ ਸਭ ਥੱਲੇ ਹਨ।

ਹਰ ਵੇਰ ਜਦੋਂ ਨਵੀਂ ਸਿੱਖਿਆ ਨੀਤੀ ਬਣਦੀ ਹੈ, ਭਾਵੇਂ ਉਹ ਅਜ਼ਾਦੀ ਤੋਂ ਬਾਅਦ ਪਹਿਲੋ-ਪਹਿਲ 1968 ਵਿੱਚ ਬਣੀ ਜਾਂ ਮੁੜ ਕੇ 1986 ਵਿੱਚ ਤਿਆਰ ਕੀਤੀ ਗਈ ਅਤੇ ਹੁਣ ਫਿਰ ਰਾਸ਼ਟਰੀ ਸਿੱਖਿਆ ਨੀਤੀ ਬਣੀ ਹੈ, ਉਸ ਦਾ ਜੋ ਬੁਨਿਆਦੀ ਢਾਂਚੇ 'ਚ ਬਦਲਾਅ, ਪਾਠਕ੍ਰਮ 'ਚ ਤਬਦੀਲੀ, ਮੁਲਾਂਕਣ, ਅਧਿਐਨ ਅਤੇ ਅਧਿਆਪਨ ਉੱਤੇ ਜ਼ੋਰ ਦੇਣਾ ਰਿਹਾ ਹੈ। ਕਦੇ ਵੋਕੇਸ਼ਨਲ ਸਿੱਖਿਆ, ਕਦੇ ਸਿੱਖਿਆ ਨੂੰ ਉਦਯੋਗ ਨਾਲ ਜੋੜਨ, ਵਿਅਕਤੀਗਤ ਪ੍ਰਤਿਭਾ ਵਧਾਉਣ ਦੀ ਗੱਲ ਵੀ ਲਗਾਤਾਰ ਹੋਈ ਹੈ। ਨਵੀਂ ਸਿੱਖਿਆ ਨੀਤੀ ਜੋ 2020 'ਚ ਦੇਸ਼ ਭਰ 'ਚ ਲਾਗੂ ਕੀਤੀ ਉਸ ਦਾ ਮੰਤਵ ਵੀ ਲਗਭਗ ਇਹੋ ਜਿਹਾ ਹੀ ਹੈ।

ਪਰ ਦੇਸ਼ 'ਚ ਸਿੱਖਿਆ ਦੀ ਸਥਿਤੀ ਖਾਸ ਕਰਕੇ ਉੱਚ ਸਿੱਖਿਆ ਦੀ ਸਥਿਤੀ 'ਚ ਨਵੀਂ ਸਿੱਖਿਆ ਨੀਤੀ ਨੂੰ ਲਾਗੂ ਕਰਨ ਉਪਰੰਤ ਵੀ ਕੋਈ ਬਦਲਾਅ ਵੇਖਣ ਨੂੰ ਨਹੀਂ ਮਿਲ ਰਿਹਾ। ਸੂਬਿਆਂ ਦੀਆਂ ਯੂਨੀਵਰਸਿਟੀਆਂ ਦੀ ਵਿੱਤੀ ਸਥਿਤੀ ਤਰਸਯੋਗ ਹੈ। ਗੁਣਵੱਤਾ ਪੱਖੋਂ ਸਰਕਾਰੀ ਗੈਰ ਸਰਕਾਰੀ ਯੂਨੀਵਰਸਿਟੀਆਂ ਦਾ ਜਨਾਜਾ ਨਿਕਲਿਆ ਹੋਇਆ। ਉੱਚ ਸਿੱਖਿਆ ਦਾ ਅਧਾਰ ਨਵੀਂ ਖੋਜ ਨੂੰ ਮੰਨਿਆ ਜਾਂਦਾ ਹੈ, ਪਰ ਅੱਧੇ ਅਧੂਰੇ ਬੁਨਿਆਦੀ ਢਾਂਚੇ ਕਾਰਨ, ਉੱਚ ਸਿੱਖਿਆ ਖੇਤਰ 'ਚ ਯੋਗ ਅਧਿਆਪਕਾਂ ਦੀ ਕਮੀ ਕਾਰਨ ਗੈਰ-ਗੰਭੀਰ ਖੋਜ ਪੱਤਰ ਛਪਦੇ ਹਨ। ਪੀ.ਐਚ.ਡੀ. ਦੀਆਂ ਡਿਗਰੀਆਂ ਦਿੱਤੀਆਂ ਜਾਂਦੀਆਂ ਹਨ। ਬਹੁਤੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਜਿਹਨਾਂ ਸਿੱਖਿਆ ਨੂੰ ਵਪਾਰ ਬਣਾ ਦਿੱਤਾ ਹੈ, ਉਥੇ ਤਾਂ ਇਹੋ ਜਿਹੀਆਂ ਡਿਗਰੀਆਂ ਦੀ ਭਰਮਾਰ ਹੈ। ਇਥੋਂ ਤੱਕ ਕਿ ਇਥੇ ਡਿਗਰੀਆਂ ਵਿਕਦੀਆਂ ਹਨ।

ਸੂਬਿਆਂ ਦੀਆਂ ਸਰਕਾਰਾਂ ਵੱਲੋਂ ਖਾਸ ਕਰਕੇ ਯੂਨੀਵਰਸਿਟੀਆਂ ਨੂੰ ਵਿੱਤੀ ਸਹਾਇਤਾ ਦੇਣ ਤੋਂ ਹੱਥ ਖਿੱਚਣ ਕਾਰਨ ਸਰਕਾਰੀ ਯੂਨੀਵਰਸਿਟੀਆਂ ਦੇ ਵਿੱਤੀ ਹਾਲਤ ਸੰਕਟ ਵਿੱਚ ਹਨ। ਇੱਕ ਰਿਪੋਰਟ ਅਨੁਸਾਰ ਕੇਂਦਰ ਸਰਕਾਰ ਦੀਆਂ ਯੂਨੀਵਰਸਿਟੀਆਂ ਨੂੰ ਕੁਲ ਬਜ਼ਟ ਤਾਂ ਔਸਤਨ ਅੱਠ ਹਜ਼ਾਰ ਕਰੋੜ ਦਿੱਤਾ ਜਾਂਦਾ ਹੈ ਪਰ ਸੂਬਿਆਂ ਦੀਆਂ ਯੂਨੀਵਰਸਿਟੀਆਂ ਨੂੰ ਬਜ਼ਟ ਸਿਰਫ਼ 83 ਲੱਖ ਵੰਡਿਆ ਜਾਂਦਾ ਹੈ। ਕੇਂਦਰੀ ਕਾਲਜਾਂ ਲਈ ਸਰਕਾਰ ਨੇ 27 ਕਰੋੜ ਔਸਤਨ ਰੱਖੇ ਹਨ ਪਰ ਰਾਜਾਂ ਲਈ 21 ਲੱਖ ਦਾ ਬਜ਼ਟ ਹੈ। ਇਸ ਬਜ਼ਟ ਵਿੱਚ ਪਿਛਲੇ ਤਿੰਨ ਸਾਲਾਂ ਤੋਂ ਕੋਈ ਵਾਧਾ ਨਹੀਂ ਹੋਇਆ। ਕੀ ਇੰਨੀ ਕੁ ਸਹਾਇਤਾ ਇੱਕ ਯੂਨੀਵਰਸਿਟੀ ਲਈ ਕਾਫੀ ਹੈ।

ਭਾਰਤ ਵਿਚ ਸੰਘੀ ਲੋਕਤੰਤਰਿਕ ਵਿਵਸਥਾ ਹੈ। ਕੇਂਦਰ ਅਤੇ ਰਾਜਾਂ ਦੇ ਸਬੰਧ ਜਦੋਂ ਵਿਗੜਦੇ ਹਨ ਤਾਂ ਸੂਬਿਆਂ ਦੀ ਸੰਘੀ ਘੁੱਟੀ ਜਾਂਦੀ ਹੈ। ਵੱਖੋ-ਵੱਖਰੇ ਖੇਤਰਾਂ ਦੇ ਨਾਲ ਸਿੱਖਿਆ ਖੇਤਰ ਵੀ ਇਸਦਾ ਖਮਿਆਜਾ ਭੁਗਤਦਾ ਹੈ। ਮੱਧ ਪ੍ਰਦੇਸ਼, ਹਰਿਆਣਾ, ਕਰਨਾਟਕ ਵਿੱਚ ਨਵੀਂ ਸਿੱਖਿਆ ਨੀਤੀ ਨੂੰ ਲਾਗੂ ਹੋਇਆ ਦੋ ਸਾਲ ਬੀਤ ਗਏ ਹਨ, ਪਰ ਤਾਮਿਲਨਾਡੂ, ਪੱਛਮੀ ਬੰਗਾਲ ਅਤੇ ਕੁਝ ਹੋਰ ਰਾਜਾਂ ਸਮੇਤ ਪੰਜਾਬ ਦੇ ਇਹ ਸਿੱਖਿਆ ਨੀਤੀ ਲਾਗੂ ਕਰਨ ਵੱਲ ਕੁਝ ਕਦਮ ਵੀ ਅੱਗੇ ਨਹੀਂ ਵਧੇ।

ਅਸਲ ਵਿੱਚ ਰਾਜਾਂ ਦੀਆਂ ਯੂਨੀਵਰਸਿਟੀਆਂ ਫਾਕੇ ਕੱਟ ਰਹੀਆਂ ਹਨ, ਅਧਿਆਪਕਾਂ ਦੀ ਕਮੀ ਹੈ। ਆਰਥਿਕ ਤੰਗੀ, ਸਿਆਸੀ ਦਖਲ, ਅਕਾਦਮਿਕ ਭੈੜਾ ਪ੍ਰਬੰਧ ਅਤੇ ਬਰਾਬਰ ਦੇ ਮੌਕਿਆਂ ਦੀ ਕਮੀ ਨੇ ਯੂਨੀਵਰਸਿਟੀਆਂ ਦੇ ਹਾਲਾਤ ਵਿਗਾੜੇ ਹੋਏ ਹਨ। ਉਪਰੋਂ ਕੇਂਦਰ ਸਰਕਾਰ ਦੀਆਂ ਵਪਾਰਕ ਅਤੇ ਨਿੱਜੀਕਰਨ ਨੀਤੀਆਂ ਉੱਚ ਸਿੱਖਿਆ ਦਾ ਕਚੂੰਬਰ ਕੱਢ ਰਹੀਆਂ ਹਨ।

ਸਾਲ 2013 'ਚ ਰਾਸ਼ਟਰੀ ਉੱਚ ਸਿੱਖਿਆ ਅਭਿਆਨ (ਰੂਸਾ) ਇੱਕ ਪ੍ਰੋਗਰਾਮ ਕੇਂਦਰ ਸਰਕਾਰ ਨੇ ਸ਼ੁਰੂ ਕੀਤਾ। ਇਸ ਦਾ ਉਦੇਸ਼ ਰਾਜ ਸਰਕਾਰਾਂ ਨੂੰ ਉਚੇਰੀ ਬਿਹਤਰ ਸਿੱਖਿਆ ਲਈ ਫੰਡਿੰਗ ਕਰਨਾ ਸੀ। ਇਹ ਇਕ ਕਿਸਮ ਦੀ ਰਾਜਨੀਤਕ ਫੰਡਿੰਗ ਬਣ ਕੇ ਰਹਿ ਗਈ। ਰੂਸਾ ਅਧੀਨ ਮੁਲਾਂਕਣ ਦੇ ਅਧਾਰ 'ਤੇ ਰਾਜਾਂ ਲਈ 60:40 ਦੇ ਅਨੁਪਾਤ ਅਤੇ ਕੇਂਦਰੀ ਸ਼ਾਸ਼ਤ ਪ੍ਰਦੇਸ਼ਾਂ ਲਈ 90:10 ਦੇ ਅਨੁਪਾਤ ਨਾਲ ਪ੍ਰਾਜੈਕਟਾਂ ਲਈ ਵਿੱਤੀ ਸਹਾਇਤਾ ਦੇਣਾ ਸੀ। ਪਰ ਇਹ ਸਹਾਇਤਾ ਸੀਮਤ ਰਹੀ ਅਤੇ 'ਪਹੁੰਚ' ਇਸ ਸਹਾਇਤਾ ਦਾ ਅਧਾਰ ਬਣ ਗਈ। ਭਾਵ ਜਿਥੇ ਅਤੇ ਜਿਸ ਰਾਜ ਵਿੱਚ ਹਾਕਮ ਚਾਹੁੰਦੇ ਉਥੇ ਹੀ ਇਹ ਪ੍ਰਾਜੈਕਟ ਦਿੱਤੇ ਜਾਂਦੇ ਹਨ। ਕੀ ਇਹ ਸਿੱਖਿਆ ਪ੍ਰਤੀ ਸਹੀ ਪਹੁੰਚ ਹੈ?

ਪੁਰਾਤਨ ਕਾਲ ਵਿਚ ਸਿੱਖਿਆ ਦਾ ਮਨੋਰਥ ਧਰਮ ਨਾਲ ਜੁੜਿਆ ਹੋਇਆ ਸੀ ਅਤੇ ਕਿਸੇ ਵਿਸ਼ੇਸ਼ ਜਾਤ ਅਤੇ ਲਿੰਗ (ਭਾਵ ਮਰਦ ਜਾਂ ਔਰਤਾਂ) ਦਾ ਹੀ ਹੱਕ ਸੀ। ਇਹਨਾਂ ਸਮਿਆਂ 'ਚ ਭਾਰਤ 'ਚ ਸਿਰਫ਼ ਉੱਚ ਜਾਤਾਂ ਦੇ ਮਰਦ ਹੀ ਪੜ੍ਹਾਈ ਕਰਨ ਦੇ ਹੱਕਦਾਰ ਸਨ। ਅੰਗਰੇਜ਼ ਸਮਕਾਲ ਸਮੇਂ ਸਿੱਖਿਆ ਖੇਤਰ 'ਚ ਤਬਦੀਲੀ ਆਈ। ਸਕੂਲ, ਕਾਲਜ ਖੁਲ੍ਹੇ। ਮਿਸ਼ਨਰੀ ਲੋਕਾਂ ਨੇ ਸਿੱਖਿਆ ਆਮ ਆਦਮੀ ਤੱਕ ਪਹੁੰਚਾਉਣ ਦਾ ਯਤਨ ਕੀਤਾ। ਉਚੇਰੀ ਸਿੱਖਿਆ ਲਈ ਵੀ ਦਰਵਾਜ਼ੇ ਖੁਲ੍ਹੇ। ਅਜ਼ਾਦੀ ਤੋਂ ਬਾਅਦ ਸਿੱਖਿਆ ਸਭ ਲਈ ਦੇਣ ਦਾ ਸੰਕਲਪ ਸਾਹਮਣੇ ਆਇਆ। ਸਭ ਲਈ ਬਰਾਬਰ ਦੀ ਸਿੱਖਿਆ ਦੀ ਮੰਗ ਵੀ ਉੱਠੀ। ਸੰਵਿਧਾਨ ਵਿਚ ਸਿੱਖਿਆ ਦਾ ਅਧਿਕਾਰ ਦਰਜ ਹੋਇਆ।

ਪਰ ਯੂਨੀਵਰਸਿਟੀਆਂ ਪ੍ਰਾਈਵੇਟ ਹੱਥਾਂ 'ਚ ਵਧਣ ਕਾਰਨ ਸਿੱਖਿਆ ਦਾ ਮਿਆਰ ਵੀ ਘਟਿਆ। ਸਿੱਖਿਆ ਸੰਸਥਾਵਾਂ ਵਪਾਰਕ ਅਦਾਰਿਆਂ ਵਜੋਂ ਵਿਕਸਿਤ ਹੋਈਆਂ ਅਤੇ ਅੱਜ ਸਥਿਤੀ ਇਹ ਹੈ ਕਿ ਨਿੱਜੀਕਰਨ ਪਾਲਿਸੀ ਨੇ ਉੱਚ ਸਿੱਖਿਆ ਨੂੰ ਹਥਿਆ ਲਿਆ ਹੈ।

ਨਵੇਂ-ਨਵੇਂ ਕੋਰਸ ਇਹਨਾਂ ਯੂਨੀਵਰਸਿਟੀਆਂ ਵੱਲੋਂ ਧਨ ਕਮਾਉਣ ਲਈ ਚਲਾਏ ਜਾ ਰਹੇ ਹਨ। ਜਿਹਨਾਂ ਦਾ ਕੋਈ ਮਿਆਰ ਵੀ ਨਹੀਂ। ਇੰਜ ਉੱਚ ਸਿੱਖਿਆ 'ਚ ਇਕ ਗੰਦਲਾਪਨ ਫੈਲਾਇਆ ਜਾ ਰਿਹਾ ਹੈ। ਇਹ ਉੱਚ ਸਿੱਖਿਆ ਲਈ ਇਕ ਵੱਡੀ ਚਣੌਤੀ ਹੈ। ਸਿੱਖਿਆ ਦਾ ਮੰਤਵ ਤਾਂ ਨਾ ਬਰਾਬਰੀ ਖਤਮ ਕਰਕੇ ਇਕ ਨਿੱਗਰ ਸਮਾਜ ਦੀ ਸਿਰਜਣਾ ਕਰਨਾ ਹੈ। ਆਪਣੀ ਬੋਲੀ ਸਭਿਆਚਾਰ ਨਾਲ ਜੁੜ ਕੇ ਇਕ ਚੇਤੰਨ ਮਨੁੱਖ ਬਨਣ ਵੱਲ ਅੱਗੇ ਵਧਣਾ ਹੈ। ਪਰ ਮੌਜੂਦਾ ਉੱਚ ਸਿੱਖਿਆ ਤਾਂ ਮਨੁੱਖ ਨਹੀਂ, ਮਸ਼ੀਨੀ ਪੁਰਜਾ ਬਨਣ, ਬਨਾਉਣ ਵੱਲ ਅੱਗੇ ਵਧ ਰਹੀ ਹੈ। ਇਹ ਕਿਸੇ ਤਰਾਂ ਵੀ ਸਮਾਜ ਦੇ ਹਿੱਤ ਵਿਚ ਨਹੀਂ ਹੈ।

ਬਿਨਾਂ ਸ਼ੱਕ ਦੁਨੀਆਂ ਭਰ ਵਿੱਚ ਉਚੇਰੀ ਸਿੱਖਿਆ ਦਾ ਮੰਤਵ ਬਦਲ ਰਿਹਾ ਹੈ। ਹੁਣ ਵਿਅਕਤੀਤਵ ਵਿਕਾਸ ਉਚੇਰੀ ਸਿੱਖਿਆ ਦਾ ਪੂਰਾ ਹੈ, ਜਿਸ ਨੂੰ ਆਰਥਿਕਤਾ 'ਚ ਹੁਲਾਰਾ, ਟੈਕਨੌਲੋਜੀ ਵਿਕਾਸ ਲਈ ਵਰਤੇ ਜਾਣ ਮਿਥਿਆ ਹੈ ਤਾਂ ਕਿ ਸਮਾਜਿਕ ਤਬਦੀਲੀ ਤੇਜ਼ੀ ਨਾਲ ਵਧੇ। ਉਚੇਰੀ ਸਿੱਖਿਆ ਹੁਣ ਨਵੀਂ ਜਾਣਕਾਰੀ, ਖੋਜ ਅਤੇ ਨਵੀਆਂ ਤਕਨੀਕਾਂ ਨਾਲ ਲੈਸ, ਬਜ਼ਾਰ ਮੰਡੀ ਦੀਆਂ ਲੋੜਾਂ ਅਨੁਸਾਰ ਵਿਦਿਆਰਥੀਆਂ ਨੂੰ ਵਰਤਣ ਦਾ ਸੰਦ-ਪੁਰਜਾ ਬਣਦੀ ਜਾ ਰਹੀ ਹੈ। ਇਹ ਬਹੁਤੀਆਂ ਹਾਲਤਾਂ 'ਚ ਮਨੁੱਖ ਨੂੰ ਮਸ਼ੀਨ ਬਨਾਉਣ ਤੁਲ ਹੈ।

ਭਾਰਤ ਦੇਸ਼, ਜਿਹੜਾ ਨੈਤਿਕ ਮੁੱਲਾਂ ਲਈ ਜਾਣਿਆ ਜਾਂਦਾ ਹੈ, ਇਸੇ ਰਾਹ ਪਾਇਆ ਜਾ ਰਿਹਾ ਹੈ, ਇਹ ਦੱਸ ਕੇ ਕਿ ਭਾਰਤ ਵਿਸ਼ਵ ਮਹਾਂਸ਼ਕਤੀ ਬਣ ਰਿਹਾ ਹੈ। ਪਰ ਸਮਾਂ ਹੈ ਦੇਸ਼ ਨੂੰ ਸਿੱਖਿਆ, ਸਿਹਤ ਅਤੇ ਜੀਵਨ ਮੁੱਲਾਂ ਦੀ ਚਿੰਤਾ ਕਰਨੀ ਪਵੇਗੀ। ਇਹ ਸਿਰਫ਼ ਤੇ ਸਿਰਫ਼ ਸਭ ਲਈ ਸਿੱਖਿਆ ਅਤੇ ਉੱਚ ਸਿੱਖਿਆ ਰਾਹੀਂ ਸੰਭਵ ਹੈ।




# ਆਪਣੀ ਬੋਲੀ, ਆਪਣਾ ਦੇਸ਼

## ਜਨਮ ਤੋਂ ਲੈ ਕੇ ਮੌਤ ਤੱਕ ਮਨੁੱਖ ਮਾਣਦਾ ਮਾਂ ਬੋਲੀ ਦਾ ਸਾਥ






ਪੰਜਾਬ ਡਾਇਰੀ
ਜਗਮੋਹਨ ਸਿੰਘ
9463819174

ਹਰ ਇਨਸਾਨ ਨੂੰ ਆਪਣੀ ਬੋਲੀ ਅਤੇ ਆਪਣਾ ਦੇਸ਼ ਬਹੁਤ ਪਿਆਰਾ ਹੁੰਦਾ ਹੈ। ਅਸਲ ਵਿੱਚ ਹਰ ਇਨਸਾਨ ਜਿਸ ਇਲਾਕੇ ਵਿੱਚ ਜਨਮ ਲੈਂਦਾ ਹੈ, ਬਚਪਣ ਵਿੱਚ ਖੇਡਦਾ ਕੁੱਦਦਾ ਹੈ, ਉਹ ਇਲਾਕੇ ਦੀਆਂ ਗਲੀਆਂ ਅਤੇ ਹੋਰ ਚੀਜ਼ਾਂ ਉਸਦੇ ਚੇਤਿਆਂ ਵਿੱਚ ਸਦਾ ਲਈ ਵੱਸ ਜਾਂਦੀਆਂ ਹਨ। ਇਹ ਇਨਸਾਨ ਭਾਵੇਂ ਰੁਜ਼ਗਾਰ ਜਾਂ ਹੋਰ ਕਾਰਨਾਂ ਕਰਕੇ ਸੱਤ ਸਮੁੰਦਰ ਪਾਰ ਬੇਗਾਨੇ ਮੁਲਕਾਂ ਵਿੱਚ ਵੀ ਚਲੇ ਜਾਣ ਤਾਂ ਵੀ ਚਮਕਦੀਆਂ ਰੰਗ ਬਿਰੰਗੀਆਂ ਰੌਸ਼ਨੀਆਂ ਅਤੇ ਡਾਲਰਾਂ-ਪੌਂਡਾਂ ਦੀ ਚਕਾਚੌਂਧ ਵਿਚਾਲੇ ਇਹਨਾਂ ਦੇ ਦਿਲਾਂ ਵਿੱਚ ਆਪਣੇ ਦੇਸ਼ ਭਾਵ ਇਲਾਕੇ ਅਤੇ ਆਪਣੀ ਮਾਂ ਬੋਲੀ ਦੀ ਛਾਪ ਰਹਿੰਦੀ ਹੈ, ਜੋ ਕਿ ਸਮਾਂ ਪਾ ਕੇ ਹੋਰ ਗੂੜ੍ਹੀ ਹੁੰਦੀ ਜਾਂਦੀ ਹੈ। ਇਸੇ ਕਾਰਨ ਪਰਦੇਸਾਂ ਵਿੱਚ ਰਹਿੰਦੇ ਇਨਸਾਨ ਹਰ ਆਧੁਨਿਕ ਸਹੂਲਤ ਹੁੰਦੇ ਹੋਏ ਵੀ ਆਪਣੇ ਦੇਸ਼ ਅਤੇ ਆਪਣੀ ਬੋਲੀ ਤੋਂ ਦੂਰ ਹੋਣ ਕਰਕੇ ਉਦਾਸ ਰਹਿੰਦੇ ਹਨ। ਉਹਨਾਂ ਦਾ ਦਿਲ ਕਰਦਾ ਹੈ ਕਿ ਉਹਨਾਂ ਦੇ ਵੀ ਕੂੰਜਾਂ ਵਾਂਗ ਖੰਭ ਹੋਣ ਤੇ ਉਹ ਵੀ ਲੰਬੀ ਉਡਾਰੀ ਮਾਰ ਕੇ ਆਪਣੇ ਦੇਸ਼ ਜਾਣ ਅਤੇ ਆਪਣੇ ਲੋਕਾਂ 'ਚ ਆਪਣੀ ਬੋਲੀ ਬੋਲਣ। ਜੋ ਸਵਾਦ ਆਪਣੀ ਮਾਂ ਬੋਲੀ ਬੋਲ ਕੇ ਆਉਂਦਾ ਹੈ, ਉਹ ਸਵਾਦ ਹੋਰ ਭਾਸ਼ਾ ਬੋਲ ਕੇ ਨਹੀਂ ਆਉਂਦਾ। ਆਪਣੇ ਇਲਾਕੇ ਦੀ ਭਾਸ਼ਾ ਨੂੰ ਇਸੇ ਕਰਕੇ ਹੀ ਤਾਂ ਮਾਂ ਬੋਲੀ ਕਿਹਾ ਜਾਂਦਾ ਹੈ। ਮਾਂ ਬੋਲੀ ਦਾ ਹਰ ਸੁਰ, ਹਰ ਸ਼ਬਦ, ਹਰ ਵਾਕ-ਰਚਨਾ ਹਜ਼ਾਰਾਂ ਮਨੁੱਖੀ ਤਜਰਬਿਆਂ, ਰੂਪਾਂਤਰਾਂ ਅਤੇ ਮਿਲਵਰਤਣਾਂ ਦੀ ਪੈੜ ਹੁੰਦਾ ਹੈ। ਮਾਂ ਬੋਲੀ, ਮਨੁੱਖੀ ਭਾਵਨਾਵਾਂ ਨੂੰ ਪੇਸ਼ ਕਰਨ ਤੇ ਉਨ੍ਹਾਂ ਦੀ ਵਿਆਖਿਆ ਕਰਨ ਦਾ ਇੱਕ ਜ਼ਰੀਆ ਹੁੰਦੀ ਹੈ।

ਅੱਜ ਦੇ ਆਧੁਨਿਕ ਸਮੇਂ ਵਿੱਚ ਦੁਨੀਆਂ ਇੱਕ ਗਲੋਬਲ ਪਿੰਡ ਬਣਦੀ ਜਾ ਰਹੀ ਹੈ, ਡਿਜੀਟਲ ਮੀਡੀਆ ਦੀ ਭਾਸ਼ਾ ਪੂਰੀ ਦੁਨੀਆਂ ਵਿੱਚ ਇੱਕਸਾਰ ਹੋ ਗਈ ਹੈ। ਜਿਸ ਕਰਕੇ ਹੁਣ ਆਲਮੀ ਪੱਧਰ 'ਤੇ ਇੱਕ ਭਾਸ਼ਾ, ਇੱਕ ਮੁਦਰਾ, ਇੱਕ ਵਿਸ਼ਵ ਦੇ ਨਾਗਰਿਕ ਹੋਣ ਦੀ ਗੱਲ ਵੀ ਕੀਤੀ ਜਾ ਰਹੀ ਹੈ। ਕੁੱਝ ਇਸੇ ਤਰਾਂ ਹੀ ਭਾਰਤ ਵਿੱਚ ਵੀ ਇੱਕ ਭਾਸ਼ਾ ਅਤੇ ਇੱਕ ਰਾਸ਼ਟਰ ਦੀ ਗੱਲ ਕੀਤੀ ਜਾ ਰਹੀ ਹੈ। ਭਾਰਤ ਇੱਕ ਅਜਿਹਾ ਦੇਸ਼ ਹੈ, ਜਿਥੇ ਵੱਖ- ਵੱਖ ਧਰਮਾਂ, ਨਸਲਾਂ, ਜਾਤਾਂ, ਰੰਗਾਂ ਅਤੇ ਵੱਖ- ਵੱਖ ਬੋਲੀਆਂ ਬੋਲਣ ਵਾਲੇ ਲੋਕ ਰਹਿੰਦੇ ਹਨ ਅਤੇ ਇਹਨਾਂ ਵਿੱਚ ਖੇਤਰੀ ਵਿਭਿੰਨਤਾ ਵੀ ਪਾਈ ਜਾਂਦੀ ਹੈ। ਇਸ ਕਰਕੇ ਭਾਰਤ ਵਿੱਚ ਇੱਕ ਭਾਸ਼ਾ ਅਤੇ ਇੱਕ ਰਾਸ਼ਟਰ ਵਾਲੀ ਗੱਲ ਸੰਭਵ ਨਹੀਂ ਹੋ ਸਕਦੀ, ਪਰ ਜੇ ਇਸ ਨੂੰ ਜਬਰਦਸਤੀ ਲਾਗੂ ਕੀਤਾ ਗਿਆ ਤਾਂ ਇਹ ਹਿਟਲਰਸ਼ਾਹੀ ਹੋਵੇਗੀ।



ਅਸਲੀਅਤ ਤਾਂ ਇਹ ਹੈ ਕਿ ਹਰ ਇਲਾਕੇ ਦੀ ਆਪਣੀ ਬੋਲੀ ਹੁੰਦੀ ਹੈ, ਇਹ ਬੋਲੀ ਉਸ ਇਲਾਕੇ ਦੀ ਜਿੰਦ ਜਾਨ ਹੋਣ ਦੇ ਨਾਲ ਵਿਸ਼ੇਸ਼ ਪਹਿਚਾਣ ਵੀ ਹੁੰਦੀ ਹੈ। ਹਰ ਇਲਾਕੇ ਦੀ ਸਥਾਨਕ ਭਾਸ਼ਾ ਆਪਣੇ ਖੇਤਰ ਦੇ ਰੁੱਖਾਂ ਅਤੇ ਪੌਦਿਆਂ, ਫੁੱਲਾਂ ਅਤੇ ਪੱਤਿਆਂ, ਫਲਾਂ ਅਤੇ ਸਬਜ਼ੀਆਂ, ਨਦੀਆਂ, ਨਾਲਿਆਂ ਅਤੇ ਛੱਪੜਾਂ, ਪਸ਼ੂ-ਪੰਛੀਆਂ, ਤਿਉਹਾਰਾਂ, ਗਹਿਣਿਆਂ, ਰੁੱਤਾਂ, ਫਸਲਾਂ, ਦੇਵੀ-ਦੇਵਤਿਆਂ, ਲੋਕ ਕਥਾਵਾਂ ਨਾਲ ਜੁੜੀ ਹੁੰਦੀ ਹੈ।

ਇੱਕ ਪੁਰਾਣੀ ਕਹਾਵਤ ਹੈ ਕਿ 'ਹਰ ਕੋਹ 'ਤੇ ਪਾਣੀ ਬਦਲਦਾ ਹੈ, ਹਰ ਚਾਰ ਕੋਹ 'ਤੇ ਬੋਲੀ ਬਦਲਦੀ ਹੈ।' ਇਸ ਕਹਾਵਤ ਦਾ ਅਰਥ ਇਹ ਹੈ ਕਿ ਪਾਣੀ ਦਾ ਸੁਆਦ ਲਗਭਗ ਹਰ ਡੇਢ ਕਿਲੋਮੀਟਰ 'ਤੇ ਬਦਲਦਾ ਹੈ ਅਤੇ ਭਾਸ਼ਾ ਲਗਭਗ ਹਰ ਸਾਢੇ ਛੇ ਕਿਲੋਮੀਟਰ 'ਤੇ ਬਦਲ ਜਾਂਦੀ ਹੈ। ਭਾਰਤ ਦਾ ਕੁੱਲ ਖੇਤਰਫਲ ਬੱਤੀ ਲੱਖ ਸੱਤਰ ਹਜ਼ਾਰ ਦੋ ਸੌ ਸੱਠ ਵਰਗ ਕਿਲੋਮੀਟਰ ਹੈ। ਇਸ ਅਨੁਸਾਰ ਭਾਰਤ ਵਿੱਚ ਤਕਰੀਬਨ ਪੰਜ ਲੱਖ ਕਿਸਮ ਦੀਆਂ ਉਪਭਾਸ਼ਾਵਾਂ ਬੋਲੀਆਂ ਜਾਂਦੀਆਂ ਸਨ, ਜੋ 2011 ਦੇ ਭਾਸ਼ਾਈ ਸਰਵੇਖਣ ਵਿੱਚ ਘਟ ਕੇ ਸਿਰਫ਼ 1369 ਰਹਿ ਗਈਆਂ ਹਨ।

ਹਰ ਬੱਚਾ ਜਿਹੜੀ ਗੱਲ ਆਪਣੀ ਮਾਂ ਬੋਲੀ ਵਿੱਚ ਜਲਦੀ ਸਮਝਦਾ ਹੈ, ਉਹ ਗੱਲ ਉਹ ਕਿਸੇ ਹੋਰ ਭਾਸ਼ਾ ਵਿੱਚ ਨਹੀਂ ਸਮਝਦਾ। ਭਾਵੇਂ ਕਿ ਹੁਣ ਜਿਆਦਾਤਰ ਮਾਪੇ ਆਪਣੇ ਬੱਚਿਆਂ ਨੂੰ ਬਚਪਣ ਵਿੱਚ ਹੀ ਮਾਂ ਬੋਲੀ ਪੰਜਾਬੀ ਦੀ ਥਾਂ ਇੰਗਲਿਸ਼ ਸਿਖਾਉਣੀ ਸ਼ੁਰੂ ਕਰ ਦਿੰਦੇ ਹਨ ਪਰ ਅਸਲੀਅਤ ਤਾਂ ਇਹ ਹੈ ਕਿ ਮਾਂ ਬੋਲੀ ਵਿੱਚ ਬੱਚਾ ਹਰ ਸਿੱਖਿਆ ਜਲਦੀ ਪ੍ਰਾਪਤ ਕਰਦਾ ਹੈ ਅਤੇ ਮਾਂ ਬੋਲੀ ਵਿੱਚ ਉਸਦੀ ਸਿੱਖਣ ਤੇ ਯਾਦ ਕਰਨ ਦੀ ਸ਼ਕਤੀ ਵਿੱਚ ਵੀ ਵਾਧਾ ਹੁੰਦਾ ਹੈ। ਇਹ ਠੀਕ ਹੈ ਕਿ ਭਾਰਤ ਦੇ ਵਿਸ਼ਾਲ ਦੇਸ਼ ਹੋਣ ਕਰਕੇ ਇਸ ਵਿੱਚ ਭਾਸ਼ਾਈ ਵਿਭਿੰਨਤਾ ਹੈ ਅਤੇ ਪੰਜਾਬ ਤੋਂ ਦੱਖਣ ਵੱਲ ਦੇ ਇਲਾਕੇ ਵਿੱਚ ਗਏ ਬੰਦੇ ਨੂੰ ਭਾਸ਼ਾ ਦੀ ਕਾਫ਼ੀ ਸਮੱਸਿਆ ਆਉਂਦੀ ਹੈ ਪਰ ਅਸਲੀਅਤ ਇਹ ਵੀ ਹੈ ਕਿ ਹਰ ਇਲਾਕੇ ਦੀ ਭਾਸ਼ਾ ਉਸ ਇਲਾਕੇ ਦੀ ਵਿਸ਼ੇਸ ਪਹਿਚਾਣ ਹੁੰਦੀ ਹੈ ਅਤੇ ਜਿੰਦਜਾਨ ਹੁੰਦੀ ਹੈ। ਸਾਨੂੰ ਆਪਣੀ ਬੋਲੀ ਦੀਆਂ ਨੀਹਾਂ ਦੀ ਕਦਰ ਕਰਨੀ ਅਤੇ ਉਨ੍ਹਾਂ ਨੂੰ ਸਾਂਭਣਾ ਚਾਹੀਦਾ ਹੈ, ਪਰ ਸਾਨੂੰ ਇਹ ਅਹਿਸਾਸ ਹੋਣਾ ਜ਼ਰੂਰੀ ਹੈ ਕਿ ਬੋਲੀਆਂ ਬੇਜਾਨ ਚੀਜ਼ਾਂ ਨਹੀਂ ਹੁੰਦੀਆਂ-ਇਹ ਵੀ ਸਾਡੇ ਵਾਂਗ ਜਿਉਂਦੀਆਂ ਜਾਗਦੀਆਂ ਹਨ। ਇਹ ਵੀ ਸਾਹ ਲੈਂਦੀਆਂ, ਵਧਦੀਆਂ, ਫੁੱਲਦੀਆਂ ਨੇ ਤੇ ਆਪਣੇ ਆਪ ਨੂੰ ਆਪਣੇ ਆਲੇ ਦੁਆਲੇ ਦੇ ਬਦਲਦੇ ਵਾਤਾਵਰਨ ਦੇ ਅਨੁਸਾਰ ਢਾਲਦੀਆਂ ਹਨ। ਇਸ ਦੇ ਨਾਲ ਹੀ ਹਰ ਬੋਲੀ ਨੂੰ ਉਸਦੇ ਮੂਲ ਰੂਪ ਵਿੱਚ ਸੰਭਾਲਨਾ ਜ਼ਰੂਰੀ ਹੁੰਦਾ ਹੈ ਤਾਂ ਕਿ ਹਰ ਬੋਲੀ ਦੀ ਸ਼ੁੱਧਤਾ ਬਣੀ ਰਹੇ। ਕੁਝ ਅਖੌਤੀ ਵਿਦਵਾਨ ਭਾਵੇਂ ਪੰਜਾਬੀ ਬੋਲੀ ਵਿੱਚ ਹੋਰਨਾਂ ਭਾਸ਼ਾਵਾਂ ਦੇ ਸ਼ਬਦਾਂ ਦੇ ਮੇਲ ਨੂੰ ਭਾਸ਼ਾ ਦਾ ਵਿਕਾਸ ਕਹਿੰਦੇ ਹਨ ਪਰ ਇਸ ਤਰਾਂ ਕਰਨ ਨਾਲ ਪੰਜਾਬੀ ਭਾਸ਼ਾ ਦਾ ਮੂਲ ਰੂਪ ਬਦਲਦਾ ਜਾ ਰਿਹਾ ਹੈ।

ਜਿਹੜੇ ਅੰਤਰਰਾਸ਼ਟਰੀ ਪੱਧਰ ਦੇ ਵਿਦਵਾਨ ਅਤੇ ਨੀਤੀਘਾੜੇ ਏ.ਸੀ. ਕਮਰਿਆਂ ਵਿੱਚ ਬੈਠ ਕੇ ਪੂਰੀ ਦੁਨੀਆਂ ਵਿੱਚ ਇੱਕ ਭਾਸ਼ਾ, ਇੱਕ ਮੁਦਰਾ ਅਤੇ ਇੱਕ ਵਿਸ਼ਵ ਦੇ ਨਾਗਰਿਕ ਹੋਣ ਦੀਆਂ ਨੀਤੀਆਂ ਘੜ ਰਹੇ ਹਨ, ਉਹਨਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਹਰ ਇਲਾਕੇ ਦੀ ਮਾਂ ਬੋਲੀ ਉਸ ਇਲਾਕੇ ਦੇ ਹਰ ਇਨਸਾਨ ਦੇ ਹੱਡਾਂ ਵਿੱਚ ਰਚੀ ਹੁੰਦੀ ਹੈ ਅਤੇ ਹਰ ਇਨਸਾਨ ਜਨਮ ਤੋਂ ਲੈ ਕੇ ਮੌਤ ਤੱਕ ਮਾਂ ਬੋਲੀ ਦਾ ਸਾਥ ਮਾਣਦਾ ਹੈ। ਇਸ ਕਰਕੇ ਵਿਸ਼ਵ ਨੂੰ ਇੱਕ ਗਲੋਬਲ ਪਿੰਡ ਬਣਾ ਕੇ ਪੂਰੇ ਵਿਸ਼ਵ ਦੀ ਇੱਕ ਭਾਸ਼ਾ, ਇੱਕ ਮੁਦਰਾ ਅਤੇ ਇੱਕ ਵਿਸ਼ਵ ਦੇ ਨਾਗਰਿਕ ਹੋਣ ਦਾ ਸੁਪਨਾ ਭਾਵੇਂ ਅਜੇ ਸੁਪਨਾ ਹੀ ਰਹਿ ਜਾਵੇ ਪਰ ਜੇ ਦੁਨੀਆਂ ਵਿੱਚ ਇੱਕ ਭਾਸ਼ਾ, ਇੱਕ ਮੁਦਰਾ ਅਤੇ ਇੱਕ ਵਿਸ਼ਵ ਦੇ ਨਾਗਰਿਕ ਹੋਣ ਦਾ ਫਾਰਮੂਲਾ ਲਾਗੂ ਹੋ ਗਿਆ ਤਾਂ ਬਹੁਤ ਸਾਰੀਆਂ ਖੇਤਰੀ ਭਾਸ਼ਾਵਾਂ ਅਤੇ ਹੋਰ ਇਲਾਕਿਆਂ ਦੀਆਂ ਬੋਲੀਆਂ ਸਦਾ ਲਈ ਅਲੋਪ ਹੋ ਜਾਣਗੀਆਂ। ਇਸੇ ਤਰਾਂ ਜੇ ਆਪਣੇ ਦੇਸ਼ ਅਤੇ ਜੱਦੀ ਇਲਾਕੇ ਦੀ ਪੁਰਾਤਨ ਸੱਭਿਅਤਾ ਨੂੰ ਨਾ ਸਾਂਭਿਆ ਗਿਆ ਤਾਂ ਆਧੁਨਿਕਤਾ ਦਾ ਦੈਂਤ ਪਿੰਡਾਂ ਦੀ ਅਨਮੋਲ ਵਿਰਾਸਤ ਨੂੰ ਨਿਗਲ ਜਾਵੇਗਾ। ਆਪਣੀ ਬੋਲੀ ਤੇ ਆਪਣਾ ਦੇਸ਼ ਬਚਾਉਣ ਲਈ ਹਰ ਮਨੁੱਖ ਨੂੰ ਯਤਨ ਕਰਨੇ ਚਾਹੀਦੇ ਹਨ।



# ਕਾਂਗਰਸ ਨੂੰ ਆਪਣਾ ਪ੍ਰਦਰਸ਼ਨ ਸੁਧਾਰਨ ਦੇ ਨਾਲ-ਨਾਲ ਗੱਠਜੋੜ ਰਾਜਨੀਤੀ ਨੂੰ ਉਭਾਰਨ ਦੀ ਲੋੜ



ਅਭੈ ਦੂਬੇ

ਇਹ ਗੱਲ ਅਕਸਰ ਪੁੱਛੀ ਜਾਂਦੀ ਹੈ ਕਿ, ਕੀ ਕਾਂਗਰਸ ਭਾਰਤੀ ਜਨਤਾ ਪਾਰਟੀ ਅਤੇ ਉਸ ਦੇ ਸ਼ਕਤੀਸ਼ਾਲੀ ਨੇਤਾ ਨਰਿੰਦਰ ਮੋਦੀ ਨੂੰ 2024 ਦੀਆਂ ਚੋਣਾਂ 'ਚ ਮਜ਼ਬੂਤ ਚੁਣੌਤੀ ਦੇਣ ਦੀ ਸਥਿਤੀ ਵਿੱਚ ਹੈ ? ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਾਂਗਰਸ ਰਾਜਾਂ ਵਿਚ ਭਾਜਪਾ ਨੂੰ ਕਈ ਵਾਰ ਹਰਾ ਦਿੰਦੀ ਹੈ। 2018 'ਚ ਉਸ ਨੇ ਰਾਜਸਥਾਨ, ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼ ਵਰਗੇ ਅਹਿਮ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਸਨ ਪਰ 2019 ਦੌਰਾਨ ਉਹ ਲੋਕ ਸਭਾ ਦੀਆਂ ਚੋਣਾਂ ਵਿੱਚ ਇਨ੍ਹਾਂ ਰਾਜਾਂ ਵਿੱਚ ਬੁਰੀ ਤਰ੍ਹਾਂ ਹਾਰ ਗਈ ਸੀ। ਉਦੋਂ ਤੋਂ ਇਹ ਪ੍ਰਭਾਵ ਬਣ ਗਿਆ ਹੈ ਕਿ ਭਾਜਪਾ ਅਤੇ ਮੋਦੀ ਨੂੰ ਲੋਕ ਸਭਾ ਵਿੱਚ ਹਰਾਉਣਾ ਕਾਂਗਰਸ ਦੇ ਵੱਸ ਦੀ ਗੱਲ ਨਹੀਂ ਹੈ। ਖੇਤਰੀ ਸ਼ਕਤੀਆਂ ਦੇ ਭਾਜਪਾ ਵਿਰੋਧੀ ਪ੍ਰਦਰਸ਼ਨ ਦੇ ਦਮ 'ਤੇ ਇਹ ਨਹੀਂ ਮੰਨਿਆ ਜਾ ਸਕਦਾ ਕਿ ਮੋਦੀ ਦੇ ਰੱਥ ਨੂੰ ਰੋਕਿਆ ਜਾ ਸਕਦਾ ਹੈ। ਖੇਤਰੀ ਸ਼ਕਤੀਆਂ ਤਾਂ 2019 ਵਿੱਚ ਵੀ ਭਾਜਪਾ ਤੋਂ ਅੱਗੇ ਸਨ। ਦਰਅਸਲ ਚੋਣ ਤਾਂ ਕਾਂਗਰਸ ਨੂੰ ਜਿੱਤਣੀ ਪਵੇਗੀ। ਕਾਂਗਰਸ ਨੂੰ ਆਪਣੇ ਪ੍ਰਭਾਵ ਖੇਤਰ 'ਚ ਭਾਜਪਾ ਤੋਂ 50 ਫ਼ੀਸਦੀ ਸੀਟਾਂ ਖੋਹਣੀਆਂ ਪੈਣਗੀਆਂ। ਜੇਕਰ ਉਹ ਅਜਿਹਾ ਨਹੀਂ ਕਰ ਸਕੇਗੀ ਤਾਂ ਰਾਜਾਂ ਵਿਚ ਉਸ ਦੀ ਜਿੱਤ ਕੌਮੀ ਰਾਜਨੀਤੀ ਨੂੰ ਪ੍ਰਭਾਵਿਤ ਕਰਨ 'ਚ ਹੌਲੀ-ਹੌਲੀ ਅਸਮਰੱਥ ਹੁੰਦੀ ਚਲੀ ਜਾਵੇਗੀ।

ਉਸ ਵੋਟਰ ਨੂੰ ਇਹ ਯਕੀਨ ਕਾਂਗਰਸ ਨੂੰ ਹੀ ਦਿਵਾਉਣਾ ਹੋਵੇਗਾ ਕਿ ਉਹ ਸਿਰਫ਼ ਰਾਜ ਵਿਧਾਨ ਸਭਾ ਚੋਣਾਂ ਵਿਚ ਹੀ ਨਹੀਂ, ਸਗੋਂ ਲੋਕ ਸਭਾ ਦੇ ਸੰਦਰਭ 'ਚ ਵੀ ਭਾਜਪਾ ਤੋਂ ਬਿਹਤਰ ਸਰਕਾਰ ਦੇਣ 'ਚ ਸਮਰੱਥ ਹੋਵੇਗੀ। ਮੋਦੀ ਸਰਕਾਰ ਨੂੰ ਦਸ ਸਾਲ ਹੋ ਚੁੱਕੇ ਹਨ। ਹੁਣ ਉਸ ਦੀ ਨਵੀਨਤਾ ਖ਼ਤਮ ਹੋ ਚੁੱਕੀ ਹੈ। ਉਸ ਦੇ ਕੰਮ ਕਰਨ ਦੀ ਸ਼ੈਲੀ ਅਤੇ ਖ਼ਾਮੀਆਂ ਲੋਕਾਂ ਦੇ ਸਾਹਮਣੇ ਸਪੱਸ਼ਟ ਹਨ। ਪਰ, ਏਨਾ ਸਮਾਂ ਬੀਤ ਜਾਣ ਦੇ ਬਾਵਜੂਦ ਉਪਰੋਂ ਦੇਖਣ ਵਿਚ ਭਾਜਪਾ ਦੇ ਖ਼ਿਲਾਫ਼ ਕੋਈ ਸਪੱਸ਼ਟ 'ਐਂਟੀਇਨਕੁੰਬੈਂਸੀ' (ਸੱਤਾ ਵਿਰੋਧੀ ਭਾਵਨਾ) ਦਿਖਾਈ ਨਹੀਂ ਦੇ ਰਹੀ। ਜ਼ਾਹਿਰ ਹੈ ਕਿ ਇਹ ਹਾਲਤ ਕਾਂਗਰਸ ਦੀ ਚੁਣੌਤੀ ਹੋਰ ਵਧਾ ਦਿੰਦੀ ਹੈ। ਭਾਰਤੀ ਰਾਜਨੀਤੀ ਦਾ ਮਿਜ਼ਾਜ ਬਹੁਤ ਨਾਜ਼ੁਕ ਹੈ। ਉਪਰੋਂ ਕਾਂਗਰਸ ਦੇ ਮੁਕਾਬਲੇ ਖੜ੍ਹੀ ਭਾਜਪਾ ਅਨੋਖੀ ਰਾਜਨੀਤਕ ਇੱਛਾ ਸ਼ਕਤੀ ਨਾਲ ਭਰਪੂਰ ਹੈ। ਉਸ ਦੇ ਆਧਾਰ 'ਚ ਸੰਘ ਦਾ ਵਿਸ਼ਾਲ ਸੰਗਠਨ ਖੜ੍ਹਾ ਹੈ, ਜੋ ਆਪਣੀ ਰਾਜਨੀਤੀ ਸਮਾਜਨੀਤੀ ਦੇ ਲਹਿਜੇ ਵਿਚ ਕਰਦਾ ਹੈ। ਏਨੇ ਸ਼ਕਤੀਸ਼ਾਲੀ ਮੁਕਾਬਲੇਬਾਜ਼ ਨਾਲ ਕਾਂਗਰਸ ਪਹਿਲੀ ਵਾਰ ਮੁਕਾਬਲਾ ਕਰ ਰਹੀ ਹੈ।

ਦਰਅਸਲ, ਕਿਸੇ ਵੀ ਲੋਕਤੰਤਰ ਦੀ ਰਾਜਨੀਤਕ ਸਿਹਤ ਦਾ ਪਤਾ ਉਸ ਦੀਆਂ ਉਨ੍ਹਾਂ ਪਾਰਟੀਆਂ ਦੀ ਤੰਦਰੁਸਤੀ ਤੋਂ ਲਗਾਇਆ ਜਾ ਸਕਦਾ ਹੈ, ਜੋ ਕੌਮੀ ਪੱਧਰ ਦੀਆਂ ਹੁੰਦੀਆਂ ਹਨ। ਭਾਰਤੀ ਜਨਤਾ ਪਾਰਟੀ ਦੇਸ਼ ਦੀ ਸਭ ਤੋਂ ਤਾਕਤਵਰ ਅਤੇ ਪ੍ਰਭਾਵੀ ਕੌਮੀ ਪਾਰਟੀ ਹੈ। ਪਰ, ਕੀ ਭਾਜਪਾ ਦਾ ਵਿਸਥਾਰ ਦੂਜੀਆਂ ਕੌਮੀ ਪਾਰਟੀਆਂ, ਖ਼ਾਸਕਰ ਕਾਂਗਰਸ ਦੀ ਕੀਮਤ 'ਤੇ ਹੋ ਰਿਹਾ ਹੈ ? ਜੇਕਰ ਅਜਿਹਾ ਹੈ ਤਾਂ ਇਹ ਭਾਰਤੀ ਲੋਕਤੰਤਰ ਲਈ ਚੰਗੀ ਖ਼ਬਰ ਨਹੀਂ ਹੈ। ਖ਼ਾਸ ਤੌਰ 'ਤੇ 2014 'ਚ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਜਪਾ ਦੀ ਜਿੱਤ ਤੋਂ ਬਾਅਦ ਤੋਂ ਹੀ ਕਾਂਗਰਸ ਦੇ ਜਥੇਬੰਦਕ ਅਤੇ ਸਿਆਸੀ ਪ੍ਰਭਾਵ 'ਚ ਚਾਰੇ ਪਾਸਿਓਂ ਆਈ ਗਿਰਾਵਟ ਇਹ ਸੰਕੇਤ ਦਿੰਦੀ ਹੈ ਕਿ ਸਾਡੀ ਰਾਜਨੀਤਕ ਪ੍ਰਣਾਲੀ ਅਸੰਤੁਲਨ ਦਾ ਸ਼ਿਕਾਰ ਹੁੰਦੀ ਜਾ ਰਹੀ ਹੈ। ਇਸ ਦੌਰਾਨ ਆਮ ਆਦਮੀ ਪਾਰਟੀ ਨੂੰ ਕੌਮੀ ਹੈਸੀਅਤ ਜ਼ਰੂਰ ਮਿਲੀ ਹੈ, ਪਰ ਇਸ ਪਾਰਟੀ ਦੀ ਉਮਰ ਅਜੇ ਬਹੁਤ ਘੱਟ ਹੈ ਅਤੇ ਆਕਾਰ ਤੇ ਵਿਸਥਾਰ ਦੇ ਲਿਹਾਜ਼ ਨਾਲ ਉਹ ਭਾਜਪਾ ਅਤੇ ਕਾਂਗਰਸ ਦੀ ਸ਼੍ਰੇਣੀ ਵਿਚ ਨਹੀਂ ਰੱਖੀ ਜਾ ਸਕਦੀ। ਜਦੋਂ ਤੱਕ ਕਾਂਗਰਸ ਆਪਣਾ ਹੁਲੀਆ ਦਰੁਸਤ ਨਹੀਂ ਕਰਦੀ, ਉਦੋਂ ਤੱਕ ਇਹ ਅਸੰਤੁਲਨ ਰਾਜਨੀਤਕ ਮੁਕਾਬਲੇ ਦੀ ਬਣਤਰ ਨੂੰ ਇਕ-ਪਾਸੜ ਬਣਾਉਂਦਾ ਰਹੇਗਾ।

ਇਸ ਲਿਹਾਜ਼ ਨਾਲ ਦੇਖਣ 'ਤੇ ਪਿਛਲੇ 14 ਮਹੀਨੇ ਕੁਝ ਭਰੋਸਾ ਦਿਵਾਉਂਦੇ ਦਿਖਾਈ ਦਿੰਦੇ ਹਨ। ਇਹੀ ਉਹ ਸਮਾਂ ਹੈ, ਜਦੋਂ ਕਾਂਗਰਸ ਉਸ ਖਾਈ 'ਚੋਂ ਉਪਰ ਉੱਠਦੀ ਦਿਖਾਈ ਦਿੰਦੀ ਹੈ, ਜਿਸ 'ਚ ਉਹ 2019 ਦੀਆਂ ਚੋਣਾਂ ਦੀ ਹਾਰ ਤੋਂ ਬਾਅਦ ਡਿਗ ਪਈ ਸੀ। ਇਕ ਵਾਰ ਤਾਂ ਅਜਿਹਾ ਲੱਗਾ ਸੀ ਕਿ ਕਾਂਗਰਸ ਇੱਕ ਮਰੀ ਹੋਈ ਪਾਰਟੀ ਬਣ ਗਈ ਹੈ, ਜਿਸ ਦਾ ਭਵਿੱਖ ਪੂਰੀ ਤਰ੍ਹਾਂ ਹਨ੍ਹੇਰੇ ਵਿੱਚ ਹੈ। ਕਾਂਗਰਸ ਦੀ ਇਹ ਤਰਸਯੋਗ ਹਾਲਤ ਭਾਜਪਾ ਨੂੰ ਦਬਦਬੇ ਵਾਲੀ ਸਥਿਤੀ ਵੱਲ ਲਿਜਾਂਦੀ ਹੋਈ, ਦਿਖਾਈ ਦੇਣ ਲੱਗੀ ਸੀ। ਪਰ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਜਿਵੇਂ ਹੀ ਪਿਛਲੇ ਸਾਲ ਸਤੰਬਰ 'ਚ ਭਾਰਤ ਜੋੜੋ ਯਾਤਰਾ ਸ਼ੁਰੂ ਕੀਤੀ, ਉਵੇਂ ਹੀ ਇਸ ਪਾਰਟੀ ਵਿੱਚ ਅਤੇ ਇਸਦੀ ਲੀਡਰਸ਼ਿਪ 'ਚ ਨਵੀਂ ਜਾਨ ਦਿਖਾਈ ਦੇਣ ਲੱਗੀ। ਦਰਅਸਲ ਇਸ ਘਟਨਾਕ੍ਰਮ ਨੂੰ ਸਿਰਫ਼ ਇੱਕ ਯਾਤਰਾ ਵਾਂਗ ਦੇਖਣਾ ਠੀਕ ਨਹੀਂ ਹੋਵੇਗਾ ਮੇਰੇ ਵਿਚਾਰ ਨਾਲ 136 ਦਿਨ ਲੰਬੀ ਇਹ ਲੋਕ ਸੰਪਰਕ ਮੁਹਿੰਮ ਇੱਕ ਬਹੁਮੁਖੀ ਰਣਨੀਤੀ ਦੀ ਪਹਿਲਾ ਪਹਿਲੂ ਸੀ। ਦੂਜਾ ਪਹਿਲੂ ਸੀ ਮਲਿਕਅਰਜੁਨ ਖੜਗੇ (ਸੰਗਠਨ) ਅਤੇ ਰਾਹੁਲ ਗਾਂਧੀ (ਜਨਤਕ ਲਾਮਬੰਦੀ) ਵਿਚਾਲੇ ਕੰਮਾਂ ਦੀ ਕਾਰਗਰ ਵੰਡ। ਇਸ ਦਾ ਤੀਜਾ ਕਦਮ ਸੀ ਕਾਂਗਰਸ ਵਲੋਂ ਆਪਣੀ ਰਣਨੀਤੀ ਦੇ ਦੋ ਪਹਿਲੂਆਂ 'ਤੇ ਖ਼ਾਸ ਤੌਰ 'ਤੇ ਧਿਆਨ ਦੇਣਾ। ਇਨ੍ਹਾਂ 'ਚੋਂ ਪਹਿਲਾ ਸੀ ਘੱਟ-ਗਿਣਤੀ ਵੋਟਾਂ ਨੂੰ ਆਪਣੇ ਵੱਲ ਖਿੱਚਣ ਲਈ ਵੋਟਰਾਂ ਨੂੰ ਇਕ ਨਵੀਂ ਕਹਾਣੀ ਸੁਣਾਉਣਾ। ਇਹ ਕੰਮ ਰਾਹੁਲ ਗਾਂਧੀ ਨੇ ਯਾਤਰਾ ਦੌਰਾਨ 'ਮੁਹੱਬਤ ਦੀ ਦੁਕਾਨ' ਵਾਲੇ ਫ਼ਿਕਰੇ ਰਾਹੀਂ ਬਾਖ਼ੂਬੀ ਕੀਤਾ। ਚੌਥਾ ਸੀ ਗ਼ੈਰ-ਭਾਜਪਾ ਵਿਰੋਧੀ ਪਾਰਟੀਆਂ ਦੀ ਏਕਤਾ ਦੀਆਂ ਕੋਸ਼ਿਸ਼ਾਂ ਨੂੰ ਯੋਜਨਾਬੱਧ ਢੰਗ ਨਾਲ ਤੇਜ਼ੀ ਮੁਹੱਈਆ ਕਰਾਉਣੀ। ਇਹ ਕੰਮ ਕਰਨ ਦੀ ਜ਼ਿੰਮੇਵਾਰੀ ਖੜਗੇ ਅਤੇ ਸੋਨੀਆ ਗਾਂਧੀ ਨੇ ਨਿਭਾਈ। ਇਨ੍ਹਾਂ ਦੋਵਾਂ ਨੇ ਨਿਤੀਸ਼ ਕੁਮਾਰ, ਸ਼ਰਦ ਪਵਾਰ, ਮਮਤਾ ਬੈਨਰਜੀ ਅਤੇ ਬਹੁਤ ਹੱਦ ਤੱਕ ਅਰਵਿੰਦ ਕੇਜਰੀਵਾਲ ਦੇ ਨਾਲ ਮਿਲ ਕੇ ਇੱਕ ਅਜਿਹਾ ਗੱਠਜੋੜ ਕਾਇਮ ਕੀਤਾ, ਜੋ ਪਿਛਲੀਆਂ ਦੋ ਲੋਕ ਸਭਾ ਚੋਣਾਂ 'ਚ ਗ਼ਾਇਬ ਸੀ।

ਇਸ ਦਾ ਪੰਜਵਾਂ ਪੱਖ ਸੀ ਕਾਂਗਰਸ ਦੇ ਜਥੇਬੰਦਕ ਜੀਵਨ 'ਚ ਉਸ ਦੇ ਖੇਤਰੀ ਨੇਤਾਵਾਂ (ਕਰਨਾਟਕ 'ਚ ਸਿਧਾਰਮਈਆ, ਹਿਮਾਚਲ ਪ੍ਰਦੇਸ਼ 'ਚ ਸੁੱਖੂ, ਮੱਧ ਪ੍ਰਦੇਸ਼ 'ਚ ਕਮਲਨਾਥ, ਛੱਤੀਸਗੜ੍ਹ 'ਚ ਭੂਪੇਸ਼ ਬਘੇਲ, ਤੇਲੰਗਾਨਾ 'ਚ ਰੇਵੰਤ ਰੈੱਡੀ, ਰਾਜਸਥਾਨ 'ਚ ਅਸ਼ੋਕ ਗਹਿਲੋਤ) ਦੇ ਮਹੱਤਵ ਦੀ ਪ੍ਰਤੀਸ਼ਠਤਾ। ਛੇਵਾਂ ਪਹਿਲੂ ਸੀ ਜਾਤੀ ਆਧਾਰਿਤ ਜਨਗਣਨਾ ਅਤੇ ਓ.ਬੀ.ਸੀ. ਰਾਜਨੀਤੀ ਨੂੰ ਕੌਮੀ ਮੁੱਦਾ ਬਣਾਉਣ ਦੀ ਅਪੀਲ। ਇਸ ਬਹੁਪੱਖੀ ਰਣਨੀਤੀ, ਜਿਸਨੂੰ ਪਿਛਲੇ ਸਾਲ ਭਰ 'ਚ ਲਗਭਗ ਇਕੋ ਸਮੇਂ ਧਰਤੀ 'ਤੇ ਉਤਾਰਿਆ ਗਿਆ ਹੈ। ਇਸ ਸਭ ਦੇ ਕੇਂਦਰ ਵਿੱਚ ਪਛੜੀਆਂ ਜਾਤੀਆਂ ਅਤੇ ਮੁਸਲਮਾਨ ਵੋਟਰਾਂ 'ਚ ਹਰਮਨ-ਪਿਆਰਾ ਹੋਣ ਦਾ ਏਜੰਡਾ ਹੈ।

ਪਹਿਲਾਂ ਕਾਂਗਰਸ ਦੇ ਨਿਰੰਤਰ ਪ੍ਰਭਾਵ 'ਤੇ ਹੈਰਾਨੀ ਹੁੰਦੀ ਸੀ, ਹੁਣ ਸਮੀਖਿਅਕਾਂ ਨੂੰ ਉਸ ਦੇ ਇਸ ਤਰ੍ਹਾਂ ਖੜ੍ਹੇ ਹੁੰਦੇ ਜਾਣ ਅਤੇ ਭਾਜਪਾ ਨੂੰ ਚੁਣੌਤੀ ਦੇਣ ਦੀ ਸਥਿਤੀ 'ਚ ਆਉਂਦੇ ਜਾਣ 'ਤੇ ਹੈਰਾਨੀ ਹੋਣ ਲੱਗੀ ਹੈ। ਕਾਂਗਰਸ ਦੀ ਸਾਲ ਭਰ ਚੱਲੀ 'ਭਾਰਤ ਜੋੜੋ ਯਾਤਰਾ' ਦੇ ਭਾਵੇਂ ਜੋ ਵੀ ਚੰਗੇ ਨਤੀਜੇ ਨਿਕਲੇ ਹੋਣ, ਉਸ ਸੰਦਰਭ ਵਿੱਚ ਇੱਕ ਅਜਿਹੀ ਖ਼ਾਸ ਗੱਲ ਸੀ, ਜਿਸ 'ਤੇ ਅਕਸਰ ਚਰਚਾ ਨਹੀਂ ਹੁੰਦੀ। ਇਹ ਹੈ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਨੂੰ ਮਿਲੇ ਨਵੇਂ ਜੀਵਨ 'ਚ ਭਾਜਪਾ ਦੀ ਭੂਮਿਕਾ।ਭਾਜਪਾ ਨੇ ਹਿਮਾਚਲ ਪ੍ਰਦੇਸ਼ ਅਤੇ ਕਰਨਾਟਕ 'ਚ ਚੋਣਾਂ ਤੋਂ ਪਹਿਲਾਂ ਅਤੇ ਲੜਾਈ ਦੌਰਾਨ ਕਈ ਤਰ੍ਹਾਂ ਦੀਆਂ ਗ਼ਲਤੀਆਂ ਕੀਤੀਆਂ। ਉਸ ਦੀ ਹਾਈਕਮਾਨ ਨੇ ਆਪਣੀ ਕਰਨਾਟਕ ਸਰਕਾਰ ਦੀ ਅਲੋਕਪ੍ਰਿਯਤਾ ਨੂੰ ਸਮਝਣ ਤੋਂ ਇਨਕਾਰ ਕਰ ਦਿੱਤਾ। ਇਸ ਤਰ੍ਹਾਂ ਉਹ ਦੋਵਾਂ ਸੂਬਿਆਂ 'ਚ ਚੱਲ ਰਹੀ ਜ਼ਬਰਦਸਤ ਗੁੱਟਬਾਜ਼ੀ ਦੇ ਨਾਕਾਰਾਤਮਿਕ ਪਹਿਲੂਆਂ ਨੂੰ ਦੂਰ ਨਹੀਂ ਕਰ ਸਕੀ। ਦੂਜਾ, ਪ੍ਰਧਾਨ ਮੰਤਰੀ ਦੀ ਕ੍ਰਿਸ਼ਮਈ ਸ਼ਖ਼ਸੀਅਤ 'ਤੇ ਹੱਦੋਂ ਵੱਧ ਭਰੋਸੇ ਨੇ ਭਾਜਪਾ ਵੱਲੋਂ ਉਹ ਸੰਭਾਵਨਾਵਾਂ ਪੈਦਾ ਕੀਤੀਆਂ, ਜਿਸ ਦਾ ਕਾਂਗਰਸ ਚੰਗਾ ਫਾਇਦਾ ਚੁੱਕ ਸਕੀ। ਕਾਂਗਰਸ ਨੂੰ ਲਗਾਤਾਰ ਨੀਵਾਂ ਦਿਖਾਉਣ, ਰਾਹੁਲ ਗਾਂਧੀ ਦਾ ਲਗਾਤਾਰ ਮਜ਼ਾਕ ਉਡਾਉਣ ਅਤੇ ਸਮੁੱਚੀ ਵਿਰੋਧੀ ਧਿਰ ਨੂੰ ਖ਼ਤਮ ਕਰ ਦੇਣ ਦੇ ਰਾਜਨੀਤਕ ਮੁਹਾਵਰੇ ਦੀ ਅਤਿ ਹੋ ਜਾਣ ਕਾਰਨ ਵੀ ਆਮ ਲੋਕਾਂ ਨੇ ਕਾਂਗਰਸ ਵੱਲ ਕੁਝ-ਕੁਝ ਹਮਦਰਦੀ ਨਾਲ ਦੇਖਣਾ ਸ਼ੁਰੂ ਕਰ ਦਿੱਤਾ।

ਇਸ ਦਾ ਮਤਲਬ ਇਹ ਨਹੀਂ ਕੱਢਿਆ ਜਾਣਾ ਚਾਹੀਦਾ ਕਿ ਕਾਂਗਰਸ ਦੀ ਇਸ ਕਹਾਣੀ ਦਾ ਸਿੱਟਾ ਅਗਲੇ ਸਾਲ ਉਸ ਦੇ ਸੱਤਾ 'ਤੇ ਕਾਬਜ਼ ਹੋਣ ਦਾ ਨਿਕਲਣ ਵਾਲਾ ਹੈ। ਅਜੇ ਤਾਂ ਕਾਂਗਰਸ ਸਿਰਫ਼ ਖ਼ੁਦ ਨੂੰ ਭਾਜਪਾ ਦੀ ਟੱਕਰ ਲਈ ਤਿਆਰ ਕਰਨ ਦੀ ਸਥਿਤੀ 'ਚ ਹੀ ਆ ਸਕੀ ਹੈ। ਉਸ ਨੇ ਬਹੁਤ ਕੁੱਝ ਸਾਬਤ ਕਰਨਾ ਹੈ। ਉਸ ਨੇ ਅਜੇ ਰਾਜਾਂ ਦੀਆਂ ਚੋਣਾਂ 'ਚ ਪ੍ਰਭਾਵੀ ਜਿੱਤ ਹਾਸਲ ਕਰਨੀ ਹੈ। ਉਸ ਲਈ ਚਾਰ ਰਾਜਾਂ 'ਚੋਂ ਤਿੰਨ ਨੂੰ ਤਾਂ ਜਿੱਤਣਾ ਜ਼ਰੂਰੀ ਹੋਵੇਗਾ। ਫਿਰ ਉਸ ਨੇ ਇਹ ਵੀ ਸਾਬਤ ਕਰਨਾ ਹੈ ਕਿ ਉਹ 2024 ਵਿੱਚ 2019 ਵਾਲੀਆਂ ਗ਼ਲਤੀਆਂ ਨੂੰ ਨਹੀਂ ਦੁਹਰਾਵੇਗੀ। ਪਿਛਲੀ ਵਾਰ 2018 ਵਿੱਚ ਕਾਂਗਰਸ ਰਾਜਾਂ ਦੀਆਂ ਚੋਣਾਂ ਜਿੱਤ ਕੇ ਛਲ 'ਚ ਆ ਗਈ ਸੀ। ਸਭ ਤੋਂ ਵੱਧ ਮਹੱਤਵਪੂਰਨ ਤਾਂ ਇਹ ਹੈ ਕਿ ਕਾਂਗਰਸ ਨੂੰ ਆਪਣਾ ਪ੍ਰਦਰਸ਼ਨ ਸੁਧਾਰਨ ਦੀ ਨਾਲ-ਨਾਲ ਗੱਠਜੋੜ ਰਾਜਨੀਤੀ ਦੇ ਬਿਹਤਰੀਨ ਰਣਨੀਤੀਕਾਰ ਦੇ ਰੂਪ 'ਚ ਉਭਰਨਾ ਹੋਵੇਗਾ।

-ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ ਵਿੱਚ ਪ੍ਰੋਫ਼ੈਸਰ ਅਤੇ ਭਾਰਤੀ ਭਾਸ਼ਾਵਾਂ 'ਚ ਅਭਿਲੇਖਾਗਰੀ ਖੋਜ ਪ੍ਰੋਗਰਾਮ ਦੇ ਨਿਰਦੇਸ਼ਕ ਹਨ।



# ਢੁਕਵੀਂ ਖੇਤੀ ਨੀਤੀ ਲਈ ਯਤਨਸ਼ੀਲ ਹੋਵੇ ਪੰਜਾਬ ਸਰਕਾਰ



ਡਾ. ਸ. ਸ. ਛੀਨਾ



ਸੰਨ 2000 ਤੱਕ ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਦੇਸ਼ ਵਿੱਚ ਪਹਿਲੇ ਨੰਬਰ ਦਾ ਪ੍ਰਾਂਤ ਸੀ ਜਿਹੜਾ ਹੁਣ ਖਿਸਕ ਕੇ 16ਵੇਂ ਸਥਾਨ ’ਤੇ ਪਹੁੰਚ ਗਿਆ ਹੈ। ਪੰਜਾਬ ਦੀ ਪ੍ਰਤੀ ਵਿਅਕਤੀ ਸਾਲਾਨਾ ਆਮਦਨ 1.30 ਲੱਖ ਰੁਪਏ ਹੈ ਜਦਕਿ ਗੋਆ ਦੀ ਇਸ ਤੋਂ ਤਿੰਨ ਗੁਣਾ ਦੇ ਬਰਾਬਰ 3.6 ਲੱਖ ਰੁਪਏ ਹੈ। ਪੰਜਾਬ ਬਰਾਮਦ ਵਿੱਚ ਵੀ ਕਿਸੇ ਵਕਤ ਪਹਿਲੇ ਨੰਬਰ ਦਾ ਪ੍ਰਾਂਤ ਸੀ ਪਰ ਹੁਣ 15ਵੇਂ ਸਥਾਨ ’ਤੇ ਪਹੁੰਚ ਗਿਆ ਹੈ। ਪੰਜਾਬ ਵਿੱਚ ਫੈਲੀ ਬੇਰੁਜ਼ਗਾਰੀ ਕਾਰਨ ਸੂਬੇ ਦਾ ਨੌਜਵਾਨ ਵਿਦੇਸ਼ਾਂ ਵਿੱਚ ਰੁਜ਼ਗਾਰ ਦੀ ਖ਼ਾਤਰ ਪਰਵਾਸ ਕਰ ਰਿਹਾ ਹੈ। ਇਹੋ ਵਜ੍ਹਾ ਹੈ ਕਿ ਕੇਰਲ ਤੋਂ ਬਾਅਦ ਪੰਜਾਬ ਹੀ ਉਹ ਪ੍ਰਾਂਤ ਹੈ ਜਿਸ ਦੇ ਵੱਧ ਤੋਂ ਵੱਧ ਲੋਕਾਂ ਨੇ ਪਰਵਾਸ ਕੀਤਾ ਹੈ ਅਤੇ ਆਪਣੀਆਂ ਬੱਚਤਾਂ ਵਾਪਸ ਆਪਣੇ ਪ੍ਰਾਂਤ ਭੇਜੀਆਂ ਹਨ। ਪਰ ਕੀ ਵਜ੍ਹਾ ਹੈ ਕਿ ਪੰਜਾਬ ਦਾ ਨਿਵਾਸੀ ਇੰਨਾ ਗਤੀਸ਼ੀਲ ਹੋਣ ਕਰਕੇ ਆਰਥਿਕ ਮੁਸ਼ਕਲਾਂ ਅਤੇ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਿਹਾ ਹੈ ਅਤੇ ਕੀ ਪੰਜਾਬ ਸਰਕਾਰ ਆਪਣੀ ਆਰਥਿਕ ਦਸ਼ਾ ਨੂੰ ਬਦਲ ਕੇ ਉਨ੍ਹਾਂ ਬੇਰੁਜ਼ਗਾਰਾਂ ਲਈ ਰੁਜ਼ਗਾਰ ਦੇ ਮੌਕੇ ਪੰਜਾਬ ਵਿਚ ਹੀ ਪੈਦਾ ਨਹੀਂ ਕਰ ਸਕਦੀ? ਪੰਜਾਬ ਸਾਹਮਣੇ ਇਸ ਵਕਤ ਸਭ ਤੋਂ ਵੱਡੀ ਚੁਣੌਤੀ ਇਹੋ ਹੈ।

ਪੰਜਾਬ ਪੰਜ ਦਰਿਆਵਾਂ ਦੀ ਅਤੇ ਮੈਦਾਨੀ ਧਰਤੀ ਹੈ ਜਿਸ ਨੂੰ ਭਾਰਤ ਦੀ ਫਾਰਮ ਸਟੇਟ ਕਿਹਾ ਜਾਂਦਾ ਹੈ। ਇਹ ਇਸ ਕਰਕੇ ਹੈ ਕਿ ਪੰਜਾਬ ਕੋਲ ਭਾਰਤ ਦਾ ਸਿਰਫ਼ 1.5 ਫ਼ੀਸਦੀ ਖੇਤਰ ਹੋਣ ਦੇ ਬਾਵਜੂਦ ਉਹ ਭਾਰਤ ਦੇ ਅਨਾਜ ਭੰਡਾਰਾਂ ਵਿਚ 60 ਫ਼ੀਸਦੀ ਦਾ ਹਿੱਸਾ ਪਾਉਂਦਾ ਰਿਹਾ ਹੈ। ਪੰਜਾਬ ਦੀ ਸਾਰੀ ਧਰਤੀ ’ਤੇ ਖੇਤੀ ਕੀਤੀ ਜਾ ਸਕਦੀ ਹੈ ਜਦਕਿ ਭਾਰਤ ਵਿੱਚ 46 ਫ਼ੀਸਦੀ ਧਰਤੀ ’ਤੇ ਖੇਤੀ ਹੋ ਸਕਦੀ ਹੈ। ਪੰਜਾਬ ਦੇ 99 ਫ਼ੀਸਦੀ ਖੇਤਰ ਨੂੰ ਲਗਾਤਾਰ ਸਿੰਚਾਈ ਸਹੂਲਤਾਂ ਮਿਲਦੀਆਂ ਹਨ ਜਦਕਿ ਦੇਸ਼ ਪੱਧਰ ’ਤੇ 42 ਫ਼ੀਸਦੀ ਖੇਤਰ ਨੂੰ ਲਗਾਤਾਰ ਸਿੰਚਾਈ ਮਿਲਦੀ ਹੈ। ਉਪਜ ਵੱਧ ਹੋਣ ਕਰਕੇ ਹੀ ਪੰਜਾਬ ਦੇਸ਼ ਦੀ ਕੁੱਲ ਪੈਦਾ ਹੋਈ ਕਣਕ ਵਿੱਚੋਂ 19 ਫ਼ੀਸਦੀ ਜਦਕਿ ਚੋਲਾਂ ਵਿਚ 11 ਫ਼ੀਸਦੀ, ਕਪਾਹ ਵਿਚ 5 ਫ਼ੀਸਦੀ ਜਦਕਿ ਦੁੱਧ ਵਿਚ 10 ਫ਼ੀਸਦੀ ਦਾ ਉਤਪਾਦਨ ਕਰਦਾ ਹੈ। ਲਗਾਤਾਰ ਸਿੰਚਾਈ ਸਹੂਲਤਾਂ ਕਾਰਨ ਪੰਜਾਬ ਦਾ ਫ਼ਸਲ ਘਣਤਾ ਸੂਚਕ ਅੰਕ 206 ਹੈ ਜਿਸ ਦਾ ਅਰਥ ਹੈ ਕਿ ਹਰ ਖੇਤਰ ਵਿਚੋਂ ਦੋ ਫ਼ਸਲਾਂ ਲਈਆਂ ਜਾ ਸਕਦੀਆਂ ਹਨ। ਸੰਨ 2018-19 ਵਿੱਚ ਪੰਜਾਬ ਨੇ 1.82 ਲੱਖ ਮੀਟ੍ਰਿਕ ਟਨ ਕਣਕ ਪੈਦਾ ਕਰ ਕੇ ਨਵਾਂ ਰਿਕਾਰਡ ਸਥਾਪਤ ਕੀਤਾ। ਪੰਜਾਬ ਦਾ ਦੁਨੀਆ ਦੀ ਖੇਤੀ ਵਿਚ ਵੀ ਜ਼ਿਕਰ ਆਉਂਦਾ ਹੈ ਕਿਉਂ ਜੋ ਦੁਨੀਆ ਭਰ ਵਿੱਚ ਪੈਦਾ ਹੋਣ ਵਾਲੇ ਚੌਲਾਂ ਵਿੱਚੋਂ 2.5 ਪ੍ਰਤੀਸ਼ਤ ਚੌਲ, 2.4 ਫ਼ੀਸਦੀ ਕਣਕ ਜਦਕਿ 1.2 ਫ਼ੀਸਦੀ ਕਪਾਹ ਪੰਜਾਬ ਵਿੱਚ ਪੈਦਾ ਹੁੰਦੀ ਹੈ। ਇਸ ਸਭ ਕੁਝ ਦਾ ਅਰਥ ਹੈ ਕਿ ਪੰਜਾਬ ਨੇ ਖੇਤੀ ਉਤਪਾਦਨ ਵਿੱਚ ਬਹੁਤ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ।

ਪਰ ਦਿਲਚਸਪ ਗੱਲ ਇਹ ਹੈ ਪੰਜਾਬ ਵਿੱਚ ਹਰ ਤਰ੍ਹਾਂ ਦੀਆਂ ਫ਼ਸਲਾਂ, ਸਬਜ਼ੀਆਂ, ਫਲ ਅਤੇ ਤੇਲਾਂ ਦੇ ਬੀਜਾਂ ਦੀ ਉੱਚੀ ਉਪਜ ਤਾਂ ਪ੍ਰਾਪਤ ਕੀਤੀ ਜਾ ਸਕਦੀ ਹੈ ਪਰ ਫਿਰ ਵੀ ਗੰਢੇ ਨਾਸਿਕ ਤੋਂ ਮੰਗਵਾਏ ਜਾਂਦੇ ਹਨ ਜਿਨ੍ਹਾਂ ਲਈ ਲਾਗਤ ਵੱਧ ਆਉਣ ਕਾਰਨ ਉਪਭੋਗੀਆਂ ਨੂੰ ਮਹਿੰਗੀਆਂ ਕੀਮਤਾਂ ’ਤੇ ਮਿਲਦੇ ਹਨ। ਸੰਤਰੇ, ਅੰਬਾਂ ਅਤੇ ਹੋਰ ਫਲਾਂ ਤੋਂ ਬਣਨ ਵਾਲੇ ਜੈਮ, ਜੂਸ ਅਤੇ ਮੁਰੱਬੇ ਪੰਜਾਬ ਤੋਂ ਬਾਹਰਲੇ ਪ੍ਰਾਂਤਾਂ ਤੋਂ ਆ ਕੇ ਵਿਕਦੇ ਹਨ। ਇੱਥੋਂ ਤੱਕ ਕਿ ਕਣਕ ਭਾਵੇਂ ਪੰਜਾਬ ਵਿਚ ਸਾਰੇ ਦੇਸ਼ ਤੋਂ ਵੱਧ ਪੈਦਾ ਹੁੰਦੀ ਹੈ ਪਰ ਕਣਕ ਤੋਂ ਬਣਿਆ ਆਟਾ ‘ਅਸ਼ੀਰਵਾਦ’ ਮੱਧ ਪ੍ਰਦੇਸ਼ ਤੋਂ ਆ ਕੇ ਪੰਜਾਬ ’ਚ ਵਿਕਦਾ ਹੈ। ਪੰਜਾਬ ਤੋਂ ਖੇਤੀ ਵਸਤਾਂ ਵਿੱਚੋਂ ਸਿਰਫ਼ ਬਾਸਮਤੀ ਚੌਲ ਹੀ ਇੱਕ ਉਹ ਫ਼ਸਲ ਹੈ ਜਿਹੜੀ ਪੰਜਾਬ ਤੋਂ ਵਿਦੇਸ਼ਾਂ ਨੂੰ ਭੇਜੀ ਜਾਂਦੀ ਹੈ ਅਤੇ ਹਰ ਸਾਲ ਤਕਰੀਬਨ 20 ਹਜ਼ਾਰ ਕਰੋੜ ਰੁਪਏ ਦੇ ਬਰਾਬਰ ਵਿਦੇਸ਼ੀ ਮੁਦਰਾ ਕਮਾਉਂਦੀ ਹੈ ਜਦਕਿ ਬਾਕੀ ਦੀਆਂ ਸਾਰੀਆਂ ਫ਼ਸਲਾਂ ਤੋਂ ਸਿਰਫ਼ 300 ਕਰੋੜ ਰੁਪਏ ਸਾਲਾਨਾ ਦੀ ਕਮਾਈ ਕੀਤੀ ਜਾਂਦੀ ਹੈ।

ਖੇਤੀ ਆਧਾਰਿਤ ਵਸਤਾਂ ਦੀ ਆਪਣੇ ਦੇਸ਼ ਦੇ ਹੋਰ ਪ੍ਰਾਂਤਾਂ ਅਤੇ ਵਿਦੇਸ਼ਾਂ ਵਿੱਚ ਬਰਾਮਦ ਨਾ ਹੋਣ ਦਾ ਕਾਰਨ ਫ਼ਸਲਾਂ ਦੇ ਗੁਣਾਂ ਜਾਂ ਲਾਗਤ ਦਾ ਕੋਈ ਕਾਰਨ ਨਹੀਂ। ਸਗੋਂ ਬਹੁਤ ਸਾਰੀਆਂ ਦਾਲਾਂ, ਤੇਲਾਂ ਦੇ ਬੀਜਾਂ ਅਤੇ ਫਲਾਂ ਦੀ ਪੰਜਾਬ ਵਿੱਚ ਜ਼ਿਆਦਾ ਉਪਜ ਹੋਣ ਕਰਕੇ ਉਹ ਘੱਟ ਲਾਗਤ ’ਤੇ ਪੈਦਾ ਕੀਤੀਆਂ ਜਾ ਸਕਦੀਆਂ ਹਨ ਪਰ ਉਨ੍ਹਾਂ ਦਾ ਉਤਪਾਦਨ ਹੀ ਨਹੀਂ ਹੁੰਦਾ ਜਿਸ ਲਈ ਦੇਸ਼ ਅਤੇ ਪ੍ਰਾਂਤ ਦੀ ਸਰਕਾਰ ਨੂੰ ਆਪਣੀ ਨੀਤੀ ਵਿੱਚ ਵੱਡੀ ਤਬਦੀਲੀ ਕਰਨ ਦੀ ਲੋੜ ਹੈ। ਅਨਾਜ ਦੀ ਸਮੱਸਿਆ ਕਰਕੇ ਕਣਕ ਅਤੇ ਚੌਲਾਂ ਨੂੰ ਪਹਿਲਾਂ ਤੋਂ ਘੋਸ਼ਿਤ ਸਮਰਥਨ ਮੁੱਲਾਂ ’ਤੇ ਕੇਂਦਰ ਸਰਕਾਰ ਵੱਲੋਂ ਆਪ ਖ਼ਰੀਦ ਲਿਆ ਜਾਂਦਾ ਹੈ। ਇਸ ਲਈ ਫ਼ਸਲ ਚੱਕਰ ਬਦਲ ਕੇ ਇਨ੍ਹਾਂ ਦੋਵਾਂ ਫ਼ਸਲਾਂ ਦੇ ਰਕਬੇ ਵਿੱਚ ਵਾਧਾ ਹੁੰਦਾ ਗਿਆ ਹੈ। ਝੋਨਾ ਜਿਹੜਾ 1960 ਵਿੱਚ ਸਿਰਫ਼ 1.5 ਲੱਖ ਹੈਕਟੇਅਰ ’ਤੇ ਲਾਇਆ ਜਾਂਦਾ ਸੀ, ਹੁਣ 32 ਲੱਖ ਹੈਕਟੇਅਰ ਜਾਂ 80 ਲੱਖ ਏਕੜ ’ਤੇ ਇਸ ਦੀ ਕਾਸ਼ਤ ਹੁੰਦੀ ਹੈ। ਭਾਵੇਂ 23 ਫ਼ਸਲਾਂ ਦੇ ਸਮਰਥਨ ਮੁੱਲਾਂ ਦੀ ਘੋਸ਼ਣਾ ਹਰ ਸਾਲ ਉਨ੍ਹਾਂ ਫ਼ਸਲਾਂ ਦੀ ਬਿਜਾਈ (ਹਾੜੀ ਅਤੇ ਸੌਣੀ) ਤੋਂ ਪਹਿਲਾਂ ਕਰ ਦਿੱਤੀ ਜਾਂਦੀ ਹੈ ਪਰ ਇਨ੍ਹਾਂ ਦੋਵਾਂ ਫ਼ਸਲਾਂ ਅਧੀਨ ਖੇਤਰ ਵਧਦਾ ਜਾ ਰਿਹਾ ਹੈ ਜਦਕਿ ਹੋਰ ਫ਼ਸਲਾਂ ਅਧੀਨ ਘਟਦਾ ਜਾ ਰਿਹਾ ਹੈ।

ਬਦਲਵੀਆਂ ਫ਼ਸਲਾਂ ਦੇ ਫ਼ਸਲ ਚੱਕਰ ਅਪਣਾਉਣ ਨਾਲ ਇੱਕ ਤਾਂ ਖੇਤੀ ਵਿਚ ਕੰਮ ਅਤੇ ਆਮਦਨ ਵਧ ਸਕਦੀ ਹੈ। ਦੂਸਰਾ, ਪੰਜਾਬ ਵਿੱਚ ਖੇਤੀ ਆਧਾਰਤ ਉਦਯੋਗ ਦਾ ਆਧਾਰ ਹੀ ਉਨ੍ਹਾਂ ਫ਼ਸਲਾਂ ਦਾ ਲੋੜੀਂਦੀ ਮਾਤਰਾ ’ਚ ਮਿਲਣਾ ਜ਼ਰੂਰੀ ਹੈ। ਕੋਈ ਵੀ ਉੱਦਮੀ ਇਨ੍ਹਾਂ ਫ਼ਸਲਾਂ ਅਧੀਨ ਖੇਤਰ ਅਤੇ ਉਪਜ ਦੀ ਕਮੀ ਕਾਰਨ ਆਪਣੀ ਪੂੰਜੀ ਉਨ੍ਹਾਂ ਖੇਤੀ ਆਧਾਰਤ ਇਕਾਈਆਂ ਵਿੱਚ ਨਹੀਂ ਲਾਉਣਾ ਚਾਹੁੰਦਾ ਜਿਨ੍ਹਾਂ ਬਾਰੇ ਉਸ ਨੂੰ ਮੰਡੀਕਰਨ ਦੀ ਬੇਯਕੀਨੀ ਹੈ। ਖੇਤੀ ਆਧਾਰਿਤ ਉਦਯੋਗ ਪੰਜਾਬ ਵਿੱਚ ਸਭ ਤੋਂ ਜ਼ਿਆਦਾ ਕਾਮਯਾਬ ਹੋ ਸਕਦੇ ਹਨ ਜੋ ਚੰਗੇ ਗੁਣਾਂ ਵਾਲੀ ਵਸਤੂ ਘੱਟ ਲਾਗਤ ’ਤੇ ਪੈਦਾ ਕਰ ਸਕਦੇ ਹਨ ਪਰ ਇਸ ਲਈ ਸਰਕਾਰ ਦੀ ਭੂਮਿਕਾ ਬਹੁਤ ਹੀ ਮਹੱਤਵਪੂਰਨ ਹੈ। ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਨਾਲ ਮਿਲ ਕੇ ਜਾਂ ਵੱਖਰੇ ਤੌਰ ’ਤੇ ਸੂਬੇ ਦੀਆਂ 5 ਜਾਂ 6 ਹੋਰ ਫ਼ਸਲਾਂ ਦਾ ਮੰਡੀਕਰਨ ਯਕੀਨੀ ਬਣਾਉਣਾ ਚਾਹੀਦਾ ਹੈ। ਇਸ ਲਈ ਸਰਕਾਰ ਅੱਗੇ ਕਣਕ, ਝੋਨੇ ਦੀ ਖ਼ਰੀਦ ਤੋਂ ਇਲਾਵਾ ਡੇਅਰੀ ਸਹਿਕਾਰਤਾ ਦਾ ਮਾਡਲ ਇਕ ਉਦਾਹਰਨ ਹੈ ਜਿਸ ਵਿੱਚ ਪਿੰਡ ਦੇ ਡੇਅਰੀ ਫਾਰਮ ਨੂੰ ਆਪਣੇ ਦੁੱਧ ਦੀ ਵਾਜਿਬ ਕੀਮਤ ਮਿਲਣ ਤੋਂ ਇਲਾਵਾ ਉਹ ਲਗਾਤਾਰ ਦੁੱਧ ਤੋਂ ਹੋਰ ਬਣਨ ਵਾਲੀਆਂ ਵਸਤਾਂ ਦੇ ਹੋਏ ਮੁੱਲ ਵਾਧੇ ਵਿੱਚ ਵੀ ਹਿੱਸੇਦਾਰ ਬਣਿਆ ਰਹਿੰਦਾ ਹੈ। ਜੇ ਪ੍ਰਾਂਤ ਦੀ ਸਰਕਾਰ ਆਪ ਨਹੀਂ ਖ਼ਰੀਦ ਸਕਦੀ ਤਾਂ ਡੇਅਰੀ ਸਹਿਕਾਰਤਾ ਦੇ ਆਧਾਰ ’ਤੇ ਹੋਰ ਫ਼ਸਲਾਂ ਜਿਨ੍ਹਾਂ ਵਿੱਚ ਮੁੱਖ ਤੌਰ ’ਤੇ ਫਲ ਅਤੇ ਸਬਜ਼ੀਆਂ, ਦਾਲਾਂ ਅਤੇ ਤੇਲਾਂ ਦੇ ਬੀਜ ਹੋਣ, ਉਨ੍ਹਾਂ ਲਈ ਨਵੇਂ ਬਣਨ ਵਾਲੇ ਸਹਿਕਾਰੀ ਅਦਾਰਿਆਂ ਦੀ ਸਰਪ੍ਰਸਤੀ ਕੀਤੀ ਜਾਵੇ ਤੇ ਉਨ੍ਹਾਂ ਦੀ ਸਹਾਇਤਾ ਕੀਤੀ ਜਾਵੇ। ਇਸ ਨਾਲ ਇਕ ਤਾਂ ਪੰਜਾਬ ਵਿੱਚ ਖੇਤੀ ਵਿਭਿੰਨਤਾ ਆਵੇਗੀ, ਨਵੀਆਂ ਉਦਯੋਗਿਕ ਇਕਾਈਆਂ ਲੱਗਣਗੀਆਂ ਜਿਨ੍ਹਾਂ ਨਾਲ ਰੁਜ਼ਗਾਰ ਵਿੱਚ ਵਾਧਾ ਹੋਵੇਗਾ ਅਤੇ ਇਸ ਨਾਲ ਨਾ ਸਿਰਫ਼ ਭਾਰਤ ਵਿਚ ਸਗੋਂ ਵਿਦੇਸ਼ਾਂ ਦੀਆਂ ਮੰਡੀਆਂ ਵਿੱਚ ਉਹ ਵਸਤਾਂ ਮੁਕਾਬਲਾ ਕਰਨ ਯੋਗ ਹੋਣਗੀਆਂ। ਇਸ ਦਾ ਸਭ ਤੋਂ ਵੱਡਾ ਲਾਭ ਇਹ ਹੋਵੇਗਾ ਕਿ ਕਿਸਾਨਾਂ ਨੂੰ ਉਨ੍ਹਾਂ ਦੀਆਂ ਵਸਤਾਂ ਦੇ ਹੋਏ ਮੁੱਲ ਵਾਧੇ ਵਿੱਚ ਹਿੱਸਾ ਮਿਲੇਗਾ।ਪਿੱਛੇ ਜਿਹੇ ਸੁਪਰੀਮ ਕੋਰਟ ਨੇ ਵੀ ਪੰਜਾਬ ਵਿੱਚ ਘਟ ਰਹੇ ਪਾਣੀ ਦੇ ਪੱਧਰ ’ਤੇ ਚਿੰਤਾ ਜ਼ਾਹਰ ਕੀਤੀ ਸੀ। ਪੰਜਾਬ ਦੇ ਕੌਮਾਂਤਰੀ ਖੇਤੀ ਮਾਹਰਾਂ ਨੇ ਪਹਿਲਾਂ ਵੀ ਅਜਿਹੀ ਚਿੰਤਾ ਜਤਾਈ ਸੀ। ਉਨ੍ਹਾਂ ਨੇ ਕਿਹਾ ਸੀ ਕਿ ਜੇ ਧਰਤੀ ਤੋਂ ਇਸੇ ਰਫ਼ਤਾਰ ਨਾਲ ਪਾਣੀ ਕੱਢਿਆ ਜਾਂਦਾ ਰਹੇਗਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਰੇਗਿਸਤਾਨ ਬਣ ਜਾਵੇਗਾ।ਇਸ ਲਈ ਜ਼ਰੂਰੀ ਹੈ ਕਿ ਫ਼ਸਲ ਵਿਭਿੰਨਤਾ ਲਿਆਂਦੀ ਜਾਵੇ ਜਿਹੜੀ ਖੇਤੀ ਆਧਾਰਿਤ ਉਦਯੋਗਾਂ ਦਾ ਆਧਾਰ ਬਣ ਸਕਦੀ ਹੈ। ਪੰਜਾਬ ਵਿੱਚ ਐਗਰੀ ਐਕਸਪੋਰਟ ਕਾਰਪੋਰੇਸ਼ਨ ਹੈ ਜਿਸ ਦੇ ਜ਼ਿੰਮੇ ਪੰਜਾਬ ਤੋਂ ਨਿਰਯਾਤ ਵਧਾਉਣ ਦੇ ਉਦੇਸ਼ ਹਨ ਪਰ ਪੰਜਾਬ ਵਿੱਚ ਖੇਤੀ ਵਸਤਾਂ ਅਤੇ ਖੇਤੀ ਆਧਾਰਿਤ ਉਦਯੋਗਿਕ ਵਸਤਾਂ ਲਈ ਮੁੱਢਲਾ ਕੰਮ ਉਨ੍ਹਾਂ ਫ਼ਸਲਾਂ ਦਾ ਯਕੀਨੀ ਮੰਡੀਕਰਨ ਅਤੇ ਉਤਸ਼ਾਹਤ ਘੱਟੋ-ਘੱਟ ਸਮਰਥਨ ਮੁੱਲ ਹੈ ਜੋ ਵਪਾਰੀ ਵਰਗ ’ਤੇ ਨਹੀਂ ਛੱਡਿਆ ਜਾ ਸਕਦਾ। ਇਸ ਲਈ ਸਰਕਾਰ ਨੂੰ ਹੀ ਯਤਨਸ਼ੀਲ ਹੋਣਾ ਹੋਵੇਗਾ। ਭਾਰਤ ਹਰ ਸਾਲ ਇਕ ਲੱਖ ਕਰੋੜ ਰੁਪਏ ਦੇ ਖਾਣ ਵਾਲੇ ਤੇਲ ਦੀ ਦਰਾਮਦ ਕਰਦਾ ਹੈ ਜਿਸ ਵਿਚ ਮੁੱਖ ਤੌਰ ’ਤੇ ਸੂਰਜਮੁਖੀ ਹੈ। ਉਸ ਦੇ ਨਾਲ ਹੀ 1 ਲੱਖ ਕਰੋੜ ਰੁਪਏ ਦੀਆਂ ਦਾਲਾਂ ਦੀ ਦਰਾਮਦ ਕਰਦਾ ਹੈ ਜਿਨ੍ਹਾਂ ਦੀ ਪੰਜਾਬ ਵਿੱਚ ਵੱਡੀ ਉਪਜ ਹੈ। ਇਸ ਬਾਹਰੋਂ ਹੋਣ ਵਾਲੀ ਦਰਾਮਦ ਦੇ ਬਦਲ ਵਿੱਚ ਪੰਜਾਬ ਵੱਡਾ ਹਿੱਸਾ ਪਾ ਸਕਦਾ ਹੈ ਪਰ ਇਸ ਲਈ ਢੁਕਵੀਂ ਸਰਕਾਰੀ ਨੀਤੀ ਦਾ ਲਾਗੂ ਹੋਣਾ ਜ਼ਰੂਰੀ ਹੈ।

# ਕਿਸਾਨਾਂ ਤੇ ਨੌਜਵਾਨਾਂ ਲਈ ਲਾਹੇਵੰਦ ਨਵੇਂ ਖੇਤੀ ਉੱਦਮ

ਡਾ. ਮਨਮੀਤ ਮਾਨਵ



ਪੰਜਾਬ ਦੇ ਸਮਾਜਿਕ, ਉਦਯੋਗਿਕ, ਸੱਭਿਆਚਾਰਕ ਅਤੇ ਆਰਥਿਕ ਵਿਕਾਸ ਵਿੱਚ ਖੇਤੀਬਾੜੀ ਦਾ ਅਹਿਮ ਯੋਗਦਾਨ ਹੈ। ਸੂਬੇ ਦੀ 65 ਫ਼ੀਸਦੀ ਆਬਾਦੀ ਆਪਣੀ ਰੋਜ਼ੀ-ਰੋਟੀ ਅਤੇ ਰੁਜ਼ਗਾਰ ਲਈ ਸਿੱਧੇ ਤੌਰ ’ਤੇ ਖੇਤੀਬਾੜੀ ਉੱਤੇ ਨਿਰਭਰ ਕਰਦੀ ਹੈ। ਪੰਜਾਬ ਵਾਸੀਆਂ ਦੀ ਜੀਵਨ-ਜਾਚ ਅਤੇ ਆਰਥਿਕਤਾ ਵਿੱਚ ਖੇਤੀਬਾੜੀ ਦੀ ਅਹਿਮ ਭੂਮਿਕਾ ਹੈ। ਖੇਤੀਬਾੜੀ ਇਹੋ ਜਿਹਾ ਕਿੱਤਾ ਹੈ ਜਿਸ ਵਿੱਚ ਮੁਨਾਫ਼ੇ ਦੀ ਬਹੁਤ ਸਮਰੱਥਾ ਹੈ। ਪਿੰਡਾਂ ਦੇ ਨੌਜਵਾਨਾਂ ਦੀ ਖੇਤੀ ਪ੍ਰਤੀ ਨਕਾਰਾਤਮਕ ਧਾਰਨਾ ਅਤੇ ਵਿਦੇਸ਼ਾਂ ਵੱਲ ਪਰਵਾਸ ਦੇ ਰੁਝਾਨ ਕਾਰਨ ਵੀ ਖੇਤੀ ਤੋਂ ਮੁਨਾਫ਼ੇ ਦੀ ਸਮਰੱਥਾ ਨੂੰ ਵਧਾਇਆ ਨਹੀਂ ਜਾ ਸਕਿਆ। ਇਸ ਕਾਰਨ ਇੱਕ ਕਿਸਾਨ ਅਤੇ ਗ਼ੈਰ-ਕਿਸਾਨ ਦੇ ਆਰਥਿਕ ਅਤੇ ਸਮਾਜਿਕ ਪੱਧਰ ਵਿੱਚ ਬਹੁਤ ਵੱਡਾ ਅੰਤਰ ਹੈ। ਕਿਸਾਨਾਂ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਲਈ ਖੇਤੀ ਨੂੰ ਲਾਹੇਵੰਦ ਬਣਾਉਣਾ ਅਹਿਮ ਹੈ। ਇਸ ਲਈ ਖੇਤੀ ਤੋਂ ਖੇਤੀ ਕਾਰੋਬਾਰ ਵੱਲ ਤਬਦੀਲ ਹੋਣਾ ਬੇਹੱਦ ਲਾਜ਼ਮੀ ਹੈ। ਸਫ਼ਲ ਖੇਤੀ ਵਪਾਰ ਲਈ ਨੌਜਵਾਨ ਪੀੜ੍ਹੀ ਦਾ ਖੇਤੀ ਵੱਲ ਰੁਝਾਨ ਅਤੇ ਸ਼ਮੂਲੀਅਤ ਅਹਿਮ ਹੈ। ਖੇਤੀ ਉਤਪਾਦਨ ਅਤੇ ਮੰਡੀਕਰਨ ਸਬੰਧੀ ਉੱਭਰ ਰਹੀਆਂ ਚੁਣੌਤੀਆਂ ਨੂੰ ਨਜਿੱਠਣ ਲਈ ਨੌਜਵਾਨਾਂ ਦੀ ਊਰਜਾ, ਉਤਸ਼ਾਹ ਅਤੇ ਤਕਨੀਕੀ ਗਿਆਨ ਨੂੰ ਹੁਨਰ ਵਿਕਾਸ ਲਈ ਵਰਤਣਾ ਚਾਹੀਦਾ ਹੈ। ਉਨ੍ਹਾਂ ਦੀ ਖੇਤੀਬਾੜੀ ਵਿੱਚ ਸ਼ਮੂਲੀਅਤ ਕਰਵਾ ਕੇ ਖੇਤੀ ਤੋਂ ਮੁਨਾਫ਼ੇ ਦੀ ਸਮਰੱਥਾ ਨੂੰ ਵਧਾਇਆ ਜਾ ਸਕਦਾ ਹੈ। ਕਿਸਾਨ ਆਪਣੀ ਖੇਤੀ ਅਤੇ ਸਹਾਇਕ ਧੰਦਿਆਂ ਲਈ ਸਿਰਤੋੜ ਯਤਨ ਕਰਦਾ ਹੈ ਪਰ ਜਦ ਮੰਡੀਕਰਨ ਦੀ ਗੱਲ ਆਉਂਦੀਹੈ ਤਾਂ ਉਸ ਵਿੱਚੋਂ ਬਾਹਰ ਨਿਕਲਣਾ ਚਾਹੁੰਦਾ ਹੈ। ਉਤਪਾਦਨ ਦੇ ਵਿਕਰੀ ਮੁੱਲ ਅਤੇ ਉਤਪਾਦ ਦੇ ਪਰਚੂਨ ਮੁੱਲ ਵਿੱਚ ਬਹੁਤ ਵੱਡਾ ਅੰਤਰ ਹੈ ਅਤੇ ਇਹ ਅੰਤਰ ਦਿਨੋ-ਦਿਨ ਵੱਡਾ ਹੁੰਦਾ ਜਾ ਰਿਹਾ ਹੈ। ਇਸ ਅੰਤਰ ਵਿਚਕਾਰ ਪ੍ਰਾਸੈਸਿੰਗ, ਮੰਡੀਕਰਨ ਅਤੇ ਢੋਆ-ਢੁਆਈ ਦਾ ਖ਼ਰਚਾ ਹੁੰਦਾ ਹੈ ਪਰ ਆਪਣੀ ਜਿਣਸ ਦਾ ਪੂਰਾ ਮੁੱਲ ਅਤੇ ਬਿਹਤਰ ਮੁਨਾਫ਼ਾ ਕਮਾਉਣ ਲਈ ਉਸ ਨੂੰ ਪ੍ਰਾਸੈਸਿੰਗ ਅਤੇ ਮੰਡੀਕਰਨ ਵਾਲੇ ਪਾਸੇ ਆਪਣਾ ਹਿੱਸਾ ਪਾਉਣਾ ਪਵੇਗਾ। ਖੇਤੀ ਨੂੰ ਮੁੜ ਸੁਰਜੀਤ ਅਤੇ ਪ੍ਰਫੁੱਲਿਤ ਕਰਨ ਲਈ ਅਤੇ ਪੇਂਡੂ ਨੌਜਵਾਨਾਂ ਨੂੰ ਖੇਤੀਬਾੜੀ ਵੱਲ ਖਿੱਚਣ ਲਈ ਖੇਤੀ ਤੋਂ ਖੇਤੀ ਉੱਦਮ ਵੱਲ ਪਰਿਵਰਤਨ ਇੱਕ ਜ਼ਰੂਰੀ ਮਾਰਗ ਹੈ।

ਸਾਡੇ ਕਿਸਾਨਾਂ ਕੋਲ ਸਦੀਆਂ ਤੋਂ ਸਥਾਨਕ ਫ਼ਸਲਾਂ ਦੀ ਕਾਸ਼ਤ ਅਤੇ ਸਥਿਰਤਾ ਦਾ ਰਵਾਇਤੀ ਗਿਆਨ ਅਤੇ ਅਭਿਆਸ ਹੈ ਪਰ ਖੇਤੀ ਉਤਪਾਦਨ ਅਤੇ ਮੰਡੀਕਰਨ ਸਬੰਧੀ ਉੱਭਰ ਰਹੀਆਂ ਚੁਣੌਤੀਆਂ ਨੂੰ ਨਜਿੱਠਣ ਲਈ ਅਤੇ ਜ਼ਰੂਰੀ ਹੁਨਰ ਅਤੇ ਸਮਰੱਥਾਵਾਂ ਨੂੰ ਹਾਸਲ ਕਰਨ ਲਈ ਨੌਜਵਾਨਾਂ ਦੀ ਸ਼ਮੂਲੀਅਤ ਜ਼ਰੂਰੀ ਹੈ। ਫ਼ਸਲਾਂ ਦੇ ਕੁਸ਼ਲ ਪ੍ਰਬੰਧਨ ਵਿਗਿਆਨ ਅਤੇ ਤਕਨੀਕੀ ਜਾਣਕਾਰੀ, ਡਜਿਟਲ ਸੂਚਨਾਵਾਂ, ਮੰਡੀਕਰਨ ਅਤੇ ਪ੍ਰਬੰਧਕੀ ਮੁਹਾਰਤ ਲਈ ਨੌਜਵਾਨਾਂ ਦਾ ਝੁਕਾਅ ਖੇਤੀਬਾੜੀ ਵੱਲ ਵਧਾਉਣਾ ਬਹੁਤ ਜ਼ਰੂਰੀ ਹੈ। ਪੰਜਾਬ ਵਿੱਚ 70 ਫ਼ੀਸਦੀ ਨੌਜਵਾਨ ਪੇਂਡੂ ਇਲਾਕਿਆਂ ਵਿੱਚ ਰਹਿੰਦੇ ਹਨ, ਉਨ੍ਹਾਂ ਦੀ ਤਕਨੀਕੀ ਕੰਮ ਸਿਖਣ ਅਤੇ ਵਪਾਰਕ ਪਹਿਲੂਆਂ ਨੂੰ ਅਪਣਾਉਣ ਦੀ ਸਮਰੱਥਾ ਨੂੰ ਵਰਤਣਾ ਚਾਹੀਦਾ ਹੈ ਤਾਂ ਜੋ ਖੇਤੀ ਤੋਂ ਉੱਚ ਮੁੱਲ ਦੀ ਸਮਰੱਥਾ ਨੂੰ ਵਧਾਇਆ ਜਾ ਸਕੇ। ਸੋ ਕਿਸਾਨਾਂ ਦੇ ਰਵਾਇਤੀ ਗਿਆਨ ਦੇ ਨਾਲ ਨੌਜਵਾਨਾਂ ਦਾ ਤਕਨੀਕੀ ਤੇ ਵਿਗਿਆਨਕ ਗਿਆਨ ਦਾ ਸੁਮੇਲ ਖੇਤੀ ਨੂੰ ਸਫ਼ਲ ਉੱਦਮ ਬਣਾਏਗਾ। ਇਸ ਨਾਲ ਉਨ੍ਹਾਂ ਦਾ ਆਰਥਿਕ ਅਤੇ ਸਮਾਜਿਕ ਪੱਧਰ ਵੀ ਉੱਚਾ ਹੋਵੇਗਾ ਅਤੇ ਨੌਜਵਾਨਾਂ ਵਿੱਚ ਵਿਦੇਸ਼ਾਂ ਵੱਲ ਜਾਣ ਦਾ ਰੁਝਾਨ ਵੀ ਘਟੇਗਾ।ਖੇਤੀ ਵਿੱਚ ਮੁਨਾਫ਼ੇ ਦੀ ਸਮਰੱਥਾ ਵਧਾਉਣ ਲਈ ਕਿਸਾਨਾਂ ਵਿੱਚ ਸਭ ਤੋਂ ਪਹਿਲਾਂ ਆਪਣੀ ਉਪਜ ਦੀ ਪ੍ਰਾਸੈਸਿੰਗ ਕਰ ਕੇ ਵੱਖ-ਵੱਖ ਉਤਪਾਦ ਬਣਾਉਣ ਦਾ ਹੁਨਰ ਵਿਕਸਿਤ ਕਰਨਾ ਜ਼ਰੂਰੀ ਹੈ ਤਾਂ ਜੋ ਉਪਜ ਦਾ ਮੁੱਲ ਵਧਾਇਆ ਜਾ ਸਕੇ। ਲੰਬੇ ਸਮੇਂ ਤੋਂ ਕਿਸਾਨ ਆਪਣੀ ਉਪਜ ਨੂੰ ਸੰਭਾਲਣ ਅਤੇ ਉਸ ਦੇ ਮੁੱਲ ਵਿੱਚ ਵਾਧਾ ਕਰਨ ਦੇ ਰੁਝਾਨ ਪ੍ਰਤੀ ਆਰਾਮਦੇਹ ਰਹੇ ਹਨ। ਹਰ ਸਾਲ ਸਾਡੇ ਪੰਜਾਬ ਦੇ ਉਤਪਾਦਨ ਦਾ ਜ਼ਿਆਦਾ ਹਿੱਸਾ ਜਿਵੇਂ ਕਿ 30 ਫ਼ੀਸਦੀ ਕਣਕ, 50 ਫ਼ੀਸਦੀ ਫਲ ਅਤੇ ਸਬਜ਼ੀਆਂ ਅਤੇ 15 ਫ਼ੀਸਦੀ ਝੋਨਾ ਨਾ ਸੰਭਾਲੇ ਜਾਣ ਕਾਰਨ ਨਸ਼ਟ ਹੋ ਜਾਂਦਾ ਹੈ। ਸੋ ਕਟਾਈ ਤੋਂ ਬਾਅਦ ਹੋਣ ਵਾਲੇ ਨੁਕਸਾਨ ਨੂੰ ਘੱਟ ਕਰਨ ਲਈ ਉਸ ਦੀ ਪ੍ਰਾਸੈਸਿੰਗ ਕਰਨੀ ਲਾਜ਼ਮੀ ਹੈ। ਇਹ ਜਿੱਥੇ ਉਪਜ ਦੀ ਮਿਆਦ ਵਧਾ ਕੇ ਖਾਣਯੋਗ, ਸੁਆਦੀ ਅਤੇ ਸੁਰੱਖਿਅਤ ਉਤਪਾਦ ਬਣਾਉਂਦੀ ਹੈ, ਉੱਥੇ ਉਪਜ ਦੇ ਮੁੱਲ ਵਿੱਚ ਕਈ ਗੁਣਾਂ ਵਾਧਾ ਕਰਦੀ ਹੈ। ਪਿੰਡਾਂ ਦੇ ਨੌਜਵਾਨਾਂ ਵਿੱਚ ਪ੍ਰਾਸੈਸਿੰਗ ਦਾ ਹੁਨਰ ਵਿਕਸਿਤ ਕਰ ਕੇ ਪ੍ਰਾਸੈਸਿੰਗ ਯੂਨਿਟਾਂ ਲਗਾ ਕੇ ਅਲੱਗ-ਅਲੱਗ ਉਤਪਾਦ ਬਣਾਉਣ ਦੀਆਂ ਗਤੀਵਿਧੀਆਂ ਪਿੰਡਾਂ ਵਿੱਚ ਹੋਰਨਾਂ ਲਈ ਰੁਜ਼ਗਾਰ ਪੈਦਾ ਕਰਨਗੀਆਂ ਅਤੇ ਆਮਦਨੀ ਵੀ ਵਧਾਉਣਗੀਆਂ। ਪਿੰਡਾਂ ਦੇ ਨੌਜਵਾਨਾਂ ਵਿੱਚ ਇਹ ਹੁਨਰ ਵਿਕਸਿਤ ਕਰ ਕੇ ਖੇਤੀ ਉੱਦਮ ਵੱਲ ਲਿਜਾਉਣ ਲਈ ਖੇਤੀਬਾੜੀ ਮੰਤਰਾਲਾ ਭਾਰਤ ਸਰਕਾਰ ਵੱਲੋਂ ਵੀ ਨੌਜਵਾਨਾਂ ਨੂੰ ਖੇਤੀਬਾੜੀ ਵੱਲ ਆਕਰਸ਼ਿਤ ਕਰਨ ਲਈ ਵਿਸ਼ੇਸ਼ ਪਹਿਲਕਦਮੀਆਂ ਕੀਤੀਆਂ ਗਈਆਂ ਹਨ।

# ਕੈਨੇਡਾ ਦੇ ਆਰਥਿਕ ਹਾਲਾਤ ਵਿਗੜਨ ਕਾਰਨ ਪ੍ਰਵਾਸੀ ਵਾਪਸ ਪਰਤਣ ਲਗੇ



ਅਮਰਜੀਤ ਭੁੱਲਰ

ਇਹ ਮੰਨਿਆ ਜਾਂਦਾ ਰਿਹਾ ਹੈ ਕਿ ਪਿਛਲੇ ਪੰਜ ਦਹਾਕਿਆਂ ਤੋਂ ਵੱਧ ਅਰਸੇ ਦੌਰਾਨ ਕੈਨੇਡਾ ਪਰਵਾਸ ਕਰ ਗਏ ਲੋਕਾਂ ਦਾ ਤਜਰਬਾ ਆਮ ਤੌਰ ’ਤੇ ਸੁਖਾਵਾਂ ਰਿਹਾ ਹੈ। ਭਰਵੀਂ ਕਮਾਈ ਦਾ ਟੀਚਾ ਹਾਸਲ ਕਰਨ ਲਈ ਕੈਨੇਡਾ ਪਰਵਾਸੀਆਂ ਲਈ ਪਸੰਦੀਦਾ ਟਿਕਾਣਾ ਬਣਿਆ ਰਿਹਾ ਹੈ ਪਰ ਹੁਣ ਹਾਲਾਤ ਵਿਗੜ ਗਏ ਹਨ। ਉੱਥੋਂ ਪਰਵਾਸੀਆਂ ਨੇ ਹੋਰ ਮੁਲਕਾਂ ਦਾ ਰੁਖ਼ ਕਰਨਾ ਸ਼ੁਰੂ ਕਰ ਦਿੱਤਾ ਹੈ ਜਾਂ ਫਿਰ ਉਹ ਵਤਨ ਵਾਪਸ ਮੁੜਨ ਲੱਗ ਪਏ ਹਨ। ਇੰਸਟੀਚਿਊਟ ਫਾਰ ਕੈਨੇਡੀਅਨ ਸਿਟੀਜ਼ਨਸ਼ਿਪ (ਆਈਸੀਸੀ) ਲਈ ਕਾਨਫਰੰਸ ਬੋਰਡ ਆਫ਼ ਕੈਨੇਡਾ ਦੇ ਕਰਵਾਏ ਹਾਲੀਆ ਸਰਵੇਖਣ ‘ਦਿ ਲੀਕੀ ਬੱਕਿਟ: ਏ ਸਟੱਡੀ ਆਫ਼ ਇਮੀਗ੍ਰੈਂਟ ਰਿਟੈਂਸ਼ਨ ਟ੍ਰੈਂਡਜ਼ ਇਨ ਕੈਨੇਡਾ’ ਤੋਂ ਪਤਾ ਲੱਗਦਾ ਹੈ ਕਿ 1980ਵਿਆਂ ਤੋਂ ਲੈ ਕੇ ਕੈਨੇਡਾ ਆਉਣ ਵਾਲੇ ਪਰਵਾਸੀਆਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਸੀ। 2017 ਅਤੇ 2019 ਵਿੱਚ ਇਸ ਰੁਝਾਨ ਵਿੱਚ ਉਛਾਲ ਆਇਆ ਅਤੇ ਇਸ ਵਿੱਚ ਔਸਤ ਆਮਦ ਨਾਲੋਂ 31 ਫੀਸਦੀ ਵਾਧਾ ਹੋਇਆ। ਕੋਵਿਡ-19 ਤੋਂ ਬਾਅਦ ਇਸ ਸੰਖਿਆ ਵਿੱਚ ਇਸ ਕਰ ਕੇ ਵਾਧਾ ਹੋਇਆ ਕਿਉਂਕਿ ਕੈਨੇਡੀਅਨਾਂ ਦੀ ਆਰਥਿਕ ਹਾਲਤ ਵਿੱਚ ਆਮ ਤੌਰ ’ਤੇ ਨਿਘਾਰ ਆਇਆ ਸੀ।

ਪਰਵਾਸੀਆਂ ਦੀ ਆਮਦ ਦੀ ਉੱਚੀ ਦਰ ਅਤੇ ਮੋੜਵੇਂ ਪਰਵਾਸ ਨਾਲ ਕੈਨੇਡਾ ਦੇ ਜਨ ਸੰਖਿਆ ਸਮਤੋਲ ਉਪਰ ਨਾਂਹ ਮੁਖੀ ਅਸਰ ਪਿਆ ਹੈ। ਸਟੈਟਿਸਟਿਕ ਕੈਨੇਡਾ ਨੇ ਇਹ ਗੱਲ ਦਰਜ ਕੀਤੀ ਹੈ ਕਿ 2010 ਵਿਚ ਕੈਨੇਡਾ ਦੀ 14.1 ਫੀਸਦੀ ਆਬਾਦੀ ਦੀ ਉਮਰ 65 ਸਾਲ ਜਾਂ ਇਸ ਤੋਂ ਜਿਆਦਾ ਸੀ। 2022 ਵਿੱਚ ਇਹ ਦਰ ਵਧ ਕੇ 19 ਫੀਸਦੀ ਹੋ ਗਈ ਸੀ। ਜੇ ਪਰਵਾਸ ਵਿਚ ਕੋਈ ਰੁਕਾਵਟ ਆਈ ਤਾਂ ਇਹ ਰੁਝਾਨ ਹੋਰ ਤੇਜ਼ ਹੋਣ ਦੇ ਆਸਾਰ ਹਨ। ਕੰਮਕਾਜੀ ਉਮਰ ਵਰਗ (15-64) ਦੇ ਹਿਸਾਬ ਨਾਲ 1966 ਵਿਚ 65 ਸਾਲ ਤੋਂ ਵੱਡੀ ਉਮਰ ਦੇ ਕੈਨੇਡੀਅਨਾਂ ਦੀ ਸੰਖਿਆ 7.8 ਫੀਸਦੀ ਸੀ; 2022 ਵਿੱਚ ਇਨ੍ਹਾਂ ਦੀ ਦਰ ਘਟ ਕੇ 3.4 ਫੀਸਦੀ ਰਹਿ ਗਈ ਸੀ ਅਤੇ 2050 ਤੱਕ ਇਹ ਸੰਖਿਆ ਤਿੰਨ ਫ਼ੀਸਦੀ ਤੋਂ ਹੇਠਾਂ ਆ ਜਾਣ ਦੀ ਸੰਭਾਵਨਾ ਹੈ। ਇਸ ਕਰਕੇ ਕਰ ਦਾਤਿਆਂ ਦੀ ਸੰਖਿਆ ਘਟਣ ਅਤੇ ਪੈਂਨਸ਼ਨਰਾਂ ਤੇ ਆਮਦਨ ਸਹਾਇਤਾ ’ਤੇ ਆਸ਼ਰਿਤਾਂ ਦੀ ਸੰਖਿਆ ਵਧਣ ਕਰ ਕੇ ਸਰਕਾਰੀ ਮਾਲੀਏ ਅਤੇ ਖਰਚ ਉਪਰ ਸਿੱਧਾ ਪ੍ਰਭਾਵ ਪੈਂਦਾ ਹੈ। ਬਜ਼ੁਰਗਾਂ ਦੀ ਕੁੱਲ ਸੰਖਿਆ ਵਧਣ ਨਾਲ ਦੇਸ਼ ਦੀ ਸਿਹਤ ਪ੍ਰਣਾਲੀ ਉਪਰ ਵੀ ਦਬਾਅ ਵਧ ਜਾਂਦਾ ਹੈ।

ਬਜ਼ੁਰਗਾਂ ਦੇ ਮੁਕਾਬਲੇ ਕੰਮਕਾਜੀ ਉਮਰ ਵਰਗ ਦੇ ਕੈਨੇਡੀਅਨਾਂ ਦਾ ਬਦਲ ਰਿਹਾ ਅਨੁਪਾਤ ਸਰਕਾਰ ਅਤੇ ਨੀਤੀ ਘਾੜਿਆਂ ਲਈ ਵੱਡੀ ਚੁਣੌਤੀ ਬਣਿਆ ਹੋਇਆ ਹੈ। ਨੀਤੀ ਘਾੜਿਆਂ ਨੇ ਕੌਮਾਂਤਰੀ ਵਿਦਿਆਰਥੀਆਂ ਨੂੰ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਸਥਾਈ ਨਿਵਾਸ ਦਾ ਦਰਜਾ ਦੇਣ ਸਮੇਤ ਕੈਨੇਡਾ ਦੇ ਬਹੁਤੇਰੇ ਪਰਵਾਸ ਬਦਲਾਂ ਰਾਹੀਂ ਨੌਜਵਾਨਾਂ ਨੂੰ ਆਵਾਸ ਦਾ ਸੱਦਾ ਦੇਣ ’ਤੇ ਟੇਕ ਰੱਖੀ ਹੋਈ ਸੀ ਅਤੇ ਇਹ ਸਿਲਸਿਲਾ ਹਾਲੇ ਵੀ ਜਾਰੀ ਹੈ। ਕੈਨੇਡਾ ਦੀ 2024 ਵਿੱਚ 485000 ਅਤੇ 2025 ਵਿੱਚ 5 ਲੱਖ ਲੋਕਾਂ ਨੂੰ ਆਵਾਸ ਲਈ ਸੱਦਣ ਦੀ ਯੋਜਨਾ ਹੈ। ਕੈਨੇਡਾ ਪੁੱਜੇ ਪਰਵਾਸੀਆਂ ਵਿੱਚ ਉੱਚ ਹੁਨਰਮੰਦ ਕਾਮੇ, ਆਰਜ਼ੀ ਵਿਦੇਸ਼ੀ ਕਾਮੇ ਤੇ ਕੌਮਾਂਤਰੀ ਵਿਦਿਆਰਥੀ ਸ਼ਾਮਲ ਹਨ। ਇਨ੍ਹਾਂ ਵਿਚੋਂ ਹਰ ਵੰਨਗੀ ਦੇ ਕਾਮਿਆਂ ਦੀਆਂ ਆਪੋ-ਆਪਣੀਆਂ ਮੁਸ਼ਕਲਾਂ ਹਨ। ਉੱਚ ਹੁਨਰਮੰਦ ਕਾਮੇ ਉਤਸ਼ਾਹ ਨਾਲ ਕੈਨੇਡਾ ਪਹੁੰਚਦੇ ਹਨ ਪਰ ਉਨ੍ਹਾਂ ਨੂੰ ਇੱਥੇ ਪਹੁੰਚਦਿਆਂ ਹੀ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹੁਨਰ ਤੇ ਤਜਰਬਾ ਹੋਣ ਦੇ ਬਾਵਜੂਦ ਇਨ੍ਹਾਂ ਵਿਚੋਂ ਕਈਆਂ ਨੂੰ ਆਪਣੀ ਮੁਹਾਰਤ ਮੁਤਾਬਕ ਕੰਮ ਲੱਭਣ ਵਿੱਚ ਦਿੱਕਤਾਂ ਪੇਸ਼ ਆਉਂਦੀਆਂ ਹਨ, ਉਨ੍ਹਾਂ ਨੂੰ ਆਪਣੇ ਪਰਿਵਾਰਾਂ ਦਾ ਗੁਜ਼ਰ ਬਸਰ ਕਰਨ ਲਈ ਕਈ ਵਾਰ ਘੱਟ ਉਜਰਤ ਵਾਲੇ ਕੰਮ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਬਹੁਤੇ ਕੇਸਾਂ ਵਿੱਚ ਕੈਨੇਡੀਅਨ ਮਾਲਕ ਨਵੇਂ ਕਾਮਿਆਂ ਦੀ ਵਿਦਿਅਕ ਯੋਗਤਾ ਤੇ ਤਜਰਬੇ ਨੂੰ ਨਹੀਂ ਦੇਖਦੇ। ਕੁਝ ਮਾਲਕ ਉੱਤਰੀ ਅਮਰੀਕਾ ਵਿੱਚ ਪੜ੍ਹੇ ਵਿਅਕਤੀਆਂ ਨੂੰ ਕੰਮ ਦੇਣਾ ਪਸੰਦ ਕਰਦੇ ਹਨ ਭਾਵੇਂ ਉਨ੍ਹਾਂ ਕੋਲ ਦੂਜੇ ਪਰਵਾਸੀਆਂ ਜਿੰਨੀ ਵਿਦਿਅਕ ਯੋਗਤਾ ਤੇ ਤਜਰਬਾ ਨਹੀਂ ਹੁੰਦਾ।

ਲਾਇਸੈਂਸ ਲੈਣ ਦੀ ਪ੍ਰਕਿਰਿਆ ਕਾਫ਼ੀ ਗੁੰਝਲਦਾਰ ਤੇ ਖ਼ਰਚੀਲੀ ਹੈ ਅਤੇ ਇਸ ਨੂੰ ਪੂਰਾ ਕਰਨ ਵਿੱਚ ਕਾਫ਼ੀ ਸਮਾਂ ਲਗਦਾ ਹੈ। ਕੈਨੇਡਾ ਵੱਲੋਂ ਸਕੂਲ ਵਿੱਚ ਦਾਖ਼ਲੇ ਤੋਂ ਫੌਰੀ ਬਾਅਦ ਪਾਰਟ-ਟਾਈਮ ਕੰਮ ਕਰਨ ਦੀ ਖੁੱਲ੍ਹ ਦੇਣ ਦੇ ਨੇਮ ਸਰਲ ਕਰਨ ਤੋਂ ਬਾਅਦ ਕੌਮਾਂਤਰੀ ਵਿਦਿਆਰਥੀਆਂ ਦੀ ਆਮਦ ਵਿਚ ਵਾਧਾ ਹੋਇਆ ਸੀ। ਇਸ ਨਾਲ ਕੈਨੇਡੀਅਨ ਅਰਥਚਾਰੇ ਨੂੰ ਵੀ ਭਰਵਾਂ ਲਾਭ ਮਿਲਿਆ। 2022 ਤੱਕ ਸਿੱਖਿਆ ਸੰਸਥਾਵਾਂ ਵਿੱਚ 8 ਲੱਖ ਤੋਂ ਜਿਆਦਾ ਸਟੱਡੀ ਪਰਮਿਟ ਧਾਰਕ ਦਾਖ਼ਲ ਸਨ। ਸਾਲ 2022 ਵਿੱਚ ਕੈਨੇਡਾ ਦੀ ਕੁੱਲ ਘਰੇਲੂ ਪੈਦਾਵਾਰ ਵਿੱਚ ਕੌਮਾਂਤਰੀ ਵਿਦਿਆਰਥੀਆਂ ਦਾ ਯੋਗਦਾਨ ਅੰਦਾਜ਼ਨ 22 ਅਰਬ ਡਾਲਰ ’ਤੇ ਪਹੁੰਚ ਗਿਆ ਸੀ ਅਤੇ ਇਸ ਨਾਲ ਕਰੀਬ 200000 ਨੌਕਰੀਆਂ ਪੈਦਾ ਕਰਨ ਵਿੱਚ ਮਦਦ ਮਿਲੀ ਸੀ।





ਕੌਮਾਂਤਰੀ ਵਿਦਿਆਰਥੀਆਂ ਨੂੰ ਆਮ ਤੌਰ ’ਤੇ ਘੱਟੋ-ਘੱਟ ਉਜਰਤ ਅਦਾ ਕੀਤੀ ਜਾਂਦੀ ਹੈ ਜਿਸ ਨਾਲ ਛੋਟੇ ਅਤੇ ਪਰਚੂਨ ਕਾਰੋਬਾਰੀਆਂ ਨੂੰ ਆਪਣੇ ਕਾਰੋਬਾਰ ਚਲਾਉਣ ਵਿਚ ਕਾਫ਼ੀ ਮਦਦ ਮਿਲਦੀ ਹੈ। ਦੋ ਸਾਲਾਂ ਦੀ ਪੜ੍ਹਾਈ ਅਤੇ ਇੱਕ ਸਾਲ ਕੈਨੇਡਾ ਵਿੱਚ ਕੰਮ ਕਰਨ ਦਾ ਤਜਰਬਾ (1560 ਘੰਟੇ) ਲੈਣ ਤੋਂ ਬਾਅਦ ਕੋਈ ਸ਼ਖ਼ਸ ਸਥਾਈ ਨਿਵਾਸ (ਪੀਆਰ) ਲਈ ਦਰਖਾਸਤ ਦੇਣ ਦੇ ਯੋਗ ਹੋ ਜਾਂਦਾ ਹੈ ਪਰ ਪੀਆਰ ਵਿਆਪਕ ਦਰਜਾਬੰਦੀ ਪ੍ਰਣਾਲੀ (ਸੀਆਰਐੱਸ) ਦੇ ਅੰਕਾਂ ਦੇ ਆਧਾਰ ’ਤੇ ਦਿੱਤਾ ਜਾਂਦਾ ਹੈ। ਸੀਆਰਐੱਸ ਅੰਕ ਆਧਾਰਿਤ ਪ੍ਰਣਾਲੀ ਹੈ ਜਿਸ ਦੀ ਵਰਤੋਂ ਕਿਸੇ ਦੇ ਸਕੋਰ ਅਤੇ ਐਕਸਪ੍ਰੈੱਸ ਐਂਟਰੀ ਪੂਲ ਵਿੱਚ ਇਸ ਦੇ ਦਰਜੇ ਨੂੰ ਮਾਪਣ ਲਈ ਕੀਤੀ ਜਾਂਦੀ ਹੈ। ਸੀਆਰਐੱਸ ਅੰਕ ਵਡੇਰੇ ਤੌਰ ’ਤੇ ਬਿਨੈਕਾਰ ਦੀ ਭਾਸ਼ਾਈ ਹੁਨਰ, ਵਿਦਿਆ, ਕੰਮ ਦੇ ਤਜਰਬੇ ਅਤੇ ਉਮਰ ਨਾਲ ਜੁੜੇ ਹੁੰਦੇ ਹਨ। ਪੀਆਰ ਲਈ ਦਰਖਾਸਤਕਾਰਾਂ ਦੇ ਡ੍ਰਾਅ ਦੇ ਹਰ ਗੇੜ ਵਿੱਚ ਸੀਆਰਐੱਸ ਕੱਟ-ਆਫ਼ ਜੁਦਾ ਹੁੰਦੀ ਹੈ। ਸਾਲ 2022 ਵਿੱਚ ਵੱਖੋ ਵੱਖਰੇ ਡ੍ਰਾਅ ਲਈ ਸੀਆਰਐੱਸ ਸਕੋਰ 491 ਤੋਂ 557 ਵਿਚਕਾਰ ਸੀ। ਕੱਟ-ਆਫ਼ ਕੀਮਤ ਪੂਲ ਵਿੱਚ ਬਿਨੈਕਾਰਾਂ ਦੀ ਸੰਖਿਆ, ਉਨ੍ਹਾਂ ਦੇ ਸੀਆਰਐੱਸ ਅੰਕਾਂ ਤੇ ਆਵਾਸ ਅਧਿਕਾਰੀਆਂ ਦੀਆਂ ਤੈਅ ਕੀਤੀਆਂ ਅਰਜ਼ੀਆਂ ਦੇ ਆਧਾਰ ’ਤੇ ਨਿਰਧਾਰਤ ਕੀਤੀ ਜਾਂਦੀ ਹੈ। 23 ਅਕਤੂਬਰ 2023 ਨੂੰ ਪੂਲ ਵਿੱਚ 214873 ਅਰਜ਼ੀਆਂ ਸਨ ਅਤੇ ਇਨ੍ਹਾਂ ’ਚੋਂ ਸਿਰਫ਼ 3600 ਬਿਨੈਕਾਰਾਂ ਦਾ ਸਕੋਰ 431 ਜਾਂ ਇਸ ਤੋਂ ਜਿਆਦਾ ਸੀ ਅਤੇ ਇਨ੍ਹਾਂ ਨੂੰ 26 ਅਕਤੂਬਰ ਦੇ ਡ੍ਰਾਅ ਲਈ ਸੱਦਿਆ ਗਿਆ ਸੀ। ਘੱਟੋ-ਘੱਟ ਲੋੜਾਂ ਪੂਰੀਆਂ ਕਰਨ ਵਾਲੇ ਹੋਰ ਬਿਨੈਕਾਰਾਂ ਨੂੰ ਹੋਰ ਤਰੀਕਿਆਂ ਦੀ ਵਰਤੋਂ ਕਰ ਕੇ ਵਾਧੂ ਅੰਕ ਜੁਟਾਉਣ ਲਈ ਕਈ ਮਹੀਨਿਆਂ ਜਾਂ ਫਿਰ ਸਾਲਾਂ ਦੀ ਇੰਤਜ਼ਾਰ ਕਰਨੀ ਪਵੇਗੀ। ਤਦ ਤੱਕ ਉਨ੍ਹਾਂ ਕੋਲ ਤਿੰਨ ਸਾਲਾਂ ਦੇ ਵਰਕ ਪਰਮਿਟ ਤਹਿਤ ਆਰਜ਼ੀ ਕਾਮੇ ਦਾ ਦਰਜਾ ਰਹੇਗਾ। ਕਿਸੇ ਮਾਲਕ ਤੋਂ ਸਿੱਧੇ ਤੌਰ ’ਤੇ ਨੌਕਰੀ ਦੀ ਪੇਸ਼ਕਸ਼ ਮਿਲਣ ਜਾਂ ਉਸ ਜ਼ਰੀਏ ਲੇਬਰ ਮਾਰਕਿਟ ਇੰਪੈਕਟ ਅਸੈਸਮੈਂਟ (ਐੱਲਐੱਮਆਈਏ) ਪ੍ਰਵਾਨਗੀ ਪ੍ਰਾਪਤ ਕਰ ਕੇ ਵਾਧੂ ਅੰਕ ਹਾਸਲ ਕੀਤੇ ਜਾ ਸਕਦੇ ਹਨ। ਦੇਖਣ ਨੂੰ ਇਹ ਸਾਧਾਰਨ ਕੰਮ ਜਾਪਦਾ ਹੈ ਪਰ ਜਦੋਂ ਪੂਲ ’ਚ ਬਹੁਤ ਸਾਰੀਆਂ ਅਰਜ਼ੀਆਂ ਹੋਣ ਤੇ ਨਵੀਆਂ ਦਰਖਾਸਤਾਂ ਦੀ ਸੰਖਿਆ ਘੱਟ ਹੋਵੇ ਤਾਂ ਬਹੁਤ ਸਾਰੇ ਉਮੀਦਵਾਰਾਂ ਨੂੰ ਪੀਆਰ ਲਈ ਦਰਖਾਸਤ ਦੇਣ ਦਾ ਸੱਦਾ ਨਹੀਂ ਮਿਲਦਾ।

ਕਦੀ ਕਦੀ ਸਰਕਾਰ ਸੀਆਰਐੱਸ ਅੰਕਾਂ ਦੀ ਲੋੜ ਵਿਚ ਢਿੱਲ ਦੇ ਦਿੰਦੀ ਹੈ ਜਿਵੇਂ ਇਸ ਨੇ 2021 ਵਿੱਚ ਸਕੋਰ ਘਟਾ ਕੇ 75 ਕਰ ਦਿੱਤਾ ਸੀ ਜਿਸ ਨਾਲ ਹਜ਼ਾਰਾਂ ਬਿਨੈਕਾਰਾਂ ਨੂੰ ਲਾਭ ਮਿਲਿਆ ਸੀ। ਉਂਝ, ਇਸ ਤਰ੍ਹਾਂ ਦੀਆਂ ਛੋਟਾਂ ਬਾਬਤ ਕੋਈ ਸਪੱਸ਼ਟਤਾ ਨਹੀਂ ਹੈ ਕਿ ਛੋਟ ਕਿੰਨੀ ਕੁ ਮਿਲੇਗੀ ਜਾਂ ਕਦੋਂ ਮਿਲੇਗੀ। ਸਿੱਟੇ ਵਜੋਂ ਕਈ ਕੌਮਾਂਤਰੀ ਵਿਦਿਆਰਥੀ ਆਪਣੇ ਦੇਸ਼ ਪਰਤ ਜਾਂਦੇ ਹਨ। ਦੇਖਣ ਵਿੱਚ ਆਇਆ ਹੈ ਕਿ ਭਾਰਤੀ ਵਿਦਿਆਰਥੀ ਕਾਫ਼ੀ ਦੇਰ ਡਟੇ ਰਹਿੰਦੇ ਹਨ ਅਤੇ ਆਪਣਾ ਸੀਆਰਐੱਸ ਸਕੋਰ ਵਧਾਉਣ ਲਈ ਲੰਮਾ ਸਮਾਂ ਉਡੀਕ ਕਰਦੇ ਹਨ ਅਤੇ ਕਈ ਹੋਰ ਹਥਕੰਡੇ ਵੀ ਅਪਣਾਉਂਦੇ ਹਨ ਪਰ ਇਹ ਗੱਲ ਸਾਰਿਆਂ ’ਤੇ ਨਹੀਂ ਢੁਕਦੀ। ਸੀਬੀਸੀ ਨਿਊਜ਼ ਨੇ 30 ਅਪਰੈਲ 2022 ਨੂੰ ਸਟੈਟਿਸਟਿਕ ਕੈਨੇਡਾ ਦੇ ਹਵਾਲੇ ਨਾਲ ਰਿਪੋਰਟ ਦਿੱਤੀ ਸੀ ਕਿ 50% ਕੌਮਾਂਤਰੀ ਵਿਦਿਆਰਥੀਆਂ ਕੋਲ ਪੜ੍ਹਾਈ ਦਾ ਸਮਾਂ ਪੂਰਾ ਹੋਣ ਤੋਂ ਬਾਅਦ ਕੋਈ ਟੈਕਸ ਰਿਕਾਰਡ ਨਹੀਂ ਸੀ ਜਿਸ ਤੋਂ ਇਸ ਸਮਝਿਆ ਜਾਂਦਾ ਹੈ ਕਿ ਉਹ ਆਪਣੇ ਵਤਨ ਪਰਤ ਗਏ ਹਨ। ਇਸੇ ਚੈਨਲ ਨੇ ਆਈਸੀਸੀ ਦੇ ਸਰਵੇਖਣ ਦਾ ਵੀ ਹਵਾਲਾ ਦਿੱਤਾ ਜਿਸ ਵਿਚ ਕਿਹਾ ਗਿਆ ਸੀ ਕਿ ਯੂਨੀਵਰਸਿਟੀ ਦੀ ਪੜ੍ਹਾਈ ਵਾਲੇ ਨਵੇਂ ਕੈਨੇਡੀਅਨਾਂ ’ਚੋਂ 23 ਫ਼ੀਸਦੀ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਅਗਲੇ ਦੋ ਸਾਲਾਂ ਵਿਚ ਦੇਸ਼ ਛੱਡ ਕੇ ਚਲੇ ਜਾਣ ਦੀ ਯੋਜਨਾ ਬਣਾਈ ਹੈ।

ਸਿਸਟਮ ਨਾਲ ਜੁੜੀਆਂ ਬੰਦਸ਼ਾਂ ਅਤੇ ਨੀਤੀਗਤ ਕਮਜ਼ੋਰੀਆਂ ਤੋਂ ਇਲਾਵਾ ਇਸ ਮੁਲਕ ਵਿਚ ਜਿੰਦਗੀ ਦੀ ਗੁਜ਼ਰ ਬਸਰ ਮਹਿੰਗੀ ਹੋਣ ਕਰ ਕੇ ਪਰਵਾਸੀ ਇੱਥੇ ਵੱਸਣ ਦਾ ਆਪਣਾ ਸੁਫ਼ਨਾ ਤਿਆਗਣ ਲਈ ਮਜਬੂਰ ਹੋ ਰਹੇ ਹਨ। ਕੈਨੇਡਾ ਮਹਿੰਗਾਈ ਦੀ ਮਾਰ ਹੇਠ ਹੈ ਅਤੇ ਉਜਰਤਾਂ ਵਿੱਚ ਖੜੋਤ ਆ ਜਾਣ ਕਰ ਕੇ ਕੈਨੇਡੀਅਨਾਂ ਦੀ ਅਸਲ ਕਮਾਈ ਘਟ ਰਹੀ ਹੈ। ਕੈਨੇਡਾ ਵਿੱਚ ਆਉਣ ਲਈ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਜਿਹੇ ਪ੍ਰੋਗਰਾਮ ਉਪਲਬਧ ਹਨ ਪਰ ਇਕੇਰਾਂ ਇੱਥੇ ਆਉਣ ਤੋਂ ਬਾਅਦ ਇਨ੍ਹਾਂ ਨੂੰ ਸੰਭਾਲਣ ਜਾਂ ਬਰਕਰਾਰ ਰੱਖਣ ਦਾ ਕੋਈ ਹੀਲਾ ਵਸੀਲਾ ਨਹੀਂ। ਸਥਾਈ ਨਿਵਾਸ ਦਾ ਰਾਹ ਕਾਫ਼ੀ ਜਟਿਲ ਤੇ ਉਲਝਣਾਂ ਭਰਿਆ ਹੈ, ਇਸ ਵਿੱਚ ਸਪੱਸ਼ਟਤਾ ਦੀ ਕਮੀ ਹੈ ਅਤੇ ਇਸ ਦਾ ਸੰਚਾਲਨ ਅਣਕਿਆਸੀਆਂ ਨੀਤੀਆਂ ਕਰਦੀਆਂ ਹਨ।

*ਲੇਖਕ ਨਾਰਦਰਨ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਹਨ



# ਕੌਮਵਾਦ ਬਾਰੇ ਵਿਦਵਾਨ ਜਸਵੀਰ ਸਿੰਘ ਡੈਨਮਾਰਕ ਦੀ ਗੰਭੀਰ ਪੁਸਤਕ ਪਹਿਲੀ ਵਾਰ ਪੰਜਾਬੀ 'ਚ

## ਕੌਮ, ਕੌਮਵਾਦ, ਹਿੰਦੂ-ਕੌਮਵਾਦ ਅਤੇ ਨੇਸ਼ਨ-ਸਟੇਟ ਬਾਰੇ ਕੀਤੀਆਂ ਗੰਭੀਰ ਟਿੱਪਣੀਆਂ



ਕਰਮਜੀਤ ਸਿੰਘ ਚੰਡੀਗੜ੍ਹ
ਸੀਨੀਅਰ ਪਤਰਕਾਰ
9915091063

ਕੌਮ, ਕੌਮਵਾਦ, ਰਾਜ ਦੇ ਜਿੰਨੇ ਮਾਹਰ, ਜਿੰਨੇ ਵੀ ਵਿਦਵਾਨ ਹਨ, ਇਉਂ ਸਮਝੋ, ਉਹਨਾਂ ਦੀਆਂ ਉਨੀਆਂ ਹੀ ਵਿਆਖਿਆਵਾਂ, ਉਨੀਆਂ ਹੀ ਪ੍ਰੀਭਾਸ਼ਾਵਾਂ। ਦਿਲਚਸਪ ਸੱਚ ਇਹ ਹੈ ਕਿ ਕੋਈ ਵੀ ਪਰਿਭਾਸ਼ਾ ਇੱਕ ਦੂਜੇ ਨਾਲ ਮੇਲ ਨਹੀਂ ਖਾਂਦੀ। ਪਰ ਇੱਕ ਸਾਂਝੇ ਤੱਥ ਉੱਤੇ ਸਾਰਿਆਂ ਦੀ ਸਹਿਮਤੀ ਹੈ ਕਿ ਕੌਮ ਜਾਂ ਕੌਮਵਾਦ ਦਾ ਰਾਜ ਨਾਲ ਕੋਈ ਰਿਸ਼ਤਾ ਹੈ।

ਹਥਲੀ ਪੁਸਤਕ(ਕੌਮਵਾਦ:ਸਿਧਾਂਤਕ ਵਿਸ਼ਲੇਸ਼ਣ) ਜਿਸ ਦਾ ਹੁਣ ਅਸੀਂ ਰਿਵਿਊ ਕਰ ਰਹੇ ਹਾਂ, ਉਸ ਕਿਤਾਬ ਦੇ ਲੇਖਕ ਜਸਵੀਰ ਸਿੰਘ ਦਾ ਮੰਨਣਾ ਹੈ ਕਿ ਕੌਮਵਾਦ ਰਾਜ ਦੀ ਪ੍ਰਾਪਤੀ ਨਾਲ ਜੁੜਿਆ ਹੋਇਆ ਹੈ ਅਤੇ ਠੰਡੀ ਜੰਗ ਦੇ ਖਾਤਮੇ ਪਿੱਛੋਂ ਕੌਮਵਾਦ ਇੱਕ ਤਾਕਤਵਰ ਰੂਪ ਅਖਤਿਆਰ ਕਰ ਗਿਆ ਹੈ। ਡੈਨਮਾਰਕ ਸਥਿਤ ਇਸ ਉੱਘੇ ਵਿਦਵਾਨ ਨੇ ਆਪਣੀ ਪੁਸਤਕ ਵਿੱਚ ਉਹਨਾਂ ਪ੍ਰਸਿੱਧ ਵਿਦਵਾਨਾਂ ਨਾਲ ਸਾਡੀ ਜਾਣ ਪਹਿਚਾਣ ਕਰਵਾਈ ਹੈ ਜਿਨਾਂ ਨੇ ਕੌਮਵਾਦ ਅਤੇ ਕੌਮ ਦੇ ਪਿੜ ਵਿੱਚ ਗੰਭੀਰ ਅਤੇ ਬਹੁਪੱਖੀ ਵਿਚਾਰ ਸਾਡੇ ਸਾਹਮਣੇ ਲਿਆਂਦੇ ਹਨ। ਇਹ ਪਹਿਲੀ ਵਾਰ ਹੈ ਜਦੋਂ ਕਿਸੇ ਵਿਦਵਾਨ ਨੇ ਪੰਜਾਬੀ ਵਿੱਚ ਸਾਨੂੰ ਇੱਕ ਅਜਿਹੇ ਵਿਸ਼ੇ ਦੀ ਅਹਿਮੀਅਤ ਬਾਰੇ ਲੰਮੀ ਨੀਂਦ ਤੋਂ ਜਗਾਇਆ ਹੈ, ਜਿਸ ਬਾਰੇ ਸਾਡੀ ਸਮਝ ਤੇ ਸਾਡਾ ਗਿਆਨ ਜਾਂ ਤਾਂ ਸਤਈ ਕਿਸਮ ਦਾ ਹੈ, ਜਾਂ ਜਜ਼ਬਾਤੀ ਹੈ, ਜਾਂ ਧੁੰਦਲਾ ਹੈ ਅਤੇ ਜਾਂ ਫਿਰ ਅਸੀਂ ਇਸ ਮਹੱਤਵਪੂਰਨ ਵਿਸ਼ੇ ਦੇ ਵਿਚਾਰਧਾਰਕ ਪਹਿਲੂ ਨੂੰ ਅਣਗੌਲਿਆਂ ਕਰ ਛੱਡਿਆ ਹੈ। ਲੇਖਕ ਨੇ ਇੱਕ ਵਿਸ਼ੇਸ਼ ਮੁਲਾਕਾਤ ਵਿੱਚ ਇਹ ਗਿਲਾ ਵੀ ਪ੍ਰਗਟ ਕੀਤਾ ਕਿ ਸਿੱਖ ਕੌਮ ਨੇ ਇਸ ਮਹੱਤਵਪੂਰਨ ਵਿਸ਼ੇ ਨੂੰ ਅਜੇ ਤੱਕ ਆਪਣੇ ਅੰਦਰ ਰਚਾਇਆ ਹੀ ਨਹੀਂ।

ਇਸ ਕਿਤਾਬ ਦੇ ਆਉਣ ਨਾਲ ਇੱਕ ਤਾਂ ਰਾਜਨੀਤਿਕ ਵਿਗਿਆਨ, ਸਮਾਜ ਵਿਗਿਆਨ, ਧਰਮ, ਕਲਚਰ, ਇਤਿਹਾਸ ਅਤੇ ਹੋਰ ਸਮਾਜ ਵਿਗਿਆਨਾਂ ਨਾਲ ਜੁੜੇ ਪੰਜਾਬੀ ਦਾਨਿਸ਼ਵਰਾਂ ਵਿੱਚ ਇਸ ਵਿਸ਼ੇ ਬਾਰੇ ਜਗਿਆਸਾ ਅਤੇ ਦਿਲਚਸਪੀ ਦੀ ਸੱਜਰੀ ਪ੍ਰਭਾਤ ਚੜ੍ਹੇਗੀ ਅਤੇ ਦੂਜਾ, ਵਿਸ਼ੇਸ਼ ਕਰਕੇ ਸਿੱਖ ਕੌਮ ਨੇਸ਼ਨ-ਸਟੇਟ ਅਤੇ ਕੌਮਵਾਦ ਬਾਰੇ ਆਪਣੀ ਸਮਝ ਨੂੰ ਅੰਤਰਰਾਸ਼ਟਰੀ ਪ੍ਰਸੰਗ ਵਿੱਚ ਚੱਲ ਰਹੀਆਂ ਵੱਡੀਆਂ ਬਹਿਸਾਂ ਨਾਲ ਜੋੜ ਕੇ ਵੇਖ, ਪਰਖ ਸਕੇਗੀ। ਇਹ ਵਿਸ਼ਾ ਤੇ ਇਹ ਕਿਤਾਬ ਸਿਰਫ ਵਿਦਵਾਨਾਂ ਤੱਕ ਹੀ ਸੀਮਤ ਨਹੀਂ ਰਹਿਣੀ ਚਾਹੀਦੀ ਸਗੋਂ ਰੁਲ ਖੁਲ ਹੋਈ ਤੇ ਖਿੰਡੀ ਹੋਈ ਕੌਮ ਦੇ ਜਾਗਦੇ ਉਹ ਤਮਾਮ ਗੰਭੀਰ ਵਿਦਿਆਰਥੀ,ਅਧਿਆਪਕ , ਸਿਆਸਤਦਾਨ ,ਪੱਤਰਕਾਰ, ਮੁਲਾਜ਼ਮ, ਕਥਾਕਾਰ, ਢਾਡੀ, ਰਾਗੀ, ਲੇਖਕ, ਕਲਾਕਾਰ ਅਤੇ ਹੋਰ ਵਰਗਾਂ ਨਾਲ ਜੁੜੇ ਬੁੱਧੀਜੀਵੀ ਪੜ੍ਹਨਗੇ ਜੋ ਸਿੱਖ ਤਰਜੇ-ਜੀਵਨ ਨੂੰ ਨਵਾਂ ਮੋੜ ਦੇਣਾ ਚਾਹੁੰਦੇ ਹਨ। ਇਸ ਅਹਿਮ ਵਿਸ਼ੇ ਬਾਰੇ ਸਾਡੇ ਵਿਦਵਾਨਾਂ ਵੱਲੋਂ ਲੰਮੇ ਅਰਸੇ ਤੋਂ ਧਾਰੀ ਚੁੱਪ ਨੂੰ ਵੀ ਤੋੜਨ ਵਿੱਚ ਕਿਤਾਬ ਰੋਲ ਅਦਾ ਕਰੇਗੀ। 202 ਪੰਨਿਆਂ ਵਿੱਚ ਫੈਲੀ ਇਸ ਪੁਸਤਕ ਵਿੱਚ ਕੌਮਵਾਦ ਨਾਲ ਜੁੜੇ ਛੇ ਕਾਂਡ ਸ਼ਾਮਿਲ ਹਨ ਅਤੇ ਸਿੱਖ ਐਜੂਕੇਸ਼ਨ ਕੌਂਸਲ ਯੂਕੇ ਵੱਲੋਂ ਛਾਪੀ ਇਸ ਕਿਤਾਬ ਦੀ ਭੂਮਿਕਾ ਡਾਕਟਰ ਪਰਗਟ ਸਿੰਘ ਹੋਰਾਂ ਲਿਖੀ ਹੈ ਜੋ ਆਕਸਫੋਰਡ ਯੂਨੀਵਰਸਿਟੀ ਵਿੱਚ ਗਣਿਤ ਦੇ ਵਿਸ਼ੇ ਵਿੱਚ ਪ੍ਰੋਫੈਸਰ ਰਹਿ ਚੁੱਕੇ ਹਨ।

ਖ਼ਾਲਿਸਤਾਨ ਅਤੇ ਖ਼ਾਲਿਸਤਾਨੀ ਜਥੇਬੰਦੀਆਂ ਨਾਲ ਜੁੜੇ ਸਰਗਰਮ ਕਾਰਕੁਨਾਂ ਲਈ ਤਾਂ ਇਹ ਕਿਤਾਬ ਹੋਰ ਵੀ ਜ਼ਰੂਰੀ ਹੈ ਕਿਉਂਕਿ ਇਸ ਨਾਲ ਜਿੱਥੇ ਉਹਨਾਂ ਦੀ ਅੰਤਰਰਾਸ਼ਟਰੀ ਸਮਝ ਵਿੱਚ ਨਵੇਂ ਤੱਤ, ਨਵੇਂ ਤੱਥ ਅਤੇ ਨਵੀਂ ਜਾਣਕਾਰੀ ਸ਼ਾਮਿਲ ਹੋਏਗੀ, ਉਥੇ ਉਹ ਚਲੰਤ ਮਾਮਲਿਆਂ ਦੇ ਸੰਘਰਸ਼ ਦੀ ਅਹਿਮੀਅਤ ਨੂੰ ਇਸ ਅਣਗੌਲੇ ਅਤੇ ਬਹੁਤ ਹੀ ਮਹੱਤਵਪੂਰਨ ਵਿਸ਼ੇ ਨਾਲ ਜੋੜ ਕੇ ਜ਼ਿੰਦਗੀ ਦੇ ਮੈਦਾਨ ਵਿੱਚ ਅੱਗੇ ਵਧਣਗੇ ਅਤੇ ਸੰਘਰਸ਼ ਦੇ ਅਗਲੇ ਪੈਂਡਿਆਂ ਵਿੱਚ ਅਤੇ ਰਣਨੀਤੀਆਂ ਵਿੱਚ ਨਵੀਂ ਧੜਕਣ, ਨਵਾਂ ਜੋਸ਼ ਸ਼ਾਮਿਲ ਕਰਨਗੇ। ਇਸ ਨਾਲ ਉਹਨਾਂ ਦੀ ਰਾਜਨੀਤਿਕ ਦਿਸ਼ਾ ਅਤੇ ਤਰਜ਼-ਜ਼ਿੰਦਗੀ ਦਾ ਪੱਧਰ ਹੋਰਨਾਂ ਰਾਜਨੀਤਿਕ ਪਾਰਟੀਆਂ ਨਾਲੋਂ ਵੱਖਰਾ, ਨਿਵੇਕਲਾ ਅਤੇ ਉੱਚੀ ਪੱਧਰ ਦਾ ਵੀ ਹੋਵੇਗਾ। ਇਸ ਤੋਂ ਇਲਾਵਾ ਇਹਨਾਂ ਪਾਰਟੀਆਂ ਦੀ ਲੀਡਰਸ਼ਿਪ ਵਿੱਚ ਸਿੱਖ ਕੌਮ ਨਾਲ ਜੁੜੇ ਅੰਤਰਰਾਸ਼ਟਰੀ ਮਾਮਲਿਆਂ ਬਾਰੇ ਆਈ ਰਾਜਨੀਤਿਕ ਤੇ ਸਿਧਾਂਤਕ ਖੜੋਤ ਵਿੱਚ ਆਈਆਂ ਕਮੀਆਂ ਤੇ ਕਮਜ਼ੋਰੀਆਂ ਦਾ ਵੀ ਗਿਆਨ ਹੋਵੇਗਾ।

ਕੀ ਕੌਮ ਜਾਂ ਕੌਮਵਾਦ ਕੋਈ ਬਹੁਤ ਹੀ ਡੂੰਘਾ ਅਤੇ ਅਨੋਖੀ ਕਿਸਮ ਦਾ ਜਜ਼ਬਾ ਹੈ? ਕੀ ਇਹ ਕੋਈ ਵਿਚਾਰਧਾਰਾ ਹੈ? ਜਾਂ ਇਹ ਕੋਈ ਲਹਿਰ ਜਾਂ ਅੰਦੋਲਨ ਹੈ? ਜਾਂ ਇਹ ਕੋਈ ਇਨੀ ਵੱਡੀ ਸ਼ਕਤੀ ਹੈ ਜੋ ਧਰਮ ਤੋਂ ਵੀ ਉੱਪਰ ਸਥਾਨ ਲੈ ਚੁੱਕੀ ਹੈ? ਜਾਂ ਫਰਾਂਸੀਸੀ ਵਿਦਵਾਨ ਅਰਨਸਟ ਰੈਨਨ(1823-1892) ਮੁਤਾਬਕ ਕੀ ਕੌਮ ਇੱਕ ਰੂਹ ਹੈ, ਇੱਕ ਰੂਹਾਨੀ ਸਿਧਾਂਤ ਹੈ ਜਿਸ ਵਿੱਚ ਸਾਡੇ ਅਤੀਤ ਤੇ ਵਰਤਮਾਨ ਮਿਲਦੇ ਹਨ? ਜਾਂ ਜਾਹਨ ਆਰਮਸਟਰਾਂਗ ਅਨੁਸਾਰ ਤੀਬਰ ਜਜ਼ਬਿਆਂ ਦੀ ਸਾਂਝ ਵਿੱਚ ਤਾਣੇ ਪੇਟੇ ਵਾਂਗ ਓਤ ਪੋਤ ਕਿਸੇ ਗਰੁੱਪ ਨੂੰ ਹੀ ਅਸੀਂ ਕੌਮ ਕਹਿ ਸਕਦੇ ਹਾਂ? ਜਾਂ ਕੀ ਕੌਮਵਾਦ ਨੇ ਹੀ ਕੌਮ ਨੂੰ ਇਜਾਦ ਕੀਤਾ ਹੈ? ਕੀ ਇਹ ਕੋਈ ਘਟਨਾ ਹੈ? ਕੌਮ ਕਦੋਂ ਅਤੇ ਕਿਵੇਂ ਹੋਂਦ ਵਿੱਚ ਆਈ? ਕੀ ਇਹ ਵੱਖਰੇ ਵੱਖਰੇ ਰੂਪ ਵਿੱਚ ਹਰ ਦੌਰ ਵਿੱਚ ਮੌਜੂਦ ਸੀ?

ਐਂਥਨੀ ਸਮਿਥ(1939-2016) ਇਤਿਹਾਸਕ ਸਮਾਜ ਵਿਗਿਆਨੀ ਹਨ ਪਰ ਕੌਮਵਾਦ ਅਤੇ ਕੌਮ ਬਾਰੇ ਅਤੇ ਵਿਸ਼ੇਸ਼ ਕਰਕੇ ਐਥਨੀਸਿਟੀ ਵਰਤਾਰੇ ਬਾਰੇ ਉਹਨਾਂ ਦੀ ਸਮਝ ਅਤੀ ਬਰੀਕ ਅਤੇ ਬਹੁ ਪੱਖੀ ਹੈ। ਇਸ ਵਿਸ਼ੇ ਉੱਤੇ ਉਹਨਾਂ ਦੀ ਮਜ਼ਬੂਤ ਪਕੜ ਵੀ ਹੈ। ਦਿਲਚਸਪ ਗੱਲ ਇਹ ਹੈ ਕਿ ਸਮਿਥ ਨੇ ਸਿੱਖ ਕੌਮ ਬਾਰੇ ਵੀ ਕੁਝ ਟਿੱਪਣੀਆਂ ਕੀਤੀਆਂ ਹਨ। ਜਸਵੀਰ ਸਿੰਘ ਮੁਤਾਬਕ ਐਂਥਨੀ ਸਮਿਥ ਕੌਮਵਾਦ ਨੂੰ ਸਿਰਫ ਰਾਜਨੀਤਕ ਦੁਨੀਆ ਨਾਲ ਹੀ ਜੋੜ ਕੇ ਨਹੀਂ ਵੇਖਦੇ ਸਗੋਂ ਉਹਨਾਂ ਦਾ ਕਹਿਣਾ ਹੈ ਕਿ ਬੌਧਿਕ ਸੱਭਿਆਚਾਰਕ ਅਤੇ ਮਨੋਵਿਗਿਆਨਕ ਤੱਤ ਵੀ ਕੌਮਵਾਦ ਦੇ ਵਰਤਾਰੇ ਵਿੱਚ ਵੱਡਾ ਰੋਲ ਅਦਾ ਕਰਦੇ ਹਨ। ਕੌਮਵਾਦ ਬਾਰੇ ਉਹ ਇਹ ਕਹਿਣਾ ਚਾਹੁੰਦੇ ਹਨ ਕਿ ਇਹ ਵਿਸ਼ਾ ਕਈ ਹੋਰ ਵਿਸ਼ਿਆਂ ਨਾਲ ਵੀ ਜੁੜਿਆ ਹੋਇਆ ਹੈ ਅਰਥਾਤ ਇੰਟਰ ਡਿਸਪਲਨਰੀ ਹੈ। ਕੌਮ ਬਾਰੇ ਸਮਿਥ ਦੀ ਹੇਠ ਲਿਖੀ ਪਰਿਭਾਸ਼ਾ ਵਿਦਵਾਨਾਂ ਦੀ ਮਹਿਫਲ ਵਿੱਚ ਕਾਫੀ ਮੰਨਣ ਯੋਗ ਦੱਸੀ ਜਾਂਦੀ ਹੈ। ਕੌਮਵਾਦ ਜਾਂ ਕੌਮ ਕਿਸੇ ਵਸੋਂ ਵੱਲੋਂ ਆਪਣੀ ਵੱਖਰੀ ਪਹਿਚਾਣ, ਏਕਤਾ ਅਤੇ ਖੁਦਮੁਖਤਾਰੀ ਹਾਸਲ ਕਰਨ ਦੀ ਇੱਛਾ ਅਤੇ ਉਸ ਏਕਤਾ ਨੂੰ ਸੰਭਾਲ ਕੇ ਰੱਖਣ ਵਾਲੀ ਇੱਕ ਵਿਚਾਰਧਾਰਕ ਲਹਿਰ ਹੈ ਜਿਸ ਵਿੱਚ ਲਹਿਰ ਨਾਲ ਜੁੜੇ ਕੁਝ ਮੈਂਬਰਾਂ ਦੇ ਅੰਦਰ ਕੌਮ ਦੇ ਮਜ਼ਬੂਤ ਤੱਤਾਂ ਦੀਆਂ ਸੰਭਾਵਨਾਵਾਂ ਪਈਆਂ ਹੁੰਦੀਆਂ ਹਨ।

ਜਸਵੀਰ ਸਿੰਘ ਦੀ ਲਿਖਤ ਵਿੱਚ ਵੱਡੀ ਖਾਸੀਅਤ ਇਹ ਹੈ ਕਿ ਉਹਨਾਂ ਨੇ ਬਿਨਾਂ ਕਿਸੇ ਪੱਖਪਾਤ ਤੋਂ ਕੌਮਵਾਦ ਬਾਰੇ ਹਰੇਕ ਵਿਦਵਾਨ ਦਾ ਨਜ਼ਰੀਆ ਉਸ ਵਿਦਵਾਨ ਦੇ ਨਜ਼ਰੀਏ ਮੁਤਾਬਕ ਹੀ ਪੇਸ਼ ਕੀਤਾ ਹੈ ਪਰ ਨਾਲ ਹੀ ਕਿਤੇ ਕਿਤੇ ਉਸ ਨਜ਼ਰੀਏ ਦੀ ਆਲੋਚਨਾ ਜਾਂ ਪ੍ਰਸ਼ੰਸਾ ਨੂੰ ਵੀ ਬਣਦੀ ਥਾਂ ਦਿੱਤੀ ਹੈ। ਲੇਖਕ ਨੇ ਪਹਿਲੇ ਕਾਂਡ ਵਿੱਚ ਹੀ ਕੌਮਵਾਦ ਦਾ ਸਿਧਾਂਤਕ ਵਿਸ਼ਲੇਸ਼ਣ ਕੀਤਾ ਹੈ। ਅਸਲ ਵਿੱਚ ਇਹ ਕਾਂਡ ਬਾਕੀ ਸਾਰੇ ਕਾਂਡਾਂ ਦਾ ਇੱਕ ਤਰ੍ਹਾਂ ਨਾਲ ਸਾਰ ਹੈ ਅਤੇ ਵਿਸ਼ੇਸ਼ ਧਿਆਨ




ਦੀ ਮੰਗ ਕਰਦਾ ਹੈ।

ਇਸ ਕਾਂਡ ਵਿੱਚ ਗੈਲਨਰ, ਵਾਕਰ ਕੋਨਰ, ਐਂਥਨੀ ਸਮਿਥ, ਐਂਡਰਸਨ, ਮਾਈਕਲ ਹੈਕਰ ਵਰਗੇ ਵਿਦਵਾਨ ਕੌਮਵਾਦ ਬਾਰੇ ਆਪਣੀ ਆਪਣੀ ਪੋਜ਼ਸ਼ਨ ਸਪਸ਼ਟ ਕਰਦੇ ਹਨ। ਇਸੇ ਕਾਂਡ ਵਿੱਚ ਮਾਰਕਸਵਾਦੀ ਵਿਚਾਰਧਾਰਾ ਦਾ ਵੀ ਸੰਖੇਪ ਜ਼ਿਕਰ ਹੈ ਪਰ ਮਾਰਕਸਵਾਦ ਅਤੇ ਕੌਮਵਾਦ ਦੇ ਕਾਂਡ ਵਿੱਚ ਸਾਨੂੰ ਪਤਾ ਲੱਗਦਾ ਹੈ ਕਿ ਮਾਰਕਸਵਾਦ ਇਸ ਅਹਿਮ ਵਿਸ਼ੇ ਨਾਲ ਕਿਵੇਂ ਨਜਿਠਦਾ ਹੈ ਅਤੇ ਕਿੱਥੇ ਕਿੱਥੇ ਉਹ ਪੂਰੀ ਤਰ੍ਹਾਂ ਅਸਫਲ ਹੈ। ਪੁਸਤਕ ਦੇ 52 ਪੰਨੇ ਇਸੇ ਕਾਂਡ ਲਈ ਹੀ ਵਰਤੇ ਗਏ ਹਨ। ਲੇਖਕ ਮੁਤਾਬਕ ਲੈਨਨ, ਸਟਾਲਨ, ਬਰੈਜ਼ਨੇਵ, ਖੁਰਸ਼ਚੇਵ ਅਤੇ ਗੋਰਬਾਚੋਵ ਕੌਮੀ ਮਸਲਿਆਂ ਦੇ ਹੱਲ ਸਬੰਧੀ ਸਿਧਾਂਤਕ ਤੌਰ 'ਤੇ ਪਰੋਲਤਾਰੀ ਕੌਮਾਂਤਰੀਵਾਦ ਦੀ ਨੀਤੀ ਦੇ ਹੀ ਸਮਰਥਕ ਸਨ। ਪਰ ਅਮਲੀ ਤੌਰ ਉੱਤੇ ਇਹਨਾਂ ਵੱਲੋਂ ਕੌਮੀ ਵਖਰੇਵਿਆਂ ਨਾਲ ਨਜਿੱਠਣ ਦੇ ਪੈਂਤੜਿਆਂ ਵਿੱਚ ਫਰਕ ਸੀ।

ਕੌਮ ਤੇ ਕੌਮਵਾਦ ਬਾਰੇ ਮਾਰਕਸਵਾਦੀ ਪਹੁੰਚ ਅਤੇ ਅਮਲ ਦਾ ਇਤਿਹਾਸ ਅਸਲ ਵਿੱਚ ਵਿਰੋਧਤਾਈਆਂ ਦਾ ਇਕ ਦਿਲਚਸਪ ਮੇਲਾ ਹੈ। ਮਾਰਕਸਵਾਦੀ ਦਰ ਅਸਲ ਕੌਮ ਦੀ ਵਿਸ਼ਾਲ ਤਾਕਤ ਅਤੇ ਪ੍ਰਭਾਵ ਨੂੰ ਪੂਰੀ ਤਰ੍ਹਾਂ ਸਮਝ ਹੀ ਨਹੀਂ ਸਕੇ। ਉਹ ਕੌਮ ਬਾਰੇ ਘੜੀ ਦੇ ਪੈਂਡੂਲਮ ਵਾਂਗ ਕਦੀ ਇਧਰ ਤੇ ਕਦੇ ਉਧਰ ਜਾਂਦੇ ਰਹੇ ਅਤੇ ਇਸ ਦਾ ਅਸਰ ਪੂਰਬੀ ਯੂਰਪ ਦੇ ਦੇਸ਼ਾਂ ਚੈਕੋ ਸਲਵਾਕੀਆ, ਯੂਗੋਸਲਾਵੀਆ, ਅਲਬਾਨੀਆ, ਰੁਮਾਨੀਆ, ਪੋਲੈਂਡ, ਬਲਗਾਰੀਆ ਅਤੇ ਹੰਗਰੀ ਆਦਿ ਮੁਲਕਾਂ ਉੱਤੇ ਵੀ ਪਿਆ। ਪੂਰਬੀ ਯੂਰਪ ਦੇ ਦੇਸ਼ਾਂ ਵਿੱਚ ਸਮਾਜਵਾਦੀ ਢਾਂਚੇ ਢਹਿ ਢੇਰੀ ਹੋ ਗਏ ਅਤੇ ਵੱਖ ਵੱਖ ਕੌਮੀਅਤਾਂ ਵਿਚਕਾਰ ਹੋਈਆਂ ਜੰਗਾਂ ਕਾਰਨ ਲੱਖਾਂ ਲੋਕ ਮਾਰੇ ਗਏ। ਪਰੋਲਤਾਰੀ ਕੌਮਾਂਤਰੀਵਾਦ ਦੀ ਤਾਨਾਸ਼ਾਹੀ ਨੂੰ ਕਿਵੇਂ ਅਮਲ ਵਿੱਚ ਲਿਆਉਣਾ ਹੈ,ਕਿਵੇਂ ਇੱਕ ਕੌਮਾਂਤਰੀ ਬੋਲੀ ਪੈਦਾ ਕਰਨੀ ਹੈ ਅਤੇ ਇਸ ਮੰਜ਼ਲ ਨੂੰ ਹਾਸਲ ਕਰਨ ਲਈ ਦੱਬੀਆਂ ਕੁਚਲੀਆਂ ਕੌਮਾਂ ਅਤੇ ਉਨ੍ਹਾਂ ਦੀਆਂ ਬੋਲੀਆਂ ਨੂੰ ਕਿਵੇਂ ਪੜਾਅਵਾਰ ਅਤੇ ਹੌਲੀ ਹੌਲੀ ਦੀ ਰਣਨੀਤੀ ਉੱਤੇ ਚੱਲ ਕੇ ਖਤਮ ਕਰਨਾ ਹੈ,ਇਸ ਬਾਰੇ ਪੰਨਾ 168 ਉੱਤੇ ਸਟਾਲਿਨ ਦਾ ਏਜੰਡਾ ਪੜ੍ਹਨ ਹੀ ਵਾਲਾ ਹੈ ਅਤੇ ਜਸ ਵੀਰ ਸਿੰਘ ਦਸਦਾ ਹੈ ਕਿ ਆਖਰ ਨੂੰ ਇਹ ਏਜੰਡਾ ਬੁਰੀ ਤਰ੍ਹਾਂ ਅਸਫਲ ਹੋਇਆ ਅਤੇ ਖੁਦ ਸੋਵੀਅਤ ਯੂਨੀਅਨ ਹੀ 1991 ਵਿੱਚ ਢਹਿ ਢੇਰੀ ਹੋ ਗਿਆ। ਲੇਖਕ ਇਸ ਸਬੰਧ ਵਿੱਚ ਪ੍ਰਸਿੱਧ ਰਾਜਨੀਤਕ ਵਿਦਵਾਨ ਐਰਕ ਹਾਬਸਬਾਅਦ ਦਾ ਹਵਾਲਾ ਦੇ ਕੇ ਉਸ ਦੇ ਵਿਸ਼ਲੇਸ਼ਣ ਨੂੰ ਮਹੱਤਵਪੂਰਨ ਵਿਸ਼ਲੇਸ਼ਣ ਕਰਾਰ ਦਿੰਦਾ ਹੈ।

ਕਿਤਾਬ ਦਾ ਦੂਜਾ ਕਾਂਡ ਰਾਜ (ਸਟੇਟ) ਨਾਲ ਜੁੜਿਆ ਹੋਇਆ ਹੈ। ਲੇਖਕ ਨੂੰ ਇਸ ਗੱਲ ਉੱਤੇ ਇਤਰਾਜ਼ ਹੈ ਕਿ ਜਦੋਂ ਕੌਮਵਾਦ, ਕੌਮ, ਕੌਮੀ ਰਾਜ ਅਤੇ ਰਾਜ ਵਰਗੀਆਂ ਧਾਰਨਾਵਾਂ ਦੀ ਬੇਢੰਗੇ ਬੇ ਅਸੂਲੇ ਅਤੇ ਅਸਪਸ਼ਟ ਤਰੀਕੇ ਨਾਲ ਵਿਆਖਿਆ ਕੀਤੀ ਜਾਂਦੀ ਹੈ।

ਸਿਆਸਤਦਾਨ ਅਤੇ ਕੱਚ-ਘਰੜ ਵਿਦਵਾਨ ਵੀ ਇਸ ਫਰਕ ਨੂੰ ਨਹੀਂ ਸਮਝਦੇ। ਜਸਵੀਰ ਸਿੰਘ ਦੀ ਧਾਰਨਾ ਹੈ ਕਿ ਰਾਜ ਅਤੇ ਕੌਮ ਵਿੱਚ ਢੇਰ ਸਾਰਾ ਫਰਕ ਹੁੰਦਾ ਹੈ ਅਤੇ ਰਾਜ ਦਾ ਅਸਲ ਵਿੱਚ ਮੁਢ ਤੇ ਵਿਕਾਸ ਯੂਰਪ ਵਿੱਚ ਹੀ ਹੋਇਆ। ਲੇਖਕ ਇਸ ਵਿਕਾਸ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਪਹਿਲਾਂ ਹਿੱਸਾ 500 ਬੀਸੀ ਤੋਂ ਸ਼ੁਰੂ ਕਰਕੇ 1500 ਈਸਵੀ ਤੱਕ ਲੈ ਕੇ ਜਾਂਦਾ ਹੈ, ਜਦਕਿ ਦੂਜਾ ਹਿੱਸਾ 1600 ਈਸਵੀ ਤੋਂ ਸ਼ੁਰੂ ਹੋ ਕੇ 1900 ਈਸਵੀ ਤੱਕ ਜਾਂਦਾ ਹੈ। ਇਥੇ ਪਾਠਕਾਂ ਦੇ ਸਹੂਲਤ ਲਈ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਅਸੀਂ ਕੌਮ ਦੀ ਥਾਂ ਰਾਸ਼ਟਰ ਕੌਮਵਾਦ ਦੀ ਥਾਂ ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੀ ਥਾਂ ਰਾਸ਼ਟਰ-ਰਾਜ ਦਾ ਸ਼ਬਦ ਵੀ ਵਰਤ ਸਕਦੇ ਹਾਂ।

ਜਸਵੀਰ ਸਿੰਘ ਇੱਕ ਹੋਰ ਤੱਥ ਨੂੰ ਵੀ ਸਾਡੇ ਮਨਾਂ ਵਿੱਚ ਬਿਠਾਉਣਾ ਚਾਹੁੰਦੇ ਹਨ ਕਿ 1900 ਈਸਵੀ ਤੋਂ ਪਹਿਲਾਂ ਇਤਿਹਾਸ ਦੇ ਹਰੇਕ ਪੜਾਅ ਵਿੱਚ ਬਹੁਤੇ ਰਾਜ ਨਾ ਤਾਂ ਕੌਮੀ ਸਨ ਅਤੇ ਨਾ ਹੀ ਧਾਰਮਿਕ ਇੱਕਰੂਪਤਾ ਉੱਤੇ ਆਧਾਰਤ ਸਨ,ਬਲਕਿ ਬਹੁ ਕੌਮੀ ਰੂਪ ਦੇ ਸਨ। ਇਉ ਸਮਝੋ ਕਿ ਇਹ ਸਾਰਾ ਦੌਰ ਇੱਕ ਤਰ੍ਹਾਂ ਨਾਲ ਖੇਤੀ ਆਧਾਰਤ ਸੱਭਿਅਤਾ ਸੀ। ਇਹਨਾਂ ਸਾਰੇ ਦੌਰਾਂ ਨੂੰ ਸਾਮਰਾਜ ਜਾਂ ਐਮਪਾਇਰ ਦੇ ਨਾਂ ਨਾਲ ਵੀ ਯਾਦ ਕੀਤਾ ਜਾ ਸਕਦਾ ਹੈ।

ਪਰ 1648 ਈਸਵੀ ਵਿੱਚ ਯੂਰਪ ਨੇ ਇੱਕ ਨਵਾਂ ਮੋੜ ਕੱਟਿਆ ਅਤੇ ਮਗਰੋਂ ਬਾਕੀ ਸਾਰੇ ਖਿਤੇ ਵੀ ਹੌਲੀ ਹੌਲੀ ਇਸੇ ਮੋੜ ਵੱਲ ਢਲ ਗਏ ਜਾਂ ਢਾਲ ਦਿੱਤੇ ਗਏ। ਦੂਜੇ ਸ਼ਬਦਾਂ ਵਿੱਚ 1648ਈਸਵੀ ਵਿੱਚ ਇੱਕ ਅਜਿਹੀ ਸੰਧੀ ਹੋਂਦ ਵਿੱਚ ਆਈ ਜਿਸ ਨੂੰ ਅਸੀਂ ਵੈਸਟਫੇਲੀਅਨ ਸੰਧੀ ਕਹਿੰਦੇ ਹਾਂ। ਯੂਰਪ ਦੇ ਧਰਤੀ 'ਤੇ 30 ਸਾਲ ਦੇ ਭਿਆਨਕ ਖੂਨ ਖਰਾਬੇ ਤੋਂ ਪਿੱਛੋਂ ਇਹ ਸੰਧੀ ਹੋਂਦ ਵਿੱਚ ਆਈ ਤਾਂ ਇਉਂ ਸਮਝੋ ਕਿ ਮੋਟੇ ਤੌਰ ਤੇ ਹੁਣ ਦੁਨੀਆਂ ਮੁਲਕਾਂ ਵਿੱਚ ਵੰਡੀ ਗਈ ਜਿਸ ਨੂੰ ਮਗਰੋਂ ਨੇਸ਼ਨ-ਸਟੇਟ ਜਾਂ ਕੌਮੀ ਰਾਜ ਕਿਹਾ ਜਾਣ ਲੱਗਾ। ਅੱਜ ਦੁਨੀਆ ਵਿੱਚ ਕਰੀਬ 193 ਨੇਸ਼ਨ ਸਟੇਟ ਹਨ। ਫਰਾਂਸ ਦੇ ਇਨਕਲਾਬ (1789 ਈਸਵੀ) ਅਤੇ ਅਮਰੀਕਾ ਦੇ ਇਨਕਲਾਬ ਮਗਰੋਂ ਨੇਸ਼ਨ-ਸਟੇਟ ਦੀ ਨੁਹਾਰ ਮੁਹਾਂਦਰਾ, ਰੂਪ ਰੇਖਾ ਅਤੇ ਵਿਚਾਰ ਹੋਰ ਵੀ ਨਿਖਰ ਕੇ ਸਾਡੇ ਸਾਹਮਣੇ ਆਏ। ਇੱਥੇ ਇਹ ਵੀ ਯਾਦ ਕਰਾਉਣ ਅਤੇ ਹੋਰ ਸਪਸ਼ਟ ਹੋਣ ਦੀ ਲੋੜ ਹੈ ਕਿ ਵੈਸਟਫੇਲੀਆ ਜਰਮਨੀ ਦਾ ਇੱਕ ਸੂਬਾ ਸੀ। ਇਥੇ ਹੀ ਇਹ ਸੰਧੀ ਹੋਈ ਜਿਸ ਨਾਲ ਪ੍ਰਭੂ ਸੱਤਾ ਦਾ ਸਿਧਾਂਤ ਹੋਂਦ ਵਿੱਚ ਆਇਆ। ਕੌਮਾਂਤਰੀ ਪ੍ਰਣਾਲੀ ਹੋਂਦ ਵਿੱਚ ਆਈ ਅਤੇ ਕੌਮਾਂਤਰੀ ਭਾਈਚਾਰੇ ਦਾ ਆਰੰਭ ਹੋਇਆ। ਕੌਮਾਂਤਰੀ ਕਾਨੂੰਨਾਂ ਨੇ ਜਨਮ ਧਾਰਿਆ ਅਤੇ ਨੇਸ਼ਨ-ਸਟੇਟ ਵਜੂਦ ਵਿੱਚ ਆਏ ਅਤੇ ਇਹਨਾਂ ਮੁਲਕਾਂ ਦੀਆਂ ਬਾਕਾਇਦਾ ਹੱਦਾਂ ਨਿਸ਼ਚਿਤ ਹੋਈਆਂ। ਅਸੀਂ ਹੁਣ ਜਿੱਥੇ ਰਹਿ ਰਹੇ ਹਾਂ ਇਸ ਨੂੰ ਰਾਜਨੀਤਕ ਮੁਹਾਵਰੇ ਮੁਤਾਬਕ ਭਾਰਤੀ ਨੇਸ਼ਨ-ਸਟੇਟ ਕਿਹਾ ਜਾਂਦਾ ਹੈ।

ਜਦੋਂ ਅਸੀਂ ਕੌਮਵਾਦ ਜਾਂ ਰਾਸ਼ਟਰਵਾਦ ਦੀਆਂ ਵੱਖ ਵੱਖ ਵੰਨਗੀਆਂ ਦੀ ਗੱਲ ਕਰਦੇ ਹਾਂ ਤਾਂ ਇਸ ਦੀਆਂ ਦਰਜਨਾਂ ਕਿਸਮਾਂ ਹਨ,ਪਰ ਜਸਵੀਰ ਸਿੰਘ ਨੇ ਮੋਟੇ ਤੌਰ 'ਤੇ ਕੌਮਵਾਦ ਦੇ ਤਿੰਨ ਰੂਪ ਦੱਸੇ ਹਨ। ਇਕ ਸਰਕਾਰੀ ਕੌਮਵਾਦ, ਦੂਜਾ ਸਮਾਜਕ ਕੌਮਵਾਦ ਅਤੇ ਤੀਜਾ ਕੌਮੀ ਕੌਮਵਾਦ। ਸਰਕਾਰੀ ਕੌਮਵਾਦ ਨੂੰ ਲੈ ਕੇ ਭਾਰਤ ਦੀ ਮਿਸਾਲ ਦਿੰਦਾ ਹੈ ਜਿੱਥੇ ਭਾਰਤ ਦੀਆਂ ਸਰਕਾਰਾਂ ਭਾਰਤ ਵਿੱਚ ਵਸਣ ਵਾਲੀਆਂ ਸਾਰੀਆਂ ਧਾਰਮਿਕ ਅਤੇ ਸੱਭਿਆਚਾਰਕ ਕੌਮਾਂ ਦੀਆਂ ਵੱਖਰੀਆਂ ਵੱਖਰੀਆਂ ਪਛਾਣਾਂ ਨੂੰ ਇੱਕੋ ਭਾਰਤੀ ਕੌਮੀਅਤ ਵਿੱਚ ਢਾਲਣ ਦੀ ਨੀਤੀ ਉੱਤੇ ਚਲਦੀਆਂ ਹਨ। ਦੂਜੇ ਪਾਸੇ ਲੇਖਕ ਮੁਤਾਬਕ ਇਥੋਂ ਦੀ ਧਾਰਮਿਕ ਬਹੁਗਿਣਤੀ ਦਾ ਕੌਮਵਾਦ ਸਮਾਜਕ ਕੌਮਵਾਦ ਵਾਲਾ ਹੈ ਅਰਥਾਤ ਉਹ ਮੁਸਲਮਾਨਾਂ ਅਤੇ ਸਿੱਖਾਂ ਵਗੈਰਾ ਨੂੰ ਆਪਣੇ ਹਿੰਦੂ ਧਾਰਮਿਕ ਅਤੇ ਸੱਭਿਆਚਾਰਕ ਪਛਾਣ ਵਿੱਚ ਜਜ਼ਬ ਕਰਨ ਲਈ ਕਿਸੇ ਵੀ ਤਰ੍ਹਾਂ ਦੀਆਂ ਸਖਤ ਰੋਕਾਂ ਨਹੀਂ ਲਾਉਂਦੀ। ਇੱਥੇ ਲੇਖਕ ਦੀ ਇਸ ਧਾਰਨਾ ਉੱਤੇ ਗੰਭੀਰ ਸਵਾਲੀਆ ਨਿਸ਼ਾਨ ਲੱਗ ਸਕਦਾ ਹੈ; ਕਿਉਂਕਿ ਸਰਕਾਰੀ ਕੌਮਵਾਦ ਅਤੇ ਹਿੰਦੂ ਰਾਸ਼ਟਰ ਦਾ ਕੌਮਵਾਦ ਦੋਵੇਂ ਥੋੜੇ ਬਹੁਤੇ ਫਰਕ ਨਾਲ ਇੱਕ ਦੂਜੇ ਵਿੱਚ ਘਿਓ ਖਿਚੜੀ ਹਨ। ਸਿੱਖਾਂ ਬਾਰੇ ਤਾਂ ਸਪਸ਼ਟ ਹੀ ਕਿਹਾ ਜਾਂਦਾ ਹੈ ਕਿ ਭਾਵੇਂ ਉਨਾਂ ਦੀ ਬਾਹਰੀ ਪਛਾਣ ਵੱਖਰੀ ਹੈ ਪਰ ਉਹ ਬੁਨਿਆਦੀ ਤੌਰ 'ਤੇ ਹਿੰਦੂ ਹੀ ਹਨ। ਆਰ.ਐਸ.ਐਸ. ਲਗਾਤਾਰ ਇਸੇ ਧਾਰਨਾ 'ਤੇ ਖੜੀ ਹੈ। ਇਥੋਂ ਤੱਕ ਕਿ ਸਿੱਖਾਂ ਨੂੰ ਆਪਣੀ ਵੱਖਰੀ ਪਛਾਣ ਰੱਖਣ ਦੀ ਓਪਰੀ ਜਿਹੀ ਖੁੱਲ ਭਾਵੇਂ ਹੈ ਪਰ ਜਦੋਂ ਕਿਸੇ ਨਗਰ ਕੀਰਤਨ ਜਾਂ ਇਕੱਠ ਵਿੱਚ ਆਪਣੀ ਵੱਖਰੀ ਹੋਂਦ ਦੇ ਨਾਅਰੇ ਲੱਗਦੇ ਹਨ ਜਾਂ ਗੱਲ ਕੀਤੀ ਜਾਂਦੀ ਹੈ ਤਾਂ ਸਹਿਜੇ ਹੀ ਉਸ ਵਰਤਾਰੇ ਨੂੰ ਵੱਖਵਾਦ, ਅੱਤਵਾਦ, ਰਾਸ਼ਟਰ ਵਿਰੋਧੀ, ਗੱਦਾਰੀ ਅਤੇ ਦੇਸ਼ ਧ੍ਰੋਹ ਵਰਗੇ ਸ਼ਬਦਾਂ ਦੇ ਵਰਗ ਵਿੱਚ ਲਿਆਂਦਾ ਜਾਂਦਾ ਹੈ।

ਲੇਖਕ ਨੇ ਹਰ ਕਾਂਡ ਦੇ ਅਖੀਰ 'ਤੇ ਵਿਸ਼ੇ ਅਤੇ ਹਵਾਲਿਆਂ ਨਾਲ ਜੁੜੀਆਂ ਕਿਤਾਬਾਂ ਦੀ ਸੂਚੀ ਵੀ ਪੇਸ਼ ਕੀਤੀ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਉਸ ਨੇ ਇਹਨਾਂ ਕਿਤਾਬਾਂ ਨੂੰ ਨਿਠ ਕੇ ਪੜ੍ਹਿਆ ਹੈ। ਇੰਝ ਕਿਤਾਬ ਦਾ ਅਕਾਦਮਿਕ ਪੱਧਰ ਵੀ ਸਥਾਪਤ ਹੋਇਆ ਹੈ। ਕਿਤਾਬ ਦੀ ਅਗਲੀ ਐਡੀਸ਼ਨ ਵਿੱਚ ਹੋਰ ਵਾਧੇ ਕਰਨ ਦਾ ਸੁਝਾਅ ਹੈ। ਮੇਰਾ ਖਿਆਲ ਹੈ ਕਿ ਲੇਖਕ ਨੂੰ ਨੇਸ਼ਨ- ਸਟੇਟ ਦੇ ਗੁੰਝਲਦਾਰ ਵਰਤਾਰੇ ਬਾਰੇ ਖੁੱਲ ਕੇ ਸਾਹਮਣੇ ਆਉਣਾ ਚਾਹੀਦਾ ਹੈ ਅਤੇ ਇਸ ਸਬੰਧ ਵਿੱਚ ਸਿੱਖ ਕੌਮ ਦੀ ਨੇਸ਼ਨ- ਸਟੇਟ ਜਾਂ ਨੈਸ਼ਨਲ ਸਟੇਟ ਕਿਹੋ ਜਿਹੀ ਹੋਣੀ ਚਾਹੀਦੀ ਹੈ,ਉਸ ਬਾਰੇ ਸਰਲ ਤੋਂ ਬਰੀਕ ਅਤੇ ਬਹੁਪਰਤੀ ਜਾਣਕਾਰੀ ਗੰਭੀਰ ਪਾਠਕਾਂ ਤੱਕ ਪੁਜਣੀ ਚਾਹੀਦੀ ਹੈ। ਇਹ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਸਿੱਖਾਂ ਦੇ ਚੇਤਨ ਵਰਗ ਦੇ ਇੱਕ ਹਿੱਸੇ ਵਿੱਚ ਨੇਸ਼ਨ-ਸਟੇਟ ਨੂੰ ਵਿੰਗੇ ਟੇਢੇ ਤਰੀਕੇ ਨਾਲ ਰੱਦ ਕੀਤਾ ਹੈ। ਕੁਝ ਲੋਕ ਹਾਂ ਅਤੇ ਨਾਂਹ ਦੇ ਵਿੱਚ ਵੀ ਲਟਕ ਰਹੇ ਜਾਪਦੇ ਹਨ, ਜਦ ਕਿ ਕੁਝ ਬਿਨਾਂ ਪੜ੍ਹੇ ਤੋਂ ਜਾਂ ਘੱਟ ਪੜ੍ਹੇ ਤੋਂ ਅਤੇ ਜਾਂ ਭਾਰਤੀ ਸਟੇਟ ਦੇ ਅਸਰ ਹੇਠ ਨੇਸ਼ਨ-ਸਟੇਟ ਨੂੰ ਭੰਡ ਰਹੇ ਹਨ,ਪਰ ਇੱਕ ਹੋਰ ਵਿਦਵਾਨ ਭਾਈ ਅਵਤਾਰ ਸਿੰਘ (ਇੰਗਲੈਂਡ)ਨੇ ਇੱਕ ਖੋਜ ਪੱਤਰ ਰਾਸ਼ਟਰ, ਰਾਸ਼ਟਰਵਾਦ ਅਤੇ ਰਾਸ਼ਟਰੀ-ਸਟੇਟ ਨੂੰ ਸਮਝਦਿਆਂ ਦੇ ਸਿਰਲੇਖ ਹੇਠ ਨੇਸ਼ਨ-ਸਟੇਟ ਨੂੰ ਭੰਡਣ ਦੇ ਨਤੀਜਿਆਂ ਤੋਂ ਸਾਨੂੰ ਕਿਵੇਂ ਸਾਵਧਾਨ ਕੀਤਾ ਹੈ:ਸਿੱਖ ਹਲਕਿਆਂ ਵਿੱਚ ਜੋ ਰਾਸ਼ਟਰਵਾਦ ਅਤੇ ਰਾਸ਼ਟਰੀ ਸਟੇਟ ਦੀ ਨਿੰਦਾ ਹੋ ਰਹੀ ਹੈ, ਉਹ ਕਿਸੇ ਡੂੰਘੀ ਅਕਾਦਮਿਕ ਕਸਰਤ ਵਿੱਚੋਂ ਨਹੀਂ ਹੋ ਰਹੀ ਬਲਕਿ ਭਾਰਤੀ ਸਟੇਟ ਦੇ ਮੌਜੂਦਾ ਸਿਆਸੀ ਪ੍ਰੋਗਰਾਮ ਮੁਤਾਬਿਕ ਭਾਰਤੀ ਸਟੇਟ ਦੀਆਂ ਘੱਟ ਗਿਣਤੀਆਂ ਬਾਰੇ ਵਿਰੋਧੀ ਨੀਤੀਆਂ ਅਤੇ ਘੱਟ ਗਿਣਤੀਆਂ ਦੇ ਸਰੀਰਕ, ਸਿਆਸੀ ਅਤੇ ਸੱਭਿਆਚਾਰਕ ਧਾਰਮਿਕ ਕਤਲੇਆਮ ਦੇ ਮੱਦੇ ਨਜ਼ਰ ਹੀ ਹੋ ਰਹੀ ਹੈ। ਅਸੀਂ ਸਮਝਦੇ ਹਾਂ ਕਿ ਭਾਰਤੀ ਸਟੇਟ ਦੀ ਤਾਨਾਸ਼ਾਹ ਨੀਤੀ ਨੂੰ ਦੇਖ ਕੇ ਅਤੇ ਹੰਢਾ ਕੇ ਇਹ ਸਿੱਟਾ ਕੱਢ ਲੈਣਾ ਕਿ ਸਮੁੱਚੇ ਰੂਪ ਵਿੱਚ ਹੀ ਨੇਸ਼ਨ-ਸਟੇਟ ਦਾ ਮਾਡਲ ਇੱਕ ਖਤਰਨਾਕ ਮਾਡਲ ਹੈ,ਇਹ ਠੀਕ ਨਹੀਂ ਹੈ। ਜਦੋਂ ਅਸੀਂ ਨੇਸ਼ਨ-ਸਟੇਟ ਨੂੰ ਮੂਲੋਂ ਹੀ ਰੱਦ ਕਰ ਦਿੰਦੇ ਹਾਂ ਤਾਂ ਅਸੀਂ ਇਸ ਦੇ ਨਾਲ ਹੀ ਰਾਸ਼ਟਰ (ਕੌਮ), ਰਾਸ਼ਟਰਵਾਦ (ਕੌਮਵਾਦ) ਨੂੰ ਵੀ ਨਾਲ ਹੀ ਰੱਦ ਕਰ ਦੇਂਦੇ ਹਾਂ, ਕਿਉਂਕਿ ਰਾਸ਼ਟਰ, ਰਾਸ਼ਟਰਵਾਦ ਅਤੇ ਰਾਸ਼ਟਰੀ-ਸਟੇਟ

(ਬਾਕੀ ਸਫ਼ਾ 31 'ਤੇ)



# ਹਜ਼ਾਰਾਂ ਵਿਦੇਸ਼ੀ ਪੰਛੀਆਂ ਨਾਲ ਮੁੜ ਚਹਿਕਿਆ ਕੇਸ਼ੋਪੁਰ ਛੰਭ

## ਜਨਵਰੀ ਤੱਕ ਤਕਰੀਬਨ 25 ਹਜ਼ਾਰ ਹੋ ਜਾਂਦੀ ਹੈ ਪੰਛੀਆਂ ਦੀ ਗਿਣਤੀ

ਕਿਸੇ ਸਮੇਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਪਸੰਦੀਦਾ ਸ਼ਿਕਾਰਗਾਹ ਵਜੋਂ ਜਾਣੇ ਜਾਂਦੇ ਕੇਸ਼ੋਪੁਰ ਛੰਭ ਵਿੱਚ ਇਸ ਵਾਰ ਫ਼ਿਰ ਵਿਦੇਸ਼ੀ ਪੰਛੀਆਂ ਨੇ ਦਸਤਕ ਦੇ ਦਿੱਤੀ ਹੈ। ਪੰਜਾਬ ਦੇ ਪਹਿਲੇ ਕਮਿਊਨਿਟੀ ਰਿਜ਼ਰਵ ਕੇਸ਼ੋਪੁਰ ਛੰਭ ਵਿੱਚ ਸਰਦੀਆਂ ਦਾ ਆਗਾਜ਼ ਹੁੰਦਿਆਂ ਹੀ ਹਜ਼ਾਰਾਂ ਵਿਦੇਸ਼ੀ ਮਹਿਮਾਨਾਂ ਦੀ ਆਮਦ ਨਾਲ ਕੌਮਾਂਤਰੀ ਸਰਹੱਦ ਨੇੜੇ ਸਥਿਤ ਇਹ ਇਲਾਕਾ ਖਿੜ ਉੱਠਿਆ ਹੈ। ਇਸ ਸਮੇਂ ਤੱਕ ਕੋਈ 8 ਹਜ਼ਾਰ ਬੇਹੱਦ ਖ਼ੂਬਸੂਰਤ ਪਰਵਾਸੀ ਪੰਛੀ ਇੱਥੇ ਪਹੁੰਚ ਚੁੱਕੇ ਹਨ ਤੇ ਇਹ ਗਿਣਤੀ 25 ਹਜ਼ਾਰ ਦੇ ਆਸਪਾਸ ਪਹੁੰਚਣ ਦੀ ਉਮੀਦ ਹੈ।



ਜ਼ਿਕਰਯੋਗ ਹੈ ਕਿ ਟੂਰਿਸਟ ਹੱਬ ਵਜੋਂ ਵਿਕਸਿਤ ਕੀਤਾ ਜਾ ਰਿਹਾ ਇਹ ਛੰਭ 850 ਏਕੜ ਰਕਬੇ ਵਿੱਚ ਫੈਲਿਆ ਹੋਇਆ ਹੈ। ਗੁਰਦਾਸਪੁਰ-ਬਹਿਰਾਮਪੁਰ ਲਿੰਕ ਰੋਡ'ਤੇ ਸਥਿਤ ਇਸ ਛੰਭ ਨੂੰ ਪੰਜ ਪੰਚਾਇਤਾਂ ਕੇਸ਼ੋਪੁਰ, ਮਿਆਣੀ, ਡਾਲਾ, ਮਗਰ ਮੂਦੀਆਂ ਅਤੇ ਮਟਮਾਂ ਲੱਗਦੀਆਂ ਹਨ।

ਰੇਂਜ ਅਫਸਰ ਦੀਪਕ ਕਪੂਰ ਨੇ ਦੱਸਿਆ ਕਿ 4 ਸਾਲ ਪਹਿਲਾਂ ਪੰਜਾਬ ਦੇ ਗਵਰਨਰ ਵੀਪੀ ਬਦਨੌਰ ਇਥੇ ਆਏ ਅਤੇ ਇਸ ਸੈਂਟਰ ਨੂੰ ਇੰਟਰਨੈਸ਼ਨਲ ਰਾਮਸਰ ਸਾਈਟ ਐਲਾਨਿਆ ਸੀ। ਇਸ ਨਾਲ ਹੁਣ ਇਹ ਸੈਂਟਰ ਕੌਮਾਂਤਰੀ ਨਕਸ਼ੇ ਉੱਪਰ ਆ ਗਿਆ ਹੈ। 3 ਏਕੜ ਵਿੱਚ ਫੈਲੇ ਇੰਟਰਪਰਟੇਸ਼ਨ ਸੈਂਟਰ ਵਿੱਚ ਸੈਲਾਨੀਆਂ ਲਈ ਆਡੀਟੋਰੀਅਮ ਉਸਾਰਿਆ ਗਿਆ ਹੈ, ਇੱਥੇ ਪ੍ਰਾਜੈਕਟਰ ਲਾ ਕੇ ਉਨ੍ਹਾਂ ਨੂੰ ਪੰਛੀਆਂ ਤੇ ਛੰਭ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਦੂਰਬੀਨ ਦੀ ਵਿਵਸਥਾ ਵੀ ਕੀਤੀ ਗਈ ਹੈ।







ਦੁਨੀਆਂ ਭਰ ਦੇ ਫੋਟੋਗ੍ਰਾਫ਼ਰ ਇੱਥੇ ਪੰਛੀਆਂ ਦੀਆਂ ਤਸਵੀਰਾਂ ਖਿੱਚਣ ਲਈ ਆਉਂਦੇ ਹਨ। 4 ਸਾਲ ਪਹਿਲਾਂ ਵਾਸ਼ਿੰਗਟਨ ਡੀਸੀ ਤੋਂ ਪ੍ਰਸਿੱਧ ਪੰਛੀ ਪ੍ਰੇਮੀ ਰੈਕਡਰ ਲਾਇਲ, ਪ੍ਰੀਸਕੋਟ ਅਤੇ ਲੋਰੀ ਨੇਵੀ ਆਏ ਸਨ। ਸੈਲਾਨੀਆਂ ਲਈ ਤਿੰਨ ਵਾਚ ਟਾਵਰ ਬਣਾਏ ਗਏ ਹਨ ਜਿਥੇ ਚੜ੍ਹ ਕੇ ਉਹ ਪੰਛੀਆਂ ਦੀਆਂ ਅਠਖੇਲੀਆਂ ਦਾ ਆਨੰਦ ਮਾਣਦੇ ਹਨ।

**ਮਹਿਮਾਨਾਂ 'ਚ 100 ਪ੍ਰਜਾਤੀਆਂ ਦੇ ਪੰਛੀ ਸ਼ਾਮਿਲ**

ਹਰ ਸਾਲ ਰੂਸ, ਸਾਈਬੇਰੀਆ ਤੇ ਹੋਰ ਯੂਰਪੀ ਦੇਸ਼ਾਂ ਵਿੱਚ ਠੰਡ ਵਧਣ ਅਤੇ ਬਰਫ਼ਬਾਰੀ ਹੋਣ ਕਾਰਨ ਪੰਛੀ ਮੁਕਾਬਲਤਨ ਘੱਟ ਠੰਡੇ ਇਲਾਕਿਆਂ ਵਲ ਹਿਜ਼ਰਤ ਕਰਦੇ ਹਨ। ਇਸੇ ਕਾਰਨ ਕੇਸ਼ਪੁਰ ਛੰਬ ਵੀ ਇਨ੍ਹਾਂ ਪੰਛੀਆਂ ਦੀ ਪਸੰਦੀਦਾ ਸੈਰਗਾਹ ਹੈ। ਇੱਥੇ 100 ਤੋਂ ਵੱਧ ਪ੍ਰਜਾਤੀਆਂ ਦੇ ਖ਼ੂਬਸੂਰਤ ਪੰਛੀ ਆਉਂਦੇ ਹਨ ਜਿਨ੍ਹਾਂ ਵਿੱਚ ਸਾਰਸ, ਨਾਰਥ ਪਿੰਨ, ਟੇਲ, ਨਾਰਥਰਨ, ਛਾਵਲਰ, ਗੈਂਡਵਲ ਗ੍ਰੇ, ਲੈਗ ਗੁਜ਼, ਪ੍ਰਪਲ ਹੈਰੋਨ, ਗ੍ਰੇ ਹੈਰੋਨ ਆਦਿ ਸ਼ਾਮਿਲ ਹਨ।

**ਟੂਰਿਸਟ ਹੱਬ ਵਜੋਂ ਵਿਕਸਿਤ ਕਰਨ ਦੇ ਯਤਨ ਜਾਰੀ : ਰੇਂਜ ਅਫਸਰ**

ਇਲਾਕੇ ਦੇ ਵਣ ਰੇਂਜ ਅਫ਼ਸਰ ਦੀਪਕ ਕਪੂਰ ਨੇ ਦੱਸਿਆ ਕਿ ਕੇਸ਼ੋਪੁਰ ਛੰਭ ਨੂੰ ਟੂਰਿਸਟ ਹੱਬ ਵਜੋਂ ਉਸਾਰਨ ਲਈ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਯਤਨ ਜਾਰੀ ਹਨ। ਇੰਟਰਪ੍ਰਟੇਸ਼ਨ ਸੈਂਟਰ ਵਿੱਚ ਤਲਾਬ ਬਣਾਉਣ ਦਾ ਕੰਮ ਜਾਰੀ ਹੈ। ਸੈਲਾਨੀਆਂ ਲਈ ਲੱਖਾਂ ਰੁਪਏ ਦੀ ਲਾਗਤ ਨਾਲ ਦੋ ਹੱਟ ਤਿਆਰ ਕੀਤੇ ਜਾਣਗੇ ਅਤੇ ਇਸਨੂੰ ਮਿੰਨੀ ਗੋਆ ਵਾਂਗ ਵਿਕਸਿਤ ਕੀਤਾ ਜਾਵੇਗਾ।

**ਸਾਰਸ ਦਾ ਪਰਿਵਾਰ ਹੈ ਖਿੱਚ ਦਾ ਕੇਂਦਰ**

ਇਸ ਵਾਰ ਕੇਸ਼ੋਪੁਰ ਛੰਭ ਵਿਖੇ ਸਾਰਸ ਦੇ ਦੋ ਜੋੜੇ ਅਤੇ ਉਨ੍ਹਾਂ ਦਾ ਇੱਕ-ਇੱਕ ਬੱਚਾ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਸਾਰਸ ਦੁਨੀਆਂ ਦਾ ਸੱਭ ਤੋਂ ਲੰਬੀ ਉਡਾਣ ਭਰਨ ਵਾਲਾ ਪੰਛੀ ਹੈ। ਇਸਦੀ ਖ਼ਾਸੀਅਤ ਇਹ ਹੈ ਕਿ ਇਹ ਹਮੇਸ਼ਾ ਜੋੜੇ ਵਿੱਚ ਰਹਿੰਦਾ ਹੈ। ਜੇਕਰ ਜੋੜੇ 'ਚੋਂ ਕਿਸੇ ਇਕ ਦੀ ਮੌਤ ਹੋ ਜਾਂਦੀ ਹੈ ਤਾਂ ਵਿਯੋਗ ਵਿੱਚ ਦੂਸਰਾ ਵੀ ਦਮ ਤੋੜ ਦਿੰਦਾ ਹੈ। ਇਸ ਕਾਰਨ ਇਸ ਨੂੰ ਸਤੀ ਪੰਛੀ ਵੀ ਕਿਹਾ ਜਾਂਦਾ ਹੈ।


DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਧਰਮ-ਗ੍ਰੰਥ ਦੀ ਲਿਖਤ ਪ੍ਰੰਪਰਾ ਦੇ ਬਾਨੀ ਪੈਗੰਬਰ:ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ

**ਸੁਖਦੇਵ ਸਿੰਘ**
ਸਹਾਇਕ ਪ੍ਰੋਫੈਸਰ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ
ਮੋਬਾ.: 9707000004



ਧਰਮਾਂ ਦੇ ਸੰਸਾਰ ਵਿੱਚ ਧਰਮ-ਬਾਨੀ/ ਪੈਗੰਬਰਾਂ ਦੀ ਲੜ੍ਹੀ ਦੇ ਵਿੱਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਮ ਇੱਕ ਅਜਿਹੇ ਬਾਨੀ ਵਜੋਂ ਜਾਣਿਆ ਜਾਂਦਾ ਹੈ ਜਿਸ ਅਨੁਸਾਰ ਉਹ ਜਿੱਥੇ ਸਿੱਖ ਧਰਮ ਦੇ ਸਿਰਜਕ ਹਨ, ਉੱਥੇ ਨਾਲ ਹੀ ਉਹਨਾਂ ਨੇ ਕਿਸੇ ਧਾਰਮਿਕ ਰਹਿਨੁਮਾ ਦੁਆਰਾ ਆਪਣੀ ਸਰੀਰਕ ਮੌਜੂਦਗੀ ਵਿੱਚ ਧਰਮ-ਗ੍ਰੰਥ ਨੂੰ ਲਿਖਤੀ ਰੂਪ ਪ੍ਰਦਾਨ ਕਰਨ ਵਾਲੀ ਪਰੰਪਰਾ ਦਾ ਆਗਾਜ਼ ਵੀ ਕੀਤਾ, ਜਿਸ ਦੀ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਅਣਹੋਂਦ ਸੀ। ਇਹ ਇੱਕ ਬਹੁਤ ਹੀ ਵੱਡਾ ਕਾਰਜ ਸੀ ਜਿਸ ਨੂੰ ਵਿਚਾਰਨਾ ਅਤੇ ਵਰਤਮਾਨ ਸਮੇਂ ਧਰਮ ਵਿਸ਼ੇ ਦੀ ਅਕਾਦਮਿਕਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਗੁਰੂ ਸਾਹਿਬ ਦੀ ਇਸ ਦੇਣ ਨੂੰ ਸਮੁੱਚੇ ਵਿਸ਼ਵ ਦੇ ਸਾਹਮਣੇ ਪੇਸ਼ ਕਰਨਾ ਮੇਰੇ ਖਿਆਲ ਅਨੁਸਾਰ ਇੱਕ ਬਹੁਤ ਹੀ ਮਹੱਤਵਪੂਰਨ ਤੇ ਨਿਵੇਕਲਾ ਕਦਮ ਹੈ। ਇਸ ਵਿਸ਼ੇ ਬਾਰੇ ਲਗਭਗ ਦੋ ਦਹਾਕੇ ਪਹਿਲਾਂ ਪ੍ਰਸਿੱਧ ਸਿੱਖ ਚਿੰਤਕ ਪ੍ਰੋਫੈਸਰ ਸਰਬਜਿੰਦਰ ਸਿੰਘ ਨੇ ਆਪਣੀ ਪੁਸਤਕ ਧੁਰ ਕੀ ਬਾਣੀ:ਸੰਪਾਦਨ ਜੁਗਤ ਰਾਹੀਂ ਇੱਕ ਅਜਿਹਾ ਵਿਚਾਰ ਪ੍ਰਬੰਧ ਸਿਰਜਿਆ ਜਿਸਨੇ ਮੌਖਿਕ ਅਤੇ ਲਿਖਤ ਪ੍ਰੰਪਰਾ ਨੂੰ ਅਕਾਦਮਿਕ ਹੱਦਬੰਦੀਆਂ ਅੰਦਰ ਵਿਸ਼ਲੇਸ਼ਣ ਕਰਕੇ ਜਿੱਥੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਮਾਣਿਕਤਾ ਸਬੰਧੀ ਖੜੀਆਂ ਹੋਈਆਂ ਭਰਾਂਤੀਆਂ ਨੂੰ ਖਤਮ ਕਰਨ ਲਈ ਨਵੀਂ ਅਕਾਦਮਿਕ ਸੋਚ ਦਾ ਵਿਕਾਸ ਕੀਤਾ ਅਤੇ ਨਾਲ ਹੀ ਪੱਛਮੀ ਚਿੰਤਕਾਂ ਨੂੰ ਵੀ ਦੁਬਾਰਾ ਆਪਣੀਆਂ ਲਿਖਤਾਂ ਪੜਚੋਲਣ ਵਾਲੇ ਪਾਸੇ ਵੰਗਾਰਿਆ । ਇਸੇ ਸੰਦਰਭ ਵਿੱਚ ਹੀ ਜਦੋਂ ਅਸੀਂ ਸੰਸਾਰ ਦੇ ਵਿਭਿੰਨ ਧਰਮ-ਗ੍ਰੰਥਾਂ ਦੀ ਪੜਚੋਲ ਕਰਦੇ ਹਾਂ ਤਾਂ ਦੁਨੀਆਂ ਦਾ ਇੱਕੋ-ਇੱਕ ਧਰਮ-ਗ੍ਰੰਥ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਜਿਸ ਦੇ ਲਿਖਤ ਕਾਰਜ ਦੀ ਸਥਾਪਨਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥੀਂ ਆਰੰਭ ਕਰ ਦਿੱਤੀ । ਇਸ ਮਜ਼ਮੂਨ ਵਿੱਚ ਗੁਰੂ ਨਾਨਕ ਪਾਤਸ਼ਾਹ ਦੁਆਰਾ ਸਥਾਪਿਤ ਕੀਤੀ ਲਿਖਤ ਬਾਣੀ ਪ੍ਰੰਪਰਾ ਨੂੰ ਇਤਿਹਾਸਿਕ ਹਵਾਲਿਆਂ ਰਾਹੀਂ ਵੇਖਣ ਦਾ ਜਤਨ ਕੀਤਾ ਹੈ ਕਿ ਕਿਵੇਂ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਬਾਣੀ ਗਾਇਣ ਅਤੇ ਬਾਣੀ ਲਿਖਣ ਨੂੰ ਮਹੱਤਤਾ ਪ੍ਰਦਾਨ ਕੀਤੀ। ਇੱਥੇ ਇਹ ਵੀ ਮਹੱਤਵਪੂਰਨ ਹੈ ਕਿ ਗੁਰੂ ਨਾਨਕ ਸਾਹਿਬ ਦੁਆਰਾ ਸਥਾਪਿਤ ਇਸ ਪ੍ਰੰਪਰਾ ਨੂੰ ਤੁਲਨਾਤਮਕ ਨਜ਼ਰੀਏ ਤੋਂ ਵੀ ਵਾਚਿਆ ਜਾਣਾ ਅਤਿ ਜ਼ਰੂਰੀ ਹੈ ਤਾਂ ਕਿ ਤੱਥ ਅਤੇ ਸੱਚ ਸਹਿਤ ਨਤੀਜਿਆਂ ਤਕ ਪਹੁੰਚਿਆ ਜਾ ਸਕੇ।

ਜੇਕਰ ਸਿੱਖ ਧਰਮ ਦੇ ਆਗਮਨ ਤੋਂ ਪਹਿਲਾਂ ਅਸੀਂ ਸੰਸਾਰ ਦੇ ਦੂਸਰੇ ਧਰਮਾਂ ਬਾਰੇ ਗੱਲ ਕਰੀਏ ਤਾਂ ਇਤਿਹਾਸਿਕ ਤੌਰ ’ਤੇ ਇਹ ਤੱਥ ਸਾਡੇ ਸਾਹਮਣੇ ਰੂਪਮਾਨ ਹੁੰਦੇ ਹਨ ਕਿ ਸਿੱਖ ਧਰਮ ਤੋਂ ਪਹਿਲਾਂ ਮੁੱਖ ਤੌਰ ਤੇ ਦੁਨੀਆਂ ਦੇ ਵਿੱਚ ਸੱਤ ਵੱਡੇ ਧਰਮ ਹੋਂਦ ਦੇ ਵਿੱਚ ਆ ਚੁੱਕੇ ਸਨ, ਜਿਨ੍ਹਾਂ ਵਿੱਚੋਂ ਏਸ਼ੀਆ ਦੇ ਪੱਛਮ ਵਿੱਚ ਪਾਰਸੀ, ਯਹੂਦੀ, ਇਸਾਈ ਅਤੇ ਇਸਲਾਮ ਧਰਮ ਦਾ ਨਾਮ ਆਉਂਦਾ ਹੈ ਅਤੇ ਦੂਸਰੇ ਪਾਸੇ ਹਿੰਦੁਸਤਾਨ ਵਿੱਚ ਹਿੰਦੂ, ਜੈਨ, ਅਤੇ ਬੁੱਧ ਧਰਮ ਦਾ ਵਰਨਣ ਮਿਲਦਾ ਹੈ। ਇਹਨਾਂ ਧਰਮਾਂ ਦੇ ਅਖੀਰ ਵਿੱਚ ਸਿੱਖ ਧਰਮ ਦਾ ਪ੍ਰਕਾਸ਼ ਹੁੰਦਾ ਹੈ। ਇਹਨਾਂ ਸਾਰੇ ਧਰਮਾਂ ਦਾ ਆਪੋ ਆਪਣਾ ਇੱਕ ਪਵਿੱਤਰ ਧਰਮ-ਗ੍ਰੰਥ ਹੈ, ਜਿਵੇਂ ਕਿ ਪਾਰਸੀ ਧਰਮ ਦਾ ਪਵਿੱਤਰ ਜੇਂਦ ਅਵੇਸਤਾ, ਯਹੂਦੀ ਧਰਮ ਦਾ ਪਵਿੱਤਰ ਪੁਰਾਣਾ ਨੇਮ ਅਹਿਦਨਾਮਾ ਇਸਾਈ ਧਰਮ ਦਾ ਪਵਿੱਤਰ ਬਾਈਬਲ, ਇਸਲਾਮ ਧਰਮ ਦਾ ਪਵਿੱਤਰ ਕੁਰਾਨ, ਹਿੰਦੂ ਧਰਮ ਦੇ ਪਵਿੱਤਰ ਵੇਦ, ਜੈਨ ਧਰਮ ਦੇ ਪਵਿੱਤਰ ਅੰਗ/ਆਗਮ ਅਤੇ ਬੁੱਧ ਧਰਮ ਦਾ ਪਵਿੱਤਰ ਧਰਮ-ਗ੍ਰੰਥ ਤ੍ਰਿਪਿਟਕ ਅਤੇ ਸਿੱਖ ਧਰਮ ਦਾ ਪਵਿੱਤਰ ਧਰਮ-ਗ੍ਰੰਥ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ। ਇਹ ਸਾਰੇ ਧਰਮ-ਗ੍ਰੰਥ ਆਪਣੇ ਪੈਰੋਕਾਰਾਂ ਦੀ ਰਹਿਨੁਮਾਈ ਕਰਨ ਲਈ ਇੱਕ ਬੇਸ਼ਕੀਮਤੀ ਖਜ਼ਾਨੇ ਵਜੋਂ ਭਰਪੂਰ ਹਨ। ਇਹਨਾਂ ਸਮੁੱਚੇ ਧਰਮ ਗ੍ਰੰਥਾਂ ਦੀ ਮਹੱਤਤਾ ਦਾ ਵਖਿਆਨ ਕਰਦਿਆਂ ਹੋਇਆ ਇੱਕ ਵਿਦਵਾਨ ਨੇ ਬੜ੍ਹਾ ਸੁੰਦਰ ਚਿੱਤ੍ਰਣ ਪੇਸ਼ ਕੀਤਾ ਹੈ ਕਿ ਧਰਮ-ਗ੍ਰੰਥ ਜੋ ਥੱਕੇ-ਟੁੱਟੇ ਮੁਸਾਫਿਰਾਂ ਲਈ ਜੀਵਨਦਾਨੀ ਹੀ ਨਹੀਂ ਬਣਦੇ ਸਗੋਂ ਜਿੰਦਗੀ ਦੇ ਮਾਰੂਥਲਾਂ ਦੀ ਤਪਸ਼ ਵਿੱਚ ਥੱਕੇ ਹਾਰੇ, ਭਟਕਦੇ ਅਤੇ ਜਲ-ਭੁਜ ਰਹੇ ਲੋਕਾਂ ਨੂੰ ਧੁਰ ਅੰਦਰ ਤੱਕ ਆਪਣੀ ਠੰਡਕ ਨਾਲ ਸਹਿਜ ਅਵਸਥਾ ਦੇ ਧਾਰਨੀ ਵੀ ਬਣਾ ਦਿੰਦੇ ਹਨ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਧਰਮ-ਗ੍ਰੰਥ ਕਿਸੇ ਵੀ ਕੌਮ ਦੇ ਲਈ ਇੱਕ ਜ਼ਰੂਰੀ ਅਤੇ ਅਹਿਮ ਅੰਗ ਹੈ।

ਹੁਣ ਇੱਥੇ ਇੱਕ ਨਵਾਂ ਪ੍ਰਸ਼ਨ ਸਾਡੇ ਸਾਹਮਣੇ ਰੂਪਮਾਨ ਹੁੰਦਾ ਹੈ ਕਿ ਜੇਕਰ ਧਰਮ-ਗ੍ਰੰਥ ਕਿਸੇ ਵੀ ਧਰਮ ਦੀ ਰੂਹ ਦੀ ਖ਼ੁਰਾਕ ਹੈ ਤਾਂ ਕੀ ਉਸ ਧਰਮ-ਗ੍ਰੰਥ ਦਾ ਪ੍ਰਕਾਸ਼ ਧਰਮ ਬਾਨੀਆਂ ਦੁਆਰਾ ਕੀਤਾ ਗਿਆ ਹੈ ਕਿ ਨਹੀਂ। ਧਰਮ ਗ੍ਰੰਥਾਂ ਦੇ ਲਿਖਤ ਸਰੂਪ ਨੂੰ ਇਤਿਹਾਸਿਕ ਤੱਥਾਂ ਅਨੁਸਾਰ ਜਦੋਂ ਅਸੀਂ ਵਾਚਦੇ ਹਾਂ ਤਾਂ ਸਾਡੇ ਸਾਹਮਣੇ ਇਹ ਸਬੂਤ ਪੇਸ਼ ਹੁੰਦੇ ਹਨ ਕਿ ਇਹਨਾਂ ਸਾਰੇ ਧਰਮਾਂ ਦੇ ਧਰਮ-ਗ੍ਰੰਥ ਧਰਮ ਪੈਗੰਬਰਾਂ ਦੇ ਸਮੇ ਤੋਂ ਬਾਅਦ ਹੋਂਦ ਵਿੱਚ ਆਏ ਅਤੇ ਕਾਫੀ ਸਮਾਂ ਬਾਅਦ ਧਰਮਾਂ ਦੇ ਪੈਰੋਕਾਰਾਂ ਦੁਆਰਾ ਇਹਨਾਂ ਨੂੰ ਲਿਖਤ ਰੂਪ ਪ੍ਰਦਾਨ ਕਰਕੇ ਸੰਪਾਦਿਤ ਕੀਤਾ ਗਿਆ। ਦੁਨੀਆਂ ਦੇ ਵਿੱਚ ਇੱਕੋ-ਇੱਕ ਧਰਮ-ਗ੍ਰੰਥ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਜਿਸ ਨੂੰ ਗੁਰੂ ਸਾਹਿਬਾਨ ਨੇ ਆਪਣੀ ਸਰੀਰਕ ਮੌਜੂਦਗੀ ਵਿੱਚ ਆਪ ਲਿਖਵਾਇਆ, ਆਪ ਇਸਦਾ ਸੰਪਾਦਨ ਕੀਤਾ ਅਤੇ ਆਪ ਹੀ ਆਪਣੇ ਹੱਥੀਂ ਗੁਰਗੱਦੀ ਬਖਸ਼ ਕੇ ਸਦੀਵੀ ਤੌਰ ਤੇ ਸਿੱਖ ਸਮਾਜ ਨੂੰ ਗੁਰੂ ਗ੍ਰੰਥ ਸਾਹਿਬ ਨਾਲ ਜੋੜਿਆ। ਇਸ ਹੱਥੀਂ ਲਿਖਵਾਉਣ ਦੇ ਕਾਰਜ ਨੂੰ ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪ ਸਥਾਪਿਤ ਕੀਤਾ ਜਿਸ ਬਾਰੇ ਸਭ ਤੋਂ ਪਹਿਲਾਂ ਐਲਾਨ ਕਰਦਿਆਂ ਹੋਇਆਂ ਗੁਰੂ ਨਾਨਕ ਸਾਹਿਬ ਜੀ ਨੇ ਆਪ ਆਪਣੀ ਬਾਣੀ ਦੇ ਵਿੱਚ ਮਹਾਂਵਾਕ ਦਰਜ ਕਰਕੇ ਇੱਕ ਬਦਲ ਸਥਾਪਿਤ ਕਰਦਿਆਂ ਹੋਇਆ ਐਲਾਨ ਕੀਤਾ ਕਿ ਲਿਖਤ ਤੋਂ ਬਿਨਾਂ ਸਦੀਵਤਾ ਸੰਭਵ ਨਹੀਂ, ਜੋ ਸਿਰਫ ਬੋਲਾਂ ਦੇ ਵਿੱਚ ਹੁੰਦਾ ਹੈ ਉਹ ਸਮਾਂ ਪਾ ਕੇ ਗਵਾਚ ਜਾਂਦਾ ਹੈ। ਲਿਖਿਆ ਹੋਇਆ ਸਦੀਵੀ ਸਥਾਪਿਤ ਹੋ ਜਾਂਦਾ ਹੈ। ਪਾਤਸ਼ਾਹ ਦਾ ਮਹਾਂਵਾਕ ਹੈ-

ਲਿਖੇ ਬਾਝਹੁ ਸੁਰਤਿ ਨਾਹੀ ਬਲਿ ਬੋਲਿ ਗਵਾਈਐ ॥

ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦ ਲਿਖਾਈਐ ॥

ਸੰਸਾਰ ਦੇ ਧਾਰਮਿਕ ਇਤਿਹਾਸ ਵਿੱਚ ਇਹ ਇੱਕ ਪਹਿਲਾ ਵੱਡਾ ਕਦਮ ਸੀ ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਸਥਾਪਿਤ ਕੀਤਾ ਅਤੇ ਇਸ ਮਹੱਤਵਪੂਰਨ ਕਦਮ ਨੂੰ ਹੋਰ ਮਹੱਤਤਾ ਪ੍ਰਦਾਨ ਕਰਨ ਦੇ ਲਈ ਗੁਰੂ ਸਾਹਿਬ ਜੀ ਨੇ ਆਪਣੀ ਬਾਣੀ ਵਿੱਚ ਇੱਕ ਹੋਰ ਵੱਡਾ ਮਹਾਂਵਾਕ ਦਰਜ ਕਰਦਿਆਂ ਹੋਇਆਂ ਲਿਖਤ ਬਾਣੀ ਪਰੰਪਰਾ ਨੂੰ ਤਾਂ ਵਿਸ਼ੇਸ਼ ਕਿਹਾ ਹੀ ਨਾਲ ਹੀ ਉਹਨਾਂ ਨੂੰ ਵੀ ਵਿਸ਼ੇਸ਼ ਦਰਜਾ ਦੇ ਕੇ ਧੰਨ ਕਹਿ ਕੇ ਨਿਵਾਜਿਆ ਜਿਨਾਂ ਨੇ ਇਹਨਾਂ ਮਹਾਂਵਾਕਾਂ ਨੂੰ ਲਿਖਤ ਰੂਪ ਪ੍ਰਦਾਨ ਕਰਨ ਦਾ ਵੱਡਾ ਕਾਰਜ ਕੀਤਾ।

ਗੁਰੂ ਪਾਤਸ਼ਾਹ ਦਾ ਫੁਰਮਾਨ ਹੈ-

ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥

ਇਸ ਬਾਣੀ ਦੀ ਪੰਗਤੀ ਨੂੰ ਜਦੋਂ ਅਸੀਂ ਸਿੱਖ ਇਤਿਹਾਸ ਦੇ ਪੰਨਿਆਂ ਵਿੱਚ ਲੈ ਕੇ ਜਾਂਦੇ ਹਾਂ ਤਾਂ ਸਾਡੇ ਸਾਹਮਣੇ ਕਈ ਸਿੱਖਾਂ ਦੇ ਨਾਮ ਆਉਂਦੇ ਹਨ, ਜਿਨਾਂ ਨੇ ਗੁਰੂ ਨਾਨਕ ਸਾਹਿਬ ਜੀ ਤੋਂ ਸਿੱਖਿਆ ਲੈ ਕੇ ਲਿਖਤ ਬਾਣੀ ਦੇ ਕਾਰਜ ਵਿੱਚ ਆਪਣਾ ਹਿੱਸਾ ਪਾਇਆ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਸਾਹਿਬ ਬਾਣੀ ਲਿਖਣ ਪ੍ਰਬੰਧ ਦੇ ਵਿੱਚ ਆਪਣੇ ਸਿੱਖਾਂ ਤੋਂ ਸੇਵਾ ਲੈਂਦੇ ਸਨ, ਜਿਸ ਨੂੰ ਕਿ ਅਸੀਂ ਇੱਕ ਉੱਤਮ ਸੇਵਾ ਵਜੋਂ ਵੀ ਪ੍ਰਵਾਨ ਕਰ ਸਕਦੇ ਹਾਂ।

ਸਿੱਖ ਧਰਮ ਗ੍ਰੰਥ ਨੂੰ ਲਿਖਤੀ ਰੂਪ ਪ੍ਰਦਾਨ ਕਰਨ ਦੇ ਸਿੱਖ ਸਾਹਿਤ ਵਿੱਚੋਂ ਅਨੇਕਾਂ ਹਵਾਲੇ ਪ੍ਰਾਪਤ ਹੋ ਜਾਂਦੇ ਹਨ । ਭਾਈ ਵੀਰ ਸਿੰਘ ਜੀ ਦੁਆਰਾ ਸੰਪਾਦਤ ਕੀਤੀ ਗਈ ਪੁਰਾਤਨ ਜਨਮ ਸਾਖੀ ਵਿੱਚ ਇੱਕ ਗੋਸ਼ਟਿ ਦਾ ਜ਼ਿਕਰ ਕਰਦਿਆਂ ਹੋਇਆਂ ਵਰਣਨ ਮਿਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਮਛਿੰਦਰ ਨਾਲ ਗੋਸ਼ਟੀ ਸੰਪੂਰਨ ਹੋਣ ਤੋਂ ਬਾਅਦ ਉਸ ਸਮੇਂ ਜਿਸ ਬਾਣੀ ਨੂੰ ਉਚਾਰਿਆ ਗਿਆ,

ਉਹ ਬਾਣੀ ਭਾਈ ਸੈਦੋ ਘੇਹੋ ਨੇ ਲਿਖੀ। ਆਪਣੀਆਂ ਉਦਾਸੀਆਂ ਦੇ ਦੌਰਾਨ ਜਦੋਂ ਗੁਰੂ ਜੀ ਕਸ਼ਮੀਰ ਦੇ ਵਿੱਚ ਗਏ ਉਥੇ ਗੁਰੂ ਜੀ ਦੀ ਪੰਡਿਤ ਬ੍ਰਹਮ ਦਾਸ ਨਾਲ ਜੋ ਮੁਲਾਕਾਤ ਹੋਈ ਅਤੇ ਪਵਿੱਤਰ ਬਾਣੀ ਦਾ ਆਗਮਨ ਹੋਇਆ। ਇਸ ਬਾਣੀ ਨੂੰ ਹਸੂ ਲੁਹਾਰ ਅਤੇ ਸੀਹੈ ਛੀਬੇ ਨੇ ਲਿਖਤ ਰੂਪ ਪ੍ਰਦਾਨ ਕੀਤਾ। ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਗੁਰੂ ਪਾਤਸ਼ਾਹ ਦਾ ਕਾਫੀ ਸਮਾਂ ਕਰਤਾਰਪੁਰ ਸਾਹਿਬ ਵਿਖੇ ਬੀਤਿਆ ਜਿੱਥੇ ਕਿ ਮੌਜੂਦਾ ਸਮੇਂ ਸਮੁੱਚਾ ਸਿੱਖ ਸਮਾਜ ਕਰਤਾਰਪੁਰ ਕਾਰੀਡੋਰ ਦੇ ਰਾਹੀਂ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਨਤਮਸਤਕ ਹੋ ਰਿਹਾ ਹੈ।

ਇਸੇ ਸਥਾਨ ਦੇ ਇਤਿਹਾਸ ਨੂੰ ਵੀ ਜੇਕਰ ਡੂੰਘਾਈ ਨਾਲ ਵਾਚਿਆ ਜਾਵੇ ਤਾਂ ਇਤਿਹਾਸਿਕ ਤੱਥ ਇਹ ਵਖਿਆਨ ਪੇਸ਼ ਕਰਦੇ ਹਨ ਕਿ ਗੁਰੂ ਸਾਹਿਬ ਦਾ ਪ੍ਰਮੁੱਖ ਸਿੱਖ ਭਾਈ ਮਨਸੁਖ ਗੁਰੂ ਸਾਹਿਬ ਕੋਲ ਕਰਤਾਰਪੁਰ ਵਿਖੇ ਅਖੀਰਲੇ ਸਮੇਂ ਲਗਭਗ ਤਿੰਨ ਸਾਲ ਇੱਥੇ ਰਿਹਾ ਅਤੇ ਗੁਰੂ ਨਾਨਕ ਸਾਹਿਬ ਦੇ ਨਿਰਦੇਸ਼ਾਂ ਅਨੁਸਾਰ ਬਾਣੀ ਨੂੰ ਲਿਖ ਕੇ ਪੋਥੀਆਂ ਦੇ ਰੂਪ ਵਿੱਚ ਸੰਗ੍ਰਹਿਤ ਕੀਤਾ। ਭਾਈ ਗੁਰਦਾਸ ਜੀ ਵੀ ਆਪਣੀ ਵਾਰ ਵਿੱਚ ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ ਵਾਲੀ ਲਾਈਨ ਵੀ ਗੁਰੂ ਨਾਨਕ ਸਾਹਿਬ ਦੁਆਰਾ ਆਪਣੀ ਬਾਣੀ ਨੂੰ ਲਿਖਤੀ ਰੂਪ ਵਿੱਚ ਸੰਭਾਲੇ ਜਾਣ ਦਾ ਸੰਕੇਤ ਪ੍ਰਧਾਨ ਕਰਦੀ ਹੈ।

ਜੇਕਰ ਬਾਣੀ ਨੂੰ ਗੁਰੂ ਨਾਨਕ ਸਾਹਿਬ ਤੋਂ ਬਾਅਦ ਸੰਭਾਲ ਕੀਤੇ ਜਾਣ ਦੇ ਇਤਿਹਾਸਿਕ ਰੂਪ ਵਿੱਚ ਗੱਲ ਕਰੀਏ ਤਾਂ ਸਿੱਖ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਜਿਸ ਸਮੇਂ ਗੁਰੂ ਨਾਨਕ ਸਾਹਿਬ ਨੇ ਗੁਰਗੱਦੀ ਦੀ ਬਖਸ਼ਿਸ਼ ਗੁਰੂ ਅੰਗਦ ਪਾਤਸ਼ਾਹ ਜੀ ਨੂੰ ਕੀਤੀ ਤਾਂ ਉਹਨਾਂ ਨੇ ਪਹਿਲਾਂ ਹੀ ਤਿਆਰ ਕੀਤੀਆਂ ਹੋਇਆਂ ਪੋਥੀਆਂ ਨੂੰ ਗੁਰੂ ਅੰਗਦ ਦੇਵ ਜੀ ਨੂੰ ਸੌਂਪਿਆ ਤੇ ਇਹੀ ਪਰੰਪਰਾ ਨੂੰ ਅਗਲੇ ਗੁਰੂ ਸਾਹਿਬਾਨ ਨੇ ਵੀ ਅੱਗੇ ਜਾਰੀ ਰੱਖਿਆ। ਇਤਿਹਾਸਿਕ ਵਾਕ ਹਨ

ਤਿਤ ਮਹਿਲ ਜੋ ਸ਼ਬਦ ਹੋਆ ਸੋ ਪੋਥੀ ਗੁਰ ਅੰਗਦ ਜੋਗੁ ਮਿਲੀ ॥

ਉਪਰੋਕਤ ਵਿਚਾਰ ਚਰਚਾ ਤੋਂ ਸਪੱਸ਼ਟ ਹੈ ਕਿ ਗੁਰੂ ਨਾਨਕ ਸਾਹਿਬ ਜੀ ਨੇ ਜਿੱਥੇ ਇੱਕ ਵੱਖਰੀ ਕੌਮ ਨੂੰ ਜਨਮ ਦਿੱਤਾ ਉਥੇ ਨਾਲ ਹੀ ਇੱਕ ਵੱਖਰੇ ਲਿਖਤ ਧਰਮ-ਗ੍ਰੰਥ ਪ੍ਰੰਪਰਾ ਨੂੰ ਵੀ ਜਨਮ ਦਿੱਤਾ ਜਿਸ ਨੂੰ ਅਗਲੇ ਗੁਰੂ ਸਾਹਿਬਾਨ ਨੇ ਅਪਣਾਉਂਦਿਆਂ ਹੋਇਆਂ ਦੁਨੀਆਂ ਦੇ ਪਹਿਲੇ ਧਰਮ-ਗ੍ਰੰਥ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣੇ ਹੱਥੀ ਸੰਪਾਦਨ ਕੀਤਾ ਅਤੇ ਸਦੀਵ ਤੌਰ ’ਤੇ ਸਿੱਖ ਸਮਾਜ ਨੂੰ ਇਸ ਪਵਿੱਤਰ ਧਰਮ-ਗ੍ਰੰਥ ਦੇ ਚਰਨੀ ਲਾ ਕੇ ਬਖਸ਼ਿਸ਼ ਪ੍ਰਦਾਨ ਕੀਤੀ। ਇਹ ਕਹਿਣ ਵਿੱਚ ਕੋਈ ਅਤਕਥਨੀ ਨਹੀਂ ਕਿ ਜਦੋਂ ਗੁਰੂ ਅਰਜਨ ਪਾਤਸ਼ਾਹ ਗੁਰੂ ਨਾਨਕ ਸਾਹਿਬ ਜੀ ਨੂੰ ਸੰਬੋਧਿਤ ਹੁੰਦੇ ਹੋਏ ਸਭ ’ਤੇ ਵੱਡਾ ਸਤਿਗੁਰ ਨਾਨਕੁ ਸ਼ਬਦ ਉਚਾਰਦੇ ਹਨ ਤਾਂ ਉਸ ਪਿੱਛੇ ਵੱਡਾ ਪੁਰਖ ਕਹਿਣ ਦਾ ਇੱਕ ਕਾਰਨ ਇਹ ਵੀ ਹੈ ਕਿ ਜਿੱਥੇ ਉਹਨਾਂ ਨੇ ਹੋਰ ਵੱਡੀਆਂ ਸਥਾਪਨਾਵਾਂ ਕੀਤੀਆਂ ਉਹਨਾਂ ਵਿੱਚੋਂ ਇੱਕ ਸਥਾਪਨਾ ਲਿਖਤ ਧਰਮ-ਗ੍ਰੰਥ ਪਰੰਪਰਾ ਦੀ ਨੂੰ ਵੀ ਹੋਂਦ ਦੇ ਵਿੱਚ ਲਿਆਂਦਾ ਜਿਸ ਨੂੰ ਕਿ ਅਸੀਂ ਅੱਜ ਦੇ ਦੌਰ ਵਿੱਚ ਧਰਮਾਂ ਦੀ ਅਕਾਦਮਿਕਤਾ ਦਾ ਸਿਖਰਲਾ ਪ੍ਰਬੰਧ ਸਵੀਕਾਰ ਕਰਕੇ ਗੁਰੂ ਨਾਨਕ ਦੇਵ ਜੀ ਨੂੰ ਉਨਾਂ ਦੇ 554ਵੇਂ ਪ੍ਰਕਾਸ਼ ਪੁਰਬ ਉੱਪਰ ਇਸ ਵੱਡੀ ਦੇਣ ਨੂੰ ਸਮਰਪਿਤ ਨਮਸਕਾਰ ਪ੍ਰਦਾਨ ਕਰ ਰਹੇ ਹਾਂ।



# ਮੇਰੀ ਇਤਿਹਾਸ ਲੇਖਣੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਜਬ ਲਗੁ ਦੁਨੀਆਂ ਰਹੀਐ ਨਾਨਕ, ਕਿਛੁ ਸੁਣੀਐ ਕਿਛੁ ਕਹੀਐ ॥ ਅੰਗ 660

ਹੇ ਨਾਨਕ, ਜਦ ਤੱਕ ਦੁਨੀਆਂ ਵਿੱਚ ਜਿਉਣਾ ਹੈ, ਪਰਮਾਤਮਾ ਦੀ ਸਿਫਤਿ ਸਲਾਹ ਸੁਣਨੀ ਕਰਨੀ ਚਾਹੀਦੀ ਹੈ। ਇਹੀ ਮਨੁੱਖਾ ਜਨਮ ਦਾ ਲਾਭ ਹੈ। ਇਹ ਇੱਕ ਸਦਭਾਵਨਾ ਦਾ ਮੰਤਰ ਹੈ। ਕਿਸੇ ਦੀ ਗੱਲ ਸੁਣਨ ਤੇ ਆਪਣੀ ਕਹਿਣ ਨਾਲ ਸੁੱਖ ਮਿਲਦਾ ਹੈ। ਇੱਕ ਦੂਜੇ ਦੀ ਪਛਾਣ ਹੁੰਦੀ ਹੈ। ਵਿਚਾਰ ਚਰਚਾ ਚੱਲਦੀ ਹੈ। ਸ਼ੰਕੇ ਦੂਰ ਹੁੰਦੇ ਹਨ। ਗੁਰੂ ਨਾਨਕ ਦੇਵ ਸਾਹਿਬ ਜੀ ਦੀ ਸਿੱਧਾਂ ਨਾਲ ਗੋਸ਼ਟੀ ਇਸਦੀ ਢੁੱਕਵੀਂ ਮਿਸਾਲ ਹੈ।

ਇਤਿਹਾਸ ਅਤੇ ਇਤਿਹਾਸਕਾਰ ਬਾਰੇ ਵੇਰਵਾ ਹੈ ਕਿ ਪਿਛਲੀਆਂ ਘਟਨਾਂਵਾਂ, ਲੋਕਾਂ, ਸਮਾਜ ਅਤੇ ਸੱਭਿਆਚਾਰ ਦਾ ਅਧਿਐਨ ਕਰਨਾ ਫਿਰ ਲਿੱਖਣਾ। ਇਤਿਹਾਸ ਦੇ ਲਿਖਤੀ ਅਤੀਤ ਦੀਆਂ ਘਟਨਾਵਾਂ ਦੀ ਜਾਂਚ ਹੁੰਦੀ ਹੈ। ਇਤਿਹਾਸਕਾਰ, ਇਤਿਹਾਸਕ ਸ੍ਰੋਤਾ ਦੀ ਖੋਜ ਕਰਕੇ ਇਤਿਹਾਸਕ ਅੰਕੜਿਆਂ ਦਾ ਵਿਸ਼ਲੇਸ਼ਣ ਕਰਕੇ ਇਤਿਹਾਸਕ ਘਟਨਾਵਾਂ ਦੀ ਵਿਆਖਿਆ ਸਰੋਤਾਂ ਦੀ ਖੋਜ ਕਰਕੇ ਇਤਿਹਾਸਕ ਅੰਕੜਿਆਂ ਦਾ ਵਿਸ਼ਲੇਸ਼ਣ ਕਰਕੇ ਇਤਿਹਾਸਕ ਘਟਨਾਵਾਂ ਦੀ ਵਿਆਖਿਆ ਅਤੇ ਮੁਲਅੰਕਣ ਕਰਕੇ ਵਰਤਮਾਨ ਲਈ ਪ੍ਰੇਰਣਾ ਨਾਲ ਜੋੜ ਕੇ ਲਿੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਜਿਵੇਂ ਸਿੱਖ ਧਰਮ ਦੀ ਮਿਸਾਲ ਹੈ, ਕਿ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਆਗਮਨ ਤੋਂ ਪਹਿਲਾਂ ਭਾਰਤ ਵਰਸ਼ ਵਹਿਮਾਂ, ਭਰਮਾਂ, ਝੂਠੇ ਕਰਮਕਾਂਡਾ, ਤੁਅਸਬ, ਵੈਰ, ਵਿਰੋਧ, ਈਰਖਾ ਦਾ ਸ਼ਿਕਾਰ ਸੀ। ਲੋਕ ਢਹਿੰਦੀ ਕਲਾ ਵੱਲ ਜਾ ਰਹੇ ਸਨ। ਸਮਾਜਿਕ , ਧਾਰਮਿਕ , ਰਾਜਨੀਤਿਕ ਅਤੇ ਵਿਹਾਰਕ ਖੇਤਰਾਂ ਵਿੱਚ ਨਿਘਾਰ ਆ ਚੁੱਕਾ ਸੀ। ਲੋਕ ਜੁਲਮ ਅਤੇ ਪਾਪ ਵਿੱਚ ਪਿਸ ਰਹੇ ਸਨ। ਉਹਨਾਂ ਦਾ ਕੋਈ ਰਹਿਬਰ ਰਾਹ ਦਸੇਰਾ ਨਾ ਰਿਹਾ। ਧਾਰਮਿਕ ਆਗੂ ਲੋਕਾਂ ਨੂੰ ਵਹਿਮਾਂ ਭਰਮਾਂ ਵਿੱਚ ਪਾ ਕੇ ਲੁੱਟ ਰਹੇ ਸਨ। ਰਾਜਨੀਤਿਕ ਲੋਟੂ ਟੋਲਾ ਵੀ ਹਾਵੀ ਸੀ। ਗੁਰੂ ਨਾਨਕ ਦੇਵ ਸਾਹਿਬ ਜੀ ਸਮੁੱਚੀ ਲੋਕਾਈ ਦੇ ਕਲਿਆਣ ਹਿੱਤ ਪ੍ਰਗਟ ਹੋਏ। ਉਹਨਾਂ ਦੀ ਸਿੱਖਿਆ ਉਪਦੇਸ਼ ਦਾ ਸਮਾਜ 'ਤੇ ਅਜਿਹਾ ਪ੍ਰਭਾਵ ਪਿਆ ਕਿ ਉਹਨਾਂ ਨੇ ਸਮਾਜਿਕ ਸਾਵਾਂਪਣ, ਵਿਸ਼ਵ ਭਾਈਚਾਰਾ, ਫਿਰਕਾ ਪ੍ਰਸਤੀ ਅਤੇ ਵਹਿਮਾਂ ਭਰਮਾਂ ਨੂੰ ਦੂਰ ਕੀਤਾ। ਮਨ ਸਾਫ ਹੋਏ ਲੋਕਾਂ ਦਾ ਇੱਕ ਪਰਮਾਤਮਾ ਵਿੱਚ ਵਿਸਵਾਸ਼ ਜਾਗਿਆ। ਰੂਹਾਨੀਅਤ ਦਾ ਮਨੁੱਖਤਾ ਨੂੰ ਡੂੰਘਾ ਗਿਆਨ ਹੋਇਆ। ਲੋਕ ਆਤਮ ਨਿਰਭਰ ਤੇ ਸਵੈ ਮਾਣ ਵਾਲਾ ਜੀਵਨ ਜਿਉਣ ਦੇ ਯੋਗ ਹੋਏ।

ਇਤਿਹਾਸਕਾਰ ਨੂੰ ਅਤੀਤ ਦੀਆਂ ਘਟਨਾਵਾਂ ਦੀ ਵਰਤਮਾਨ ਨਾਲ ਪ੍ਰਸੰਗਕਤਾ ਦੀ ਵਿਆਖਿਆ ਕਰਨ ਦਾ ਤਜ਼ਰਬਾ ਹੋਣਾ ਚਾਹੀਦਾ ਹੈ। ਉਸ ਸੰਦਰਭ ਦੀ ਡੂੰਘੀ ਸਮਝ ਹੋਣੀ ਚਾਹੀਦੀ ਹੈ। ਜਿਸ ਵਿੱਚ ਘਟਨਾਵਾਂ ਵਾਪਰੀਆਂ ਅਤੇ ਉਸਦਾ ਸਮਾਜ 'ਤੇ ਕੀ ਪ੍ਰਭਾਵ ਪਿਆ। ਇਤਿਹਾਸਕਾਰ ਨੂੰ ਖੋਜ ਦੇ ਖਰੜੇ ਦੇ ਰੁਝਾਨ ਨੂੰ ਸਮਝਣ ਦੀ ਪਛਾਣ ਹੋਣੀ ਬਹੁਤ ਜ਼ਰੂਰੀ ਹੈ। ਅਤੀਤ ਤੇ ਵਰਤਮਾਨ ਤੇ ਸਾਰਥਿਕ ਪ੍ਰਭਾਵ ਦੀ ਜਾਂਚ ਹੋਣੀ ਚਾਹੀਦੀ ਹੈ। ਅਤੀਤ ਦੀਆਂ ਘਟਨਾਂਵਾਂ ਨੇ ਵਰਤਮਾਨ ਨੂੰ ਕਿਵੇਂ ਅਕਾਰ ਦਿੱਤਾ ਅਤੇ ਉਸਦਾ ਸਮਾਜਿਕ ਜੀਵਨ 'ਤੇ ਕੀ ਪ੍ਰਭਾਵ ਪਿਆ, ਜਿਵੇਂ ਸਿੱਖ ਧਰਮ ਦੀ ਮਿਸਾਲ ਵਿੱਚ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਆਗਮਨ ਤੋਂ ਪਹਿਲਾਂ ਭਾਰਤ ਵਰਸ਼ ਦੇ ਪਿਛੋਕੜ ਸਮਾਜ ਦੀ ਹਾਲਤ ਢਹਿੰਦੀ ਕਲਾ ਵਿੱਚ ਸੀ। ਧਾਰਮਿਕ ਅਤੇ ਸਮਾਜ ਸੁਧਾਰਕ ਕਾਰਜਾਂ ਦੇ ਸ਼ੁਰੂ ਹੋਣ 'ਤੇ ਜੀਵਨ ਵਿੱਚ ਚੜ੍ਹਦੀਕਲਾ ਦਾ ਪ੍ਰਭਾਵ ਆਇਆ, ਜਿਸਦੀ ਸ਼ਕਤੀ ਵਰਤਮਾਨ ਵਿੱਚ ਵੀ ਸਹਾਈ ਹੋਈ ਹੈ। ਇਤਿਹਾਸਕ ਲਿਖਤ ਵਾਸਤੇ ਇਤਿਹਾਸਕਾਰ ਲਿਖਤ ਲਈ ਮੁੱਢਲੇ ਅਤੇ ਉੱਚ ਸਰੋਤਾਂ ਦੀ ਖੋਜ ਅਤੇ ਸਬੂਤ ਇੱਕਠੇ ਕਰਦੇ ਹਨ। ਮੁੱਢਲੇ ਸਰੋਤ ਦਸਤਾਵੇਜ਼, ਕਲਾਕ੍ਰਿਤੀਆਂ ਹਨ, ਜਿਸਦੀ ਜਾਂਚ ਹੁੰਦੀ ਹੈ ਜਿਵੇਂ ਡਾਇਰੀਆਂ, ਜੰਤਰੀਆਂ, ਚਿੱਠੀਆਂ, ਫੋਟੋਆਂ, ਅਖ਼ਬਾਰੀ ਲਿਖਤਾਂ ਆਦਿ। ਉੱਚ ਪੱਧਰ ਦੀ ਸਰੋਤ ਵਿਆਖਿਆ ਹੁੰਦੀ ਹੈ। ਜਿਵੇਂ ਇਤਿਹਾਸ ਦੀਆਂ ਲਿਖੀਆਂ ਪੁਸਤਕਾਂ ਦੇ ਲੇਖ। ਇਤਿਹਾਸਕਾਰ ਨੂੰ ਸਾਰੇ ਸਰੋਤਾਂ ਦੀ ਭਰੋਸੇਯੋਗਤਾ, ਸਬੂਤ ਅਤੇ ਸ਼ੁੱਧਤਾ ਦਾ ਮੁਲਾਂਕਣ ਕਰਨ ਵਿੱਚ ਮਾਹਿਰ ਹੋਣਾ ਚਾਹੀਦਾ ਹੈ।

ਇਤਿਹਾਸਕਾਰ ਦੀ ਰੁਚੀ, ਸਮਝ, ਤਜ਼ਰਬਾ, ਜਾਣਕਾਰੀ ਸ਼ੁੱਧਤਾ, ਭਰੋਸਾ, ਸੁਧਾਰ ਅਤੇ ਘਟਨਾਵਾਂ ਦੀ ਬਿਹਤਰ ਸਮਝ ਹੀ ਸਮਾਜ ਨੂੰ ਸਾਰਥਿਕ ਸੇਧ ਦੇ ਸਕਦੀ ਹੈ ਤਾਂ ਹੀ ਉਸਦਾ ਯਤਨ ਲਾਭਕਾਰੀ ਹੋਵੇਗਾ। ਤੱਥਾਂ ਅੰਕੜਿਆਂ ਦੀ ਭਰੋਸੇਯੋਗਤਾ ਨੂੰ ਯਕੀਨੀ ਬਿਰਤਾਂਤ ਪ੍ਰਦਾਨ ਕਰਨਾ ਜ਼ਰੂਰੀ ਹੈ। ਇਤਿਹਾਸ ਦੀ ਡੂੰਘੀ ਖੋਜ਼ ਸਮਝ ਅਤੀਤ ਅਤੇ ਵਰਤਮਾਨ ਦੇ ਪ੍ਰਭਾਵ ਦੀ ਤੁਲਨਾ ਬਰਾਬਰਤਾ ਬਣਾਉਂਦੀ ਹੈ। ਇਤਿਹਾਸ ਦੀ ਖੋਜ਼ ਇੱਕ ਚੁਣੌਤੀ ਭਰਿਆ ਸਮਾਂ ਅਤੇ ਪੈਸੇ ਦਾ ਖ਼ਰਚੀਲਾ ਕਾਰਜ ਹੈ। ਮੇਰੇ ਵਰਗੇ ਦੇ ਸਰੋਤ ਸੀਮਤ ਹਨ। ਉਪਰੰਤ ਖੋਜ਼ ਦੇ ਵਿਸ਼ੇ ਲੱਭਣੇ ਪੈਂਦੇ ਹਨ। ਉਹਨਾਂ ਨੂੰ ਪ੍ਰਾਪਤ ਕਰ ਲੈਣਾ ਵੀ ਇਤਿਹਾਸਕਾਰ ਲਈ ਵੱਡਾ ਸੰਘਰਸ਼ ਹੈ। ਉਮਦਾ ਰਚਨਾ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ। ਉਪਰੰਤ ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ ਵੀ ਬਹੁਤ ਸਮਾਂ ਲੈਂਦਾ ਹੈ। ਲਿਖਣ ਬੈਠਿਆਂ ਸਮੇਂ ਦਾ ਪਤਾ ਹੀ ਨਹੀਂ ਲੱਗਦਾ। ਰੋਟੀ ਖਾਣੀ ਵੀ ਭੁੱਲ ਜਾਂਦੀ ਹੈ। ਇਤਿਹਾਸਕਾਰ ਨੂੰ ਫਿਰ ਵੀ ਜਾਣਕਾਰੀ ਦੀ ਘਾਟ ਅਸ਼ੁੱਧੀਆਂ ਦੀ ਸੰਭਾਵਨਾ ਤੋਂ ਸੁਚੇਤ ਹੋਣਾ ਪੈਂਦਾ ਹੈ। ਘਟਨਾਵਾਂ ਦੀ ਗਲਤ ਵਿਆਖਿਆ ਦੇ ਗਲਤ ਸਿੱਟੇ ਨਿਕਲ ਸਕਦੇ ਹਨ ਜੋ ਸਮਾਜ ਨੂੰ ਬੁਰਾ ਪ੍ਰਭਾਵਤ ਕਰ ਸਕਦੇ ਹਨ। ਨਿਰੋਪਲ ਵਿਸ਼ੇ 'ਤੇ ਭਰਪੂਰ ਜਾਣਕਾਰੀ ਦੇਣਾ ਇਤਿਹਾਸਕਾਰ ਦਾ ਫ਼ਰਜ਼ ਹੈ।

ਅੰਤਿਕਾ : ਇਤਿਹਾਸਕਾਰ ਨੂੰ ਆਪਣੇ ਵਿਸ਼ੇ ਦੀ ਡੂੰਘੀ ਅਤੇ ਪੁਖ਼ਤਾ ਜਾਣਕਾਰੀ ਹੋਣੀ ਚਾਹੀਦੀ ਹੈ। ਇੱਕਠੇ ਕੀਤੇ ਸਬੂਤਾਂ ਦੀ ਜਾਂਚ ਅਤੇ ਸਿੱਟੇ ਕੱਢਣਾ ਦੀ ਅੰਤਿਕਾ ਵਿੱਚ ਵਿਆਖਿਆ ਕਰਨੀ ਚਾਹੀਦੀ ਹੈ। ਭਾਵ ਕੇਂਦਰੀ ਭਾਵ ਨੂੰ ਹੋਰ ਸਪਸ਼ਟਾ ਕਰਨਾ ਚਾਹੀਦਾ ਹੈ, ਜੋ ਮਾਰਗ ਦਰਸ਼ਕ ਹੋਵੇ। ਪਾਠਕ ਨੂੰ ਉਤਸ਼ਾਹਿਤ ਕਰੇ। ਇਸ ਮਾਰਗ ਦਰਸ਼ਕ ਦਾ ਸਮਾਜ 'ਤੇ ਪੈਂਦੇ ਪ੍ਰਭਾਵ ਨੂੰ ਧਿਆਨ ਵਿੱਚ ਰੱਖਣਾਂ ਚਾਹੀਦਾ ਹੈ। ਇਤਿਹਾਸਕਾਰ ਨੂੰ ਤਾਰੀਖਾਂ ਜਾਂ ਕਿਸੇ ਪੱਖਪਾਤ, ਅਸ਼ੁੱਧੀਆਂ ਦੀ ਪਛਾਣ ਹੋਣੀ ਚਾਹੀਦੀ ਹੈ।

ਮੇਰੇ ਲੇਖਾਂ ਦੀ ਅੰਤਿਕਾ ਦੇ ਕੁਝ ਵੇਰਵੇ ਦਰਜ ਹਨ, ਜਿਸ ਨਾਲ ਵਿਸ਼ੇ ਨੂੰ ਹੋਰ ਸਪਸ਼ਟ ਕਰਨ ਦੀ ਕੋਸ਼ਿਸ਼ ਹੈ।

1: ਭਗਤੀ ਲਹਿਰ ਅਤੇ ਸਿੱਖ ਧਰਮ ਬਾਰੇ ਲਿਖਿਆ ਹੈ ਕਿ ਸਿੱਖ ਧਰਮ ਦੀ ਨੀਂਹ ਸਤਿ 'ਤੇ ਰੱਖੀ ਗਈ ਹੈ। ਸਿੱਖ ਗੁਰੂਆਂ ਦਾ ਉਪਦੇਸ਼ ਸਾਨੂੰ ਗੁਰੂ ਗਰੰਥ ਸਾਹਿਬ ਜੀ ਵਿਚੋਂ ਮਿਲਦਾ ਹੈ। ਗੁਰੂ ਗਰੰਥ ਸਾਹਿਬ ਜੀ ਸਦੀਵੀ ਗੁਰੂ ਹਨ। ਇੱਕ ਅਧਿਆਤਮਕ ਭਾਵਨਾ, ਚਿੰਤਨ ਅਤੇ ਦ੍ਰਿਸ਼ਟੀਕੋਨ ਤੋਂ ਵਿਸ਼ਵ ਵਿਆਪੀ ਹੈ।

ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸਿੱਖ ਪੰਥ ਨੂੰ ਗੁਰੂ ਗਰੰਥ ਸਾਹਿਬ ਜੀ ਦੇ ਲੜ ਲਾਇਆ। ਸਬ ਸਿੱਖਣ ਕੋ ਹੁਕਮ ਹੈ, ਗੁਰੂ ਮਾਨਯੋ ਗ੍ਰੰਥ। ਸ਼ਬਦ ਗੁਰੂ ਨਾਲ ਜੋੜ ਕੇ ਦੇਹਧਾਰੀ ਪ੍ਰਥਾ ਨੂੰ ਖਤਮ ਕੀਤਾ। ਗੁਰਬਾਣੀ ਦਾ ਉਪਦੇਸ਼ ਨਿਰੰਕਾਰ ਨਾਲ ਜੁੜਨ ਦੀ ਜਾਂਚ ਸਿਖਾਉਂਦਾ ਹੈ। ਇਹ ਸਿੱਖ ਧਰਮ ਦਾ ਕੇਂਦਰੀ ਧੁਰਾ ਹੈ।

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪਹਿਲੇ ਪੰਜ ਗੁਰੂ ਸਾਹਿਬਾਨ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨਾਲ ਹੋਰ ਭਗਤਾਂ, ਭੱਟਾਂ ਅਤੇ ਸਿੱਖ ਬਾਣੀਕਾਰਾਂ ਦੀ ਬਾਣੀ ਦਰਜ ਕਰਕੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਦਿ ਗ੍ਰੰਥ ਨੂੰ ਗੁਰੂ ਗਰੰਥ ਸਾਹਿਬ ਜੀ ਦਾ ਦਰਜਾ ਦਿੱਤਾ। ਪਵਿੱਤਰ ਬਾਣੀ, ਰੱਬ ਵਿੱਚ ਵਿਸ਼ਵਾਸ ਰੱਖ ਕੇ ਉਸਦਾ ਨਾਮ ਜਪਣਾ ਹੈ। ਆਪਸੀ ਮੇਲ ਜੋਲ ਵਿੱਚ ਰਹਿਣਾ। ਨਿੱਜ ਸਵਾਰਥ ਤੋਂ ਉੱਪਰ ਉੱਠ ਕੇ ਮਨੁੱਢਤਾ ਦੀ ਸੇਵਾ ਕਰਨੀ। ਨੈਤਿਕ ਜੀਵਨ ਜਿਉਣਾ, ਹੱਕ, ਸੱਚ ਲਈ ਜੂਝ ਜਾਣਾ, ਸਰਬਤ ਦਾ ਭਲਾ ਸੰਗਤਾਂ ਦਾ ਉਪਦੇਸ਼ ਹੈ। ਭਗਤੀ ਲਹਿਰ ਦਾ ਪ੍ਰਭਾਵ ਅਤੇ ਸਿੱਖ ਧਰਮ ਦਾ ਪ੍ਰਭਾਵ ਵਿਸ਼ਵ ਧਰਮਾਂ ਤੇ ਹੈ। ਇਹ ਇੱਕ ਧਾਰਮਿਕ ਜਾਗ੍ਰਿਤੀ ਦੀ ਲਹਿਰ ਹੈ।

2. ਹੇ ਭਾਈ! ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਂਕ ਹੈ ਤਾਂ ਆਪਣਾਂ ਸਿਰ ਤਲੀ ਉੱਤੇ ਰੱਖ ਕੇ ਮੇਰੀ ਗਲੀ ਵਿੱਚ ਲੋਕ ਲਾਜ ਛੱਡ ਕੇ ਹਉਮੈ ਦੂਰ ਕਰਕੇ ਆ। ਪ੍ਰਭੂ ਪ੍ਰੀਤ ਦੇ ਇਸ ਰਸਤੇ ਉੱਤੇ ਤਦੋਂ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਟਾ ਕੀਤਾ ਜਾਵੇ। ਪਰ ਕੋਈ ਝਿਜਕ ਨਾ ਕੀਤੀ ਜਾਵੇ। ਜਦੋਂ ਬਿਨਾਂ ਝਿਜਕ ਦੇ ਲੋਕ ਲਾਜ ਅਤੇ ਹਉਮੈ ਛੱਡੀ ਜਾਵੇ।

3. ਜੋ ਮਨੁੱਖ ਇਸ ਜਗਤ ਰੂਪ ਰਣ ਭੂਮੀ ਵਿੱਚ ਦਲੇਰ ਹੋ ਕੇ ਵਿਕਾਰਾਂ ਦੇ ਟਾਕਰੇ ਤੇ ਅੜ ਖਲੋਤਾ ਹੈ। ਤੇ ਇਹ ਸਮਝਦਾ ਹੈ ਕਿ ਇਹ ਮਨੁੱਖਾ ਜੀਵਨ ਹੀ ਮੌਕਾ ਹੈ ਜਦੋਂ ਇਹਨਾਂ ਨਾਲ ਲੜਿਆ ਜਾ ਸਕਦਾ ਹੈ। ਉਹ ਹੈ ਅਸਲ ਸੂਰਮਾ ਉਸਦੇ ਦਸਮ ਦੁਆਰ ਵਿੱਚ ਧੌਂਸਾ ਵੱਜਦਾ ਹੈ। ਉਸਦੇ ਨਿਸ਼ਾਨੇ 'ਤੇ ਚੋਟ ਪੈਂਦੀ ਹੈ। ਭਾਵ ਉਸਦਾ ਮਨ ਪ੍ਰਭੂ ਚਰਨਾਂ ਵਿੱਚ ਉੱਚੀਆਂ ਉਡਾਰੀਆਂ ਲਾਉਂਦਾ ਹੈ। ਜਿਥੇ ਕਿਸੇ ਵਿਕਾਰ ਦੀ ਸੁਣਵਾਈ ਹੀ ਨਹੀਂ ਹੋ ਸਕਦੀ। ਉਸਦੇ ਹਿਰਦੇ ਵਿੱਚ ਪ੍ਰਭੂ ਚਰਨਾਂ ਵਿੱਚ ਜੁੜੇ ਰਹਿਣ ਦੀ ਧੂਹ ਪੈਂਦੀ ਹੈ। ਹਾਂ ਇੱਕ ਹੋਰ ਵੀ ਸੂਰਮਾ ਹੈ, ਉਸ ਮਨੁੱਖ ਨੂੰ ਵੀ ਸੂਰਮਾ ਹੀ ਸਮਝਣਾ ਚਾਹੀਦਾ ਹੈ ਜੋ ਗਰੀਬਾਂ ਦੀ ਖਾਤਰ ਲੜਦਾ ਹੈ। ਗਰੀਬਾਂ ਵਾਸਤੇ ਲੜਦਾ ਲੜਦਾ ਟੋਟੇ ਟੋਟੇ ਹੋ ਮਰਦਾ ਹੈ। ਪਰ ਲੜਾਈ ਦਾ ਮੈਦਾਨ ਕਦੇ ਵੀ ਨਹੀਂ ਛੱਡਦਾ। ਪੈਰ ਪਿਛਾਂਹ ਨਹੀਂ ਹਟਾਉਂਦਾ। ਆਪਣੀ ਜਿੰਦ ਬਚਾਉਣ ਦੀ ਖਾਤਰ , ਗਰੀਬ ਦੀ ਫੜੀ ਹੋਈ ਬਾਂਹ ਨਹੀਂ ਛੱਡਦਾ।

ਗੁਰੂ ਨਾਨਕ ਦੇਵ ਜੀ ਨੇ ਜਾਤ ਪਾਤ ਦੇ ਭੇਦ ਭਾਵ ਨੂੰ ਮਿਟਾਉਣ ਲਈ ਲੰਗਰ ਪ੍ਰਥਾ ਸ਼ੁਰੂ ਕੀਤੀ। ਲੰਗਰ ਵਿੱਚ ਸਾਰੀਆਂ ਜਾਤਾਂ ਦੇ ਲੋਕ ਇੱਕਠੇ ਹੋ ਕੇ ਬੈਠਦੇ ਅਤੇ ਲੰਗਰ ਛੱਕਦੇ। ਗੁਰੂ ਅਮਰਦਾਸ ਸਾਹਿਬ ਜੀ ਨੇ ਗੁਰੂ ਦਰਬਾਰ ਵਿੱਚ ਆਉਣ ਤੋਂ ਪਹਿਲਾਂ ਪੰਗਤ ਵਿੱਚ ਬੈਠ ਕੇ ਲੰਗਰ ਛੱਕਣਾ ਲਾਜਮੀ ਕਰ ਦਿੱਤਾ। ਇੱਥੋਂ ਤੱਕ ਕਿ ਮੁਗਲ ਬਾਦਸ਼ਾਹ ਅਕਬਰ ਨੇ ਵੀ ਗੁਰ ਦਰਸ਼ਨਾਂ ਤੋਂ ਪਹਿਲਾਂ ਪੰਗਤ ਵਿੱਚ ਬੈਠ ਕੇ ਸੰਗਤਾਂ ਨਾਲ ਗੁਰੂ ਕਾ ਲੰਗਰ ਛਕਿਆ।

ਗੁਰੂ ਹਰਿ ਰਾਇ ਸਾਹਿਬ ਜੀ ਦਾ ਦਾਰਾ ਸ਼ਕੋਅ ਨਾਲ ਵੱਧਦਾ ਮੇਲ ਵੇਖ ਕੇ ਮੁਗਲ ਬਾਦਸ਼ਾਹ ਔਰੰਗਜੇਬ ਨੇ ਬਹਾਨੇ ਨਾਲ ਕਿ ਤੁਹਾਡੇ ਧਰਮ ਗ੍ਰੰਥ ਨੂੰ ਵਾਚਣਾ ਹੈ, ਤਲਬ ਕਰ ਲਿਆ। ਗੁਰੂ ਜੀ ਨੇ ਆਪਣੇ ਵੱਡੇ ਸਪੁੱਤਰ ਰਾਮ ਰਾਇ ਜੀ ਨੂੰ ਭੇਜ ਦਿੱਤਾ। ਜਦ ਬਾਦਸ਼ਾਹ ਨੇ ਕਿਹਾ ਕਿ ਗ੍ਰੰਥ ਵਿੱਚ ਦਰਜ ਹੈ ਕਿ ਮਿੱਟੀ ਮੁਸਲਮਾਨ ਕੀ ਪੇੜੇ ਪਈ ਕੁਮਿਆਰ ॥ ਘੜਿ ਭਾਂਡੇ ਇੱਟਾਂ ਕੀਤਾ ਜਲਦੀ ਕਰੇ ਪੁਕਾਰ ॥ ਇਹ ਇਸਲਾਮ ਧਰਮ ਦੀ ਸਿੱਧੀ ਨਿਰਾਦਰੀ ਨਹੀਂ ਹੈ ? ਬਾਦਸ਼ਾਹ ਨਾਲ ਬਣਦਾ ਰਸੂਖ ਜਾਣ ਕੇ ਕਹਿ ਦਿੱਤਾ ਕਿ ਮਿੱਟੀ ਮੁਸਲਮਾਨ ਕੀ ਨਹੀਂ, ਮਿੱਟੀ ਬੇਈਮਾਨ ਕੀ ਹੈ। ਬਾਦਸ਼ਾਹ ਨੇ ਉਸਦੀ ਚਤੁਰਤਾ ਤੋਂ ਖੁਸ਼ ਹੋ ਕੇ ਦੂਨ ਦਾ ਇਲਾਕਾ ਜਗੀਰ ਵਿੱਚ ਦੇ ਦਿੱਤਾ। ਜਦੋਂ ਗੁਰੂ ਹਰਿ ਰਾਏ ਸਾਹਿਬ ਨੂੰ ਰਾਮ ਰਾਇ ਜੀ ਦੀ ਚਤੁਰਤਾ ਅਤੇ ਕਮਜੋਰੀ ਦਾ ਪਤਾ ਚਲਿਆ ਤਾਂ ਉਹਨਾਂ ਦਾ ਮਨ ਬੜਾ ਉਚਾਟ ਹੋਇਆ। ਗੁਰੂ ਸਾਹਿਬ ਅਸੂਲਾਂ ਵਿੱਚ ਦ੍ਰਿੜ ਇਰਾਦੇ ਵਾਲੇ ਸਨ। ਉਹਨਾਂ ਫੈਸਲਾ ਕਰ ਲਿਆ ਕਿ ਰਾਮ ਰਾਇ ਜੀ ਗੁਰਗੱਦੀ ਦੇ ਲਾਇਕ ਨਹੀਂ ਹਨ। ਅਕਤੂਬਰ 20,1666 ਨੂੰ ਆਪਣੇ ਛੋਟੇ ਸਾਹਿਬਜ਼ਾਦੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ ਸੰਭਾਲ ਦਿੱਤੀ।

ਰਾਜਾ ਜੈ ਸਿੰਘ ਦੀ ਰਾਣੀ ਨੂੰ ਤੋਖਲਾ ਹੋਇਆ ਕਿ ਏਨਾ ਛੋਟਾ ਬਾਲਕ ਗੁਰੂ ਕਿਵੇਂ ਹੋ ਸਕਦਾ ਹੈ ? ਜੇਕਰ ਸਮਰਥ ਗੁਰੂ ਹੈ ਤਾਂ ਦਸ ਦੇਵੇ ਕਿ ਸਵਾਗਤ ਕਰਨ ਵਾਲਿਆਂ ਵਿੱਚ ਮੈਂ ਕਿਥੇ ਹਾਂ ? ਗੁਰੂ ਸਾਹਿਬ ਨੇ ਸਾਰੀਆਂ ਗੋਲੀਆਂ ਸਹੇਲੀਆਂ ਨੂੰ ਵੇਖ ਕੇ ਡੀਲ ਡੋਲ ਤੋਂ ਗੋਲੀ ਬਣੀ ਹੋਈ ਰਾਣੀ ਨੂੰ ਪਛਾਣ ਲਿਆ । ਇਹ ਭਰਮ ਦੂਰ ਕੀਤਾ ਕਿ ਗੁਰੂ ਜੋਤਿ ਨੂੰ ਸਰੀਰ ਜਾਂ ਉਮਰ ਪਖੋਂ ਨਹੀਂ ਪਛਾਨਿਆਂ ਜਾ ਸਕਦਾ।

ਸਿੱਖ ਕੌਮ ਦਾ ਜੰਗਾਂ ਅਤੇ ਸ਼ਹੀਦੀਆਂ ਦਾ ਲੰਬਾ ਇਤਿਹਾਸ ਹੈ। ਕਾਜੀ ਨੂਰ ਮੁਹੰਮਦ ਸਿੱਖਾਂ ਦੀ ਬਹਾਦਰੀ ਦੇ ਇਤਿਹਾਸ ਤੋਂ ਪ੍ਰਭਾਵਿਤ ਹੋ ਕੇ ਲਿਖਦਾ ਹੈ।

ਅਜਾ ਪਸ ਬਗੁਰਦੰਦ ਰੂਪਸ ਕੁਨੰਦ,
ਅਗਰ ਆਬ ਬਾਸ਼ਦ ਦਰ ਆਤਿਸ਼ ਜਨੰਦ।

ਪਾਣੀ ਨੂੰ ਅੱਗ ਨਹੀਂ ਲੱਗ ਸਕਦੀ। ਇਹ ਕੁਦਰਤ ਦਾ ਸਿੱਧਾਂਤ ਹੈ। ਇਹ ਨਾਮੁਮਕਿਨ ਹੈ। ਕਾਜੀ ਨੂਰ ਮੁਹੰਮਦ ਨੇ ਜਦੋਂ ਖ਼ਾਲਸੇ ਦੀ ਸੂਰਬੀਰਤਾ ਦੇ ਜੌਹਰ ਵੇਖੇ ਤਾਂ ਕਹਿ ਉੱਠਿਆ ਕਿ ਸੰਸਾਰ ਦੇ ਲੋਕੋ ਮੈਂ ਜੰਗੇ ਮੈਦਾਨ ਅੱਖੀਂ ਡਿੱਠਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਨੇ ਪਾਣੀ ਨੂੰ ਵੀ ਅੱਗ ਲਗਾ ਕੇ ਰੱਖ ਦਿੱਤੀ। ਆਪਣੇ ਅਜੀਬ ਜੰਗੀ ਪੈਂਤੜਿਆਂ ਨਾਲ ਜਦੋਂ ਖ਼ਾਲਸਾ ਦੁਸ਼ਮਣ ਨੂੰ ਘੇਰ ਲੈਂਦਾ ਅਤੇ ਫਿਰ ਘਿਰੇ ਹੋਏ ਦੁਸ਼ਮਣ 'ਤੇ ਇਹਨਾਂ ਦਲੇਰੀ ਅਤੇ ਤਾਕਤ ਨਾਲ ਵਾਰ ਕਰਦਾ ਹੈ ਕਿ ਦੁਸ਼ਮਣ ਦਾ ਸਫਾਇਆ ਕਰਕੇ ਰੱਖ ਦਿੰਦਾ ਹੈ। ਹਮਲਾ ਏਨਾ ਸ਼ਕਤੀਸ਼ਾਲੀ ਹੁੰਦਾ ਹੈ ਕਿ ਜੇ ਉਸ ਵੇਲੇ ਪਾਣੀ ਵੀ ਸਾਹਮਣੇ ਆ ਜਾਵੇ ਤਾਂ ਉਸ ਨੂੰ ਵੀ ਅੱਗ ਲਗਾ ਕੇ ਰੱਖ ਦਿੰਦਾ ਹੈ। ਗੈਰ ਮੁਮਕਿਨ ਨੂੰ ਮੁਮਕਿਨ ਬਣਾਂ ਕੇ ਰੱਖ ਦਿੰਦਾ ਹੈ।

ਮਈ 1839 ਨੂੰ ਮਹਾਰਾਜਾ ਰਣਜੀਤ ਸਿੰਘ ਨੂੰ ਅਧਰੰਗ ਦਾ ਸਖਤ ਦੌਰਾ ਪਿਆ। ਰੋਗ ਵੱਧਦਾ ਗਿਆ । ਮਹਾਰਾਜਾ ਨੇ ਸਭ ਮੁਹਤਬਰਾਂ ਤੇ ਅਹਿਲਕਾਰਾਂ ਨੂੰ ਬੁਲਾ ਕੇ ਹਜੂਰੀ ਬਾਗ ਵਿੱਚ ਆਪਣਾ ਆਖਰੀ ਦਰਬਾਰ ਕੀਤਾ। ਸ਼ਹਿਜ਼ਾਦਾ ਖੜਕ ਸਿੰਘ ਨੂੰ ਰਾਜਗੱਦੀ ਸੌਂਪਣ ਦੀ ਰਸਮ ਪੂਰੀ ਕੀਤੀ ਗਈ। ਮੁੱਖ ਵਜੀਰ ਰਾਜਾ ਧਿਆਨ ਸਿੰਘ ਨੂੰ ਬਣਾਇਆ। ਮਹਾਰਾਜਾ ਦੇ ਬੋਲ ਸਨ ਕਿ ਖਾਲਸਾ ਜੀ ਸਿੱਖ ਰਾਜ ਦੀ ਵਾੜੀ ਨੂੰ ਬੜੀ ਮਿਹਨਤ ਅਤੇ ਮੁਸ਼ਕਲ ਨਾਲ ਸਤਿਗੁਰੂ ਦੀ ਬਖ਼ਸ਼ਿਸ਼ ਨਾਲ ਲਾਇਆ ਹੈ। ਵੇਖਣਾ ਕੋਈ ਐਸਾ ਕੰਮ ਨਾ ਕਰਨਾ ਕਿ ਖ਼ਾਲਸਾ ਰਾਜ ਨੂੰ ਨੁਕਸਾਨ ਪਹੁੰਚੇ। ਖ਼ਾਲਸਾਈ ਨਿਸ਼ਾਨ ਨੂੰ ਉਚਿਆਂ ਰੱਖਣ ਲਈ ਜੋਰ ਲਾਉਣਾ। ਮਹਾਰਾਜਾ ਦਾ ਅਕਾਲ ਚਲਾਣਾ 27 ਜੂਨ 1839 ਨੂੰ ਹੋਇਆ।

ਇਨਕਲਾਬ ਦਾ ਮਤਲਬ ਨਿਰੀ ਉੱਥਲ ਪੁੱਥਲ ਨਹੀਂ। ਇਨਕਲਾਬ ਦਾ ਭਾਵ ਮੌਜੂਦਾ ਰਾਜ ਪ੍ਰਬੰਧ ਨੂੰ ਪੂਰੀ ਤਰਾਂ ਤਬਾਹ ਕਰਕੇ ਸਮਾਜ ਦੀ ਨਵੇਂ ਆਧਾਰ ਉੱਤੇ ਕੀਤੀ ਜਾਣ ਵਾਲੀ ਬਕਾਇਦਾ ਪੁਨਰ ਉਸਾਰੀ ਦੇ ਪ੍ਰੋਗਰਾਮ ਤੋਂ ਹੁੰਦੀ ਹੈ।

ਇਹ ਜ਼ਰੂਰੀ ਨਹੀਂ ਕਿ ਬੰਬਾਂ ਤੇ ਪਿਸਤੋਲਾਂ ਵਾਲਾ ਆਦਮੀ ਹੀ ਇਨਕਲਾਬੀ ਹੋਵੇ।

ਪਿਸਤੋਲ ਬੰਬ ਇਨਕਲਾਬ ਨਹੀਂ ਲਿਆਉਂਦੇ, ਸਗੋਂ ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ 'ਤੇ ਤੇਜ਼ ਹੁੰਦੀ ਹੈ। ਅਸੀਂ ਨੌਜਵਾਨਾਂ ਨੂੰ ਬੰਬ ਤੇ ਪਿਸਤੋਲ ਚੁੱਕਣ ਦੀ ਸਲਾਹ ਨਹੀਂ ਦੇ ਸਕਦੇ। ਵਿਦਿਆਰਥੀਆਂ ਦੇ ਕਰਨ ਲਈ ਇਸ ਤੋਂ ਜ਼ਿਆਦਾ ਵੱਡੇ ਕੰਮ ਹਨ।

ਅਸੀਂ ਇਨਕਲਾਬ ਨੂੰ ਸਦਾ ਅਤੇ ਹਰ ਮੌਕੇ 'ਤੇ ਹਥਿਆਰਬੰਦ ਇਨਕਲਾਬ ਦੇ ਮਤਲਬ ਨਾਲ ਨਹੀਂ ਜੋੜਦੇ। ਇਨਕਲਾਬ ਸਿਰਫ਼ ਬੰਬਾ ਪਿਸਤੋਲਾਂ ਨਾਲ ਹੀ ਅਕੀਦਤ ਨਹੀਂ ਰੱਖਦਾ, ਬਲਕਿ ਇਹ ਬੰਬ ਤੇ ਪਿਸਤੋਲ ਤਾਂ ਕਦੀ ਕਦਾਂਈ ਇਸ ਇਨਕਲਾਬ ਦੇ ਵੱਖ ਵੱਖ ਹਿਸਿਆਂ ਦੀ ਪੂਰਤੀ ਲਈ ਇੱਕ ਸਾਧਨ ਬਣਦੇ ਹਨ। ਇਨਕਲਾਬ ਤਾਂ ਸਿਰਫ਼ ਲਗਾਤਾਰ ਕੰਮ ਕਰਨ, ਕੁਰਬਾਨੀਆਂ ਕਰਨ ਤੇ ਲਗਾਤਾਰ ਮੁਸੀਬਤਾਂ ਝੱਲਣ ਨਾਲ ਹੀ ਪੈਦਾ ਕੀਤਾ ਜਾ ਸਕਦਾ ਹੈ ਅਤੇ ਕੀਤਾ ਜਾਵੇਗਾ। ਸ਼ਹੀਦ ਭਗਤ ਸਿੰਘ ਦੇ ਇਨਕਲਾਬ ਦੇ ਪ੍ਰਤੀ ਵਿਚਾਰ ਹਨ।

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖਾਲੀਆਂ ਨੇ,
ਜਿੰਨ੍ਹਾਂ ਦੇਸ਼ ਦੀ ਸੇਵਾ ਵਿੱਚ ਪੈਰ ਪਾਇਆ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ- ਕਰਤਾਰ ਸਿੰਘ ਸਰਾਭਾ

ਮੇਰੀ ਲੇਖਣੀ ਦੇ ਸਫ਼ਰ ਵਿੱਚ ਹੇਠ ਲਿਖੀਆਂ ਪੁਸਤਕਾਂ ਹਨ

ਗਿੰਨੀ ਸਿਮ੍ਰਤੀ ਗ੍ਰੰਥ ਸੰਪਾਦਨ 2004
ਸੜਕ ਰੰਗ ਤਸਵੀਰਾਂ ਕਾਵਿ ਸੰਗ੍ਰਹਿ 2013
ਬੇੜੀ ਮਲਾਹ ਮੀਲਪੱਥਰ ਕਾਵਿ ਸੰਗ੍ਰਹਿ 2015
ਲੋਕ ਰੰਗ ਸੋਚ ਕਾਵਿ ਸੰਗ੍ਰਹਿ 2017
ਚੋਣਵੀਆਂ ਇਤਿਹਾਸਕ ਰਚਨਾਵਾਂ ਵਾਰਤਕ 2018
ਚੋਣਵੇਂ ਇਤਿਹਾਸਕ ਲੇਖ ਵਾਰਤਕ 2022

ਛਪਾਈ ਅਧੀਨ : ਸੰਭਾਲ ਇਤਿਹਾਸ ਦੀ, ਬਾਈ ਵਾਰਾਂ, ਸ਼ਹੀਦ ਭਗਤ ਸਿੰਘ ਚਿੰਤਕ, ਇੰਗਲਿਸ਼ ਪੋਇਟਰੀ। ਹੱਥਲੇ ਲੇਖ ਵਿੱਚ ਇਤਿਹਾਸ ਬਾਰੇ ਜੋ ਮੈਂ ਲਿਖਿਆ ਹੈ ਕਿ ਉਸਦੀ ਰੌਸ਼ਨੀ ਵਿੱਚ ਹੈ ਕਿ ਮੈਂ ਜਿਆਦਾ ਕਰਕੇ ਕਵਿਤਾ ਲਿਖਦਾ ਸੀ। ਤਿੰਨ ਕਾਵਿ ਸੰਗ੍ਰਹਿ ਛੱਪੇ ਹਨ। ਮੈਂ ਵਾਰਤਿਕ ਵੀ ਲਿੱਖਦਾ ਸੀ ਪਰ ਘੱਟ ਹੀ। ਪੰਜਾਬ ਰਹਿੰਦੇ ਸਮੇਂ ਮੇਰੀ ਰਚਨਾਵਾਂ ਕਵਿਤਾ ਅਤੇ ਲੇਖ ਅਖ਼ਬਾਰਾਂ ਵਿੱਚ ਛਪਦੇ ਸਨ। ਸਰਕਾਰੀ ਨੌਕਰੀ ਵਿੱਚ ਮਨਿਸ਼ਟਰੀ ਆਫ਼ ਐਗਰੀਕਲਚਰ ਐਂਡ ਕਰੈਡਿਟ ਡਵੀਜ਼ਨ ਦੇ ਮਹਿਕਮੇ ਵਿੱਚ ਜ਼ਿਲ੍ਹਾ ਪੱਧਰ 'ਤੇ ਤਾਇਨਾਤ ਰਿਹਾ। ਦਫਤਰੀ ਕੰਮ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਹੁੰਦਾ ਸੀ ਕਿਉਂਕਿ ਕੇਂਦਰ ਦੀ ਸਕੀਤ ਸੀ। ਯੋਜਨਾਵਾਂ ਬਨਾਉਣਾਂ ਅਤੇ ਲਾਭ ਪਾਤਰਾਂ ਨੂੰ ਜਾਣਕਾਰੀ ਮੁਹਈਆ ਕਰਨ ਲਈ ਲਿਖਦਾ ਸੀ। ਰਾਜ ਦੀਆਂ ਸਕੀਮਾਂ ਦੇ ਇਸ਼ਤਿਹਾਰ ਲਿਖ ਕੇ ਅਖ਼ਬਾਰਾਂ ਵਿੱਚ ਭੇਜਣੇ। ਦੂਰਦਰਸ਼ਨ ਨੂੰ ਇਸ਼ਤਿਹਾਰ ਭੇਜਦਾ ਸੀ। ਰਾਜ ਪੱਧਰ 'ਤੇ ਮਹਿਕਮੇ ਦੀ ਰਾਜ ਪੱਧਰੀ ਜਥੇਬੰਦੀ ਵਿੱਚ ਪੰਜਾਬ ਰਾਜ ਦਾ ਅਮਰੀਕਾ ਆਉਣ ਤਕ 10 ਸਾਲ ਪ੍ਰਧਾਨ ਰਿਹਾ। ਜਥੇਬੰਦੀ ਦੇ ਪ੍ਰੈਸ ਨੋਟ ਖਬਰਾਂ ਅਤੇ ਜਥੇਬੰਦੀ ਦੇ ਰਾਜ ਪੱਧਰੀ ਪੱਤਰ ਵਿਹਾਰ ਕੀਤਾ ਹੈ।

11 ਅਪ੍ਰੈਲ 1994 ਨੂੰ ਅਮਰੀਕਾ ਪ੍ਰਵਾਜ਼ ਕੀਤਾ। ਮਈ 29,1997 ਨੂੰ ਮੇਰੀ ਛੋਟੀ ਬੇਟੀ ਗਿੰਨੀ ਦੀ 13 ਸਾਲ ਦੀ ਉਮਰ ਵਿੱਚ ਇੱਕ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ। ਜਦ ਉਹ ਪੈਦਲ ਸਕੂਲ ਜਾ ਰਹੀ ਸੀ। ਉਸਦੀ ਯਾਦ ਵਿੱਚ ਪਹਿਲੀ ਪੁਸਤਕ ਗਿੰਨੀ ਸ੍ਰਿਮਤੀ ਗਰੰਥ ਦੀ ਸੰਪਾਦਨਾ ਕੀਤੀ। ਉਸ ਤੋਂ ਬਾਅਦ ਲੇਖਣੀ ਨੂੰ ਹੀ ਮੈਂ ਜੀਵਨ ਦਾ ਸਹਾਰਾ ਬਣਾ ਲਿਆ। ਮੈਂ ਬਹੁਤ ਸਾਰੀਆਂ ਸਾਹਿਤਕ, ਸਭਿਆਚਾਰਕ, ਵਿਦਿਅਕ, ਸਮਾਜਿਕ, ਅਕਾਦਮਿਕ, ਧਾਰਮਿਕ, ਸੰਗੀਤਕ ਸੰਸਥਾਵਾਂ ਦੇ ਮੋਢੀ ਮੈਂਬਰਾਂ ਵਿਚੋਂ ਹਾਂ। ਪੰਜਾਬੀ ਪਬਲੀਕੇਸ਼ਨ ਟਰੱਸਟ ਅਮਰੀਕਾ ਦਾ ਮੋਢੀ ਜਨਰਲ ਸਕੱਤਰ,ਪ੍ਰਬੰਧਕ ਹਾਂ। ਜੰਗ ਸਿੰਘ ਗਿਆਨੀ ਅਜ਼ਾਦ ਜਲੰਧਰੀ ਅਭਿਨੰਦਨ ਗ੍ਰੰਥ ਦਾ ਸੰਪਾਦਕ ਹਾਂ। ਮੈਂ ਸੰਸਥਾਵਾਂ ਵਿੱਚ ਪ੍ਰੈਸ ਸਕੱਤਰ , ਜਨਰਲ ਸਕੱਤਰ ਅਤੇ ਮੰਚ ਸੰਚਾਲਕ ਰਿਹਾ ਹਾਂ। ਸੰਸਥਾਵਾਂ ਦੀਆਂ ਰਿਪੋਰਟਾਂ ਅਖ਼ਬਾਰਾਂ ਵਿੱਚ ਭੇਜ ਕੇ ਮਾਂ ਬੋਲੀ ਪੰਜਾਬੀ ਦਾ ਸੁਨੇਹਾ ਘਰ ਘਰ ਪਹੁੰਚਾਇਆ ਹੈ। ਭਾਈਚਾਰੇ ਦੀਆਂ ਖ਼ਬਰਾਂ ਦੇਸ਼ ਵਿਦੇਸ਼ ਵਿੱਚ ਭੇਜਦਾ ਹਾਂ। ਮੇਰੀਆਂ ਕਵਿਤਾਵਾਂ ਅਤੇ ਲੇਖ ਅਖ਼ਬਾਰਾਂ ਵਿੱਚ ਛੱਪਦੇ ਹਨ। ਗੁਰਦੁਆਰਾ ਸਾਹਿਬ ਫਰੀਮੌਂਟ ਵੱਲੋਂ ਮਨਾਏ ਜਾਂਦੇ ਬੱਚਿਆਂ ਦੇ ਦਿਨ ਸਮਾਗਮ ਵਿੱਚ ਕਾਵਿ ਮੁਕਾਬਲੇ ਦਾ ਜੱਜ ਹੁੰਦਾ ਹਾਂ। ਸੈਨਹੋਜੇ ਸਟੇਟ ਯੂਨੀਵਰਸਿਟੀ ਵਿੱਚ ਕਰਵਾਏ ਜਾਂਦੇ ਸੈਮੀਨਾਰਾਂ ਵਿੱਚ ਵੀ ਮੇਰੀ ਵਿਸ਼ੇਸ ਭੂਮਿਕਾ ਰਹੀ ਹੈ।

ਮੈਂ ਮੁੱਢਲੇ ਪੰਜਾਬੀ ਰੇਡੀਓ ਦਾ ਹੋਸਟ ਰਿਹਾ ਹਾਂ, ਜਿਸ ਵਿੱਚ ਗੁਰਬਾਣੀ, ਇਤਿਹਾਸ ਅਤੇ ਬੱਚਿਆਂ 'ਤੇ ਪ੍ਰੋਗਰਾਮ ਕੀਤੇ ਹਨ। ਮੁਲਾਕਤਾਂ ਕਰਵਾਈਆਂ ਅਤੇ ਖ਼ਬਰਾਂ ਵੀ ਸੁਣਾਈਆਂ। ਇਸ ਤੋਂ ਇਲਾਵਾ ਕੁਝ ਦੇਰ ਅੰਗਰੇਜ਼ੀ ਰੇਡੀਓ 'ਤੇ ਵੀ ਕੰਮ ਕੀਤਾ ਹੈ। ਅਮਰੀਕਨ ਭਾਈਚਾਰੇ ਦੇ ਪ੍ਰੋਗਰਾਮ ਵਿੱਚ ਵੀ ਸ਼ਿਰਕਤ ਕੀਤੀ ਹੈ। ਗਿੰਨੀ ਯਾਦਗਾਰੀ ਸਭਿਆਚਾਰਕ ਮੰਚ ਦਾ ਸੰਚਾਲਕ ਹਾਂ। ਮੈਂ ਅਮਰੀਕਨ ਸਕੂਲ ਵਿੱਚ ਵੀ ਪੰਜਾਬੀ ਵਿਰਸੇ ਦੇ ਪ੍ਰੋਗਰਾਮ ਕਰਵਾਏ ਹਨ ? ਜੋ ਮੇਰੇ ਵੱਲੋਂ ਹੀ ਸ਼ੁਰੂ ਕੀਤੀ ਗਏ ਸਨ। ਯੂਨੀਅਨ ਸਿਟੀ ਲਾਇਬ੍ਰੇਰੀ ਦੇ ਰਾਈਟ ਯੂਅਰ ਸਟੋਰੀ ਗਰੁੱਪ ਦਾ ਸੰਚਾਲਨ ਕਰਦਾ ਹਾਂ ਅਤੇ ਇੰਗਲਿਸ਼ ਪੋਇਟਰੀ ਨਾਲ ਸਾਂਝ ਪਾਉਂਦਾ ਹਾਂ। ਮੇਰੀ ਇੰਗਲਿਸ਼ ਪੋਇਟਰੀ ਬੁੱਕ ਛਪਾਈ ਅਧੀਨ ਹੈ। ਇਸ ਤਰਾਂ ਭਾਈਚਾਰੇ ਵਿੱਚ ਪੰਜਾਬੀ ਮਾਂ ਬੋਲੀ ਦੀ ਉਨੱਤੀ ਵਿੱਚ ਮੇਰੀ ਵਿਸ਼ੇਸ਼ ਭੂਮਿਕਾ ਰਹੀ ਹੈ। ਮੈਂ ਦੇਸ਼ ਵਿਦੇਸ਼ ਅਤੇ ਅਮਰੀਕਨ ਭਾਈਚਾਰੇ ਵੱਲੋਂ ਸਨਮਾਨਿਤ ਹੋਇਆ ਹਾਂ। ਮੁੱਖ ਤੌਰ 'ਤੇ ਮੇਰੀ ਪ੍ਰਾਪਤੀ ਇਹ ਹੈ ਕਿ ਕੈਲੀਫੋਰਨੀਆਂ ਦੇ ਬਹੁਤ ਸਾਰੇ ਗੁਰੂ ਘਰਾਂ ਵਿੱਚ ਧਾਰਮਿਕ ਕਵੀ ਦਰਬਾਰਾਂ ਦਾ ਕਈ ਵਾਰ ਸੰਚਾਲਨ ਕੀਤਾ ਹੈ। ਵਾਰਤਿਕ ਲੇਖਣੀ ਵਿੱਚ ਮੈਂ ਕਈ ਸ਼ਖ਼ਸੀਅਤਾਂ ਬਾਰੇ, ਪੁਸਤਕਾਂ ਦੇ ਮੁੱਖ ਬੰਦ ਅਤੇ ਸਮੀਖਿਆ ਕੀਤੀ ਹੈ। ਜਿਵੇਂ ਜੰਗ ਸਿੰਘ ਗਿਆਨੀ, ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ, ਹਰਭਜਨ ਸਿੰਘ ਬੈਂਸ, ਈਸ਼ਰ ਸਿੰਘ ਮੋਮਨ, ਕਮਲ ਬੰਗਾ, ਮੁਹੰਮਦ ਅਸ਼ਰਫ਼ ਗਿੱਲ, ਅਜੈਬ ਸਿੰਘ ਚੀਮਾ, ਅਵਤਾਰ ਸਿੰਘ ਮਿਸ਼ਨਰੀ, ਪ੍ਰੋ. ਸੁਰਜੀਤ ਸਿੰਘ , ਗੁਰਚਰਨ ਸਿੰਘ ਜਖਮੀ, ਮਹਿੰਦਰ ਸਿੰਘ, ਡਾ. ਆਤਮਜੀਤ ਸਿੰਘ, ਪ੍ਰੇਮ ਗੋਰਖੀ, ਸਰਦੂਲ ਕਵਾਤਰਾ, ਅਮਰ ਸਿੰਘ ਦੁਸਾਂਝ ਐਡੀਟਰ ਅਕਾਲੀ ਪਤ੍ਰਕਾ, ਮਹਿੰਦਰ ਸਿੰਘ ਮਨੁਸ਼ੀ ਹਾਕੀ ਉਲੰਪੀਅਨ, ਕਲਾਕਾਰਾਂ ਦੀਆਂ ਗੀਤਾਂ ਦੀਆਂ ਐਲਬਮਾਂ ਦੀ ਸਮੀਖਿਆ ਕੀਤੀ। ਮੋਹਨ ਦਿਵਾਨਾਂ, ਬੰਟੀ ਬਾਵਾ, ਰਾਜਿੰਦਰ , ਗੁਰੂ ਖਹਿਰਾ, ਬਾਬਾ ਸਾਇਕਲ ਵਾਲਾ, ਬਾਬਾ ਪਿੰਨੀਆਂ ਵਾਲਾ ਆਦਿ।

(ਬਾਕੀ ਸਫ਼ਾ 30 'ਤੇ)

TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035



# ਵਾਤਾਵਰਣ



## ਵਿਗੜ ਰਿਹਾ ਵਾਤਾਵਰਨ ਅਤੇ ਸਾਡੀ ਜ਼ਿੰਮੇਵਾਰੀ



**ਅਖਿਲੇਸ਼ ਆਰਯਾਂਦੂ**

ਜਦੋਂ ਤੋਂ ਪ੍ਰਦੂਸ਼ਣ ਕਾਰਨ ਸਮੱਸਿਆਵਾਂ ਵਧੀਆਂ ਹਨ, ਕੇਂਦਰ ਅਤੇ ਰਾਜ ਸਰਕਾਰਾਂ ਨੇ ਆਪਣੇ ਪੱਧਰ 'ਤੇ ਇਸ ਤੋਂ ਛੁਟਕਾਰਾ ਪਾਉਣ ਲਈ ਕਦਮ ਚੁੱਕੇ ਹਨ। ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਵਾਤਾਵਰਨ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਅਲਾਟ ਕੀਤੇ ਫੰਡਾਂ ਅਤੇ ਸਕੀਮਾਂ ਨਾਲ ਵਾਤਾਵਰਨ ਨੂੰ ਸਾਫ਼-ਸੁਥਰਾ ਬਣਾਇਆ ਜਾ ਸਕਦਾ ਹੈ?

ਇਹ ਕਹਿਣਾ ਮੁਸ਼ਕਿਲ ਹੈ ਕਿ ਪਿਛਲੇ ਤਿੰਨ ਦਹਾਕਿਆਂ ਵਿੱਚ ਮਨੁੱਖੀ ਸਭਿਅਤਾ ਦੀਆਂ ਸਾਰੀਆਂ ਗਤੀਵਿਧੀਆਂ ਅਤੇ ਵਿਕਾਸ 'ਤੇ ਵਾਤਾਵਰਣ ਪ੍ਰਦੂਸ਼ਣ ਦਾ ਕਿੰਨਾ ਪ੍ਰਭਾਵ ਪਿਆ ਹੈ। ਦਰਅਸਲ, ਇਹ ਇੱਕ ਅਜਿਹਾ ਧੀਮਾ ਜ਼ਹਿਰ ਹੈ ਜੋ ਸਾਡੀ ਸਿਹਤ ਅਤੇ ਹੋਰ ਕਈ ਗਤੀਵਿਧੀਆਂ ਨੂੰ ਪ੍ਰਭਾਵਿਤ ਕਰਦਾ ਹੈ। ਕੋਰੋਨਾ ਤੋਂ ਪਹਿਲਾਂ ਵਾਤਾਵਰਣ ਪ੍ਰਦੂਸ਼ਣ ਨੂੰ ਕਈ ਸਮੱਸਿਆਵਾਂ, ਸੰਕਟਾਂ, ਬਿਮਾਰੀਆਂ, ਵਿਕਾਸ ਵਿੱਚ ਰੁਕਾਵਟ, ਆਰਥਿਕ ਤਰੱਕੀ ਵਿੱਚ ਰੁਕਾਵਟ ਅਤੇ ਸਮੁੱਚੇ ਮਾਹੌਲ ਨੂੰ ਜ਼ਹਿਰੀਲਾ ਕਰਨ ਦਾ ਕਾਰਨ ਮੰਨਿਆ ਜਾਂਦਾ ਸੀ। ਇਸ ਦਾ ਇਹ ਮਤਲਬ ਨਹੀਂ ਹੈ ਕਿ ਵਾਤਾਵਰਣ ਪ੍ਰਦੂਸ਼ਣ ਦੇ ਪ੍ਰਭਾਵ, ਇਸ ਦੀਆਂ ਵਧਦੀਆਂ ਸਮੱਸਿਆਵਾਂ, ਸੰਕਟ, ਬਿਮਾਰੀਆਂ, ਮੌਸਮੀ ਚੱਕਰਾਂ ਵਿੱਚ ਤਬਦੀਲੀਆਂ ਅਤੇ ਹੋਰ ਅਣਗਿਣਤ ਸਮੱਸਿਆਵਾਂ ਨੂੰ ਤਰਜੀਹਾਂ ਦੀ ਸੂਚੀ ਵਿੱਚੋਂ ਹਟਾ ਦਿੱਤਾ ਜਾਣਾ ਚਾਹੀਦਾ ਹੈ।

2015 ਵਿੱਚ ਪੈਰਿਸ ਜਲਵਾਯੂ ਸਮਝੌਤੇ ਵਿੱਚ ਤੈਅ ਕੀਤੇ ਗਏ ਮਤਿਆਂ ਦੇ ਅਨੁਸਾਰ, ਭਾਰਤ ਵਾਤਾਵਰਣ ਦੀ ਸੁਰੱਖਿਆ ਅਤੇ ਤਰੱਕੀ ਲਈ ਲਗਾਤਾਰ ਯਤਨ ਕਰ ਰਿਹਾ ਹੈ। ਜੀ-20 ਦੇਸ਼ਾਂ ਵਿਚੋਂ ਭਾਰਤ ਇਕਲੌਤਾ ਅਜਿਹਾ ਦੇਸ਼ ਹੈ ਜੋ ਸਮਝੌਤੇ ਦੀ ਪਾਲਣਾ ਕਰ ਰਿਹਾ ਹੈ। ਇਸ ਵਿੱਚ ਜੰਗਲੀ ਖੇਤਰਾਂ ਨੂੰ ਬਚਾਉਣਾ ਅਤੇ ਵਧਾਉਣਾ ਸ਼ਾਮਲ ਹੈ। ਪਰ ਇਹ ਸਿਰਫ਼ ਇਹੀ ਨਹੀਂ ਹੈ। ਹਵਾ ਪ੍ਰਦੂਸ਼ਣ ਤੋਂ ਇਲਾਵਾ ਪਾਣੀ, ਸ਼ੋਰ, ਮਿੱਟੀ, ਅੱਗ ਅਤੇ ਅਤਿਅੰਤ ਰੌਸ਼ਨੀ ਪ੍ਰਦੂਸ਼ਣ ਵਰਗੀਆਂ ਸਮੱਸਿਆਵਾਂ ਵੀ ਹਨ, ਜਿਨ੍ਹਾਂ ਦੇ ਮਾੜੇ ਪ੍ਰਭਾਵਾਂ ਨੇ ਕਈ ਪੱਧਰਾਂ 'ਤੇ ਸਮੱਸਿਆਵਾਂ ਪੈਦਾ ਕੀਤੀਆਂ ਹਨ।

ਵਿਗਿਆਨੀਆਂ ਨੇ ਵਧਦੇ ਹਵਾ ਪ੍ਰਦੂਸ਼ਣ ਨੂੰ ਜਲਵਾਯੂ ਤਬਦੀਲੀ, ਵਧਦੀਆਂ ਬਿਮਾਰੀਆਂ, ਗਲੋਬਲ ਵਾਰਮਿੰਗ, ਸੁਨਾਮੀ ਅਤੇ ਧਰਤੀ ਦੇ ਵਧਦੇ ਤਾਪਮਾਨ ਦਾ ਮੁੱਖ ਕਾਰਨ ਮੰਨਿਆ ਹੈ। ਧਰਤੀ ਦੇ ਵਧਦੇ ਤਾਪਮਾਨ ਅਤੇ ਮੌਸਮੀ ਚੱਕਰ ਵਿੱਚ ਤਬਦੀਲੀਆਂ ਦਾ ਸਭ ਤੋਂ ਵੱਡਾ ਕਾਰਨ ਜ਼ਹਿਰੀਲੀ ਕਾਰਬਨ ਊਰਜਾ ਹੈ। ਸਾਡੇ ਦੇਸ਼ ਵਿੱਚ 2005 ਦੇ ਮੁਕਾਬਲੇ ਕਾਰਬਨ ਨਿਕਾਸ ਵਿੱਚ 21 ਫੀਸਦੀ ਦੀ ਕਮੀ ਆਈ ਹੈ, ਪਰ ਇਹ ਬਹੁਤ ਘੱਟ ਹੈ। ਦਿੱਲੀ, ਗੁਰੂਗ੍ਰਾਮ, ਆਗਰਾ, ਗਾਜ਼ੀਆਬਾਦ, ਕਾਨਪੁਰ ਅਤੇ ਹੋਰ ਸ਼ਹਿਰਾਂ ਵਿੱਚ ਲਗਾਤਾਰ ਹਵਾ ਪ੍ਰਦੂਸ਼ਣ ਦਾ ਮਤਲਬ ਹੈ ਕਿ ਵਾਤਾਵਰਣ ਦੀ ਬਿਹਤਰੀ ਲਈ ਹੋਰ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਲੋੜ ਹੈ।ਵਾਤਾਵਰਣ ਵਿਗਿਆਨੀਆਂ ਅਨੁਸਾਰ 2040 ਤੱਕ ਦੇਸ਼ ਵਿੱਚ ਸਾਫ਼ ਊਰਜਾ ਦੀ ਮੰਗ ਅੱਜ ਦੇ ਮੁਕਾਬਲੇ ਤਿੰਨ ਗੁਣਾ ਵੱਧ ਜਾਵੇਗੀ। ਸਰਵੇਖਣ ਦੱਸਦੇ ਹਨ ਕਿ ਦੇਸ਼ ਦੇ ਕਈ ਰਾਜਾਂ ਵਿੱਚ ਯੂਰੀਆ, ਅਮੋਨੀਆ, ਜ਼ਿੰਕ ਸਲਫੇਟ ਅਤੇ ਕੀਟਨਾਸ਼ਕ ਬਣਾਉਣ ਵਾਲੀਆਂ ਫੈਕਟਰੀਆਂ ਹਨ, ਜਿਨ੍ਹਾਂ ਦੀਆਂ ਚਿਮਨੀਆਂ ਵਿੱਚੋਂ ਕਈ ਤਰ੍ਹਾਂ ਦੀਆਂ ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ, ਜੋ ਵਾਤਾਵਰਨ ਨੂੰ ਬੁਰੀ ਤਰ੍ਹਾਂ ਨਾਲ ਵਿਗਾੜਦੀਆਂ ਹਨ। ਫੂਲਪੁਰ ਅਤੇ ਆਂਵਲਾ ਵਿੱਚ ਯੂਰੀਆ ਬਣਾਉਣ ਦੀਆਂ ਵੱਡੀਆਂ ਫੈਕਟਰੀਆਂ ਹਨ।



ਜਦੋਂ ਤੋਂ ਪ੍ਰਦੂਸ਼ਣ ਕਾਰਨ ਸਮੱਸਿਆਵਾਂ ਵਧੀਆਂ ਹਨ, ਉਦੋਂ ਤੋਂ ਕੇਂਦਰ ਅਤੇ ਰਾਜ ਸਰਕਾਰਾਂ ਨੇ ਇਸ ਤੋਂ ਛੁਟਕਾਰਾ ਪਾਉਣ ਲਈ ਕਦਮ ਚੁੱਕੇ ਹਨ। ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਵਾਤਾਵਰਨ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਅਲਾਟ ਕੀਤੇ ਫੰਡਾਂ ਅਤੇ ਸਕੀਮਾਂ ਨਾਲ ਵਾਤਾਵਰਨ ਨੂੰ ਸਾਫ਼-ਸੁਥਰਾ ਬਣਾਇਆ ਜਾ ਸਕਦਾ ਹੈ? ਜ਼ਾਹਿਰ ਹੈ ਕਿ ਕੇਂਦਰ ਸਰਕਾਰ ਵੱਲੋਂ ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਤੋਂ ਛੁਟਕਾਰਾ ਪਾਉਣ ਲਈ ਚੁੱਕੇ ਗਏ ਕਦਮਾਂ ਅਤੇ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਵਾਲੇ ਕਾਰਕਾਂ ਬਾਰੇ ਆਮ ਲੋਕਾਂ ਨੂੰ ਸਮਝਾਉਣ ਦੀ ਲੋੜ ਹੈ।

ਜਿੰਨਾ ਚਿਰ ਆਮ ਆਦਮੀ ਵਾਤਾਵਰਨ ਪ੍ਰਤੀ ਲਾਪਰਵਾਹ ਰਹਿੰਦਾ ਹੈ ਅਤੇ ਉੱਚੀ ਆਵਾਜ਼ ਰਾਹੀਂ ਹਵਾ, ਪਾਣੀ, ਮਿੱਟੀ ਅਤੇ ਵਾਯੂਮੰਡਲ ਵਿੱਚ ਸ਼ੋਰ ਪ੍ਰਦੂਸ਼ਣ ਪੈਦਾ ਕਰਦਾ ਰਹੇਗਾ, ਉਦੋਂ ਤੱਕ ਪ੍ਰਦੂਸ਼ਣ ਸਬੰਧੀ ਸਮੱਸਿਆਵਾਂ ਦਾ ਹੱਲ ਨਹੀਂ ਹੋ ਸਕਦਾ। ਸਿਰਫ਼ ਕਾਨੂੰਨ ਬਣਾਉਣ ਨਾਲ ਸਮੱਸਿਆ ਦਾ ਹੱਲ ਨਹੀਂ ਹੋਵੇਗਾ। ਇਸ ਲਈ ਵਿਗਿਆਨੀ ਆਮ ਲੋਕਾਂ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕਰਨ ਦੀ ਸਲਾਹ ਦਿੰਦੇ ਰਹਿੰਦੇ ਹਨ। ਪਿਛਲੇ ਤੀਹ ਸਾਲਾਂ ਵਿੱਚ ਦਿੱਲੀ ਸਮੇਤ ਭਾਰਤ ਦੇ ਛੋਟੇ-ਵੱਡੇ ਸ਼ਹਿਰਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਵੱਧ ਰਹੀਆਂ ਸਮੱਸਿਆਵਾਂ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਜੇਕਰ ਅਸੀਂ ਬਿਹਤਰ ਜੀਵਨ ਜਿਊਣਾ ਚਾਹੁੰਦੇ ਹਾਂ ਤਾਂ ਸਾਨੂੰ ਪ੍ਰਦੂਸ਼ਣ ਨੂੰ ਘੱਟ ਕਰਨਾ ਹੋਵੇਗਾ।

ਲੋੜ ਇਸ ਗੱਲ ਦੀ ਹੈ ਕਿ ਅਸੀਂ ਆਪਣੇ ਹਿੱਤ ਅਤੇ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਵਾਲੇ ਤੱਤਾਂ ਦੀ ਵਰਤੋਂ ਘੱਟ ਤੋਂ ਘੱਟ ਕਰੀਏ ਅਤੇ ਦੂਜਿਆਂ ਨੂੰ ਵੀ ਇਸ ਬਾਰੇ ਜਾਗਰੂਕ ਕਰੀਏ। ਇਸ ਦਾ ਮਤਲਬ ਇਹ ਹੈ ਕਿ ਵਧਦੀ ਗੰਭੀਰ ਵਾਤਾਵਰਣ ਦੀਆਂ ਸਮੱਸਿਆਵਾਂ ਨੂੰ ਜ਼ਿੰਦਗੀ ਅਤੇ ਮੌਤ ਦੇ ਸਵਾਲ ਵਾਂਗ ਬਹੁਤ ਗੰਭੀਰਤਾ ਨਾਲ ਲੈਣਾ ਹੋਵੇਗਾ, ਤਾਂ ਹੀ ਸਾਡਾ ਵਾਤਾਵਰਣ ਸੁਰੱਖਿਅਤ ਹੋਵੇਗਾ ਅਤੇ ਅਸੀਂ ਵੀ ਸੁਰੱਖਿਅਤ ਰਹਾਂਗੇ।



## ਵਾਤਾਵਰਣ ਨੂੰ ਬਚਾਉਣ ਦੇ ਆਸਾਨ ਤਰੀਕੇ

ਵਾਤਾਵਰਨ ਨੂੰ ਬਚਾਉਣਾ ਸਿਰਫ਼ ਜ਼ਿੰਮੇਵਾਰੀ ਹੀ ਨਹੀਂ ਹੈ, ਸਗੋਂ ਇਹ ਸਾਡਾ ਸਾਰਿਆਂ ਦਾ ਫਰਜ਼ ਹੈ। ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਅਸੀਂ ਕੁਦਰਤ ਅਤੇ ਵਾਤਾਵਰਨ ਨੂੰ ਕਦੋਂ ਐਨਾ ਤਬਾਹ ਕਰ ਦਿੱਤਾ, ਸਾਨੂੰ ਪਤਾ ਹੀ ਨਹੀਂ ਲੱਗਾ। ਇਸ ਗਲਤੀ ਦਾ ਨਤੀਜਾ ਹਰ ਕੋਈ ਭੁਗਤ ਰਿਹਾ ਹੈ। ਕਈ ਥਾਂਵਾਂ 'ਤੇ ਸ਼ਹਿਰ ਸੁੱਕ ਰਹੇ ਹਨ ਅਤੇ ਕਈ ਥਾਂਵਾਂ 'ਤੇ ਹੜ੍ਹ ਵਰਗੀ ਆਫ਼ਤ ਆਈ ਹੈ। ਕਈ ਥਾਂਵਾਂ 'ਤੇ ਕੂੜੇ ਦੇ ਪਹਾੜ ਹਨ ਅਤੇ ਕਈ ਥਾਂਵਾਂ 'ਤੇ ਭੂਚਾਲ ਕਾਰਨ ਤਬਾਹੀ ਹੋ ਰਹੀ ਹੈ। ਇਸ ਸਭ ਦੇ ਬਾਵਜੂਦ ਅਸੀਂ ਕੁਦਰਤ ਨੂੰ ਨੁਕਸਾਨ ਪਹੁੰਚਾਉਣਾ ਬੰਦ ਨਹੀਂ ਕੀਤਾ।

### ਜਨਤਕ ਆਵਾਜਾਈ ਦੀ ਵਰਤੋਂ

ਸਾਰੇ ਆਪਣੀ ਕਾਰ ਵਿੱਚ ਸਫ਼ਰ ਕਰਨਾ ਚਾਹੁੰਦੇ ਹਨ ਪਰ ਕਾਰ ਨੂੰ ਚਲਾਉਣ ਦੀ ਬਜਾਏ, ਜਨਤਕ ਆਵਾਜਾਈ ਦੀ ਵਰਤੋਂ ਕਰਕੇ ਤੁਸੀਂ ਵਾਤਾਵਰਣ ਨੂੰ ਸੁਰੱਖਿਅਤ ਕਰਨ ਵਿੱਚ ਮਦਦ ਕਰ ਸਕਦੇ ਹੋ। ਜਾਂ ਪੈਦਲ ਜਾਂ ਸਾਈਕਲ ਚਲਾਉਣਾ ਚਾਹੀਦਾ ਹੈ। ਇਹ ਨਾ ਸਿਰਫ਼ ਤੁਹਾਡੇ ਕਾਰਬਨ ਫੁਟ ਪ੍ਰਿੰਟ ਨੂੰ ਘਟਾਏਗਾ, ਸਗੋਂ ਤੁਹਾਨੂੰ ਕਸਰਤ ਕਰਨ ਅਤੇ ਤੁਹਾਡੀ ਸਿਹਤ ਨੂੰ ਸੁਧਾਰਨ ਵਿੱਚ ਵੀ ਮਦਦ ਕਰੇਗਾ।

### ਬਿਜਲੀ ਬਚਾਓ

ਤੁਹਾਡੀ ਬਿਜਲੀ ਦੀ ਵਰਤੋਂ ਨੂੰ ਘਟਾਉਣਾ ਵਾਤਾਵਰਣ ਨੂੰ ਸੁਰੱਖਿਅਤ ਕਰਨ ਦਾ ਇੱਕ ਆਸਾਨ ਤਰੀਕਾ ਹੈ। ਜਦੋਂ ਵਰਤੋਂ ਵਿੱਚ ਨਾ ਹੋਵੇ ਤਾਂ ਲਾਈਟਾਂ ਬੰਦ ਕਰੋ ਅਤੇ ਇਲੈਕਟ੍ਰੋਨਿਕਸ ਨੂੰ ਅਨ ਪਲੱਗ ਕਰੋ। ਅਜਿਹਾ ਕਰਨ ਨਾਲ ਤੁਸੀਂ ਵਾਤਾਵਰਣ ਨੂੰ ਵੀ ਬਚਾ ਸਕੋਗੇ।

### ਰੁੱਖ ਲਗਾਓ

ਇੱਕ ਰੁੱਖ ਲਗਾਓ ਅਤੇ ਉਸ ਦੀ ਦੇਖ ਭਾਲ ਕਰੋ। ਹਰ ਸਾਲ ਇੱਕ ਰੁੱਖ ਲਗਾਉਣਾ ਵਾਤਾਵਰਣ ਵਿੱਚ ਯੋਗਦਾਨ ਪਾਉਣ ਦਾ ਇੱਕ ਆਸਾਨ ਤਰੀਕਾ ਹੈ। ਰੁੱਖ ਵਾਤਾਵਰਨ ਵਿੱਚੋਂ ਕਾਰਬਨ ਡਾਈਆਕਸਾਈਡ ਨੂੰ ਸੋਖ ਲੈਂਦੇ ਹਨ, ਜੋ ਗ੍ਰੀਨਹਾਊਸ ਗੈਸ ਪ੍ਰਦੂਸ਼ਣ ਨੂੰ ਘਟਾਉਣ ਦਾ ਕੰਮ ਕਰਦਾ ਹੈ। ਇਸ ਤੋਂ ਇਲਾਵਾ, ਰੁੱਖ ਛਾਂ ਪ੍ਰਦਾਨ ਕਰਦੇ ਹਨ, ਜੋ ਤੁਹਾਡੇ ਘਰ ਨੂੰ ਠੰਡਾ ਕਰਨ ਲਈ ਵਧੀਆ ਹੈ।



### ਸਿੰਗਲ ਯੂਜ਼ ਪਲਾਸਟਿਕ ਤੋਂ ਬਚੋ

ਸਿੰਗਲ ਯੂਜ਼ ਪਲਾਸਟਿਕ ਜਿਵੇਂ ਪਲਾਸਟਿਕ ਦੇ ਥੈਲੇ, ਪਾਣੀ ਦੀਆਂ ਬੋਤਲਾਂ ਅਤੇ ਭਾਂਡੇ ਪਲਾਸਟਿਕ ਪ੍ਰਦੂਸ਼ਣ ਵਿੱਚ ਯੋਗਦਾਨ ਪਾਉਂਦੇ ਹਨ। ਪਲਾਸਟਿਕ ਉਤਪਾਦ ਨਾ ਖਰੀਦੋ। ਇਨ੍ਹਾਂ ਦੀ ਬਜਾਏ ਕੱਚ ਜਾਂ ਧਾਤ ਦੇ ਡੱਬਿਆਂ ਵਿੱਚ ਉਪਲਬਧ ਉਤਪਾਦ ਖਰੀਦੋ।

ਕਹਾਣੀ

ਦਲੀਪ ਕੌਰ ਟਿਵਾਣਾ

# ਸਤੀਆ ਸੋਈ



ਜਦੋਂ ਵੀਰ ਭਗਤ ਸਿੰਘ, ਦੱਤ ਨੂੰ
ਦਿੱਤਾ ਫਾਂਸੀ ਦਾ ਹੁਕਮ ਸੁਣਾ।
ਉਹਦੀ ਹੋਵਣ ਵਾਲੀ ਨਾਰ ਨੂੰ
ਕਿਸੇ ਪਿੰਡ ਵਿੱਚ ਦੱਸਿਆ ਜਾ ।

ਗੱਡੀ ਵਿੱਚ ਅੰਨ੍ਹਾ ਮੰਗਤਾ ਗਾ ਰਿਹਾ ਸੀ। ਫਿਰ ਮੈਂ ਮੰਗਤੇ ਦੇ ਮੂੰਹ ਵੱਲ ਤੱਕਿਆ ਪਰ ਸਟੇਸ਼ਨ ਆ ਜਾਣ ਕਰ ਕੇ ਉਹ ਉਸ ਡੱਬੇ ਵਿਚੋਂ ਉਤਰ ਕੇ ਦੂਜੇ ਵਿੱਚ ਜਾ ਚੜ੍ਹਿਆ। ਮੈਨੂੰ ਮੁੜ ਮੁੜ ਖਿਆਲ ਆਉਣ ਲੱਗਾ ਕਿ ਜਦੋਂ ਕਿਸੇ ਨੇ ਪਿੰਡ ਵਿੱਚ ਜਾ ਕੇ ਦੱਸਿਆ ਹੋਣਾ ਏਂ, ਕੀ ਗੁਜ਼ਰੀ ਹੋਊ ਭਗਤ ਸਿੰਘ ਦੀ ਮੰਗੇਤਰ ਦੇ ਦਿਲ ’ਤੇ? ਮੈਂ ਡੱਬੇ ਦੀ ਬਾਰੀ ਵਿਚੋਂ ਬਾਹਰ ਤੱਕਣ ਲੱਗੀ। ਇਉਂ ਲਗਦਾ ਸੀ ਜਿਵੇਂ ਸਾਹਮਣੇ ਖੇਤ, ਖੇਤਾਂ ਵਿੱਚ ਉਗੀਆਂ ਫਸਲਾਂ ਤੇ ਦਰਖਤਾਂ ਦੀਆਂ ਕਤਾਰਾਂ ਨੱਠੀਆਂ ਜਾ ਰਹੀਆਂ ਹੋਣ। ਉਨੀ ਹੀ ਤੇਜ਼ੀ ਨਾਲ ਖਿਆਲ ਮੇਰੇ ਦਿਮਾਗ ਵਿੱਚ ਨੱਠਣ ਲੱਗੇ। ਮੇਰੀ ਕਲਪਨਾ ਦੂਰ ਦਿਸਹੱਦੇ ਤੋਂ ਵੀ ਦੂਰ ਪਿੰਡ ਦੇ ਕਿਸੇ ਕੱਚੇ ਕੋਠੇ ਵਿੱਚ ਬੈਠੀ ਚਰਖਾ ਕੱਤਦੀ ਸੁਨੱਖੀ ਇਸਤਰੀ ਨੂੰ ਲੱਭਣ ਲੱਗੀ। ਚੁੱਪ ਚਾਪ ਮੈਂ ਉਹਦੇ ਮੂੰਹ ਵੱਲ ਤੱਕਣ ਲੱਗੀ।

ਕੀ ਆਹਨੀ ਏਂ ? ਉਹ ਬੋਲੀ।

ਤੂੰ ਕਿਵੇਂ ਉਮਰ ਗੁਜ਼ਾਰੀ ? ਮੈਂ ਪੁੱਛਿਆ।

ਮੈਨੂੰ ਉਹਦੀ ਇੱਜ਼ਤ ਦਾ ਪਾਸ ਸੀ। ਲੋਕਾਂ ਕਹਿਣਾ ਸੀ, ਇਹ ਭਗਤ ਸਿੰਘ ਦੀ ਮੰਗੇਤਰ ਏ। ਮੈਂ ਕਿਵੇਂ ਸਾਹਸ ਛੱਡਦੀ ? ਮਿਹਨਤ ਮਜ਼ਦੂਰੀ ਕੀਤੀ, ਲੋਕਾਂ ਦੀਆਂ ਕਪਾਹਾਂ ਚੁਗੀਆਂ, ਕੱਤਣਾ ਕੱਤਿਆ, ਪੀਹਣੇ ਪੀਠੇ, ਕੋਠੇ ਲਿੱਪੇ, ਘਾਹ ਖੋਤੇ ’ਤੇ ਡੰਗ ਟਪਾਇਆ।

ਕਿਉਂ, ਤੇਰੇ ਮਾਪਿਆਂ ਨੂੰ ਤੇਰਾ ਖਿਆਲ ਨਹੀਂ ਸੀ ? ਮੈਂ ਪੁੱਛਿਆ।

ਕਿਹੜਾ ਸਾਲ ਛੀ ਮਹੀਨੇ ਦੀ ਗੱਲ ਸੀ ਕਿ ਮੈਂ ਉਨ੍ਹਾਂ ’ਤੇ ਬੋਝ ਬਣੀ ਰਹਿੰਦੀ ? ਇਹ ਤਾਂ ਉਮਰਾਂ ਦੇ ਮਾਮਲੇ ਸਨ। ਨਾਲੇ ਉਨ੍ਹਾਂ ਉਹਨੂੰ ਹੀ ਕੋਸਣਾ ਸੀ ਜਿਹੜਾ ਆਪਣੇ ਫਰਜ਼ਾਂ ਨੂੰ ਵਿਚੇ ਹੀ ਛੱਡ ਗਿਆ ਸੀ।

ਤੂੰ ਸਰਕਾਰ ਕੋਲੋਂ ਮਦਦ ਮੰਗ ਲੈਣੀ ਸੀ। ਮੈਂ ਉਦਾਸ ਹੋ ਕੇ ਆਖਿਆ।

ਮੈਂ ਉਹਦੀ ਮੰਗੇਤਰ ਹੋ ਕੇ ਕਿਸੇ ਅੱਗੇ ਹੱਥ ਅੱਡਦੀ, ਇਹ ਮੈਥੋਂ ਹੋ ਨਹੀਂ ਸਕਿਆ।

ਉਹਦਾ ਸਿਦਕ, ਉਹਦਾ ਸਾਹਸ, ਉਹਦਾ ਸਿਰੜ ਦੇਖ, ਮੇਰਾ ਦਿਲ ਕਰੇ; ਇਸ ਮਹਾਨ ਔਰਤ ਦੇ ਪੈਰ ਛੂਹ ਲਵਾਂ। ਉਮਰਾਂ ਦੇ ਛਿੱਲੜ ਲਾਹ ਉਹ ਭਰ ਜਵਾਨ ਕੁੜੀ ਬਣ, ਮੇਰੀ ਯਾਦ ਵਿੱਚ ਉਘੜ ਖਲੋਤੀ।

ਸੁਣਿਆ ਏ ਉਹਦੇ ਪਿੰਡ ਉਹਦੀ ਯਾਦ ਮਨਾ ਰਹੇ ਨੇ। ਤੂੰ ਜਾਏਂਗੀ ? ਮੈਂ ਪੁੱਛਿਆ।

ਮੈਂ ਮੈਂ ਉਹਦੇ ਪਿੰਡ ਭਲਾ ਕਿਵੇਂ ਜਾ ਸਕਦੀ ਹਾਂ ? ਉਹਨੇ ਵੱਜਦੇ ਵਾਜਿਆਂ ਨਾਲ ਸਿਹਰੇ ਬੰਨ੍ਹ ਕੇ ਮੈਨੂੰ ਲੈਣ ਆਉਣਾ ਸੀ, ਉਹ ਆਇਆ ਨਹੀਂ। ਫਿਰ ਮੈਂ ਕਿਵੇਂ ਜਾ ਸਕਦੀ ਹਾਂ ?

ਇਹ ਤੇ ਬੜੀ ਪੁਰਾਣੀ ਗੱਲ ਹੋ ਗਈ ਏ। ਮੈਂ ਆਖਿਆ।

ਤੈਨੂੰ ਪੁਰਾਣੀ ਲੱਗਦੀ ਹੋਊ। ਮੈਨੂੰ ਤਾਂ ਇਉਂ ਲੱਗਦੀ ਏ, ਜਿਵੇਂ ਹਾਲੇ ਕੱਲ੍ਹ ਦੀ ਗੱਲ ਹੋਵੇ। ਜਦੋਂ ਇਕ ਦਿਨ ਦੀਵੇ ਬਲਦਿਆਂ ਨਾਲ ਉਹ ਸਾਡੇ ਪਿੰਡ ਆਇਆ ਸੀ, ਬਾਹਰ ਖੂਹ ’ਤੇ ਖਲੋ ਇਕ ਨਿਆਣੇ ਹੱਥ ਮੈਨੂੰ ਸੁਨੇਹਾ ਭੇਜ ਦਿੱਤਾ। ਮੈਂ ਝਿਜਕਦੀ ਝਿਜਕਦੀ ਸਭ ਤੋਂ ਚੋਰੀ ਉਥੇ ਆ ਗਈ। ਬੋਲਿਆ– ਤੂੰ ਫਿਕਰ ਨਾ ਕਰੀਂ, ਅਜੇ ਮੈਨੂੰ ਜ਼ਰੂਰੀ ਕੰਮ ਨੇ। ਜਦੋਂ ਵਿਆਹ ਕੀਤਾ, ਮੈਂ ਤੇਰੇ ਨਾਲ ਹੀ ਕਰਾਂਗਾ। ਮੈਂ ਛੇਤੀ ਹੀ ਆਵਾਂਗਾ। ਉਹ ਚਲਿਆ ਗਿਆ ਤੇ ਮੁੜ ਅਜੇ ਤੱਕ ਨਹੀਂ ਆਇਆ।

ਉਸ ਵੇਲੇ ਮੈਨੂੰ ਇਕ ਰੂਸੀ ਗੀਤ ਯਾਦ ਆਇਆ– ‘ਸਾਡਾ ਘਰ ਸਜਨੀਏ ਏਡੀ ਦੂਰ ਤਾਂ ਨਹੀਂ ਸੀ ਕਿ ਉਮਰ ਭਰ ਫੇਰਾ ਨਾ ਪਾਇਆ।’ ਇਨ੍ਹਾਂ ਲਫਜ਼ਾਂ ਦੀ ਤੜਫ ਉਹਦੇ ਮੂੰਹ ਤੋਂ ਲੱਭਦੀ ਸੀ ਜਿਹੜੀ ਜ਼ਿੰਦਗੀ ਭਰ ਉਹਨੂੰ ਉਡੀਕਦੀ ਰਹੀ ਜਿਸ ਨੇ ਮੁੜ ਕਦੇ ਫੇਰਾ ਨਾ ਪਾਇਆ।

ਤੂੰ ਇਨ੍ਹਾਂ ਪੀੜਾਂ ਦੀ ਸਾਰ ਕੀ ਜਾਣੇ ! ਉਹ ਅੱਖਾਂ ਭਰ ਕੇ ਬੋਲੀ। ਦੋ ਹੰਝੂ ਵਹਿ ਤੁਰੇ। ਮੈਨੂੰ ਲੱਗਿਆ ਜਿਵੇਂ ਉਹ ਕਹਿ ਰਹੀ ਹੋਵੇ– ‘ਇਹ ਕਿਹੀ ਵੇ ਧਰਤ ਕੰਡਿਆਲੀ, ਇਹ ਕਿਹੇ ਵੇ ਜੀਵਨ ਦੇ ਬਰੇਤੇ’ ਮੇਰੇ ਸਾਹ ਸੁੱਕਦੇ ਜਾ ਰਹੇ ਨੇ।

ਰੱਬ ਤੈਨੂੰ ਲੰਮੀ ਉਮਰ ਬਖਸ਼ੇ। ਉਹਦੇ ਕੁਮਲਾਏ ਮੂੰਹ ਵੱਲ ਤੱਕ ਕੇ ਮੈਂ ਆਖਿਆ।

ਉਹ ਇਉਂ ਤ੍ਰਭਕੀ ਜਿਵੇਂ ਮੈਂ ਉਹਦੇ ਚਪੇੜ ਕੱਢ ਮਾਰੀ ਹੋਵੇ। ਫਿਰ ਕਰੁਣਾ ਭਰੀ ਆਵਾਜ਼ ਵਿੱਚ ਕਹਿਣ ਲੱਗੀ, ਮੇਰੀਏ ਹਮਦਰਦਣੇ, ਲੰਮੀ ਉਮਰ ਲਈ ਮੇਰੀ ਚਾਹ ਨਹੀਂ। ਉਮਰ ਦੇ ਤਾਂ ਇਹ ਦਿਨ ਵੀ ਨਹੀਂ ਮੁੱਕਦੇ ਪਏ।

ਉਹਦੀ ਉਦਾਸੀ ਮੇਰੇ ਕੋਲੋਂ ਦੇਖੀ ਨਾ ਗਈ। ਗੱਲ ਬਦਲਣ ਲਈ ਮੈਂ ਆਖਿਆ, ਤੂੰ ਮੇਰੇ ਨਾਲ ਸ਼ਹਿਰ ਚੱਲ। ਮੇਰੀ ਭੈਣ ਦਾ ਵਿਆਹ ਏ, ਦੋ ਚਾਰ ਦਿਨ ਸੁਹਣੇ ਲੰਘ ਜਾਣਗੇ।

ਨਹੀਂ ਮੈਂ ਵਿਆਹ ਨਹੀਂ ਜਾ ਸਕਦੀ। ਉਹ ਬੋਲੀ।

ਕਿਉਂ ? ਮੈਂ ਪੁੱਛਿਆ।

ਖੁਸ਼ੀਆਂ ਦੇ ਮੌਕੇ ਮੇਰੇ ਕੋਲੋਂ ਝੱਲੇ ਨਹੀਂ ਜਾਂਦੇ। ਅਜਿਹੇ ਮੌਕਿਆਂ ’ਤੇ ਮੈਂ ਬੜੀ ਥੱਕ ਜਾਂਦੀ ਹਾਂ। ਮੈਥੋਂ ਆਪਣੇ ਗਮ ਹੁਣ ਘੜੀ ਪਲ ਲਈ ਵੀ ਦੂਰ ਨਹੀਂ ਕੀਤੇ ਜਾਂਦੇ। ਮੈਨੂੰ ਇਨ੍ਹਾਂ ਦੇ ਨਾਲ ਰਹਿਣ ਦੀ ਆਦਤ ਪੈ ਗਈ ਏ। ਇਕ ਗੱਲ ਦੱਸੇਂਗੀ ? ਉਹਨੇ ਆਸ ਨਾਲ ਮੇਰੇ ਵੱਲ ਤੱਕਿਆ।

ਹਾਂ ਪੁੱਛ। ਮੈਂ ਆਖਿਆ।

ਕੀ ਸੱਚੀ ਮੁੱਚੀ ਕੋਈ ਅਗਲਾ ਜਨਮ ਵੀ ਹੁੰਦਾ ਹੈ ?

‘ਵਿਚਾਰੀ !’ ਮੇਰੇ ਦਿਲ ਨੇ ਆਖਿਆ।

ਹਾਂ, ਜ਼ਰੂਰ ਹੁੰਦਾ ਏ। ਮੈਂ ਕਹਿ ਦਿੱਤਾ। ਇਹ ਸੁਣ ਉਸ ਦੀਆਂ ਅੱਖਾਂ ਵਿੱਚ ਚਮਕ ਆਈ ਤੇ ਉਹ ਮੁਸਕਰਾ ਪਈ।

ਕੀ ਅਜੇ ਤੀਕ ਵੀ ਉਹ ਤੈਨੂੰ ਯਾਦ ਏ ? ਮੈਂ ਪੁੱਛਿਆ।

ਹਾਂ, ਹਰ ਘੜੀ ਹਰ ਪਲ ਉਹ ਮੈਨੂੰ ਯਾਦ ਰਹਿੰਦਾ ਏ। ਕਦੇ ਕਦੇ ਤਾਂ ਬੜਾ ਮਨ ਕਰਦਾ ਏ ਕਿ ਕੋਈ ਆ ਕੇ ਆਖੇ– ‘ਨਹੀਂ ਉਹ ਮਰਿਆ ਨਹੀਂ, ਉਹਨੂੰ ਫਾਂਸੀ ਨਹੀਂ ਦਿੱਤੀ ਗਈ, ਉਹ ਜਿਉਂਦਾ ਏ।’ ਕਦੀ ਕਦੀ ਸੋਚਦੀ ਹਾਂ, ਜੇ ਕਿਧਰੇ ਉਹ ਸੱਚੀ-ਮੁੱਚੀ ਮੁੜ ਆਵੇ, ਮੈਂ ਉਹਨੂੰ ਆਖਾਂ– ਕਹੁ ਵੇ ਇਨ੍ਹਾਂ ਤਕਦੀਰਾਂ ਨੂੰ, ਇਉਂ ਨਾ ਦੂਰ ਖਲੋਣ, ਮੈਂ ਵੀ ਕਿਸੇ ਦੀ ਧੀ ਵੇ, ਮੈਂ ਵੀ ਕਿਸੇ ਦੀ ਭੈਣ ਪਰ ਹੁਣ ਇਨ੍ਹਾਂ ਤਕਦੀਰਾਂ ਕੋਲ ਮੇਰੇ ਜੋਗਾ ਹੈ ਈ ਕੀ ਏ। ਉਹ ਉਦਾਸ ਹੋ ਕੇ ਬੋਲੀ।

ਹੁਣ ਤਾਂ ਭਗਤ ਸਿੰਘ ਦੇ ਸੁਪਨੇ ਪੂਰੇ ਹੋ ਰਹੇ ਨੇ। ਦੇਖ, ਦੇਸ਼ ਕਿਵੇਂ ਤਰੱਕੀ ਵੱਲ ਜਾ ਰਿਹਾ ਏ। ਤੂੰ ਵੀ ਕੋਈ ਹਿੱਸਾ ਪਾ। ਦੇਖ ਨਵਾਂ ਵਰ੍ਹਾ ਆਇਆ ਏ, ਨਵਾਂ ਕਦਮ ਚੁੱਕ। ਮੈਂ ਆਖਿਆ। ਉਹਦਾ ਮੂੰਹ ਹਿੱਸ ਗਿਆ ਤੇ ਉਹ ਚੁੱਪ ਚਾਪ ਮੇਰੇ ਵੱਲ ਤੱਕਣ ਲੱਗੀ, ਜਿਵੇਂ ਕਹਿੰਦੀ ਹੋਵੇ,

ਪਿਛਲਾ ਵਰ੍ਹਾ ਰੋ ਕੇ ਟੁਰ ਚੱਲਿਆ,
ਅਗਲਾ ਵੀ ਖੜ੍ਹਾ ਉਦਾਸ।
ਕਿਹੜੇ ਵੇ ਮੁਨੀ ਸਰਾਪਿਆ,
ਤੂੰ ਮੁੜ ਨਾ ਪੁੱਛੀ ਬਾਤ।

ਤੂੰ ਕੀ ਸੋਚ ਰਹੀ ਏ ? ਮੈਂ ਪੁੱਛਿਆ। ਉਸ ਨੇ ਹਉਕਾ ਭਰਿਆ, ਜਿਵੇਂ ਕਹਿੰਦੀ ਹੋਵੇ– ‘ਰਾਤ ਦੀ ਰਾਣੀ ਮੈਨੂੰ ਪੁੱਛਦੀ, ਕਿਥੇ ਤਾਂ ਗਈਆਂ ਨੀ ਤੇਰੀਆਂ ਨੀਂਦਰਾਂ ! ਦਿਹੁੰ ਵੀ ਉਲਾਂਭੇ ਦਿੰਦਾ, ਕਿਥੇ ਤਾਂ ਖੋਈਆਂ ਤੇਰੀਆਂ ਸੂਰਤਾਂ ! ਮੈਂ ਮੁੜ ਮੁੜ ਤੈਥੋਂ ਪੁਛਦੀ, ਕੌਣ ਭਰੂ ਵੇ ਮੇਰੀ ਕਹਾਣੀ ਦਾ ਹੁੰਗਾਰਾ ? ਕੌਣ ਬਣੂ ਵੇ ਮੇਰੇ ਦੁੱਖਾਂ ਦਾ ਸੀਰੀ ?’

ਮੈਂ ਉਹਦੇ ਮੂੰਹ ਵੱਲ ਤੱਕਿਆ– ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ॥ ਇਸ ਕਥਨ ਅੱਗੇ ਮੈਂ ਸਿਰ ਝੁਕਾ ਦਿੱਤਾ। ਉਹਦੀ ਟੁੱਟੀ ਹੋਈ ਜੁੱਤੀ ’ਤੇ ਮੇਰੀ ਨਜ਼ਰ ਪੈ ਗਈ। ਮੈਂ ਧਿਆਨ ਨਾਲ ਦੇਖਿਆ, ਉਹਦੀ ਕਮੀਜ਼ ਨੂੰ ਵੀ ਟਾਕੀਆਂ ਲੱਗੀਆਂ ਹੋਈਆਂ ਸਨ। ਮੈਨੂੰ ਦੁੱਖ ਲੱਗਾ।

ਤੂੰ ਉਹਨੂੰ ਵੇਖਿਆ ਸੀ ? ਉਹ ਅਜੇ ਵੀ ਉਹਦੇ ਬਾਰੇ ਹੀ ਸੋਚ ਰਹੀ ਸੀ।

ਨਹੀਂ। ਮੈਂ ਆਖਿਆ।

ਉਹ ਬੜਾ ਸੋਹਣਾ ਸੀ। ਸਾਡੇ ਪਿੰਡ ਦੀਆਂ ਸਾਰੀਆਂ ਕੁੜੀਆਂ ਦੇ ਪਰਾਹੁਣਿਆਂ ਨਾਲੋਂ ਸੋਹਣਾ। ਤੇ ਅੱਗਿਉਂ ਉਹਦਾ ਗਲਾ ਭਰ ਆਇਆ ਤੇ ਫਿਰ ਜਿਵੇਂ ਆਪਣੇ ਆਪ ਗੱਲਾਂ ਕਰਨ ਲੱਗੀ,

‘ਆਉਂਦੇ ਜਾਂਦੇ ਰਾਹੀਆਂ ਦੇ ਮੈਂ ਮੂੰਹ ਵੱਲ ਤੱਕਦੀ,
ਕੋਈ ਕਦੇ ਵੀ ਤੇਰੀ ਗੱਲ।
ਮੈਂ ਕੰਨਿਆ ਕੁਆਰੀ ਖੜ੍ਹੀ ਉਡੀਕਦੀ ਵੇ,
ਕਦੇ ਤਾਂ ਸੁਨੇਹਾ ਘੱਲ।’

ਕੀ ਸੋਚ ਰਹੀ ਏਂ ਸੋਹਣੀਏ ? ਮੈਂ ਪੁੱਛਿਆ। ਉਹ ਆਪਣੇ ਹੱਥਾਂ ਦੀਆਂ ਲਕੀਰਾਂ ਵੱਲ ਧਿਆਨ ਨਾਲ ਤੱਕਣ ਲੱਗੀ, ਜਿਵੇਂ ਕਹਿ ਰਹੀ ਹੋਵੇ– ‘ਮਾਂ ਆਪਣੀ ਨੂੰ ਮੈਂ ਪੁੱਛਦੀ, ਧੀ ਦੇ ਕਿਹੇ ਲੇਖ ਲਿਖਾਏ।’

ਮੈਂ ਉਹਦੇ ਵੱਲ ਤੱਕਦੀ ਰਹੀ। ਕੋਈ ਲਾਟ ਬਲਦੀ ਸੀ ਉਹਦੀਆਂ ਨਜ਼ਰਾਂ ਵਿੱਚ। ਕੋਈ ਕਹਿਰ ਸੀ ਉਹਦੀ ਤੱਕਣੀ ਵਿੱਚ। ਮੈਨੂੰ ਲੱਗਿਆ ਜਿਵੇਂ ਉਹ ਕੋਈ ਨਾਗਣ ਬਣ ਕੇ ਫੁੰਕਾਰ ਰਹੀ ਹੋਵੇ। ਭਗਤ ਸਿੰਘ ਦੇ ਕਾਤਲਾਂ ਨੂੰ ਜਿਵੇਂ ਹੁਣੇ ਡੱਸ ਲੈਣਾ ਲੋਚਦੀ ਹੋਵੇ। ਜਿਵੇਂ ਸਭ ਕੁਝ ਭੰਨ ਤੋੜ, ਮਸਲ ਦੇਣਾ ਚਾਹੁੰਦੀ ਹੋਵੇ। ਫਿਰ ਉਹਨੇ ਪਲਕਾਂ ਝੁਕਾ ਲਈਆਂ ਜਿਵੇਂ ਕਹਿੰਦੀ ਹੋਵੇ– ‘ਮੈਂ ਭਲਾ ਕੀ ਕਰ ਸਕਦੀ ਹਾਂ ?’

ਤੂੰ ਨਿਰਾਸ਼ ਨਾ ਹੋ। ਭਗਤ ਸਿੰਘ ਸਿਰਫ ਤੇਰਾ ਹੀ ਨਹੀਂ ਸੀ, ਉਹ ਸਾਡਾ ਸਾਰਿਆਂ ਦਾ ਸੀ। ਉਹਦੀ ਮੌਤ ਦਾ ਦੁੱਖ ਤੈਨੂੰ ਹੀ ਨਹੀਂ, ਸਾਰੇ ਦੇਸ਼ ਨੂੰ ਹੈ। ਅਸੀਂ ਉਹਨੂੰ ਭੁੱਲੇ ਨਹੀਂ, ਸਾਨੂੰ ਤੂੰ ਵੀ ਯਾਦ ਏਂ।

ਇਹ ਸੁਣ ਕੇ ਉਹਦੀਆਂ ਅੱਖਾਂ ਭਰ ਆਈਆਂ ਤੇ ਹੰਝੂ ਕੇਰ ਉਹ ਮੇਰੀ ਕਲਪਨਾ ਵਿਚੋਂ ਮੁੜ ਚੱਲੀ। ਮੈਨੂੰ ਲੱਗਿਆ– ‘ਧਰਤ ਅੰਬਰ ਵੀ ਸੋਚਦੇ, ਕੀ ਦੇਣ ਤਸੱਲੀ।’

ਇੰਨੇ ਨੂੰ ਇਕ ਝੂਟੇ ਨਾਲ ਗੱਡੀ ਸਟੇਸ਼ਨ ਉਤੇ ਆਣ ਖੜ੍ਹੀ ਹੋਈ। ਉਹ ਮੰਗਤਾ ਫਿਰ ਡੱਬੇ ਅੱਗੇ ਵੀ ਗਾਉਂਦਾ ਜਾ ਰਿਹਾ ਸੀ,

ਜਦੋਂ ਵੀਰ ਭਗਤ ਸਿੰਘ, ਦੱਤ ਨੂੰ,
ਦਿੱਤਾ ਫਾਂਸੀ ਦਾ ਹੁਕਮ ਸੁਣਾ।
ਉਹਦੀ ਹੋਵਣ ਵਾਲੀ ਨਾਰ ਨੂੰ,
ਕਿਸੇ ਪਿੰਡ ਵਿੱਚ ਦੱਸਿਆ ਜਾ।

# ਮਿੰਨੀ ਕਹਾਣੀਆਂ



## ਟਿੱਚਰ

ਦਿਵਿਆਂਗ ਮਜ਼ਦੂਰ ਫ਼ਕੀਰਾ ਝੋਨਾ ਲਾ ਕੇ ਘਰ ਪਰਤਿਆ ਹੀ ਸੀ ਕਿ ਮੈਂ ਵੋਟਾਂ ਦਾ ਸਰਵੇਖਣ ਕਰਦਾ ਉਸ ਦੇ ਘਰ ਗਿਆ ਤੇ ਪੁੱਛਿਆ, “ਫ਼ਕੀਰ ਸਿੰਹਾਂ ਤੇਰਾ ਅੰਗਹੀਣਤਾ ਦਾ ਸਰਟੀਫਿਕੇਟ ਭਲਾ ਕਿੰਨੇ ਪਰਸੈਂਟ ਦਾ ਬਣਿਆ ਹੋਇਆ ?” “ਕਿਉਂ ਮਾਹਟਰਾ, ਤੈਨੂੰ ਕੀ ਲੋੜ ਪੈਗੀ ?” ਫ਼ਕੀਰੇ ਨੇ ਪੁੱਛਿਆ। “ਓ ਕੁਝ ਨੀ ਭਰਾਵਾ, ਵੋਟਰ ਸੂਚੀ ’ਚ ਦਰਜ ਕਰਨੈ ਕਿ ਅੰਗਹੀਣ ਆਪ ਵੋਟ ਪਾ ਸਕਦੇ ਨੇ ਜਾਂ ਕੋਈ ਮਦਦ ਚਾਹੀਦੀ ਆ।” ਆਖ਼ਰੀ ਸ਼ਬਦ ਮੈਂ ਮਸਾਂ ਪੂਰੇ ਕੀਤੇ ਤੇ ਫ਼ਕੀਰਾ ਇਉਂ ਚੌਂਕਿਆ ਜਿਵੇਂ ਮੈਂ ਉਸ ਨੂੰ ਕੋਈ ਟਿੱਚਰ ਕੀਤੀ ਹੋਵੇ।

**- ਗਗਨਦੀਪ ਸਿੰਘ ਬੁਗਰਾ**

* * *

## ਠੋਕਰ

“ਪਾਪਾ ਜੀ, ਕਿਤਾਬਾਂ ਅਤੇ ਪ੍ਰੈਕਟੀਕਲ ਫਾਈਲਾਂ ਲਈ ਮੈਨੂੰ ਪੰਦਰਾਂ ਹਜ਼ਾਰ ਰੁਪਏ ਚਾਹੀਦੇ ਹਨ।” ਸ਼ਹਿਰ ਪੜ੍ਹਾਈ ਕਰ ਰਹੇ ਜਗਤਾਰ ਸਿੰਘ ਦੇ ਮੁੰਡੇ ਗੈਰੀ ਨੇ ਕੰਨ ਨਾਲੋਂ ਫ਼ੋਨ ਲਾਹੁੰਦਿਆਂ ਕਿਹਾ। “ਕੋਈ ਨਾ ਪੁੱਤ, ਲੈ ਜਾਵੀਂ। ਮੈਂ ਸ਼ਹਿਰੋਂ ਸੇਠ ਜੀ ਕੋਲੋਂ ਲੈ ਕੇ ਦੇ ਦੇਵਾਗਾਂ। ਜੇ ਤੈਨੂੰ ਥੋੜ੍ਹੀ ਵਿਹਲ ਹੈ ਤਾਂ ਖੇਤ ਕਣਕ ਵੱਢ ਰਹੀ ਕੰਬਾਈਨ ਕੋਲ ਚਲਾ ਜਾਹ। ਮੈਂ ਮੰਡੀ ’ਚ ਕਣਕ ਲਾਹ ਆਵਾਂ।”

ਮਰੇ ਮਨ ਨਾਲ ਗੈਰੀ ਖੇਤ ਵੱਲ ਤੁਰ ਪਿਆ। ਗਰਮੀ ਅਤੇ ਧੂੜ ਨੇ ਉਸ ਦਾ ਬੁਰਾ ਹਾਲ ਕਰ ਦਿੱਤਾ ਸੀ ਜਿਸ ਨੇ ਉਸ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਸੀ ਕਿ ‘ਮੇਰੇ ਪਾਪਾ ਇਹ ਸਾਰਾ ਕੁਝ ਕਿਵੇਂ ਕਰਦੇ ਹਨ। ਮੈਂ ਉਂਝ ਹੀ ਉਨ੍ਹਾਂ ਦੀ ਮਿਹਨਤ ਦੀ ਕਮਾਈ ਪੁੱਠੇ ਕੰਮਾਂ ’ਚ ਉਡਾ ਰਿਹਾ ਹਾਂ।’ ਇਨ੍ਹਾਂ ਸੋਚਾਂ ’ਚ ਖੁੱਭੇ ਹੋਏ ਉਸ ਦੇ ਪੈਰ ਨੂੰ ਵੱਟ ਦੀ ਠੋਕਰ ਇੰਨੀ ਜ਼ੋਰ ਦੀ ਲੱਗੀ ਕਿ ਉਸ ਦੀ ਸੋਚਾਂ ਦੀ ਲੜੀ ਟੁੱਟ ਗਈ। ਘਰ ਆ ਕੇ ਉਸ ਨੇ ਆਪਣੇ ਪਿਤਾ ਨੂੰ ਕਿਹਾ, “ਪਾਪਾ ਜੀ ! ਮੈਂ ਪੰਜ ਹਜ਼ਾਰ ਰੁਪਏ ਨਾਲ ਹੀ ਕੰਮ ਚਲਾਉਣ ਦੀ ਕੋਸ਼ਿਸ਼ ਕਰਾਂਗਾ। ਜੇ ਲੋੜ ਪਈ ਫੇਰ ਮੰਗ ਲਵਾਗਾਂ।” ਜਗਤਾਰ ਸਿੰਘ ਉਸ ਦੀ ਇਸ ਅਚਾਨਕ ਬਦਲੀ ਹੋਈ ਰਾਇ ਨੂੰ ਸਮਝਣ ਤੋਂ ਅਸਮਰੱਥ ਸੀ।

**- ਡਾ. ਗੁਰਤੇਜ ਸਿੰਘ**

* * *

## ਸਵਾਰੀ

ਪੁਰਾਣੇ ਸਮਿਆਂ ਵਿੱਚ ਇੱਕ ਮਾਸਟਰ ਬੱਚਿਆਂ ਨੂੰ ਪੜ੍ਹਾਉਣ ਲਈ ਖੋਤੇ ’ਤੇ ਜਾਇਆ ਕਰਦਾ ਸੀ। ਇੱਕ ਦਿਨ ਰਸਤੇ ਵਿੱਚ ਜਾਂਦਿਆਂ ਖੋਤੇ ਨੇ ਮਾਸਟਰ ਨੂੰ ਪੁੱਛਿਆ, “ਮਾਸਟਰ ਜੀ, ਤੁਸੀਂ ਰੋਜ਼ ਰੋਜ਼ ਮੇਰੇ ’ਤੇ ਸਵਾਰ ਹੋ ਕੇ ਕਿੱਧਰ ਜਾਂਦੇ ਹੋ ?” ਮਾਸਟਰ ਨੇ ਜੁਆਬ ਦਿੱਤਾ, “ਮੈਂ ਸਕੂਲ ਵਿੱਚ ਬੱਚਿਆਂ ਨੂੰ ਪੜ੍ਹਾਉਣ ਜਾਂਦਾ ਹਾਂ।” ਅੱਗੋਂ ਖੋਤਾ ਕਹਿਣ ਲੱਗਿਆ, “ਮਾਸਟਰ ਜੀ, ਪੜ੍ਹਨ ਨਾਲ ਕੀ ਹੋ ਜਾਂਦਾ ਏ ?” ਮਾਸਟਰ ਨੇ ਕਿਹਾ, “ਤੂੰ ਕੀ ਲੈਣਾ, ਚੁੱਪ ਕਰ ਕੇ ਤੁਰਿਆ ਚੱਲ। ਮੈਂ ਕਿਤੇ ਤੇਰੀਆਂ ਗੱਲਾਂ ਵਿੱਚ ਲੱਗ ਕੇ ਸਕੂਲੋਂ ਲੇਟ ਨਾ ਹੋ ਜਾਵਾਂ।” ਖੋਤੇ ਦੇ ਵਾਰ ਵਾਰ ਪੁੱਛਣ ’ਤੇ ਮਾਸਟਰ ਕਹਿਣ ਲੱਗਿਆ, “ਪੜ੍ਹਨ ਨਾਲ ਅਕਲ ਆ ਜਾਂਦੀ ਆ, ਸਿਆਣੇ ਹੋ ਜਾਈਦਾ ਏ।” ਖੋਤਾ ਕਹਿਣ ਲੱਗਿਆ, “ਮਾਸਟਰ ਜੀ ਫਿਰ ਤੁਸੀਂ ਮੈਨੂੰ ਵੀ ਪੜ੍ਹਾ ਦਿਓ। ਮੈਨੂੰ ਵੀ ਅਕਲ ਆ ਜਾਵੇਗੀ।” ਮਾਸਟਰ ਕਹਿਣ ਲੱਗਿਆ, “ਨਹੀਂ ! ਤੈਨੂੰ ਨਹੀਂ ਪੜ੍ਹਾਉਣਾ।” ਖੋਤੇ ਨੇ ਆਖਿਆ, “ਜੀ ਕਿਉਂ ?” ਮਾਸਟਰ ਨੇ ਕਿਹਾ, “ਜੇ ਤੂੰ ਪੜ੍ਹ ਗਿਆ ਤੈਨੂੰ ਅਕਲ ਆ ਜਾਣੀਂ ਏ, ਫਿਰ ਮੈਂ ਸਵਾਰੀ ਕਿਸ ’ਤੇ ਕਰਿਆ ਕਰਾਂਗਾ ! ਇਸ ਕਰਕੇ ਤੂੰ ਅਨਪੜ੍ਹ ਹੀ ਠੀਕ ਹੈਂ।”

ਹੁਣ ਖੋਤਾ ਸੋਚਦਾ ਜਾਂਦਾ ਸੀ ਕਿ ਪਤਾ ਨਹੀਂ ਮੇਰੇ ਵਰਗੇ ਹੋਰ ਕਿੰਨਿਆਂ ਕੁ ਨੂੰ ਇਹ ਲੋਕ ਅਨਪੜ੍ਹ ਰੱਖ ਕੇ ਸਵਾਰੀ ਕਰਦੇ ਹੋਣਗੇ।

**- ਹਰਪ੍ਰੀਤ ਪੱਤੋ**

* * *

## ਪਛਤਾਵਾ

“ਪੁੱਤ ਇੱਕ ਵਾਰੀ ਆ ਕੇ ਮਿਲ ਜਾ। ਮੇਰਾ ਬੜਾ ਚਿੱਤ ਕਰਦਾ ਏ ਤੈਨੂੰ ਮਿਲਣ ਨੂੰ। ਕਿੰਨੇ ਵਰ੍ਹੇ ਹੋ ਗਏ ਤੈਨੂੰ ਵਿਦੇਸ਼ ਗਏ ਨੂੰ, ਕਦੇ ਮਾਂ ਦੀ ਯਾਦ ਆਈ ਹੀ ਨਹੀਂ ? ਪੁੱਤ, ਹੁਣ ਤਾਂ ਸਿਹਤ ਢਿੱਲੀ ਜਿਹੀ ਰਹਿੰਦੀ ਹੈ। ਪਤਾ ਨੀ ਕਦੋਂ ਤੁਰ ਜਾਣਾ ਏ। ਇੱਕ ਵਾਰ ਮਿਲ਼ ਜਾ ਮੈਂ ਉਡੀਕਦੀ ਪਈ ਆਂ ਪੁੱਤ, ਇੱਕ ਵਾਰ ਆ ਜਾ।” ਸਤਨਾਮ ਡੂੰਘੀਆਂ ਯਾਦਾਂ ਵਿੱਚ ਗੁਆਚਿਆ ਹੋਇਆ ਸੀ।

“ਪੌਪ, ਪੌਪ !” ਆਪਣੇ ਪੁੱਤਰ ਹੈਰੀ ਦੀ ਆਵਾਜ਼ ਸੁਣ ਕੇ ਉਹ ਹੋਸ਼ ਵਿੱਚ ਪਰਤਿਆ।

“ਹਾਂ ਦੱਸ ਪੁੱਤਰ,” ਸਤਨਾਮ ਨੇ ਹੈਰੀ ਨੂੰ ਪਿਆਰ ਨਾਲ ਕਿਹਾ।

“ਪੌਪ, ਤੁਸੀਂ ਹੁਣ ਪਹਿਲਾਂ ਵਰਗੇ ਨਹੀਂ ਰਹੇ। ਅੱਜ ਮੇਰੀ ਛੁੱਟੀ ਸੀ, ਪਰ ਅੱਜ ਤੁਸੀਂ ਮੈਨੂੰ ਕਿਤੇ ਘੁੰਮਾਉਣ ਨਹੀਂ ਲੈ ਕੇ ਗਏ ਤੇ ਨਾ ਹੀ ਮੇਰੇ ਨਾਲ ਕੋਈ ਖੇਡ ਖੇਡੀ। ਪਤਾ ਨਹੀਂ ਕੀ ਸੋਚਦੇ ਰਹਿੰਦੇ ਹੋ। ਮੈਂ ਤੁਹਾਡੇ ਨਾਲ ਬਹੁਤ ਗੁੱਸੇ ਹਾਂ।” ਹੈਰੀ ਨੇ ਨਿਹੋਰੇ ਨਾਲ ਕਿਹਾ।

“ਪੁੱਤ ਆਵੇਂਗਾ ਨਾ, ਆਪਣੀ ਬੁੱਢੀ ਮਾਂ ਨੂੰ ਮਿਲਣ। ਕੀ ਪਤਾ ਤੈਨੂੰ ਮਿਲ ਕੇ ਕੁਝ ਚਿਰ ਹੋਰ ਜੀਅ ਜਾਵੇ ਇਹ ਬੁੱਢੜੀ ” ਸਤਨਾਮ ਫਿਰ ਸੋਚਾਂ ਵਿੱਚ ਗੁਆਚ ਗਿਆ ਸੀ।

“ਪੌਪ ! ਪੌਪ ! ਵੇਖਿਆ ਤੁਸੀਂ ਮੇਰੀ ਗੱਲ ਸੁਣਦੇ ਹੀ ਨਹੀਂ।” ਹੈਰੀ ਪੈਰ ਪਟਕ ਕੇ ਚਲਾ ਗਿਆ।

“ਮਾਂ ਤੁਰ ਗਈ ਵੀਰੇ, ਤੁਸੀਂ ਕਦੋਂ ਤੱਕ ਪਹੁੰਚੋਗੇ ? ਮਾਂ ਦੀ ਬਾਡੀ ਨੂੰ ਹਸਪਤਾਲ ਵਿੱਚ ਰੱਖ ਲੈਂਦੇ ਹਾਂ, ਜੇ ਤੁਸੀਂ ਆਉਣਾ ਹੈ। ਦੱਸ ਦੇਓ ਕਿਵੇਂ ਕਰੀਏ !” ਸਤਨਾਮ ਦੀ ਅੰਤਰ-ਆਤਮਾ ’ਤੇ ਛੋਟੇ ਭਰਾ ਦੇ ਸ਼ਬਦ ਹਥੌੜੇ ਵਾਂਗ ਵੱਜ ਰਹੇ ਸਨ।

“ਉੱਠ ਮਾਂ, ਮੈਂ ਆ ਗਿਆ। ਤੂੰ ਫ਼ੋਨ ਕੀਤਾ ਸੀ ਮੈਨੂੰ ਕਿੰਨੀ ਵਾਰੀ। ਅੱਜ ਮੈਂ ਆ ਹੀ ਗਿਆ ਹਾਂ। ਹੁਣ ਉੱਠ ਵੀ ਜਾ। ਗੱਲ ਕਰ ਜਿਹੜੀ ਕਰਨੀ ਸੀ। ਓਦੋਂ ਤੂੰ ਤਰਲੇ ਕਰ ਰਹੀ ਸੀ, ਅੱਜ ਤੇਰਾ ਪੁੱਤ ਤਰਲੇ ਕਰ ਰਿਹਾ ਹੈ। ਉੱਠ ਜਾ ਮਾਂ, ਇੱਕ ਵਾਰ ਉੱਠ ਜਾ, ਗੱਲ ਕਰ ਮੇਰੇ ਨਾਲ ਕੋਈ। ਗੱਲ ਕਰ ਮਾਂ, ਮੈਨੂੰ ਮੁਆਫ਼ ਕਰਦੇ ਮੇਰੀ ਮਾਂ। ਮੈਂ ਤੇਰਾ ਨਿੰਕਮਾ ਪੁੱਤ ਹਾਂ। ਤੇਰੀ ਇੱਛਾ ਵੀ ਪੂਰੀ ਨਹੀਂ ਕਰ ਸਕਿਆ। ਮੈਨੂੰ ਤਾਂ ਲੱਗਿਆ ਸੀ ਕਿ ਤੂੰ ਐਵੇਂ ਬੋਲੀ ਜਾਨੀਂ ਐਂ। ਕੀ ਪਤਾ ਸੀ ਕਿ ਤੂੰ ਸੱਚੀ ਤੁਰ ਜਾਣਾ। ਮੈਂ ਅੰਨ੍ਹਾ ਹੋ ਗਿਆ ਸੀ। ਆਪਣੇ ਕੰਮ ’ਚ ਹੀ ਰੁੱਝਿਆ ਰਿਹਾ। ਹਾਏ ਮਾਂ ! ਤੂੰ ਕਿੱਥੇ ਤੁਰ ਗਈ” ਯਾਦਾਂ ਦੇ ਸਮੁੰਦਰ ਵਿੱਚ ਗੁੰਮਿਆ ਸਤਨਾਮ ਉੱਚੀ ਉੱਚੀ ਰੋਣ ਲੱਗ ਪਿਆ।

“ਮਮ ਇਹ ਪੌਪ ਨੂੰ ਕੀ ਹੋ ਗਿਆ ਹੈ ?” ਹੈਰੀ ਨੇ ਆਪਣੀ ਮਾਂ ਨੂੰ ਹੈਰਾਨੀ ਨਾਲ ਪੁੱਛਿਆ।

“ਕੀ ਦੱਸਾਂ ਪੁੱਤ ਪਛਤਾਵੇ ਦਾ ਘੁਣ ਲੱਗ ਗਿਆ ਹੈ ਤੇਰੇ ਪੌਪ ਨੂੰ !” ਕੋਲ ਖੜ੍ਹੀ ਸਤਨਾਮ ਦੀ ਪਤਨੀ ਨੇ ਬੇਵਸੀ ਜਿਹੀ ਨਾਲ ਕਿਹਾ।

**- ਮਨਜੀਤ ਕੌਰ ਧੀਮਾਨ**

# ਮੇਰੀ ਕਲਮ

## ‘ਬਗ਼ਾਵਤ’

ਸੁਖਜੀਤ ਕੌਰ ਚੀਮਾ
9877101405

ਮੈਂ ਕਦ ਕਿਹਾ ਏ
ਤੂੰ ਬਗ਼ਾਵਤ ਨਾ ਕਰ
ਬਸ ਇਹਨਾਂ ਬਗ਼ਾਵਤਾਂ ਤੋਂ ਵਾਂਝੇ ਰੱਖ
ਮੈਂ ਤੇ ਮੇਰਾ ਘਰ!
ਲ਼ੈ, ਮੈਂ ਤਾਂ ਆਪ ਸਦਾ ਹੱਕ ਲਈ ਲੜਿਆਂ
ਆਪਣੀ ਮਾਂ, ਭੈਣ ਤੇ ਧੀ ਨਾਲ ਖੜਿਆਂ !
ਔਰਤਾਂ ਕਿਹੜਾ ਲਾਸ਼ਾਂ ਹੁੰਦੀਆਂ ਨੇ
ਉਹ ਵੀ ਤਾਂ ਨੇ ਜਿਉਂਦੀਆਂ !
ਮੈਨੂੰ ਤਾਂ ਕਦੇ ਕਦੇ ਕਪੂਰ ਵੀ ਝੂਠਾ ਲੱਗਦੈ
ਜਿਹੜਾ ਆਖਦੈ
ਬਾਗ਼ੀ ਔਰਤਾਂ ਕਦੇ ਘਰ ਨੀ ਵਸਾਉਦੀਆਂ !
ਸ਼ਾਇਦ ਉਸ ਭਲੇ ਪੁਰਸ਼ ਨੂੰ ਇਹ ਨਹੀਂ ਪਤਾ
ਬਗ਼ਾਵਤਾਂ ਘਰਾਂ ਦੇ ਅੰਦਰ ਨਹੀਂ ਆਉਂਦੀਆਂ
ਮੈਂ ਨਾਲ ਆ ਤੇਰੇ
ਤੂੰ ਮੈਂਬਰੀ ਛੱਡ ਭਾਵੇਂ ਸਰਪੰਚੀ ਲੜ
ਪਿੰਡ ਦੀ ਹਰ ਤੀਵੀਂ ਦੇ ਹੱਕਾਂ ਲਈ ਖੜ
ਬਸ ਇਹਨਾਂ ਬਗ਼ਾਵਤਾਂ ਤੋਂ ਵਾਂਝੇ ਰੱਖ
ਮੈਂ ਤੇ ਮੇਰਾ ਘਰ
ਮੈਂ ਕਦ ਕਿਹਾ ਏ
ਤੂੰ ਬਗ਼ਾਵਤ ਨਾ ਕਰ
ਇਹ ਕਹਿ ਉਸ ਨੇ ਕੱਟ ਦਿੱਤੇ
ਬਿਨਾਂ ਹਥਿਆਰ ਤੋਂ
ਮੇਰੀ ਅਜ਼ਾਦੀ ਦੇ ਪਰ
ਉਹ ਸੱਚ ਹੀ ਤਾਂ ਕਹਿੰਦਾ
ਉਹਨੇ ਕਦ ਕਿਹਾ ਏ
ਬਗ਼ਾਵਤ ਨਾ ਕਰ
ਬਗ਼ਾਵਤ ਨਾ ਕਰ !!

## ਹਰੀ ਪੱਤੀ

ਅਮਨਦੀਪ ਕੌਰ ਜੋਗਾ

ਹਾਲ਼ੇ ਤਾਂ ਹਰੀ ਪੱਤੀ ਹਾਂ ਇੰਝ ਨਾ ਤੂੰ ਝਾੜ ਸਾਨੂੰ
ਹੋ ਗਈ ਜ਼ਰਦ ਤਾਂ ਖ਼ੁਦ-ਬ-ਖ਼ੁਦ ਮੇਰੇ ਪੱਤੇ ਝੜਨਗੇ
ਕਿੰਨਾ ਧੂੰਆਂ ਸੱਥਰ ਕੀਤਾ ਜੰਮ ਪਈ ਹਾਂ ਦਰ ਤੇਰੇ ’ਤੇ
ਜਦ ਖੜੀ ਮੈਂ ਪੈਰਾਂ ’ਤੇ ਇਹ ਲੋਕੀ ਨਾਲ ਮੇਰੇ ਖੜਨਗੇ
ਸੁੰਨਸਾਨ ਨੇ ਇਹ ਰਾਹਵਾਂ ਇਕੱਲੀ ਹੀ ਤੁਰ ਪਈ ਹਾਂ ਮੈਂ
ਬਣੀ ਜਦ ਪੱਕਾ ਰਾਹ ਲੋਕੀ ਅੱਗੇ ਨਿਕਲਣ ਲਈ ਲੜਨਗੇ
ਤਿਤਲੀਆਂ ਨੂੰ ਫੜਨਾ ਤੇ ਮਿੱਟੀਆ ’ਚ ਰੁਲਣਾ
ਆਦਤ ਮੇਰੀ
ਕੀ ਪਤਾ ਸੀ ਤਿਤਲੀਆਂ ’ਤੇ ਇਲਜ਼ਾਮ ਲੋਕੀ
ਮੜਨਗੇ
ਜਿਉਂਦੇ ਜੀਅ ਜਿਨ੍ਹਾਂ ਚੋਭਾਂ ਨਾਲ ਮੜ ਦਿੱਤਾ ਤੈਨੂੰ
ਵੇਖੀ ਇੱਕ ਦਿਨ ਕਦਰ ਤੇਰੀ ਉਹੀ ਲੋਕੀ ਹੀ ਕਰਨਗੇ।

## ਸਮਾਂ

ਕਮਲਦੀਪ ਕੌਰ ਸੋਨਟ



ਸੂਲ਼ੀ ਟੰਗੇ ਸਮੇਂ ਨੇ ਕਿਉਂ ?
ਲੋਕੀ ਸਮੇਂ ਤੋਂ ਡਰਦੇ ਨੇ ਕਿਉਂ ?
ਅਸੀਂ ਸਮੇਂ ਨੂੰ ਲੱਭਦੇ ਕਿਉਂ ?
ਉਹ ਸਮੇਂ ਨੂੰ ਉਡੀਕਦੇ ਕਿਉਂ ?
ਸਮੇਂ ਦੀਆਂ ਖੇਡਾਂ, ਸਮੇਂ ਦੇ ਚੱਕਰ
ਅਜ਼ੀਬ ਜਿਹੇ ਵਰਤਾਰੇ ਘਟਦੇ ਕਿਉਂ ?
ਚੰਗੇ ਸਮਿਆਂ ਦੇ ਸ਼ੌਂਕ ਤੇ ਸਿੰਗਾਰ ਜੀ,
ਤਾਹੀਂਓ ਗੱਲਾਂ ਵਿੱਚ ਪਾਏ ਅਸੀਂ ਹਾਰ ਜੀ,
ਇਹਨਾਂ ਲਫ਼ਜ਼ਾਂ ਦੇ ਮਣਕੇ ਸਿੰਗਾਰ ਜੀ,
ਅਸਾਂ ਨਵਾਂ ਹੀ ਬਣਾਇਆ ਏ ਆਕਾਰ ਜੀ॥

## ਇਉਂ ਨਾ ਤੂੰ ਫੇਰ ਅੱਖੀਆਂ ਇਉਂ ਨਾ ਨਕਾਰ ਮੈਨੂੰ

ਸੁਖਵਿੰਦਰ ਅੰਮ੍ਰਿਤ

ਇਉਂ ਨਾ ਤੂੰ ਫੇਰ ਅੱਖੀਆਂ ਇਉਂ ਨਾ ਨਕਾਰ ਮੈਨੂੰ
ਕਵਿਤਾ ਜ਼ਰਾ ਮੈਂ ਮੁਸ਼ਕਿਲ ਫਿਰ ਤੋਂ ਵਿਚਾਰ ਮੈਨੂੰ

ਕੋਈ ਹੋਰ ਪੜ੍ਹ ਨਾ ਸਕਦਾ ਤਫ਼ਸੀਰ ਕਰ ਨਾ ਸਕਦਾ
ਮੈਂ ਸਤਰ ਸਤਰ ਤੇਰੀ ਤੂੰ ਹੀ ਉਚਾਰ ਮੈਨੂੰ

ਬਿੰਦੀ ਕੋਈ ਲਗਾਦੇ ਤੇ ਡੰਡੀਆਂ ਵੀ ਪਾ ਦੇ
ਜਿੱਦਾਂ ਨਿਖਾਰ ਸਕਦੈਂ ਓਦਾਂ ਨਿਖਾਰ ਮੈਨੂੰ

ਕੁਝ ਹੋਰ ਗੂੜ੍ਹੀ ਹੋਵਾਂ ਕੁਝ ਹੋਰ ਰੰਗ ਉਭਰਨ
ਤੂੰ ਦਿਲ ਦੇ ਵਰਕਿਆਂ ’ਤੇ ਏਦਾਂ ਉਤਾਰ ਮੈਨੂੰ

ਜੇ ਕਹਿ ਦਏਂ ਤੂੰ ਮੈਨੂੰ ‘ਮੈਂ ਕਰਦਾਂ ਪਿਆਰ ਤੈਨੂੰ’
ਕਰ ਦੇਣਗੇ ਮੁਕੰਮਲ ਇਹ ਲਫ਼ਜ਼ ਚਾਰ ਮੈਨੂੰ

ਤੈਥੋਂ ਜੇ ਮੁੱਖ ਮੋੜਾਂ, ਕੀਤਾ ਜੇ ਕੌਲ ਤੋੜਾਂ
ਤੂੰ ਹਰਫ਼ ਹਰਫ਼ ਕਰ ਕੇ ਦੇਵੀਂ ਖਿਲਾਰ ਮੈਨੂੰ

## ਕਦੀ ਜੰਗਲਾਂ ਦੇ ਅੰਦਰ

ਸੁਰਜੀਤ ਪਾਤਰ



ਕਦੀ ਜੰਗਲਾਂ ਦੇ ਅੰਦਰ,
ਕਦੀ ਪਰਬਤਾਂ ਦੇ ਦੁਆਰੇ
ਸਦੀਆਂ ਤੋਂ ਵਾ ਦੇ ਬੁੱਲੇ,
ਫਿਰਦੇ ਨੇ ਮਾਰੇ ਮਾਰੇ
ਤਪਦਾ ਏ ਤਪਿਆ ਸੂਰਜ,
ਸਾਗਰ ’ਚ ਡੁੱਬ ਨਾ ਸਕਿਆ
ਪਾਣੀ ਸਮੁੰਦਰਾਂ ਦਾ,
ਤਪ ਕੇ ਮਿਲਣ ਨੂੰ ਉਡਿਆ
ਡਿਗਿਆ ਪਹਾੜਾਂ ਉਤੇ,
ਬਣ ਕੇ ਬਰਫ਼ ਦੇ ਤੂੰਬੇ
ਕਿੰਜ ਸ਼ਾਂਤ ਹੋ ਰਹੇ ਨੇ,
ਉਹਦੇ ਕਾਲਜੇ ਦੇ ਲੂੰਬੇ
ਧਰਤੀ ਹਜ਼ਾਰ ਦੁਖੜੇ,
ਸੀਨੇ ਦੇ ਵਿੱਚ ਲੁਕੋਂਦੀ
ਅੰਦਰ ਲੁਕੇ ਜਲਾਂ ਵਿੱਚ,
ਅੱਖੀਆਂ ਡੁਬੋ ਕੇ ਰੋਂਦੀ

ਕਦੀ ਪਾੜ ਕੇ ਕਲੇਜਾ,
ਫੁਟਦੀ ਏ ਤੇਜ਼ ਜੁਆਲਾ
ਟੁਟਦੇ ਨੇ ਕੜ ਸਬਰ ਦੇ,
ਖਾਂਦਾ ਏ ਦਿਲ ਉਛਾਲਾ
ਜੋ ਸਹਿ ਲਿਆ ਏ ਸਦੀਆਂ,
ਇੱਕ ਦਿਵਸ ਨਾ ਸਹੇਗਾ
ਸਦੀਆਂ ਦੀ ਅਣਕਹੀ ਨੂੰ,
ਇਕ ਹਾਦਸਾ ਕਹੇਗਾ
ਇਹ ਨੇੜਤਾ ਦੀ ਸੱਧਰ,
ਤੇ ਦੂਰੀਆਂ ਦਾ ਮਸਲਾ
ਸੰਯੋਗ ਦਾ ਇਹ ਸੁਪਨਾ,
ਤੇ ਵਿਯੋਗ ਦਾ ਇਹ ਅਸਲਾ
ਅਟਕੇ ਨੇ ਰੂਪ ਸਾਰੇ,
ਇਕ ਦੂਸਰੇ ਸਹਾਰੇ
ਜੇ ਕੋਸ਼ਿਸ਼ ਨਹੀਂ ਤਾਂ ਕੀ ਨੇ,
ਇਹ ਜਹਾਨ ਦੇ ਖਲਾਰੇ

## ਪਿਆਰ ਮਗਰੋਂ

ਹਰਪ੍ਰੀਤ ਕੌਰ ਸੰਧੂ

ਮੈਂ ਚੁੰਮਦੀ ਸੀ
ਤੇਰੇ ਪੈਰਾਂ ਦੀਆਂ ਤਲੀਆਂ
ਔਰਤ ਦੀ ਆਜ਼ਾਦੀ ਲਈ
ਲੜਨ ਵਾਲੀ
ਮੈਂ ਦੱਬਦੀ ਸੀ ਤੇਰੇ ਪੈਰ
ਤੇਰੀਆਂ ਜੁਰਾਬਾਂ
ਤੇਰੇ ਪੈਰਾਂ ਵਿੱਚ ਪਾਉਣਾ
ਮੇਰਾ ਨਿਯਮ ਬਣ ਗਿਆ ਸੀ।
ਇਹ ਗੁਲਾਮੀ ਨਹੀਂ
ਪਿਆਰ ਸੀ
ਆਪਣਾਪਣ ਸੀ
ਮੈਂ ਜਿੰਨਾ ਝੁਕਦੀ ਗਈ
ਤੂੰ ਆਕੜਦਾ ਗਿਆ
ਪਿਆਰ ਤਾਕਤ ਹੁੰਦਾ ਹੈ

ਕਮਜ਼ੋਰੀ ਨਹੀਂ
ਅੱਜ ਦੇਖ
ਮੈਂ ਤੇਰੇ ਤੋਂ ਵਿਛੜ ਕੇ
ਤਾਕਤਵਰ ਹਾਂ
ਤੂੰ ਮੈਨੂੰ ਛੱਡ ਕੇ
ਕਮਜ਼ੋਰ ਹੋ ਗਿਆ ਹੈਂ
ਕੌਣ ਕਹਿੰਦਾ ਹੈ
ਪਿਆਰ ਕਮਜ਼ੋਰ ਕਰ ਦਿੰਦਾ ਹੈ
ਪਿਆਰ ਕਰਨ ਵਾਲੇ
ਇਰਾਦੇ ਦੇ ਪੱਕੇ
ਜੋ ਵੀ ਕਰਦੇ ਹਨ
ਸ਼ਿੱਦਤ ਨਾਲ
ਫਿਰ ਉਹ ਪਿਆਰ ਹੋਵੇ
ਜਾਂ ਨਫਰਤ।

## ਚਾਨਣ ਦੀਆਂ ਛਿੱਟਾਂ

ਅੰਮ੍ਰਿਤਾ ਪ੍ਰੀਤਮ



ਚਾਨਣ ਦਾ ਇੱਕ ਛੰਭ ਸੀ
ਤਾਰੇ ਝੱਜਰਾਂ ਭਰਦੇ
ਚੁੱਕਣ ਵਹਿੰਗੀਆਂ ।

ਛਿੱਟਾ ਪਈਆਂ ਜਿੰਦ ’ਤੇ
ਚੇਤੇ ਆਈਆ ਗੱਲਾਂ
ਜਿੰਦੋਂ ਮਹਿੰਗੀਆ ।

ਧਰਤੀ ਸੀ ਕੰਡਿਆਲੜੀ
ਅੰਬਰ ਪੱਲਾ ਅੜਿਆ
ਖੁੰਘੀ ਆ ਗਈ ।

ਬੁੱਝ ਨੀ ਜਿੰਦੇ ਮੇਰੀਏ !
ਲੰਘਦੀ ਲੰਘਦੀ ਰਾਤ
ਕਹਾਣੀ ਪਾ ਗਈ ।

ਨਾਜ਼ਕ ਪੋਟੇ ਦਿਲਾਂ ਦੇ
ਕਿਰਨਾਂ ਚੋਭੀ ਸੂਈ
ਦੁੱਸਰ ਹੋ ਗਈ ।

ਯਾਦਾਂ ਭਾਂਬੜ ਬਾਲਿਆ
ਲੱਖ ਬਚਾਏ ਪੱਲੇ
ਕੰਨੀ ਛੋਹ ਗਈ।

## ਸਮੁੰਦਰਾ ਪਿਆਰਿਆ

ਸਰਬਜੀਤ ਕੌਰ ਪੀ. ਸੀ.

ਤੈਨੂੰ ਤੱਕ ਮੈਨੂੰ ਇੰਝ ਲੱਗਦਾ ।
ਜਿੱਦਾਂ ਤੈਨੂੰ ਧਰਤੀ ’ਤੇ, ਔਰਤ ਨੇ ਜਣਿਆ ।
ਗੁੱਸਾ ਨਾ ਕਰੀਂ ਤੂੰ, ਸਮੁੰਦਰਾ ਪਿਆਰਿਆ ।
ਮੈਨੂੰ ਲੱਗਦਾ ਤੂੰ, ਉਹਦੇ ਅੱਥਰੂਆਂ ਤੋਂ ਬਣਿਆ ।

ਜਦੋਂ ਔਰਤ ਦੇ ਜਾਏ, ਕੁੱਖ ਵਿੱਚ ਧੀ ਨੂੰ ਵੱਢਦੇ ਹੋਣੇ ।
ਕੂਲ਼ੇ ਅੰਗ, ਚਤੁਰਾਈ ਸਮਝ ਕੁਤਰ, ਮਾਂ ਢਿੱਡੋਂ ਕੱਢਦੇ ਹੋਣੇ ।
ਜਦੋਂ ਦੁੱਖਾਂ ਨਾਲ ਭਰਿਆ, ਗ਼ੁਬਾਰ ਵਗਿਆ ਹੋਣਾ ।
ਮੈਨੂੰ ਲੱਗਦਾ ਸਮੁੰਦਰਾ, ਜਾਂ ਤੂੰ ਉਦੋਂ ਬਣਿਆ ਹੋਣਾ ।

ਜਦੋਂ ਪੜ੍ਹਨ ਜਾਂਦੀ ਧੀ ਨੂੰ , ਦਰਿੰਦਿਆਂ ਨੇ ਖੋਹਿਆ ਹੋਣਾ ।
ਜਿਸ ਮੋਈ ਵੇਖ, ਮਾਂ ਪਿਉ ਤੇ ਭਰਾ ਰੋਇਆ ਹੋਣਾ ।
ਤੇਰਾ ਸੀਨਾ ਦੁਸ਼ਮਨ ਦਾ ਪਾਣੀ ਨਸ਼ਟ ਕਰਨ ਲਈ,
ਜਦੋਂ ਉਹਨਾਂ ਲੂਣੇ ਅੱਥਰੂਆਂ ਨਾਲ ਮਿਲਿਆ ਹੋਣਾ ।
ਮੈਨੂੰ ਲੱਗਦਾ ਸਮੁੰਦਰਾ, ਜਾਂ ਤੂੰ ਉਦੋਂ ਬਣਿਆ ਹੋਣਾ ।

ਜਦੋਂ ਕਿੱਕਰਾਂ, ਟਾਹਲੀਆਂ ਵੱਢ, ਸੇਜਾਂ ਬਣੀਆਂ ਹੋਣੀਆਂ ।
ਜਦੋਂ ਆਰੀਆਂ ਚੱਲਣ ਵੇਲੇ, ਪੱਤਿਆਂ ’ਤੇ ਟਾਹਣਿਆਂ ’ਤੇ,
ਮੁਸੀਬਤਾਂ ਬਣੀਆਂ ਹੋਣੀਆਂ ।
ਜਦੋਂ ਰੁੱਖਾਂ ਦੇ ਪੱਤਿਆਂ ’ਚੋਂ, ਦੁੱਧ ਬਣ ਨੀਰ ਰੁੜ੍ਹਿਆ ਹੋਣਾ ।
ਮੈਨੂੰ ਲੱਗਦਾ ਸਮੁੰਦਰਾ, ਜਾਂ ਤੂੰ ਉਦੋਂ ਬਣਿਆ ਹੋਣਾ ।

ਜਦੋਂ ਕਾਰਖਾਨਿਆਂ, ਭੱਠਿਆਂ ਨੇ ਧੂੰਆਂ ਕੱਢਿਆ ਹੋਣਾ ।
ਜਦੋਂ ਫੈਕਟਰੀਆਂ ਨੇ ਗੰਦਾ ਮੰਦਾ ਪਾਣੀ,
ਨਦੀਆਂ ਤੇ ਨਹਿਰਾਂ ਵੱਲ ਛੱਡਿਆ ਹੋਣਾ ।
ਧਰਤੀ ਦੇ ਪਿਆਰ ਵਿੱਚ, ਜਦੋਂ ਤੂੰ ਅੱਗੇ,
ਆਪਣਾ ਸੀਨਾ ਕਰਿਆ ਹੋਣਾ ।
ਮੈਨੂੰ ਲੱਗਦਾ ਸਮੁੰਦਰਾ, ਜਾਂ ਤੂੰ ਉਦੋਂ ਬਣਿਆ ਹੋਣਾ

## ਇਹ ਮੁੱਠ ਕੁ ਅੱਖਰ

ਕਰਮਜੀਤ ਕੌਰ ਕਿਸ਼ਾਂਵਲ

ਇਹ ਮੁੱਠ ਕੁ ਅੱਖਰ
ਮੇਰੀ ਕਲਮ ਦੇ ਹੰਝੂ
ਮੇਰੀ ਕਲਮ ਦੇ ਹਾਸੇ
ਉਮਰ ਦੀ ਦੇਹੀ ’ਤੇ
ਖੁੱਭ ਗਏ ਬਣ ਕੇ ਖ਼ਾਰ
ਹਾਸਿਆਂ ਡੰਗਿਆ
ਉਮਰ ਦਾ ਸੀਨਾ
ਗਲ ਬਣ ਲਟਕਿਆ
ਸੱਪ ਦਾ ਹਾਰ!
ਉਮਰ ਮੇਰੀ ਦੇ ਖਿਲਰੇ ਵਰਕੇ
ਚੰਦਰੀ ਸਿਆਹੀ ਦਿਖੇ ਬਿਮਾਰ
ਕਲਮ-ਕੁੜੀ ਦੇ ਪੋਟੇ ਥੱਕ ਗਏ
ਖਾ ਕੇ ਸੂਈਆਂ ਕੋਲੋਂ ਮਾਰ
ਮੈਂਡਾ ਸੱਜਣ ਮੈਨੂੰ ਬਹੁੜਿਆ

ਪਰ ਪੈਂਡੇ ਦੀ ਦੂਰੀ ਵਿਚਕਾਰ
ਜਾਂ ਤਾਂ ਸੱਜਣਾ ਮੁੱਕ ਜਾ ਮੈਂ ਸੰਗ
ਜਾਂ ਇਹ ਦੂਰੀ ਮਾਰ

ਇਹ ਮੁੱਠ ਕੁ ਅੱਖਰ
ਮੇਰੀ ਕਲਮ ਦੇ ਹੰਝੂ
ਮੇਰੀ ਕਲਮ ਦੇ ਹਾਸੇ
ਉਮਰ ਦੀ ਦੇਹੀ ’ਤੇ
ਖੁੱਭ ਗਏ ਬਣ ਕੇ ਖ਼ਾਰ!

ਹਰ ਝੱਖੜ ਅਸੀਂ ਝੱਲ ਗਏ
ਝੱਲ ਨਾ ਹੋਣੀ ਤੇਰੀ ਹਾਰ
ਸੱਜਣ ਮੈਂਡਿਆ!
ਝੱਲ ਨਾ ਹੋਣੀ ਤੇਰੀ ਹਾਰ!

ਡਾ. ਗੁਲਾਮ ਮੁਸਤਫਾ ਡੋਗਰ

# ਪੰਜਾਬ ਦੇ ਹਰਮਨ ਪਿਆਰੇ ਗੌਣ 'ਜੁਗਨੀ' ਦਾ ਕੀ ਹੈ ਇਤਿਹਾਸ?



'ਜੁਗਨੀ' ਪੰਜਾਬ ਦਾ ਹਰਮਨਪਿਆਰਾ ਗੌਣ ਹੈ।'ਦਰਅਸਲ, ਇਹ 'ਜੁਬਲੀ' ਸ਼ਬਦ ਦਾ ਵਿਗੜਿਆ ਹੋਇਆ ਰੂਪ ਹੈ। 'ਜੁਬਲੀ' ਸ਼ਬਦ ਦਾ ਉਚਾਰਣ ਗਲਤ ਤੌਰ 'ਤੇ 'ਜੁਗਨੀ' ਕਰ ਦਿੱਤਾ। ਇਹ ਬਰਤਾਨੀਆ ਦੀ ਮਲਿਕਾ ਵਿਕਟੋਰੀਆ ਦੀ ਤਾਜਪੋਸ਼ੀ ਦੀ ਗੋਲਡਨ ਜੁਬਲੀ ਮੌਕੇ ਪੈਦਾ ਹੋਇਆ। ਜਦੋਂ ਇਹ ਗੋਲਡਨ ਜੁਬਲੀ ਧੂਮਧਾਮ ਨਾਲ ਮਨਾਈ ਗਈ ਤਾਂ ਅਨਪੜ੍ਹ ਲੋਕ ਜੁਬਲੀ ਸ਼ਬਦ ਦਾ ਉਚਾਰਣ ਨਹੀਂ ਕਰ ਸਕੇ। ਆਪਣੀ ਸੌਖ ਲਈ ਉਨ੍ਹਾਂ ਨੇ ਇਸ ਨੂੰ 'ਜੁਗਨੀ' ਕਹਿ ਦਿੱਤਾ। ਫਿਰ ਇਹ ਇੰਨਾ ਹਰਮਨਪਿਆਰਾ ਹੋ ਗਿਆ ਕਿ ਜੁਗਨੀ ਗੌਣ ਬੱਚੇ ਬੱਚੇ ਦੀ ਜ਼ੁਬਾਨ 'ਤੇ ਚੜ੍ਹ ਗਿਆ।

ਲਹਿੰਦੇ ਪੰਜਾਬ ਦੀ ਵਿਧਾਨ ਸਭਾ ਲਾਹੌਰ ਦੇ ਮਾਲ ਰੋਡ 'ਤੇ ਸਥਿਤ ਹੈ। ਇਸ ਦੀ ਇਮਾਰਤ 17 ਨਵੰਬਰ 1935 ਨੂੰ ਬਣ ਕੇ ਤਿਆਰ ਹੋਈ। ਇਕੱਠੇ ਪੰਜਾਬ ਦੀ ਵਿਧਾਨ ਸਭਾ ਦੇ ਬਿਲਕੁਲ ਸਾਹਮਣੇ ਇੱਕ ਛੋਟਾ ਜਿਹਾ ਪਾਰਕ ਸੀ, ਜਿੱਥੇ ਇੱਕ ਵੱਡਾ ਚਬੂਤਰਾ ਬਣਿਆ ਹੋਇਆ ਸੀ। ਇਸ ਚਬੂਤਰੇ ਉੱਤੇ ਬਰਤਾਨੀਆ ਦੀ ਮਲਿਕਾ ਵਿਕਟੋਰੀਆ ਦਾ ਇੱਕ ਬਹੁਤ ਵੱਡਾ ਬੁੱਤ ਗੱਡਿਆ ਹੋਇਆ ਸੀ। ਚਬੂਤਰਾ ਅਤੇ ਬੁੱਤ ਦੋਵੇਂ ਹੀ ਚਿੱਟੇ ਰੰਗ ਦੇ ਸੰਗਮਰਮਰ ਦੇ ਬਣੇ ਹੋਏ ਸਨ ਅਤੇ ਵੇਖਣ ਵਿੱਚ ਬਹੁਤ ਹੀ ਖ਼ੂਬਸੂਰਤ ਸਨ। ਮਲਿਕਾ ਵਿਕਟੋਰੀਆ ਉਸ ਬੁੱਤ ਵਿੱਚ ਬੈਠੀ ਹੋਈ ਵਿਖਾਈ ਗਈ ਸੀ, ਉਸ ਦੇ ਹੱਥ ਵਿੱਚ ਇੱਕ ਡੰਡਾ ਫੜਿਆ ਹੋਇਆ ਸੀ। 1973 ਦੇ ਨੇੜੇ-ਤੇੜੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੇ ਇਸਲਾਮੀ ਮੁਲਕਾਂ ਦੀ ਇੱਕ ਵਿਸ਼ਵ ਕਾਨਫਰੰਸ ਕਰਵਾਈ। ਉਸ ਤੋਂ ਬਾਅਦ ਉਸ ਦੀ ਯਾਦ ਵਿੱਚ ਵਿਧਾਨ ਸਭਾ ਦੇ ਸਾਹਮਣੇ ਇੱਕ ਮਿਨਾਰ ਬਣਾਇਆ ਗਿਆ। ਇਹ ਉਹ ਜਗ੍ਹਾ ਹੀ ਸੀ ਜਿੱਥੇ ਮਲਿਕਾ ਵਿਕਟੋਰੀਆ ਦਾ ਬੁੱਤ ਸੀ। ਇਸ ਕਰਕੇ ਮਲਿਕਾ ਵਿਕਟੋਰੀਆ ਦੇ ਬੁੱਤ ਨੂੰ ਉੱਥੋਂ ਚੁੱਕ ਕੇ ਲਾਹੌਰ ਦੇ ਇੱਕ ਅਜਾਇਬ ਘਰ ਵਿੱਚ ਰਖਵਾ ਦਿੱਤਾ ਗਿਆ। ਅੱਜ ਅਸੀਂ ਇਸੇ ਹੀ ਮਲਿਕਾ ਵਿਕਟੋਰੀਆ ਦੀ ਗੱਲ ਕਰਨ ਲੱਗੇ ਹਾਂ। ਜਿਸ ਦੀ ਵਜ੍ਹਾ ਨਾਲ ਪੰਜਾਬੀ ਜ਼ੁਬਾਨ ਗੌਣ ਵਿੱਚ ਇੱਕ ਨਵੀਂ ਕਿਸਮ ਨੇ ਜਨਮ ਲਿਆ। ਅੱਜ ਵੀ ਪੰਜਾਬ ਦੇ ਲੋਕ ਉਸ ਨਵੀਂ ਕਿਸਮ ਨੂੰ ਬੜੇ ਸ਼ੌਕ ਦੇ ਨਾਲ ਗਾਉਂਦੇ ਹਨ।

ਮਲਿਕਾ ਵਿਕਟੋਰੀਆ 1837 ਤੋਂ ਲੈ ਕੇ 1901 ਤਕ ਬਰਤਾਨੀਆ ਦੀ ਮਲਿਕਾ ਰਹੀ। ਆਪਣੇ ਮਰਨ ਤੋਂ ਬਾਅਦ ਵੀ ਉਹ ਦੁਨੀਆ 'ਤੇ ਆਪਣੇ ਨਾਂ ਦੇ ਨਾਲ ਜੁੜੀਆਂ ਕੁਝ ਚੀਜ਼ਾਂ ਛੱਡ ਗਈ। ਗੋਰਿਆਂ ਦੀ ਹਕੂਮਤ ਖ਼ਤਮ ਹੋਈ ਤਾਂ ਪੰਜਾਬੀ ਬਾਕੀ ਸਭ ਚੀਜ਼ਾਂ ਭੁੱਲ ਗਏ, ਪ੍ਰੰਤੂ ਮਲਿਕਾ ਵਿਕਟੋਰੀਆ ਦੀ ਇੱਕ ਯਾਦ ਰਹਿ ਗਈ ਜਿਸ ਨੂੰ ਉਹ ਭੁਲਾ ਨਾ ਸਕੇ ਤੇ ਉਹ ਸੀ ਜੁਗਨੀ। ਪੰਜਾਬੀਆਂ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਜੁਗਨੀ ਦੀ ਪੂਰੀ ਜਾਣਕਾਰੀ ਨਹੀਂ, ਇਸ ਦੇ ਬਾਵਜੂਦ ਉਹ ਇਸ ਦਾ ਪੂਰਾ ਅਨੰਦ ਲੈਂਦੇ ਹਨ। ਮਲਿਕਾ ਵਿਕਟੋਰੀਆ ਨੇ 1887 ਵਿੱਚ ਆਪਣੀ ਮਲਿਕਾ ਹੋਣ ਦੇ 50 ਸਾਲ ਮੁਕੰਮਲ ਹੋਣ ਤੋਂ ਬਾਅਦ ਆਪਣੀ ਤਾਜਪੋਸ਼ੀ ਦੀ ਗੋਲਡਨ ਜੁਬਲੀ ਮਨਾਈ। ਉਸ ਵਕਤ ਮਲਿਕਾ ਨੇ ਦੋ ਕੰਮ ਕੀਤੇ। ਇੱਕ ਤਾਂ ਉਸ ਵਕਤ ਸਲਤਨਤ ਵਿੱਚ ਉਸ ਨੇ ਆਪਣੀ ਯਾਦ ਵਿੱਚ ਕਈ ਇਮਾਰਤਾਂ ਬਣਵਾਈਆਂ। ਦੂਸਰਾ ਕੰਮ ਉਸ ਨੇ ਇਹ ਕੀਤਾ ਕਿ ਲੰਡਨ ਤੋਂ ਲੈ ਕੇ ਹਿੰਦੁਸਤਾਨ ਤੱਕ ਉਸ ਨੇ ਆਪਣੇ ਨਾਂ ਦੀ ਇੱਕ ਜੁਬਲੀ ਮਸ਼ਾਲ ਫੇਰੀ।

ਇਹ ਮਸ਼ਾਲ ਉਸੇ ਤਰ੍ਹਾਂ ਦੀ ਹੈ ਜਿਸ ਤਰ੍ਹਾਂ ਅੱਜਕੱਲ੍ਹ ਓਲੰਪਿਕ ਦੀ ਮਸ਼ਾਲ ਕੱਢੀ ਜਾਂਦੀ ਹੈ। ਕਿਸੇ ਇੱਕ ਵਿਅਕਤੀ ਵੱਲੋਂ ਇਹ ਮਸ਼ਾਲ ਫੜੀ ਜਾਂਦੀ ਹੈ ਅਤੇ ਉਹ ਵੱਖਰੇ-ਵੱਖਰੇ ਮੁਲਕਾਂ ਵਿੱਚ ਇਸ ਨੂੰ ਚੁੱਕ ਕੇ ਚੱਲਦਾ ਹੈ। ਉਸ ਮਸ਼ਾਲ ਵਿੱਚ ਜਿਵੇਂ ਅੱਗ ਬਲਦੀ ਹੈ ਉਸੇ ਤਰ੍ਹਾਂ ਦੀ ਰੋਸ਼ਨੀ ਹੁੰਦੀ ਹੈ। ਉਸ ਵਕਤ ਤੱਕ ਜਿੰਨੇ ਮੁਲਕ ਮਲਿਕਾ ਦੀ ਸਲਤਨਤ ਵਿੱਚ ਸ਼ਾਮਲ ਸਨ, ਜੁਬਲੀ ਮਸ਼ਾਲ ਨੂੰ ਉਨ੍ਹਾਂ ਸਾਰਿਆਂ ਮੁਲਕਾਂ ਵਿੱਚ ਲਿਜਾਇਆ ਜਾਣਾ ਸੀ। ਉਨ੍ਹਾਂ ਮੁਲਕਾਂ ਦੀ ਗਿਣਤੀ ਘੱਟੋ-ਘੱਟ 68 ਦੇ ਕਰੀਬ ਸੀ। ਅਫ਼ਰੀਕਾ ਅਤੇ ਹਿੰਦੁਸਤਾਨ ਵੀ ਉਸ ਦੀ ਸਲਤਨਤ ਵਿੱਚ ਸ਼ਾਮਲ ਸਨ। ਜਦੋਂ ਇਹ ਮਸ਼ਾਲ ਹਿੰਦੁਸਤਾਨ ਆਈ ਤਾਂ ਉਸ ਨੂੰ ਹਿੰਦੁਸਤਾਨ ਦੇ ਹਰ ਜ਼ਿਲ੍ਹੇ ਵਿੱਚ ਲਿਜਾਇਆ ਗਿਆ। ਇੱਕ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਇਸ ਮਸ਼ਾਲ ਨੂੰ ਪਿਛਲੇ ਡਿਪਟੀ ਕਮਿਸ਼ਨਰ ਪਾਸੋਂ ਹਾਸਲ ਕਰਦਾ ਸੀ ਤੇ ਉਹ ਇਸ ਮਸ਼ਾਲ ਨੂੰ ਆਪਣੇ ਪੂਰੇ ਜ਼ਿਲ੍ਹੇ ਵਿੱਚ ਫੇਰਦਾ ਸੀ। ਉਸ ਜ਼ਿਲ੍ਹੇ ਦੇ ਲੋਕ ਇਸ ਮਸ਼ਾਲ ਦਾ ਨੱਚ, ਟੱਪ ਤੇ ਗਾਣੇ ਗਾ ਕੇ ਸਵਾਗਤ ਕਰਦੇ ਅਤੇ ਇਸ ਜਲੂਸ ਵਿੱਚ ਆਪ ਵੀ ਨਾਲ ਸ਼ਾਮਲ ਹੁੰਦੇ ਸਨ। ਜਦੋਂ ਇਹ ਮਸ਼ਾਲ ਪੰਜਾਬ ਵਿੱਚ ਪਹੁੰਚੀ ਜੋ ਪੰਜਾਬ ਅੱਜਕੱਲ ਤਿੰਨ ਚਾਰ ਸੂਬਿਆਂ ਵਿੱਚ ਵੰਡਿਆ ਗਿਆ ਹੈ ਜਿਵੇਂ ਕਿ ਲਹਿੰਦਾ ਪੰਜਾਬ ਅਤੇ ਚੜ੍ਹਦੇ ਪੰਜਾਬ ਦੇ ਤਿੰਨ ਸੂਬੇ। ਜਦੋਂ ਮਸ਼ਾਲ ਇੱਥੇ ਆਈ ਤਾਂ ਪੰਜਾਬੀਆਂ ਨੇ ਵੀ ਉਸੇ ਤਰ੍ਹਾਂ ਇਸ ਮਸ਼ਾਲ ਦਾ ਗਾ, ਵਜਾ ਕੇ ਸਵਾਗਤ ਕੀਤਾ। ਇਸ ਤਰ੍ਹਾਂ ਦਾ ਸ਼ੋਅ/ਜਲੂਸ ਹਕੂਮਤ ਦੀ ਮਨਜ਼ੂਰੀ ਤੋਂ ਬਿਨਾਂ ਨਹੀਂ ਸੀ ਹੋ ਸਕਦਾ। ਲੋਕ ਤਾਂ ਉਸ ਵੇਲੇ ਆਪਣੇ ਘਰਾਂ ਤੋਂ ਬਾਹਰ ਹੀ ਨਹੀਂ ਸਨ ਨਿਕਲਦੇ। ਇਸ ਵਾਸਤੇ ਇਸ ਨੂੰ ਕਾਮਯਾਬ ਕਰਨ ਲਈ ਅੰਗਰੇਜ਼ਾਂ ਦੇ ਮੁਕਾਮੀ ਨੌਕਰਾਂ ਦੀ ਡਿਊਟੀ ਲੱਗੀ ਹੋਈ ਸੀ। ਜਿਸ ਵਿੱਚ ਸਰਕਾਰੀ ਅਫ਼ਸਰ ਤਾਂ ਹੈ ਹੀ ਸਨ ਇਸ ਦੇ ਨਾਲ ਪਿੰਡਾਂ ਦੇ ਨੰਬਰਦਾਰ, ਚੌਕੀਦਾਰ, ਸਫ਼ੈਦ ਪੋਸ਼, ਜ਼ੈਲਦਾਰ, ਖ਼ਾਨ, ਸਰਦਾਰ, ਚੌਧਰੀ, ਰਾਜੇ, ਮਹਾਰਾਜੇ ਸਭ ਮਲਿਕਾ ਦੀ ਚਾਪਲੂਸੀ ਕਰਨ ਵਾਸਤੇ ਵੱਧ-ਚੜ੍ਹ ਕੇ ਇਸ ਜਲੂਸ ਨੂੰ ਕਾਮਯਾਬ ਕਰਨ ਵਾਸਤੇ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਸਨ। ਇੱਕ ਪੂਰੇ ਜ਼ਿਲ੍ਹੇ ਵਿੱਚ ਇਸ ਜੁਬਲੀ ਮਸ਼ਾਲ ਨੂੰ ਘੁੰਮਾਉਣ ਤੋਂ ਬਾਅਦ ਉਸ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਉਸ ਨੂੰ ਅਗਲੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਹੱਦ 'ਤੇ ਜਾ ਕੇ ਉਸ ਨੂੰ ਸੌਂਪ ਦਿੰਦਾ ਸੀ। ਅਗਲੇ ਜ਼ਿਲ੍ਹੇ ਵਿੱਚ ਵੀ ਇਸ ਮਸ਼ਾਲ ਦਾ ਉਸੇ ਤਰ੍ਹਾਂ ਗਾ, ਵਜਾ ਕੇ ਸਵਾਗਤ ਕੀਤਾ ਜਾਂਦਾ ਸੀ। ਜਦੋਂ ਇਹ ਮਸ਼ਾਲ ਪੰਜਾਬ ਦੇ ਜ਼ਿਲ੍ਹਿਆਂ ਵਿੱਚ ਆਈ ਤੇ ਪੰਜਾਬ ਦੇ ਜਾਗਰੀਦਾਰੀ, ਖ਼ਾਨ, ਵਡੇਰੇ, ਚੌਧਰੀ ਆਦਿ ਨੇ ਸੋਚਿਆ ਕਿ ਆਪਾ ਬਾਕੀ ਸੂਬਿਆਂ ਨਾਲੋਂ ਕੁਝ ਵੱਧ-ਚੜ੍ਹ ਕੇ ਅਤੇ ਵੱਖਰੀ ਕਿਸਮ ਨਾਲ ਇਸ ਦਾ ਸੁਆਗਤ ਕਰਨਾ ਹੈ ਤਾਂ ਕਿ ਮਲਿਕਾ ਨੂੰ ਖੁਸ਼ ਕੀਤਾ ਜਾ ਸਕੇ। ਉਨ੍ਹਾਂ ਨੇ ਇਸ ਜੁਬਲੀ ਮਸ਼ਾਲ ਦੀ ਸ਼ਾਨ ਵਿੱਚ ਗਾਣੇ ਤਿਆਰ ਕਰਵਾਉਣੇ ਸ਼ੁਰੂ ਕਰ ਦਿੱਤੇ। ਪੰਜਾਬ ਵਿੱਚ ਗਾਉਣ, ਵਜਾਉਣ ਵਾਲੇ ਲੋਕ ਪਹਿਲਾਂ ਮਰਾਸੀ ਹੀ ਹੁੰਦੇ ਸਨ। ਮਰਾਸੀ ਸਾਰੇ ਹੀ ਮੁਸਲਮਾਨ ਹੁੰਦੇ ਸਨ। ਪੰਜਾਬ ਵਿੱਚ ਸੰਗੀਤ ਨਾਲ ਸਬੰਧਤ ਕਈ ਘਰਾਣੇ ਮਸ਼ਹੂਰ ਸਨ, ਜਿਵੇਂ ਪਟਿਆਲਾ ਘਰਾਣਾ, ਸ਼ਾਮਚੁਰਾਸੀ ਘਰਾਣਾ, ਗਵਾਲੀਅਰ ਘਰਾਣਾ ਅਤੇ ਇੱਕ ਹੋਰ ਬੜਾ ਮਸ਼ਹੂਰ ਘਰਾਨਾ ਸੀ ਜਿਸ ਨੂੰ ਕਸੂਰ ਘਰਾਣਾ ਵੀ ਕਿਹਾ ਜਾਂਦਾ ਸੀ। ਕਸੂਰ ਘਰਾਣੇ ਦੇ ਫਨਕਾਰ ਬਹੁਤ ਵੱਡੇ ਉਸਤਾਦ ਤੇ ਗਵੱਈਏ ਸਨ। ਇਸ ਘਰਾਨੇ ਨਾਲ ਤਲੱਕ ਨੂਰਜਹਾਂ ਦਾ ਵੀ ਸੀ ਅਤੇ ਬਾਅਦ ਵਿੱਚ ਗਾਇਕ ਅਫ਼ਸ਼ਾਂ, ਸਾਇਰਾ ਬਾਨੋ ਅਤੇ ਉਸਤਾਦ ਬੜੇ ਗੁਲਾਮ ਅਲੀ ਖ਼ਾਨ। ਇਸ ਮੌਕੇ 'ਤੇ ਹਰ ਫਨਕਾਰ ਕੋਈ ਨਾ ਕੋਈ ਗਾਣਾ ਬਣਾ ਰਿਹਾ ਸੀ। ਕਸੂਰ ਘਰਾਣੇ ਦੇ ਦੋ ਮਰਾਸੀ ਸਕੇ ਭਾਈਆਂ ਵੱਲੋਂ ਇੱਕ ਗਾਣਾ ਤਿਆਰ ਕੀਤਾ ਗਿਆ। ਜਿਵੇਂ ਕਿ ਉਸ ਵਕਤ ਸਾਡੇ ਮੁਲਕ ਵਿੱਚ 12% ਤੋਂ ਵੀ ਘੱਟ ਲੋਕ ਪੜ੍ਹੇ ਲਿਖੇ ਸਨ।

(ਬਾਕੀ ਸਫ਼ਾ 31 'ਤੇ)

# ਡਾਂਸ ਦੀ ਮਲਿਕਾ ਸਰੋਜ ਖ਼ਾਨ



ਬਾਲੀਵੁੱਡ 'ਚ ਕਈ ਡਾਂਸ ਕੋਰੀਓਗ੍ਰਾਫਰ ਰਹੇ ਹਨ ਪਰ ਸਰੋਜ ਖਾਨ ਦੀ ਗੱਲ ਵੱਖਰੀ ਸੀ। ਉਸਨੇ 3 ਹਜ਼ਾਰ ਤੋਂ ਵੱਧ ਗੀਤਾਂ ਦੀ ਕੋਰੀਓਗ੍ਰਾਫੀ ਕੀਤੀ। ਕਈ ਫਿਲਮੀ ਸਿਤਾਰਿਆਂ ਨੂੰ ਡਾਂਸ ਕਰਵਾਇਆ ਅਤੇ ਕਈ ਆਈਕੌਨਿਕ ਡਾਂਸ ਸਟੈਪਸ ਦਿੱਤੇ। ਸਰੋਜ ਖਾਨ ਇਸ ਦੁਨੀਆ 'ਚ ਨਹੀਂ ਰਹੀ ਪਰ ਪ੍ਰਸ਼ੰਸਕ ਅਤੇ ਸਿਨੇ ਪ੍ਰੇਮੀ ਉਨ੍ਹਾਂ ਨੂੰ ਭੁੱਲੇ ਨਹੀਂ ਹਨ। ਸਰੋਜ ਖਾਨ ਨੇ ਆਪਣੀ ਪ੍ਰੋਫੈਸ਼ਨਲ ਲਾਈਫ 'ਚ ਜਿੰਨੀ ਸਫਲਤਾ ਦੇਖੀ, ਉਨੀ ਹੀ ਆਪਣੀ ਨਿੱਜੀ ਜ਼ਿੰਦਗੀ 'ਚ ਵੀ ਉਥਲ-ਪੁਥਲ ਦੇਖੀ।

ਸਰੋਜ ਖਾਨ ਦਾ ਅਸਲੀ ਨਾਂ ਨਿਰਮਲਾ ਨਾਗਪਾਲ ਸੀ। ਉਨ੍ਹਾਂ ਦੇ ਪਿਤਾ ਦਾ ਨਾਂ ਕਿਸ਼ਨ ਚੰਦ ਸੰਧੂ ਅਤੇ ਮਾਤਾ ਦਾ ਨਾਂ ਨੋਨੀ ਸਿੰਘ ਸੀ। ਸਾਲ 1948 'ਚ ਜਨਮੀ ਸਰੋਜ ਖਾਨ ਭਾਰਤ ਅਤੇ ਪਾਕਿਸਤਾਨ ਦੀ ਵੰਡ ਤੋਂ ਬਾਅਦ ਆਪਣੇ ਮਾਤਾ-ਪਿਤਾ ਨਾਲ ਭਾਰਤ ਆ ਗਈ ਅਤੇ ਇੱਥੇ ਹੀ ਵਸ ਗਈ। ਇੱਥੇ ਆਉਣ ਤੋਂ ਬਾਅਦ ਸਰੋਜ ਖਾਨ ਨੇ 3 ਸਾਲ ਦੀ ਉਮਰ ਵਿੱਚ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ। ਸਰੋਜ ਖਾਨ 50 ਦੇ ਦਹਾਕੇ ਵਿੱਚ ਫਿਲਮਾਂ ਵਿੱਚ ਬੈਕਗਰਾਊਂਡ ਡਾਂਸਰ ਵਜੋਂ ਕੰਮ ਕਰਦੀ ਸੀ। ਉਸਨੇ ਡਾਂਸ ਕੋਰੀਓਗ੍ਰਾਫਰ ਬੀ. ਸੋਹਨਲਾਲ ਤੋਂ ਡਾਂਸ ਸਿੱਖਿਆ।

ਜਦੋਂ ਸਰੋਜ ਖਾਨ 13 ਸਾਲ ਦੀ ਹੋ ਗਈ ਤਾਂ ਉਸਨੇ ਆਪਣੇ ਹੀ ਡਾਂਸ ਮਾਸਟਰ ਬੀ. ਉਸ ਤੋਂ 30 ਸਾਲ ਵੱਡੇ ਸੋਹਨ ਲਾਲ ਨਾਲ ਵਿਆਹ ਕਰਵਾ ਲਿਆ। ਸੋਹਨ ਲਾਲ ਦੀ ਉਮਰ ਉਦੋਂ 43 ਸਾਲ ਸੀ। ਸਰੋਜ ਖਾਨ ਨੂੰ ਉਦੋਂ ਨਹੀਂ ਪਤਾ ਸੀ ਕਿ ਜਿਸ ਵਿਅਕਤੀ ਨਾਲ ਉਸ ਦਾ ਵਿਆਹ ਹੋਇਆ ਸੀ, ਉਹ ਪਹਿਲਾਂ ਹੀ ਵਿਆਹਿਆ ਹੋਇਆ ਸੀ ਅਤੇ ਉਸ ਦੇ ਚਾਰ ਬੱਚੇ ਸਨ। ਦਰਅਸਲ, ਇੱਕ ਦਿਨ ਸਰੋਜ ਖਾਨ ਦੇ ਗਲੇ ਵਿੱਚ ਬੀ. ਸੋਹਨਲਾਲ ਨੇ ਕਾਲਾ ਧਾਗਾ ਬੰਨ ਦਿੱਤਾ ਸੀ ਜਿਸ ਕਾਰਨ ਉਸ ਨੂੰ ਲੱਗਦਾ ਸੀ ਕਿ ਵਿਆਹ ਹੋ ਗਿਆ ਹੈ।

ਸੋਹਨ ਲਾਲ ਨਾਲ ਵਿਆਹ ਤੋਂ ਬਾਅਦ ਸਰੋਜ ਖਾਨ ਰੋਜ਼ਾਨਾ ਸਕੂਲ ਜਾਂਦੀ ਸੀ। ਪਰ ਉਹ ਇਸ ਗੱਲ ਤੋਂ ਅਣਜਾਣ ਸੀ ਕਿ ਉਸਦਾ ਪਤੀ ਪਹਿਲਾਂ ਹੀ ਵਿਆਹਿਆ ਹੋਇਆ ਸੀ ਅਤੇ ਚਾਰ ਬੱਚਿਆਂ ਦਾ ਪਿਤਾ ਸੀ। ਸਰੋਜ ਖਾਨ ਨੂੰ ਆਪਣੇ ਪਤੀ ਦੇ ਵਿਆਹੁਤਾ ਹੋਣ ਬਾਰੇ ਉਦੋਂ ਪਤਾ ਲੱਗਾ ਜਦੋਂ ਉਹ 1963 ਵਿੱਚ ਮਾਂ ਬਣੀ ਅਤੇ ਬੇਟੇ ਰਾਜੂ ਨੂੰ ਜਨਮ ਦਿੱਤਾ। ਫਿਰ ਦੋ ਸਾਲ ਬਾਅਦ ਹੀ ਸਰੋਜ ਖਾਨ ਦੂਜੀ ਵਾਰ ਮਾਂ ਬਣੀ ਪਰ ਕੁਝ ਮਹੀਨਿਆਂ ਬਾਅਦ ਹੀ ਬੱਚੇ ਦੀ ਮੌਤ ਹੋ ਗਈ।

ਉਦੋਂ ਤੱਕ ਸੋਹਨਲਾਲ ਨੇ ਸਰੋਜ ਖਾਨ ਨਾਲ ਆਪਣੇ ਬੱਚਿਆਂ ਦੇ ਨਾਂ ਨਹੀਂ ਦੱਸੇ ਸਨ। ਜਦੋਂ ਸਰੋਜ ਖਾਨ ਨਾਲ ਇਸ ਬਾਰੇ ਗੱਲ ਕੀਤੀ ਗਈ ਤਾਂ ਸੋਹਨਲਾਲ ਨੇ ਬੱਚਿਆਂ ਨੂੰ ਆਪਣਾ ਨਾਂ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਕਾਰਨ ਉਨ੍ਹਾਂ ਦਾ ਵਿਆਹੁਤਾ ਜੀਵਨ ਰੇਤ ਦੇ ਢੇਰ ਵਾਂਗ ਢਹਿ ਗਿਆ। ਸਰੋਜ ਖਾਨ ਆਪਣੇ ਪਤੀ ਤੋਂ ਵੱਖ ਹੋ ਗਈ। ਬਾਅਦ ਵਿੱਚ ਸਰੋਜ ਖਾਨ ਨੇ 1975 ਵਿੱਚ ਸਰਦਾਰ ਰੋਸ਼ਨ ਖਾਨ ਨਾਲ ਵਿਆਹ ਕਰਵਾ ਲਿਆ ਅਤੇ ਇਸਲਾਮ ਕਬੂਲ ਕਰ ਲਿਆ ਅਤੇ ਆਪਣਾ ਨਾਮ ਵੀ ਬਦਲ ਲਿਆ। ਫਿਰ ਉਹ ਨਿਰਮਲਾ ਨਾਗਪਾਲ ਤੋਂ ਬਦਲ ਕੇ ਸਰੋਜ ਖਾਨ ਬਣ ਗਈ। ਸਰੋਜ ਅਤੇ ਰੋਸ਼ਨ ਖਾਨ ਨੇ ਇੱਕ ਬੇਟੀ ਨੂੰ ਜਨਮ ਦਿੱਤਾ, ਜਿਸਦਾ ਨਾਮ ਸੁਕਾਇਨਾ ਹੈ ਅਤੇ ਉਹ ਦੁਬਈ ਵਿੱਚ ਇੱਕ ਡਾਂਸ ਇੰਸਟੀਚਿਊਟ ਚਲਾਉਂਦੀ ਹੈ।

ਆਪਣੇ ਪਹਿਲੇ ਪਤੀ ਤੋਂ ਤਲਾਕ ਤੋਂ ਬਾਅਦ, ਉਹ ਇੱਕ ਕੋਰੀਓਗ੍ਰਾਫਰ ਬਣ ਗਈ। ਪਰ ਸਰੋਜ ਖਾਨ ਨੂੰ ਸਟਾਰਡਮ ਹਾਸਲ ਕਰਨ ਲਈ ਕਈ ਸਾਲਾਂ ਤੱਕ ਇੰਤਜ਼ਾਰ ਕਰਨਾ ਪਿਆ। ਉਸਨੂੰ ਪ੍ਰਸਿੱਧੀ ਉਦੋਂ ਮਿਲੀ ਜਦੋਂ ਉਸਨੇ ਸ਼੍ਰੀਦੇਵੀ ਦੇ ਹਵਾ ਹਵਾ, ਮੈਂ ਤੇਰੀ ਦੁਸ਼ਮਣ, ਮੇਰੇ ਹੱਥੋਂ ਮੈਂ, ਏਕ ਦੋ ਤੀਨ, ਤੰਮਾ ਤੰਮਾ ਅਤੇ ਧਕ ਧਕ ਕਰਨ ਲਗਾ ਵਰਗੇ ਗੀਤਾਂ ਦੀ ਕੋਰਿਓਗ੍ਰਾਫੀ ਕੀਤੀ।



ਆਪਣੇ ਕਰੀਅਰ ਵਿੱਚ, ਸਰੋਜ ਖਾਨ ਨੇ ਸ਼੍ਰੀਦੇਵੀ ਤੋਂ ਲੈ ਕੇ ਮਾਧੁਰੀ ਦੀਕਸ਼ਿਤ, ਹੈਲਨ, ਸ਼ਰਮੀਲਾ ਟੈਗੋਰ, ਵਹੀਦਾ ਰਹਿਮਾਨ ਅਤੇ ਜ਼ੀਨਤ ਅਮਾਨ ਤੱਕ ਕਰੀਨਾ, ਐਸ਼ਵਰਿਆ ਰਾਏ ਅਤੇ ਇੱਥੋਂ ਤੱਕ ਕਿ ਗੋਵਿੰਦਾ ਤੱਕ ਸਾਰਿਆਂ ਨੂੰ ਡਾਂਸ ਸਿਖਾਇਆ। ਪਰ ਇਨ੍ਹਾਂ ਸਾਰਿਆਂ ਵਿੱਚੋਂ ਮਾਧੁਰੀ ਦੀਕਸ਼ਿਤ ਸਰੋਜ ਖਾਨ ਦੀ ਚਹੇਤੀ ਸੀ। ਸਰੋਜ ਖਾਨ ਦਾ ਆਖਰੀ ਗੀਤ ਵੀ ਮਾਧੁਰੀ ਨਾਲ ਸੀ। ਉਸਨੇ 2019 ਦੀ ਫ਼ਿਲਮ ਕਲੰਕ ਦੇ ਗੀਤ ਤਬਾਹ ਹੋ ਗਏ ਨੂੰ ਕੋਰਿਓਗ੍ਰਾਫ ਕੀਤਾ। ਸਰੋਜ ਖਾਨ ਦੀ 17 ਜੂਨ 2020 ਨੂੰ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ। ਉਸਨੇ ਸਰਬੋਤਮ ਕੋਰੀਓਗ੍ਰਾਫੀ ਲਈ ਤਿੰਨ ਰਾਸ਼ਟਰੀ ਪੁਰਸਕਾਰ ਜਿੱਤੇ ਸਨ।

# 300 ਗੋਲ ਦਾਗਣ ਵਾਲੇ ਸਭ ਤੋਂ ਯੁਵਾ ਖਿਡਾਰੀ ਬਣੇ ਐਮਬਾਪੇ

## ਰੋਨਾਲਡੋ ਤੇ ਮੈਸੀ ਨੂੰ ਛੱਡਿਆ ਪਿੱਛੇ






ਫਰਾਂਸ ਦੇ ਸਾਬਕਾ ਮਹਾਨ ਖਿਡਾਰੀ ਥੀਏਰੀ ਹੈਨਰੀ ਨੇ ਆਪਣੇ ਦੇਸ਼ ਦੇ ਨੌਜਵਾਨ ਫੁੱਟਬਾਲਰ ਕਾਇਲੀਅਨ ਐਮਬਾਪੇ ਦੀ ਤਾਰੀਫ਼ ਕੀਤੀ ਹੈ। ਉਸ ਨੇ ਕਿਹਾ ਕਿ ਕਾਇਲੀਅਨ ਐਮਬਾਪੇ ਨੇ ਮਹਾਨ ਫੁੱਟਬਾਲਰ ਲਿਓਨ ਮੈਸੀ ਤੇ ਕ੍ਰਿਸਟੀਆਨੋ ਰੋਨਾਲਡੋ ਤੋਂ ਘੱਟ ਉਮਰ 'ਚ ਆਪਣੇ ਕਰੀਅਰ ਦਾ 300ਵਾਂ ਗੋਲ ਕੀਤਾ ਹੈ। ਐਮਬਾਪੇ ਨੇ ਜਿਬਰਾਲਟਰ ਦੇ ਖਿਲਾਫ 14-0 ਦੀ ਜਿੱਤ 'ਚ 24 ਸਾਲ ਅਤੇ 333 ਦਿਨਾਂ ਦੀ ਉਮਰ 'ਚ ਇਹ ਉਪਲਬਧੀ ਹਾਸਲ ਕੀਤੀ। 21ਵੀਂ ਸਦੀ ਦੇ ਮਹਾਨ ਫੁੱਟਬਾਲਰਾਂ ਦੀ ਸੂਚੀ 'ਚ ਸਿਖਰ 'ਤੇ ਰਹਿਣ ਵਾਲੇ ਮੈਸੀ ਤੇ ਰੋਨਾਲਡੋ ਦੋਵੇਂ ਇਸ ਕਾਰਨਾਮੇ ਨੂੰ ਪੂਰਾ ਕਰਨ ਸਮੇਂ ਇਸ ਤੋਂ ਵੱਡੇ ਸਨ। ਫਰਾਂਸ ਦੀ ਅੰਡਰ-21 ਟੀਮ ਦੇ ਕੋਚ ਹੈਨਰੀ ਨੇ ਕਿਹਾ, 'ਇਹ ਨੌਜਵਾਨ ਖਿਡਾਰੀ ਜੋ ਕਰ ਰਿਹਾ ਹੈ, ਉਹ ਕਲਪਨਾ ਤੋਂ ਪਰੇ ਹੈ। ਇਹ ਸ਼ਾਨਦਾਰ ਹੈ।' ਐਮਬਾਪੇ ਦੀ ਤੁਲਨਾ ਆਪਣੇ ਕਰੀਅਰ ਦੀ ਸ਼ੁਰੂਆਤ 'ਚ ਹੈਨਰੀ ਨਾਲ ਕੀਤੀ ਗਈ ਸੀ। ਦੋਵਾਂ ਨੇ ਮੋਨੈਕੋ ਵਿਖੇ ਖੱਬੇ ਵਿੰਗਰ ਵਜੋਂ ਖੇਡਣ ਤੋਂ ਪਹਿਲਾਂ ਫਰਾਂਸ ਦੀ ਕਲੇਅਰਫੋਂਟੇਨ ਅਕੈਡਮੀ 'ਚ ਸਿਖਲਾਈ ਪ੍ਰਾਪਤ ਕੀਤੀ, ਜਿੱਥੇ ਦੋਵਾਂ ਨੇ ਕਿਸ਼ੋਰਾਂ ਵਜੋਂ ਫ੍ਰੈਂਚ ਲੀਗ ਦਾ ਖਿਤਾਬ ਜਿੱਤਿਆ ਐਮਬਾਪੇ ਨੇ ਵੀ 2018 'ਚ ਆਪਣੇ ਪਹਿਲੇ ਵਿਸ਼ਵ ਕੱਪ 'ਚ ਉਸ ਵਾਂਗ ਖਿਤਾਬ ਜਿੱਤ ਕੇ ਇਹ ਉਪਲੱਬਧੀ ਹਾਸਲ ਕੀਤੀ ਸੀ। ਹੈਨਰੀ ਨੇ 1998 'ਚ ਇਹ ਖਿਤਾਬ ਜਿੱਤਿਆ ਸੀ। ਐਮਬਾਪੇ ਦੀ ਤੁਲਨਾ ਮਹਾਨ ਬ੍ਰਾਜ਼ੀਲ ਦੇ ਫੁੱਟਬਾਲਰ ਪੇਲੇ ਨਾਲ ਵੀ ਕੀਤੀ ਜਾਂਦੀ ਹੈ ਕਿਉਂਕਿ ਉਸ ਦੀ ਸ਼ਾਨਦਾਰ ਖੇਡਣ ਦੀ ਯੋਗਤਾ ਹੈ, ਪਰ ਉਸ ਦੀ ਖੇਡਣ ਦੀ ਸ਼ੈਲੀ, ਉਸ ਦੀ ਤੇਜ਼ ਰਫ਼ਤਾਰ ਅਤੇ ਹੁਨਰ ਹੈਨਰੀ ਨਾਲ ਮਿਲਦਾ-ਜੁਲਦਾ ਹੈ। ਹੈਨਰੀ ਨੇ ਕਿਹਾ, 'ਐਮਬਾਪੇ ਇਕ ਗੋਲ ਸਕੋਰਰ ਹੈ ਅਤੇ ਇੱਕ ਸਹਾਇਕ ਵੀ, ਉਹ ਸਭ ਕੁਝ ਕਰਨਾ ਜਾਣਦਾ ਹੈ। ਇਹ ਵੱਖਰੀ ਗੱਲ ਹੈ ਕਿ ਸੁਧਾਰ ਦੀ ਗੁੰਜਾਇਸ਼ ਹਮੇਸ਼ਾ ਰਹਿੰਦੀ ਹੈ। ਆਪਣੇ ਕਰੀਅਰ ਦੀ 17ਵੀਂ ਹੈਟ੍ਰਿਕ ਲਗਾ ਕੇ ਐਮਬਾਪੇ ਨੇ ਇਸ ਸੀਜ਼ਨ 'ਚ ਖੇਡੇ ਗਏ 19 ਮੈਚਾਂ 'ਚ ਕੁੱਲ 21 ਗੋਲ ਕੀਤੇ ਹਨ। ਪੀਐੱਸਜੀ ਦੇ ਸਟਾਰ ਖਿਡਾਰੀ ਦਾ ਇਹ ਆਪਣੇ 74ਵੇਂ ਅੰਤਰਰਾਸ਼ਟਰੀ ਮੈਚ 'ਚ 46ਵਾਂ ਗੋਲ ਸੀ। ਫਰਾਂਸ ਦੇ ਸਭ ਤੋਂ ਵੱਧ ਗੋਲ ਕਰਨ ਵਾਲੇ ਖਿਡਾਰੀਆਂ ਦੀ ਸੂਚੀ 'ਚ ਹੁਣ ਸਿਰਫ਼ ਹੈਨਰੀ ਅਤੇ ਗਿਰੌਡ ਹੀ ਉਸ ਤੋਂ ਅੱਗੇ ਹਨ। ਹੈਨਰੀ ਉਸ ਤੋਂ ਪੰਜ ਗੋਲ ਅੱਗੇ ਹੈ, ਜਦੋਂ ਕਿ ਗਿਰੌਡ 10 ਗੋਲਾਂ ਨਾਲ ਅੱਗੇ ਹੈ।

# ਮਾਨਸਿਕ ਸਿਹਤ ਨੂੰ ਸੁਧਾਰਨ 'ਚ ਖੇਡਾਂ ਦੀ ਭੂਮਿਕਾ









ਖੇਡਾਂ ਅਤੇ ਮਾਨਸਿਕ ਸਿਹਤ ਦਾ ਸਬੰਧ ਸਦੀਆਂ ਪੁਰਾਣਾ ਮੰਨਿਆ ਜਾਂਦਾ ਹੈ। ਖੇਡਾਂ ਅਤੇ ਸਰੀਰਕ ਗਤੀਵਿਧੀਆਂ ਹੁਨਰ ਨਿਰਮਾਣ, ਸੰਭਾਵਨਾਵਾਂ ਅਤੇ ਛੁਪੀਆਂ ਪ੍ਰਤਿਭਾਵਾਂ ਨੂੰ ਖੋਲ੍ਹਣ ਲਈ ਕਈ ਤਰ੍ਹਾਂ ਦੇ ਮੌਕੇ ਪ੍ਰਦਾਨ ਕਰਦੀਆਂ ਹਨ। ਇਸ ਤੋਂ ਇਲਾਵਾ, ਉਹ ਨਾ ਸਿਰਫ਼ ਤੁਹਾਡੀ ਸਿਹਤ ਨੂੰ ਚੰਗੀ ਸਥਿਤੀ ਵਿੱਚ ਰੱਖਦੀਆਂ ਹਨ ਬਲਕਿ ਤੁਹਾਨੂੰ ਊਰਜਾਵਾਨ ਅਤੇ ਸਰੀਰਕ ਤੌਰ 'ਤੇ ਕਿਰਿਆਸ਼ੀਲ ਵੀ ਰੱਖਦੀਆਂ ਹਨ। ਇਸ ਤੋਂ ਇਲਾਵਾ ਖੇਡਾਂ ਵੀ ਤੰਦਰੁਸਤੀ ਨੂੰ ਉਤਸ਼ਾਹਿਤ ਕਰਦੀਆਂ ਹਨ ਅਤੇ ਤੁਹਾਡੇ ਸਰੀਰ ਨੂੰ ਚੰਗੀ ਸਥਿਤੀ ਵਿੱਚ ਰੱਖਦੀਆਂ ਹਨ। ਖੇਡਾਂ ਜਾਂ ਕਿਸੇ ਵੀ ਸਰੀਰਕ ਗਤੀਵਿਧੀ ਵਿੱਚ ਸ਼ਾਮਲ ਹੋਣਾ ਚੰਗੀ ਸਿਹਤ ਨੂੰ ਉਤਸ਼ਾਹਿਤ ਕਰਨ ਅਤੇ ਇੱਕ ਸੰਤੁਲਿਤ ਅਤੇ ਸ਼ਾਂਤੀਪੂਰਨ ਜੀਵਨ ਜਿਊਣ ਦਾ ਇੱਕ ਮਹੱਤਵਪੂਰਨ ਤਰੀਕਾ ਹੈ। ਇਸ ਦਾ ਹਰ ਉਮਰ ਵਰਗ ਦੇ ਲੋਕਾਂ 'ਤੇ ਮਹੱਤਵਪੂਰਨ ਸਕਾਰਾਤਮਕ ਪ੍ਰਭਾਵ ਹੈ। ਇਹ ਨਾ ਸਿਰਫ਼ ਤੁਹਾਨੂੰ ਸ਼ਕਤੀ ਪ੍ਰਦਾਨ ਕਰਦਾ ਹੈ ਬਲਕਿ ਜੀਵਨ ਵਿੱਚ ਪੂਰਾ ਕਰਨ ਲਈ ਉਤਸ਼ਾਹ, ਸਵੈ-ਮਾਣ, ਟੀਮ ਭਾਵਨਾ, ਸਵੈ-ਵਿਸ਼ਵਾਸ ਅਤੇ ਹੋਰ ਬਹੁਤ ਸਾਰੇ ਸ਼ਖਸੀਅਤ ਗੁਣਾਂ ਨੂੰ ਵੀ ਵਧਾਉਂਦਾ ਹੈ। ਇਹ ਬੇਰਸੇ ਜੀਵਨ ਤੋਂ ਬਚਣ ਦਾ ਇੱਕ ਤਰੀਕਾ ਹੈ ਅਤੇ ਇੱਕ ਖੁਸ਼ਹਾਲ ਜੀਵਨ ਜਿਊਣ ਵੱਲ ਇੱਕ ਕਦਮ ਹੈ। ਦੂਜੇ ਪਾਸੇ, ਪੇਸ਼ੇਵਰ ਅਤੇ ਕੁਲੀਨ ਅਥਲੀਟਾਂ ਨੂੰ ਵੀ ਮਾਨਸਿਕ ਸਿਹਤ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਅੰਕੜੇ ਦਰਸਾਉਂਦੇ ਹਨ ਕਿ ਲਗਭਗ 35% ਕੁਲੀਨ ਐਥਲੀਟ ਮਾਨਸਿਕ ਸਿਹਤ ਸਮੱਸਿਆਵਾਂ ਤੋਂ ਪੀੜਤ ਹਨ। ਪਰ ਅਥਲੀਟ ਗੈਰ-ਐਥਲੀਟਾਂ ਨਾਲੋਂ ਮਾਨਸਿਕ ਸਿਹਤ ਸਮੱਸਿਆਵਾਂ ਨੂੰ ਆਸਾਨੀ ਨਾਲ ਦੂਰ ਕਰਨ ਦੀ ਜ਼ਿਆਦਾ ਸੰਭਾਵਨਾ ਰੱਖਦੇ ਹਨ ਕਿਉਂਕਿ ਰੋਜ਼ਾਨਾ ਸਰੀਰਕ ਸਿਖਲਾਈ ਅਤੇ ਕਸਰਤ ਉਹਨਾਂ ਨੂੰ ਪ੍ਰੇਰਿਤ ਕਰਦੀ ਹੈ ਅਤੇ ਉਹਨਾਂ ਦੀ ਇੱਛਾ ਸ਼ਕਤੀ ਨੂੰ ਵਧਾਉਂਦੀ ਹੈ।

**ਮਾਨਸਿਕ ਸਿਹਤ ਲਈ ਖੇਡਾਂ ਦੇ ਲਾਭ**

ਰੁਝੇਵਿਆਂ ਅਤੇ ਤਣਾਅ ਭਰੀ ਜੀਵਨ ਸ਼ੈਲੀ ਕਾਰਨ ਹਰ ਵਰਗ ਦੇ ਲੋਕ ਮਾਨਸਿਕ ਥਕਾਵਟ ਦਾ ਸ਼ਿਕਾਰ ਹੋ ਜਾਂਦੇ ਹਨ। ਅਜਿਹੇ ਹਾਲਾਤ ਵਿੱਚ ਆਪਣੀ ਮਾਨਸਿਕ ਸਿਹਤ ਨੂੰ ਸਿਹਤਮੰਦ ਅਤੇ ਸਕਾਰਾਤਮਕ ਜੀਵਨ ਵੱਲ ਲਿਜਾਣਾ ਜ਼ਰੂਰੀ ਹੋ ਜਾਂਦਾ ਹੈ। ਖੇਡਾਂ ਨੇ ਵਿਗਿਆਨਕ ਤੌਰ 'ਤੇ ਸਿਹਤ ਲਾਭਾਂ ਨੂੰ ਸਾਬਤ ਕੀਤਾ ਹੈ ਜੋ ਵਿਅਸਤ ਕਾਰਜਕ੍ਰਮ ਅਤੇ ਸ਼ਾਂਤੀ ਦੇ ਵਿਚਕਾਰ ਸੰਤੁਲਨ ਬਣਾਈ ਰੱਖਣ ਲਈ ਇੱਕ ਜਾਦੂਈ ਦਵਾਈ ਹੈ।

ਕੀ ਤੁਸੀਂ ਕਦੇ ਦੇਖਿਆ ਹੈ ਕਿ ਭਾਰੀ ਕਸਰਤ ਜਾਂ ਸਿਖਲਾਈ ਤੋਂ ਬਾਅਦ ਤੁਸੀਂ ਤੁਰੰਤ ਸੌਂ ਜਾਂਦੇ ਹੋ? ਸਾਡੇ ਸਰੀਰ ਨੂੰ ਬਾਹਰੀ ਤਣਾਅ ਤੋਂ ਠੀਕ ਹੋਣ ਲਈ ਆਰਾਮ ਅਤੇ ਸਮੇਂ ਦੀ ਲੋੜ ਹੁੰਦੀ ਹੈ ਜੋ ਨੀਂਦ ਦੀ ਕਮੀ ਦਾ ਕਾਰਨ ਬਣਦੇ ਹਨ। ਮਨੁੱਖੀ ਸਰੀਰ ਨੂੰ ਆਮ ਤੌਰ 'ਤੇ ਕੰਮ ਕਰਨ ਲਈ 6-7 ਘੰਟੇ ਦੀ ਡੂੰਘੀ ਨੀਂਦ ਦੀ ਲੋੜ ਹੁੰਦੀ ਹੈ। ਸਰੀਰਕ ਗਤੀਵਿਧੀ ਨੀਂਦ ਦੇ ਟੀਚੇ ਨੂੰ ਪ੍ਰਾਪਤ ਕਰਨ ਦਾ ਇੱਕ ਜ਼ਰੂਰੀ ਤਰੀਕਾ ਹੈ ਕਿਉਂਕਿ ਇਹ ਤਣਾਅ ਨੂੰ ਘਟਾਉਣ ਅਤੇ ਨੀਂਦ ਦੀ ਸ਼ੁਰੂਆਤ ਨੂੰ ਖਤਮ ਕਰਨ ਵਿੱਚ ਮਦਦ ਕਰਦਾ ਹੈ। ਨੀਂਦ ਤੋਂ ਵਾਂਝਾ ਵਿਅਕਤੀ ਅਕਸਰ ਚਿੰਤਤ, ਉਦਾਸ ਅਤੇ ਘਿਰਣਾਤਮਕ ਮਹਿਸੂਸ ਕਰਦਾ ਹੈ, ਪਰ ਮੱਧਮ ਤੋਂ ਤੇਜ਼ ਪੱਧਰ ਦੀਆਂ ਖੇਡਾਂ ਜਾਂ ਵਧੀਆ ਕਸਰਤ ਰੁਟੀਨ ਇਹਨਾਂ ਪ੍ਰਭਾਵਾਂ ਨੂੰ ਘਟਾਉਣ ਵਿੱਚ ਮਦਦ ਕਰ ਸਕਦੀਆਂ ਹਨ। ਖੇਡਾਂ ਨੀਂਦ ਦੀਆਂ ਬਿਮਾਰੀਆਂ ਨੂੰ ਠੀਕ ਕਰਨ ਅਤੇ ਸਿਹਤਮੰਦ ਨੀਂਦ ਦੇ ਪੈਟਰਨ ਨੂੰ ਯਕੀਨੀ ਬਣਾਉਣ ਵਿੱਚ ਵੀ ਮਦਦ ਕਰਦੀਆਂ ਹਨ।

ਡਿਪਰੈਸ਼ਨ ਅਤੇ ਚਿੰਤਾ ਨੂੰ ਦੂਰ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ ਖੇਡਾਂ। ਇੱਕ ਅਧਿਐਨ ਦੇ ਅਨੁਸਾਰ, ਪੈਦਲ ਅਤੇ ਦੌੜਨਾ ਡਿਪਰੈਸ਼ਨ ਨੂੰ ਰੋਕ ਸਕਦਾ ਹੈ ਅਤੇ ਠੀਕ ਕਰ ਸਕਦਾ ਹੈ। ਇਹ ਤਣਾਅ ਅਤੇ ਚਿੰਤਾ ਨੂੰ ਰੋਕ ਕੇ ਡਿਪਰੈਸ਼ਨ ਦੇ ਲੱਛਣਾਂ ਤੋਂ ਵੀ ਰਾਹਤ ਦਿੰਦਾ ਹੈ। ਕੋਈ ਵੀ ਸਰੀਰਕ ਗਤੀਵਿਧੀ ਸਾਡੇ ਸਰੀਰ ਲਈ ਅਚਰਜ ਕੰਮ ਕਰਦੀ ਹੈ ਕਿਉਂਕਿ ਸਰੀਰ ਐਂਡੋਰਫਿਨ ਛੱਡਦਾ ਹੈ ਜੋ ਮੂਡ ਨੂੰ ਉੱਚਾ ਚੁੱਕਦਾ ਹੈ। ਇਹ ਤਣਾਅ, ਚਿੰਤਾ ਅਤੇ ਉਦਾਸੀ ਨੂੰ ਦੂਰ ਕਰਨ ਵਿੱਚ ਮਦਦ ਕਰਦਾ ਹੈ।

ਖੇਡਾਂ ਅਤੇ ਸਰੀਰਕ ਗਤੀਵਿਧੀ ਸਰੀਰ ਲਈ ਮਹੱਤਵਪੂਰਨ ਹਨ ਅਤੇ ਜੋ ਲੋਕ ਖੇਡਾਂ ਵਿੱਚ ਨਿਯਮਿਤ ਤੌਰ 'ਤੇ ਹਿੱਸਾ ਲੈਂਦੇ ਹਨ ਉਨ੍ਹਾਂ ਦਾ ਧਿਆਨ ਅਤੇ ਇਕਾਗਰਤਾ ਦਾ ਪੱਧਰ ਬਹੁਤ ਉੱਚਾ ਹੁੰਦਾ ਹੈ। ਉਹਨਾਂ ਕੋਲ ਦਿਮਾਗ ਦੀ ਚੰਗੀ ਮੌਜੂਦਗੀ ਹੈ ਜੋ ਉਹਨਾਂ ਨੂੰ ਕੰਮ ਨੂੰ ਬਿਹਤਰ ਢੰਗ ਨਾਲ ਕਰਨ ਦੇ ਯੋਗ ਬਣਾਉਂਦੀਹੈ। ਸਰੀਰਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੇ ਸਕਾਰਾਤਮਕ ਪ੍ਰਭਾਵ ਹੁੰਦੇ ਹਨ ਅਤੇ ਐਂਡੋਰਫਿਨ ਨੀਂਦ ਦੇ ਪੈਟਰਨ ਨੂੰ ਵੀ ਨਿਯੰਤ੍ਰਿਤ ਕਰਦੇ ਹਨ ਅਤੇ ਯਾਦਦਾਸ਼ਤ ਅਤੇ ਇਕਾਗਰਤਾ ਨੂੰ ਮਜ਼ਬੂਤ ਕਰਦੇ ਹਨ।

## ਹਾਈ ਕੋਰਟ ਵੱਲੋਂ ਮਿਸਲ ਸਤਲੁਜ ਦੀਆਂ

ਨਤੀਜੇ ਨਿਕਲਣ ਤੱਕ ਹਰ ਵਿਸ਼ਾ ਲਿਖਤੀ ਤੌਰ 'ਤੇ ਪੇਸ਼ ਕੀਤਾ ਜਾਵੇ ਤਾਂ ਜੋ ਹਰ ਜਗ੍ਹਾ 'ਤੇ ਹਰ ਸਾਲ ਇੱਕ ਸੁਰਤਾ ਰਹੇ।

ਮਿਸਲ ਸਤਲੁਜ ਚੋਣਾਂ ਲਈ ਵੋਟਰਾਂ ਦੀ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਨੂੰ ਸਰਲ ਅਤੇ ਸੁਚਾਰੂ ਬਣਾਉਣ ਦੇ ਢੰਗ ਤਰੀਕੇ ਲਾਗੂ ਕਰਾਉਣਾ ਚਾਹੁੰਦੀ ਹੈ ਤਾਂ ਜੋ ਵੱਧ ਤੋਂ ਵੱਧ ਲੋਕ ਇਸ ਵਿੱਚ ਹਿੱਸਾ ਲੈ ਸਕਣ ਅਤੇ ਚੋਣਾ ਦੇ ਪਾਰਦਰਸ਼ੀ ਹੋਣ ਨੂੰ ਯਕੀਨੀ ਬਣਾਇਆ ਜਾ ਸਕੇ।

ਮਿਸਲ ਸਤਲੁਜ ਦੇ ਬੁਲਾਰੇ ਭਾਈ ਅਜੇਪਾਲ ਸਿੰਘ ਬਰਾੜ ਨੇ ਕਿਹਾ ਕਿ ਕਿਸੇ ਵੀ ਲੋਕਤੰਤਰ ਦੇ ਸਿਹਤਮੰਦ ਢਾਂਚੇ ਲਈ ਵੋਟਾਂ ਬਨਾਉਣ ਤੇ ਪਾਉਣ ਦੀ ਵਿਧੀ ਸੌਖੀ ਹੋਣੀ ਪਹਿਲਾਂ ਕਦਮ ਹੈ ਪਰ ਸ਼੍ਰੋਮਣੀ ਕਮੇਟੀ ਦੇ ਮਸਲੇ ਵਿੱਚ ਇਹ ਏਨੀ ਪੇਚੀਦਾ ਬਣਾ ਰੱਖੀ ਹੈ ਕਿ ਆਮ ਵਿਅਕਤੀ ਦੇ ਇਸ ਵਿੱਚ ਸ਼ਾਮਿਲ ਦੀ ਰੁਚੀ ਹੀ ਨਹੀਂ ਜਿਸ ਕਾਰਣ ਇਹ ਢਾਂਚੇ ਢਹਿ ਢੇਰੀ ਹੋਣ ਦੇ ਕੰਡੇ ਖੜ੍ਹਾ ਹੈ। ਜੇ ਇਸ ਵਿੱਚ ਵੱਡੀਆਂ ਤਬਦੀਲੀਆਂ ਨਾਂ ਕੀਤੀਆਂ ਗਈਆਂ ਤਾਂ ਸਥਿਤੀ ਮਹੰਤਾਂ ਦੇ ਸਮੇਂ ਦੀ ਆ ਜਾਵੇਗੀ ਅਤੇ ਕਾਫ਼ੀ ਹੱਦ ਤੱਕ ਉਹ ਸਥਿਤੀ ਬਣਦੀ ਜਾ ਰਹੀ ਹੈ। ਮਿਸਲ ਸਤਲੁਜ ਨੇ ਗੁਰਦੁਆਰਾ ਸੁਧਾਰ ਲਹਿਰ ਵਾਂਗ ਇਸ ਵਿੱਚ ਪਾਰ-ਦਰਸ਼ਤਾ ਲਿਆਉਣ ਤੋਂ ਲੈ ਕੇ ਸ਼੍ਰੋਮਣੀ ਕਮੇਟੀ ਦੀ ਕਾਰਜਕਾਰੀ ਸਬੰਧੀ ਹਰ ਦਖ਼ਲ ਦੇ ਕੇ ਇਸ ਨੂੰ ਸੁਧਾਰਨ ਦਾ ਪ੍ਰਣ ਲਿਆ ਹੈ।

****

## ਚੀਨ ਨੇ ਇਟਲੀ ਸਮੇਤ 6 ਦੇਸ਼ਾਂ ਲਈ

ਦਿੱਤੀ ਸੀ ਪਰ ਕੋਵਿਡ-19 ਦੇ ਫੈਲਣ ਤੋਂ ਬਾਅਦ ਇਸ ਨੂੰ ਮੁਅੱਤਲ ਕਰ ਦਿੱਤਾ ਸੀ। ਇਸਨੇ ਜੁਲਾਈ ਵਿੱਚ ਬਰੂਨੇਈ ਅਤੇ ਸਿੰਗਾਪੁਰ ਲਈ ਵੀਜ਼ਾ ਮੁਕਤ ਦਾਖਲਾ ਮੁੜ ਸ਼ੁਰੂ ਕੀਤਾ ਪਰ ਜਾਪਾਨ ਲਈ ਅਜਿਹਾ ਨਹੀਂ ਕੀਤਾ ਹੈ। ਇਮੀਗ੍ਰੇਸ਼ਨ ਦੇ ਅੰਕੜਿਆਂ ਅਨੁਸਾਰ ਸਾਲ ਦੇ ਪਹਿਲੇ ਛੇ ਮਹੀਨਿਆਂ ਵਿੱਚ ਚੀਨ ਵਿੱਚ ਵਿਦੇਸ਼ੀ ਲੋਕਾਂ ਦੁਆਰਾ 8.4 ਮਿਲੀਅਨ ਐਂਟਰੀਆਂ ਅਤੇ ਨਿਕਾਸ ਦਰਜ ਕੀਤੇ ਗਏ। ਇਸਦੀ ਤੁਲਨਾ ਪੂਰੇ 2019 ਵਿਚ 977 ਮਿਲੀਅਨ ਨਾਲ ਕੀਤੀ ਜਾਂਦੀ ਹੈ ਜੋ ਮਹਾਮਾਰੀ ਤੋਂ ਪਹਿਲਾਂ ਦੇ ਆਖਰੀ ਸਾਲ ਸੀ। ਸਰਕਾਰ ਸੁਸਤ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਵਿਦੇਸ਼ੀ ਨਿਵੇਸ਼ ਦੀ ਮੰਗ ਕਰ ਰਹੀ ਹੈ ਅਤੇ ਕੁਝ ਕਾਰੋਬਾਰੀ ਵਪਾਰਕ ਮੇਲਿਆਂ ਅਤੇ ਮੀਟਿੰਗਾਂ ਲਈ ਆ ਰਹੇ ਹਨ, ਜਿਸ ਵਿੱਚ ਟੇਸਲਾ ਦੇ ਐਲਨ ਮਸਕ ਅਤੇ ਐਪਲ ਦੇ ਟਿਮ ਕੁੱਕ ਸ਼ਾਮਲ ਹਨ। ਮਹਾਮਾਰੀ ਤੋਂ ਪਹਿਲਾਂ ਦੇ ਮੁਕਾਬਲੇ ਵਿਦੇਸ਼ੀ ਸੈਲਾਨੀ ਅਜੇ ਵੀ ਦੁਰਲੱਭ ਹਨ।

****

## ਮੇਰੀ ਇਤਿਹਾਸ ਲੇਖਣੀ

ਇਤਿਹਾਸ ਲਿਖਣ ਦਾ ਮੇਰਾ ਕਦੇ ਖ਼ਿਆਲ ਨਹੀਂ ਸੀ। ਮੈਨੂੰ ਇਤਿਹਾਸ ਪੜਨ ਦਾ ਖਿਆਲ ਆਇਆ। ਮੈਂ ਸਿੱਖ ਗੁਰੂ ਸਾਹਿਬਾਨ ਦਾ ਜੀਵਨ ਪੜ੍ਹਿਆ। ਮੇਰਾ ਸ਼ੌਂਕ ਵੱਧਦਾ ਗਿਆ। ਮੈਨੂੰ ਜਿੰਨਾਂ ਸਿਖਿਆਵਾਂ ਨੇ ਪ੍ਰਭਾਵਿਤ ਕੀਤਾ ਮੈਂ ਲਿਖੀਆਂ। ਮੈਂ ਗਲਤ ਵਿਸ਼ੇ ਤੋਂ ਭਟਕ ਤਲਖ ਅਤੇ ਵਾਦ ਵਿਵਾਦ ਤੋਂ ਬਚ ਕੇ ਲਿਖਿਆ। ਮੈਂ ਘਟਨਾਂਵਾਂ ਨੂੰ ਚੰਗਾ ਪ੍ਰਭਾਵ ਦੇਣ ਦੀ ਕਲਾ ਵਿੱਚ ਢਾਲ ਲਿਆ। ਗੱਲ ਉਹੀ ਹੁੰਦੀ ਹੈ, ਪਰ ਮੇਰਾ ਲਿਖਣ ਦਾ ਪ੍ਰਭਾਵ ਲਹਿਜਾ ਵੱਖਰਾ ਹੋ ਗਿਆ। ਮੇਰੀ ਇਤਿਹਾਸ ਦੀ ਪਹਿਲੀ ਪੁਸਤਕ ਵਿੱਚ 10 ਗੁਰੂ ਸਾਹਿਬਾਨ ਦੀ ਜੀਵਨ ਸਮੇਤ 14 ਲੇਖ ਹਨ ਅਤੇ 14 ਧਾਰਮਿਕ ਕਵਿਤਾਵਾਂ ਹਨ। ਦੂਸਰੀ ਇਤਿਹਾਸ ਦੀ ਪੁਸਤਕ ਵਿੱਚ ਥਿੱਤ ਬ ਥਿੱਤ 36 ਲੇਖ ਹਨ। ਤੀਸਰੀ ਇਤਿਹਾਸ ਦੀ ਪੁਸਤਕ ਛਪਾਈ ਅਧੀਨ ਹੈ, ਜੋ 2023 ਦੇ ਅੰਤ ਤੱਕ ਛਪ ਜਾਵੇਗੀ। ਇਸ ਵਿੱਚ ਵੀ 36 ਲੇਖ ਹੋਣਗੇ। ਜਿਸ ਵਿੱਚ ਇਤਿਹਾਸਕ, ਸੂਫੀ ਸਾਹਿਤ ਅਤੇ ਜੀਵਨੀਆਂ 'ਤੇ ਆਧਾਰਿਤ ਲੇਖ ਹਨ।

ਇਤਿਹਾਸ ਪੜਨਾ ਲਿਖਣਾਂ ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਜਾਣ ਜਾਂਦੇ ਹਾਂ ਕਿ ਅਸੀਂ ਕਿਸ ਕੌਮ ਨਾਲ ਸਬੰਧ ਰੱਖਦੇ ਹਾਂ। ਸਾਡਾ ਰੂਹਾਨੀਅਤ, ਲੋਕ ਭਲਾਇਂ, ਸੇਵਾ ਅਤੇ ਕੁਰਬਾਨੀ ਦਾ ਵਿਸ਼ਾਲ ਅਨਮੋਲ ਵਿਰਸਾ ਹੈ। ਇਸ ਨੂੰ ਸੰਭਾਲਣ ਦੀ ਲੋੜ ਹੈ। ਇਤਿਹਾਸ ਸਭ ਤੋਂ ਵੱਡਾ ਅਧਿਆਪਕ ਹੈ। ਇਹ ਵਾਪਰੀਆਂ, ਵਾਪਰ ਰਹੀਆਂ ਅਤੇ ਆਉਣ ਵਾਲੀਆਂ ਨਵੀਆਂ ਚੁਣੌਤੀਆਂ ਤੋਂ ਵੰਗਾਰਦਾ ਹੈ। ਭਵਿੱਖ ਦੀ ਰਣਨੀਤੀ ਦੀ ਜਾਂਚ ਆਉਂਦੀ ਹੈ। ਪੁਸਤਕਾਂ ਅਜਿਹੀਆਂ ਮਿੱਤਰ ਹਨ, ਜੋ ਬਹਿਸ ਨਹੀਂ ਕਰਦੀਆਂ। ਪੜ੍ਹਨ ਨਾਲ ਹੌਂਸਲਾ ਵੱਧਦਾ ਹੈ। ਆਤਮ ਵਿਸ਼ਵਾਸ ਵਿੱਚ ਨਿਖਾਰ ਆਉਂਦਾ ਹੈ। ਮੇਰਾ ਇਤਿਹਾਸ ਲੇਖਣੀ ਦਾ ਸਫਰ 7 ਕੁ ਸਾਲ ਦਾ ਹੈ। ਮੈਂ ਪਾਠਕ ਦੇ ਤੌਰ 'ਤੇ ਜੋ ਸਿੱਖਦਾ ਹਾਂ ਉਹੀ ਲਿਖਦਾ ਹਾਂ। ਜੋ ਮੈਨੂੰ ਜਚਦਾ ਹੈ ਲਿਖਦਾ ਹਾਂ। ਮੈਂ ਕਾਹਲੀ ਨਹੀਂ ਕਰਦਾ, ਪੂਰੀ ਛਾਣਬੀਣ ਕਰਕੇ ਖੋਜ ਕਰਦਾ ਹਾਂ। ਜਦੋਂ ਪਾਠਕ ਦੇ ਤੌਰ 'ਤੇ ਮੈਨੂੰ ਰਚਨਾ ਚੰਗੀ ਲੱਗਦੀ ਹੈ, ਉਹੀ ਲਿਖਦਾ ਹਾਂ। ਮੇਰੇ ਸਾਧਨ ਸੀਮਤ ਹਨ। ਵਕਤ ਬਹੁਤ ਲੱਗਦਾ ਹੈ। ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਰਚਨਾ ਸੁਨੇਹਾ ਦੇਵੇ। ਅੰਤਿਕਾ ਵਿੱਚ ਪ੍ਰਭਾਵਤ ਵਿਚਾਰ ਦੱਸਣ ਦੀ ਕੋਸ਼ਿਸ਼ ਹੁੰਦੀ ਹੈ। ਮੈਨੂੰ ਮੇਰੀਆਂ ਰਚਨਾਵਾਂ 'ਤੇ ਖੁਦ ਸੰਤੁਸ਼ਟੀ ਹੁੰਦੀ ਹੈ।

×××

## ਮੋਦੀ ਦੇ ਰਾਜ 'ਚ ਭਗਵੇਂ ਸਾਧਾਂ

ਰਾਮਦੇਵ ਦੇ ਭਰਾ ਰਾਮ ਭਰਤ ਅਤੇ ਰਾਮਦੇਵ ਦੇ ਸਭ ਤੋਂ ਮਹੱਤਵਪੂਰਨ ਸਹਿਯੋਗੀ ਅਤੇ ਪਤੰਜਲੀ ਆਯੁਰਵੇਦ ਲਿਮਿਟੇਡ ਦੇ ਸੀਈਓ ਅਚਾਰੀਆ ਬਾਲਕ੍ਰਿਸ਼ਨ ਦੁਆਰਾ ਸ਼ੁਰੂ ਕੀਤੀ ਗਈ ਸੀ।

ਰਾਮਦੇਵ ਅਤੇ ਭਰਤ ਰਾਮ ਦਾ ਕਹਿਣਾ ਹੈ ਕਿ ਇਹ ਕੰਪਨੀ ਪੈਕੇਜਿੰਗ ਸਮੱਗਰੀ ਬਣਾਉਣ ਦਾ ਕੰਮ ਕਰਦੀ ਹੈ। ਪਰ ਪਿਛਲੇ 12 ਸਾਲਾਂ ਦਾ ਰਿਕਾਰਡ ਦੱਸਦਾ ਹੈ ਕਿ ਇਸ ਕੰਪਨੀ ਨੇ ਪੈਕੇਜਿੰਗ ਮਟੀਰੀਅਲ ਮੈਨੂਫੈਕਚਰਿੰਗ ਦੀ ਦੁਨੀਆ ਵਿੱਚ ਇੱਕ ਵੀ ਰੁਪਏ ਦਾ ਕਾਰੋਬਾਰ ਨਹੀਂ ਕੀਤਾ, ਸਿਰਫ਼ ਜ਼ਮੀਨ ਖਰੀਦਣ ਅਤੇ ਵੇਚਣ ਦਾ ਕੰਮ ਕੀਤਾ ਹੈ।

ਕਾਨੂੰਨੀ ਤੌਰ 'ਤੇ, ਪੈਕੇਜਿੰਗ ਸਮੱਗਰੀ ਦੇ ਨਿਰਮਾਣ ਵਿੱਚ ਰੁੱਝੀ ਇੱਕ ਕੰਪਨੀ ਆਪਣੇ ਕੰਮ ਲਈ ਜ਼ਮੀਨ ਲੀਜ਼ 'ਤੇ ਲੈ ਸਕਦੀ ਹੈ ਜਾਂ ਜ਼ਮੀਨ ਖਰੀਦ ਸਕਦੀ ਹੈ। ਪਰ ਜ਼ਮੀਨ ਖਰੀਦ ਅਤੇ ਵੇਚ ਨਹੀਂ ਸਕਦੀ। ਪਰ ਉਕਤ ਕੰਪਨੀ ਪੈਕਿੰਗ ਦਾ ਕੰਮ ਕਰਨ ਦੀ ਬਜਾਏ ਜ਼ਮੀਨ ਦੀ ਖਰੀਦ-ਵੇਚ ਦੇ ਕੰਮ ਵਿੱਚ ਲੱਗੀ ਰਹੀ।

2011 ਤੱਕ, ਪਤੰਜਲੀ ਨੈਟਵਰਕ ਦੇ ਦੁਆਰਾ ਪ੍ਰਾਪਤ ਹੋਏ ਪੈਸੇ ਨਾਲ ਪਤੰਜਲੀ ਦੀ ਕੋਰਰੂਪਕ ਪ੍ਰਾਈਵੇਟ ਲਿਮਟਿਡ ਦੇ ਕੋਲ ਮਾਂਗਰ ਪਿੰਡ ਵਿੱਚ ਲਗਭਗ 70 ਏਕੜ ਜ਼ਮੀਨ ਦੀ ਮਲਕੀਅਤ ਸੀ।

ਰਿਪੋਰਟਰਜ਼ ਕਲੈਕਟਿਵ ਨੇ ਪਤੰਜਲੀ ਨਾਲ ਸਬੰਧਤ ਇਕ ਹੋਰ ਸ਼ੈੱਲ ਕੰਪਨੀ ਦਾ ਜ਼ਿਕਰ ਕੀਤਾ ਹੈ। ਇਹ ਕੰਪਨੀ ਕਨਖਲ ਆਯੁਰਵੈਦ ਪ੍ਰਾਈਵੇਟ ਲਿਮਟਿਡ ਹੈ, ਜਿਸ ਦਾ ਗਠਨ ਸਾਲ 2006 ਵਿੱਚ ਆਚਾਰੀਆ ਬਾਲਕ੍ਰਿਸ਼ਨ ਅਤੇ ਸਵਾਮੀ ਮੁਕਤਾਨੰਦ ਦੁਆਰਾ ਕੀਤਾ ਗਿਆ ਸੀ। ਕਾਗਜ਼ਾਂ 'ਤੇ ਆਯੁਰਵੈਦਿਕ, ਯੂਨਾਨੀ, ਹੋਮਿਓਪੈਥਿਕ ਅਤੇ ਐਲੋਪੈਥਿਕ ਦਵਾਈਆਂ ਬਣਾਉਣ ਅਤੇ ਵੇਚਣ ਲਈ ਕੰਪਨੀ ਬਣਾਈ ਗਈ ਸੀ, ਪਰ ਇਹ ਕੰਮ ਕੀਤੇ ਬਿਨਾਂ ਕੰਪਨੀ ਪੈਸਾ ਕਮਾਉਂਦੀਰਹੀ। ਹੋਰ ਫਰਮਾਂ ਵਾਂਗ ਬਾਲਕ੍ਰਿਸ਼ਨ ਨੇ ਇਸ ਵਿੱਚ ਵੀ ਪੈਸਾ ਲਗਾਇਆ ਪਰ ਕੰਪਨੀ ਆਪਣਾ 'ਅਸਲੀ' ਕੰਮ ਕਰਨ ਦੀ ਬਜਾਏ ਮਾਂਗਰ ਖੇਤਰ ਵਿੱਚ ਜ਼ਮੀਨਾਂ ਖਰੀਦ ਕੇ ਵੇਚ ਕੇ ਮੁਨਾਫਾ ਕਮਾਉਂਦੀ ਰਹੀ।

2009 ਅਤੇ 2011 ਦੇ ਵਿਚਕਾਰ, ਕਨਖਲ ਆਯੁਰਵੇਦ ਨੇ ਮੰਗਰ ਵਿੱਚ 43 ਏਕੜ ਤੋਂ ਵੱਧ ਜ਼ਮੀਨ ਖਰੀਦੀ। ਫਿਰ, ਅਗਸਤ 2011 ਵਿੱਚ, ਇਸਨੇ 40 ਏਕੜ ਜ਼ਮੀਨ ਦਿੱਲੀ ਅਧਾਰਿਤ ਨਿਰਮਾਣ ਕੰਪਨੀ ਟੋਪਾਜ਼ ਪ੍ਰੋਪਬਿਲਡ ਪ੍ਰਾਈਵੇਟ ਲਿਮਟਿਡ ਨੂੰ ਵੇਚ ਦਿੱਤੀ, ਜਿਸ ਵਿੱਚ ਇਸਨੂੰ ਲਗਭਗ 365% ਦਾ ਮੁਨਾਫਾ ਹੋਇਆ।

ਰਿਪੋਰਟ 'ਚ ਰਾਮਦੇਵ ਦੇ ਕਰੀਬੀ ਸਹਿਯੋਗੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਨਾਂ 'ਤੇ ਖੋਲ੍ਹੀਆਂ ਕਈ ਅਜਿਹੀਆਂ ਸ਼ੈਲ ਕੰਪਨੀਆਂ ਦਾ ਵੇਰਵਾ ਦਿੱਤਾ ਗਿਆ ਹੈ, ਜਿਨ੍ਹਾਂ ਰਾਹੀਂ ਰਾਮਦੇਵ ਨੇ ਆਪਣਾ ਰੀਅਲ ਅਸਟੇਟ ਸਾਮਰਾਜ ਬਣਾਇਆ ਹੈ।

***

## ਅਮਰੀਕਾ ਨੇ ਆਜ਼ਾਦੀ ਪੱਖੀ

ਬਾਈਡਨ ਪ੍ਰਸ਼ਾਸਨ ਕੀ ਸੋਚ ਰਿਹਾ ਹੈ: ਫਾਈਨੈਂਸ਼ੀਅਲ ਟਾਈਮਜ਼ ਮੁਤਾਬਿਕ ਬਾਇਡਨ ਪ੍ਰਸ਼ਾਸਨ ਦੇ ਅੰਦਰ ਬਹਿਸ ਤੋਂ ਜਾਣੂ ਕਈ ਲੋਕਾਂ ਨੇ ਕਿਹਾ ਕਿ ਅਧਿਕਾਰੀ ਜਾਣਦੇ ਹਨ ਕਿ ਅਮਰੀਕੀ ਸਾਜ਼ਿਸ਼ ਦਾ ਕੋਈ ਵੀ ਜਨਤਕ ਖੁਲਾਸਾ, ਅਤੇ ਵਾਸ਼ਿੰਗਟਨ ਦਾ ਨਵੀਂ ਦਿੱਲੀ ਪ੍ਰਤੀ ਵਿਰੋਧ, ਇੱਕ ਭਰੋਸੇਮੰਦ ਭਾਈਵਾਲ ਵਜੋਂ ਭਾਰਤ ਦੀ ਭਰੋਸੇਯੋਗਤਾ ਬਾਰੇ ਸਵਾਲਾਂ ਨੂੰ ਨਵੇਂ ਸਿਰਿਓਂ ਖੜ੍ਹਾ ਕਰੇਗਾ।

ਬਾਈਡਨ ਪ੍ਰਸ਼ਾਸਨ ਨੂੰ ਭਾਰਤ ਨਾਲ ਗੂੜੇ ਸਬੰਧ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕਰਕੇ ਮਨੁੱਖੀ ਅਧਿਕਾਰ ਸਮੂਹਾਂ ਦੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਹੈ।

***

## ਨਵਾਂ ਸ਼ਹਿਰ ਦੀ ਲਵਪ੍ਰੀਤ ਕੌਰ ਨੇ

ਚਮਕਾਇਆ ਸੀ ਤੇ ਫਿਰ ਇਸ ਬੱਚੀ ਨੂੰ ਜੂਨੀਅਰ ਡੈਂਟਿਸਟ ਭਾਵ ਦੰਦਾਂ ਦੇ ਡਾਕਟਰ ਦੀ ਡਿਗਰੀ ਕਰਨ ਲਈ ਦਾਖਲਾ ਮਿਲ ਗਿਆ। ਹੁਣ ਇਸ ਬੱਚੀ ਨੇ 110 ਵਿੱਚੋਂ 108 ਨੰਬਰ ਲੈਕੇ ਆਪਣੀ ਕਲਾਸ ਵਿੱਚੋਂ ਟਾਪ ਕੀਤਾ ਹੈ। ਕਾਮਯਾਬੀ ਦੇ ਇਸ ਮੁਕਾਮ 'ਤੇ ਪਹੁੰਚ ਕੇ ਲਵਪ੍ਰੀਤ ਕੌਰ ਤੁਸਕਾਨਾ ਸੂਬੇ ਦੀ ਪਹਿਲੀ ਅਜਿਹੀ ਪੰਜਾਬਣ ਬਣੀ ਹੈ ਜਿਸ ਨੇ ਯੂਨੀਅਰ ਡੈਂਟਿਸਟ ਦੀ ਡਿਗਰੀ ਵਿੱਚ ਟਾਪ ਕਰਕੇ ਆਪਣੇ ਪਰਿਵਾਰ ਸਮੇਤ ਪੂਰੇ ਭਾਰਤ ਦਾ ਨਾਮ ਇਟਲੀ ਵਿੱਚ ਰੌਸ਼ਨ ਕੀਤਾ ਹੈ।

ਇਟਾਲੀਅਨ ਇੰਡੀਅਨ ਪ੍ਰੈੱਸ ਕਲੱਬ ਨਾਲ ਲਵਪ੍ਰੀਤ ਕੌਰ ਨੇ ਆਪਣੀ ਕਾਮਯਾਬੀ ਦਾ ਸਿਹਰਾ ਆਪਣੇ ਮਾਪਿਆਂ ਸਿਰ ਬੰਨ੍ਹਦਿਆਂ ਕਿਹਾ ਕਿ ਇਹ ਬੁਲੰਦੀ ਸਿਰਫ਼ ਮਾਪਿਆ ਦੇ ਆਸ਼ੀਰਵਾਦ ਤੇ ਮਿਹਨਤ ਦਾ ਨਤੀਜਾ ਹੈ। ਜਿਹੜੇ ਵੀ ਬੱਚੇ ਭਾਰਤ ਤੋਂ ਇਟਲੀ ਆ ਰਹੇ ਹਨ ਖਾਸਕਰ ਕੁੜੀਆਂ, ਉਹ ਇਟਲੀ ਆਕੇ ਆਪਣੀ ਪੜ੍ਹਾਈ ਨੂੰ ਜਾਰੀ ਰੱਖਣ। ਇੱਥੇ ਹੁਸ਼ਿਆਰ ਬੱਚਿਆਂ ਨੂੰ ਸਰਕਾਰ ਬਹੁਤ ਹੀ ਸਹੂਲਤਾਂ ਦਿੰਦੀ ਹੈ। ਉਸ ਨੇ ਜਿਹੜੀ ਵੀ ਹੁਣ ਤੱਕ ਪੜ੍ਹਾਈ ਕੀਤੀ ਉਹ ਬਿਲਕੁਲ ਮੁਫ਼ਤ ਕੀਤੀ ਹੈ। ਲਵਪ੍ਰੀਤ ਕੌਰ ਜਲਦ ਹੀ ਦੰਦਾਂ ਦੇ ਡਾਕਟਰ ਵਜੋਂ ਸੇਵਾਵਾਂ ਸ਼ੁਰੂ ਕਰਨ ਜਾ ਰਹੀ ਹੈ, ਜਿਸ ਲਈ ਸਮੁੱਚੇ ਭਾਰਤੀ ਭਾਈਚਾਰੇ ਵੱਲੋਂ ਉਸ ਨੂੰ ਵਿਸ਼ੇਸ ਵਧਾਈਆਂ ਮਿਲ ਰਹੀਆਂ ਹਨ।

****

## ਗੁ. ਅਕਾਲ ਬੁੰਗਾ ਸਾਹਿਬ 'ਤੇ ਗੋਲੀਬਾਰੀ

ਲਈ ਪੰਜਾਬ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ, ਜਦਕਿ ਦੂਜੇ ਪਾਸੇ ਪੁਲਿਸ ਪ੍ਰਸ਼ਾਸਨ ਨਿਹੰਗ ਸਿੰਘਾਂ ਵੱਲੋਂ ਪੁਲਿਸ ਮੁਲਾਜ਼ਮਾਂ 'ਤੇ ਗੋਲੀਬਾਰੀ ਕਰਨ ਦੋਸ਼ ਲਗਾ ਰਿਹਾ ਹੈ ਤੇ ਇਸੇ ਤਰਕ ਨੂੰ ਮੁੱਖ ਰੱਖ ਕੇ ਹੀ ਪੁਲਿਸ ਵਲੋਂ ਨਿਹੰਗ ਸਿੰਘਾਂ 'ਤੇ ਕੇਸ ਦਰਜ ਕਰਕੇ ਦਰਜਨ ਤੇ ਕਰੀਬ ਨਿਹੰਗ ਸਿੰਘਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਦੂਜੇ ਪਾਸੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਵੱਲੋਂ ਗੁਰਦੁਆਰਾ ਸ੍ਰੀ ਅਕਾਲ ਬੁੰਗਾ ਸਾਹਿਬ 'ਤੇ ਹੋਈ ਗੋਲੀਬਾਰੀ ਦੀ ਘਟਨਾ ਨੂੰ ਗੰਭੀਰਤਾ ਨਾਲ ਲੈਂਦਿਆਂ ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਨੂੰ ਹੁਕਮ ਦਿੱਤਾ ਸੀ ਕਿ ਘਟਨਾ ਦੀ ਜਾਂਚ ਕਰਵਾ ਕੇ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੌਂਪੀ ਜਾਵੇ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਸੁਲਤਾਨਪੁਰ ਲੋਧੀ ਵਿਖੇ ਨਿਹੰਗ ਸਿੰਘਾਂ ਅਤੇ ਪੁਲਿਸ ਵਿਚਕਾਰ ਵਾਪਰੀ ਹਿੰਸਕ ਘਟਨਾ ਅਤੇ ਪੁਲਿਸ ਦਾ ਜੁੱਤੀਆਂ ਪਾ ਕੇ ਗੁਰਦੁਆਰਾ ਸਾਹਿਬ ਵਿੱਚ ਦਾਖ਼ਲ ਹੋਣਾ ਬਹੁਤ ਹੀ ਨਿੰਦਣਯੋਗ ਘਟਨਾ ਹੈ, ਗੁਰੂ ਘਰ ਵਿੱਚ ਪੁਲਿਸ ਦੇ ਜੁੱਤੀਆਂ ਪਾ ਕੇ ਦਾਖ਼ਲ ਹੋਣ ਅਤੇ ਮਰਿਯਾਦਾ ਦੀ ਉਲੰਘਣਾ ਲਈ ਪ੍ਰਸ਼ਾਸਨ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਪਤਾ ਲੱਗਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਇਸ ਮਾਮਲੇ ਦੀ ਜਾਂਚ ਲਈ ਕਮੇਟੀ ਬਣਾਈ ਗਈ ਹੈ।

***

## ਚੀਨ 'ਚ ਮੁੜ ਫੈਲੀ

ਪ੍ਰਭਾਵਿਤ ਹੋਣਾ ਹੈਰਾਨ ਕਰਨ ਵਾਲਾ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਚੀਨੀ ਅਧਿਕਾਰੀਆਂ ਨੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਸੀ ਕਿ ਇਨਫਲੂਐਂਜ਼ਾ ਵਰਗੀਆਂ ਬਿਮਾਰੀਆਂ ਵਿੱਚ ਇਸ ਤਾਜ਼ਾ ਵਾਧੇ ਦਾ ਕਾਰਨ ਕੋਵਿਡ-19 ਪਾਬੰਦੀਆਂ ਨੂੰ ਹਟਾਉਣਾ ਹੈ। ਉਨ੍ਹਾਂ ਨੇ ਨਿਗਰਾਨੀ ਅਤੇ ਸਿਹਤ ਸੰਭਾਲ ਪ੍ਰਣਾਲੀ ਦੀ ਸਮਰੱਥਾ ਵਧਾਉਣ 'ਤੇ ਵੀ ਜ਼ੋਰ ਦਿੱਤਾ ਸੀ।

ਕੀ ਕਹਿੰਦੇ ਛੂਤ ਦੀਆਂ ਬਿਮਾਰੀਆਂ ਦੇ ਮਾਹਰ?

ਡਾਊਨ ਟੂ ਅਰਥ (ਡੀ.ਟੀ.ਈ.) ਦੀ ਇੱਕ ਰਿਪੋਰਟ ਵਿੱਚ ਅਮਰੀਕਾ ਦੇ ਜੌਨਸ ਹੌਪਕਿੰਸ ਸੈਂਟਰ ਫਾਰ ਹੈਲਥ ਸਕਿਓਰਿਟੀ ਦੇ ਛੂਤ ਰੋਗ ਮਾਹਰ ਅਮੇਸ਼ ਅਡਲਜਾ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਚੀਨ ਨੇ ਦੁਨੀਆਂ ਦੇ ਬਾਕੀ ਹਿੱਸਿਆਂ ਦੇ ਮੁਕਾਬਲੇ ਬਾਅਦ ਵਿੱਚ ਪਾਬੰਦੀਆਂ ਹਟਾਈਆਂ ਹਨ। ਅਜਿਹੀ ਸਥਿਤੀ ਵਿੱਚ ਇਹ ਕਲੱਸਟਰ ਆਮ ਰੋਗਾਣੂਆਂ ਦਾ ਨਤੀਜਾ ਹੋ ਸਕਦੇ ਹਨ, ਜਿਨ੍ਹਾਂ ਦੇ ਫੈਲਣ ਵਿੱਚ ਵਿਘਨ ਪਿਆ ਸੀ, ਜਿਸ ਕਾਰਨ ਇਹ ਸਾਰੇ ਇਕੋ ਸਮੇਂ ਹਮਲਾ ਕਰ ਰਹੇ ਹਨ। ਅਡਲਜਾ ਅੱਗੇ ਕਹਿੰਦੇ ਹਨ ਕਿ ਪਿਛਲੇ ਸਾਲ ਅਮਰੀਕਾ ਵਿੱਚ ਵੀ ਅਜਿਹੀ ਹੀ ਸਥਿਤੀ ਦੇਖੀ ਗਈ ਸੀ, ਜਦੋਂ ਕੋਵਿਡ-19, ਆਰ.ਐੱਸ.ਵੀ. ਅਤੇ ਇਨਫਲੂਐਂਜ਼ਾ ਦੀ ਦਰ ਇਕੋ ਸਮੇਂ ਵਧ ਗਈ ਸੀ। ਉਨ੍ਹਾਂ ਕਿਹਾ ਕਿ ਚੀਨ ਲਈ ਇਹ ਮਹੱਤਵਪੂਰਨ ਹੋਵੇਗਾ ਕਿ ਉਹ ਪਾਰਦਰਸ਼ੀ ਹੋਵੇ ਕਿ ਕਿਹੜੇ ਰੋਗਾਣੂ ਇਸ ਬਿਮਾਰੀ ਲਈ ਜ਼ਿੰਮੇਵਾਰ ਹਨ।

***

## ਆਸਟ੍ਰੇਲੀਆ ਨੇ 2,000 ਤੋਂ ਵੱਧ ਇਜ਼ਰਾਈਲੀਆਂ,

ਪਰ ਕਿਹਾ ਕਿ ਅੰਤਮ ਟੀਚਾ ਖੇਤਰ ਵਿੱਚ ਲੰਬੇ ਸਮੇਂ ਦੀ ਸ਼ਾਂਤੀ ਹੈ। ਉਸਨੇ ਇਹ ਵੀ ਪੁਸ਼ਟੀ ਕੀਤੀ ਕਿ ਹੋਰ 67 ਆਸਟ੍ਰੇਲੀਆਈ ਨਾਗਰਿਕ, ਸਥਾਈ ਨਿਵਾਸੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਗਾਜ਼ਾ ਛੱਡ ਕੇ ਰਫਾਹ ਬਾਰਡਰ ਕ੍ਰਾਸਿੰਗ ਰਾਹੀਂ ਮਿਸਰ ਵਿੱਚ ਦਾਖਲ ਹੋਏ। ਸਰਕਾਰ ਨੇ 7 ਅਕਤੂਬਰ ਤੋਂ ਗਾਜ਼ਾ ਛੱਡਣ ਵਿੱਚ ਮਦਦ ਕਰਨ ਵਾਲੇ ਆਸਟ੍ਰੇਲੀਅਨ ਨਾਗਰਿਕਾਂ, ਸਥਾਈ ਨਿਵਾਸੀਆਂ ਅਤੇ ਪਰਿਵਾਰਕ ਮੈਂਬਰਾਂ ਦੀ ਕੁੱਲ ਗਿਣਤੀ 127 ਹੋ ਗਈ ਹੈ। ਗਰੁੱਪ ਦੀ ਮੁਲਾਕਾਤ ਕਾਹਿਰਾ ਵਿੱਚ ਆਸਟ੍ਰੇਲੀਆਈ ਕੌਂਸਲਰ ਸਟਾਫ ਦੁਆਰਾ ਕੀਤੀ ਗਈ ਸੀ ਜੋ ਉਹਨਾਂ ਦੀ ਆਸਟ੍ਰੇਲੀਆ ਵਾਪਸੀ ਦਾ ਪ੍ਰਬੰਧ ਕਰਨਗੇ।

****

## ਜਨਵਰੀ ਤੋਂ ਯੂ.ਕੇ. ਜਾਣ ਵਾਲੇ ਭਾਰਤੀ

ਕੰਮ ਦਾ ਤਜਰਬਾ ਪ੍ਰਾਪਤ ਕਰ ਲੈਂਦੇ ਹਾਂ ਤਾਂ ਸਾਡਾ ਯੂ.ਕੇ ਅਤੇ ਵਾਪਸ ਭਾਰਤ ਵਿੱਚ ਸ਼ਾਨਦਾਰ ਭਵਿੱਖ ਹੋਵੇਗਾ।

ਪੰਜਾਬ ਸਥਿਤ ਇੱਕ ਵੀਜ਼ਾ ਸਲਾਹਕਾਰ ਨੇ ਕਿਹਾ ਕਿ ਉਨ੍ਹਾਂ ਨੂੰ ਰੋਜ਼ਾਨਾ 30 ਤੋਂ 40 ਜੀਵਨ ਸਾਥੀ ਦੀਆਂ ਅਰਜ਼ੀਆਂ ਮਿਲ ਰਹੀਆਂ ਹਨ। ਸਲਾਹਕਾਰ ਨੇ ਕਿਹਾ ਕਿ ਲੰਡਨ, ਬਰਮਿੰਘਮ ਅਤੇ ਬੈੱਡਫੋਰਡਸ਼ਾਇਰ ਵਿੱਚ ਬੀਪੀਪੀ ਵਰਗੀਆਂ ਯੂਨੀਵਰਸਿਟੀਆਂ ਨਵੰਬਰ ਤੇ ਦਸੰਬਰ ਵਿੱਚ ਵਿਦਿਆਰਥੀ ਲੈ ਰਹੀਆਂ ਹਨ। ਅਨੁਮਾਨਾਂ ਅਨੁਸਾਰ, ਅੰਤਰਰਾਸ਼ਟਰੀ ਵਿਦਿਆਰਥੀ ਯੂ.ਕੇ ਦੀ ਆਰਥਿਕਤਾ ਵਿੱਚ ਹਰ ਸਾਲ 35 ਬਿਲੀਅਨ ਪੌਂਡ ਜੋੜਦੇ ਹਨ ਅਤੇ ਪਿਛਲੇ ਸਾਲ 490,763 ਵਿਦਿਆਰਥੀਆਂ ਨੂੰ ਵੀਜ਼ਾ ਦਿੱਤਾ ਗਿਆ ਸੀ। ਯੂ.ਕੇ ਸਥਿਤ ਨਿਊ ਵੇਅ ਕੰਸਲਟੈਂਸੀ ਨੇ ਕਿਹਾ ਕਿ ਵਿਦੇਸ਼ੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੇ ਨਾ ਸਿਰਫ਼ 10,000 ਪੌਂਡ ਤੋਂ 26,000 ਪੌਂਡ ਦੀ ਫੀਸ ਦੁਆਰਾ, ਸਗੋਂ ਵਿਦਿਆਰਥੀ ਲਈ 400 ਪੌਂਡ ਪ੍ਰਤੀ ਸਾਲ ਅਤੇ ਇੱਕ ਨਿਰਭਰ ਲਈ 600 ਪੌਂਡ ਦੇ ਐਨਐਚਐਸ ਸਰਚਾਰਜ ਦੁਆਰਾ ਵੀ ਯੂ.ਕੇ ਦੀ ਆਰਥਿਕਤਾ ਵਿੱਚ ਯੋਗਦਾਨ ਪਾਇਆ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949

## ਪੰਜਾਬ ਦੇ ਹਰਮਨਪਿਆਰੇ ਗੌਣ

ਉੱਥੇ ਹੀ ਇਹ ਦੋਵੇਂ ਭਰਾ ਵੀ ਅਨਪੜ੍ਹ ਸਨ। ਉਨ੍ਹਾਂ ਵੱਲੋਂ ਗਾਣਾ ਬਣਾ ਤਾਂ ਲਿਆ, ਪਰ ਜਦੋਂ ਉਹ ਗਾਣਾ ਗਾਉਂਦੇ ਸਨ, ਉਨ੍ਹਾਂ ਦੇ ਅਨਪੜ੍ਹ ਹੋਣ ਕਾਰਨ ਜੁਬਲੀ ਸ਼ਬਦ ਉਨ੍ਹਾਂ ਦੀ ਜ਼ੁਬਾਨ 'ਤੇ ਚੜ੍ਹਦਾ ਨਹੀਂ ਸੀ। ਦੂਸਰਾ ਸ਼ੇਅਰੋ-ਸ਼ਾਇਰੀ ਵਿੱਚ ਉਹ ਫਿਟ ਨਹੀਂ ਸੀ ਬੈਠ ਰਿਹਾ। ਤੀਸਰਾ ਉਸ ਵਕਤ ਕੋਈ ਡੈਂਟਿਸਟ ਨਹੀਂ ਸਨ ਹੁੰਦੇ। ਲੋਕਾਂ ਦੇ ਮੂੰਹ 'ਚੋਂ ਜਦੋਂ ਦੰਦ ਨਿਕਲ ਜਾਂਦੇ ਸਨ ਤਾਂ ਉਹ ਲੁਆ ਨਹੀਂ ਸੀ ਸਕਦੇ। ਜਦੋਂ ਉਹ ਅੱਖਰ ਜੁਬਲੀ ਬੋਲਦਾ ਸੀ ਤਾਂ ਉਸ ਦੇ ਮੂੰਹ ਵਿੱਚੋਂ ਫੂਕ ਨਿਕਲ ਜਾਂਦੀ ਸੀ ਅਤੇ ਸ਼ਬਦ ਸਹੀ ਨਹੀਂ ਸੀ ਬੋਲਿਆ ਜਾਂਦਾ। ਇਸ ਸਾਰੇ ਕੰਮ ਨੂੰ ਆਸਾਨ ਕਰਨ ਵਾਸਤੇ ਇਨ੍ਹਾਂ ਦੋਵਾਂ ਭਾਈਆਂ ਨੇ ਜੁਬਲੀ ਦੀ ਜਗ੍ਹਾ ਉਸ ਨੂੰ ਜੁਗਨੀ ਕਰ ਦਿੱਤਾ, ਜਿਸ ਨੂੰ ਅੱਜਕੱਲ੍ਹ ਅਸੀਂ ਜੁਗਨੀ ਆਖਦੇ ਹਾਂ। ਆਪਣੇ ਟੱਪਿਆਂ ਅਤੇ ਸ਼ੇਅਰਾਂ ਵਿੱਚ ਉਨ੍ਹਾਂ ਇਸ ਸ਼ਬਦ ਨੂੰ ਫਿਟ ਕਰਨਾ ਸ਼ੁਰੂ ਕਰ ਦਿੱਤਾ। ਅਸੀਂ ਪੰਜਾਬੀ ਤਾਂ ਵੈਸੇ ਵੀ ਅੱਖਰਾਂ ਨੂੰ ਆਪਣੀ ਆਸਾਨੀ ਦੇ ਮੁਤਾਬਿਕ ਢਾਲ ਲੈਂਦੇ ਹਾਂ ਅਤੇ ਵਿਗਾੜ ਵੀ ਲੈਂਦੇ ਹਾਂ। ਇਨ੍ਹਾਂ ਭਰਾਵਾਂ ਨੇ ਵੀ ਇੰਜ ਹੀ ਜੁਬਲੀ ਨੂੰ ਜੁਗਨੀ ਬਣਾ ਦਿੱਤਾ।

ਇਨ੍ਹਾਂ ਵੱਲੋਂ ਗਾਇਆ ਗਾਣਾ ਜੁਗਨੀ ਜਿੰਨੇ ਵੀ ਜਲੂਸ ਨਿਕਲੇ ਉਨ੍ਹਾਂ ਸਭ ਵਿੱਚ ਗਾਇਆ ਗਿਆ ਅਤੇ ਬਹੁਤ ਮਸ਼ਹੂਰ ਹੋਇਆ। ਇਹ ਬਿਲਕੁਲ ਉਸੇ ਤਰ੍ਹਾਂ ਹੀ ਸੀ ਜਿਵੇਂ ਪੰਜਾਬੀ ਦੇ ਟੱਪੇ ਜਾਂ ਮਾਹੀਏ ਹੁੰਦੇ ਹਨ। ਪੰਜਾਬ ਦੇ ਸਾਰਿਆਂ ਇਲਾਕਿਆਂ ਵਿੱਚ ਇਹ ਮਸ਼ਾਲ ਫਿਰਾਈ ਗਈ ਅਤੇ ਇਹ ਜੁਗਨੀ ਗਾਈ ਗਈ। ਜਿਵੇਂ ਜਿਵੇਂ ਇਹ ਮਸ਼ਾਲ ਵੱਖ-ਵੱਖ ਜ਼ਿਲ੍ਹਿਆਂ ਵਿੱਚ ਜਾਂਦੀ, ਉਸੇ ਮੁਤਾਬਿਕ ਉਸ ਸ਼ਹਿਰ ਦਾ ਨਾਮ ਜੁਗਨੀ ਦੇ ਵਿੱਚ ਸ਼ਾਮਲ ਕਰ ਦਿੱਤਾ ਜਾਂਦਾ ਤਾਂ ਕਿ ਉਸ ਇਲਾਕੇ ਦੇ ਲੋਕਾਂ ਨੂੰ ਵੀ ਜੁਗਨੀ ਆਪਣੀ ਲੱਗੇ। ਵੇਖਿਆ ਜਾਵੇਂ ਤਾਂ ਜੁਗਨੀ ਦੇ ਟੱਪਿਆਂ ਵਿੱਚ ਇਸੇ ਤਰ੍ਹਾਂ ਹੁੰਦਾ ਹੈ ਜਿਵੇਂ : ਜੁਗਨੀ ਜਾ ਵੜੀ ਮੁਲਤਾਨ ਜਿੱਥੇ ਬੜੇ-ਬੜੇ ਭਲਵਾਨ ਤੇ ਜੁਗਨੀ ਜਾ ਵੜੀ ਮਦੱਰਸੇ ਮਾਸਟਰ ਖਿੜਕੀ ਓਹਲੇ ਹੱਸੇ, ਜੁਗਨੀ ਜਾ ਵੜੀ ਜਲੰਧਰ, ਜੁਗਨੀ ਜਾ ਵੜੀ ਗੁਜਰਾਤ ਤੇ ਇਸੇ ਤਰ੍ਹਾਂ ਹੀ ਬਹੁਤ ਸਾਰਿਆਂ ਇਲਾਕਿਆਂ ਦੀਆਂ ਚੀਜ਼ਾਂ ਨੇ ਨਾਂ ਸ਼ਾਮਲ ਕਰ ਦਿੱਤੇ। ਮਲਿਕਾ ਵਿਕਟੋਰੀਆ ਨੂੰ ਮਰਿਆ ਅੱਜ ਸਵਾ ਸਦੀ ਬੀਤ ਗਈ ਹੈ। ਨਵੀਂ ਪੀੜ੍ਹੀ ਨੂੰ ਪਤਾ ਹੀ ਨਹੀਂ ਹੋਣਾ ਕੀ ਮਲਿਕਾ ਵਿਕਟੋਰੀਆ ਕੌਣ ਹੈ। ਮਲਿਕਾ ਵਿਕਟੋਰੀਆ ਦੀ ਗੋਲਡਨ ਜੁਬਲੀ ਦੀ ਵਜ੍ਹਾ ਦੇ ਨਾਲ ਜੁਗਨੀ ਵਜੂਦ ਵਿੱਚ ਆਈ ਤੇ ਅੱਜ ਵੀ ਕਾਇਮ ਹੈ। ਚੜ੍ਹਦੇ ਅਤੇ ਲਹਿੰਦੇ ਪੰਜਾਬ ਦੋਵਾਂ ਵਿੱਚ ਹੀ ਸਾਡੇ ਫਨਕਾਰ ਇਸ ਨੂੰ ਬਹੁਤ ਸ਼ੌਕ ਦੇ ਨਾਲ ਗਾਉਂਦੇ ਹਨ ਅਤੇ ਲੋਕ ਬਹੁਤ ਸ਼ੌਕ ਤੇ ਮਾਣ ਨਾਲ ਸੁਣਦੇ ਹਨ।

***

## ਕੌਮਵਾਦ ਬਾਰੇ ਵਿਦਵਾਨ ਜਸਵੀਰ ਸਿੰਘ ਡੈਨਮਾਰਕ

ਦਾ ਆਪਸ ਵਿੱਚ ਡੂੰਘਾ ਸੰਬੰਧ ਹੈ। ਇਹ ਤਿੰਨੇ ਇੱਕ ਦੂਜੇ ਨਾਲ ਜੁੜੇ ਹੋਏ ਹਨ। ਇਹਨਾਂ ਨੂੰ ਇੱਕ ਦੂਜੇ ਤੋਂ ਤੋੜ ਕੇ ਨਹੀਂ ਦੇਖਿਆ ਜਾ ਸਕਦਾ। ਜਦੋਂ ਅਸੀਂ ਰਾਸ਼ਟਰਵਾਦ ਅਤੇ ਰਾਸ਼ਟਰੀ-ਸਟੇਟ ਵਿੱਚੋਂ ਕਿਸੇ ਇੱਕ ਨੂੰ ਵੀ ਰੱਦ ਕਰਦੇ ਹਾਂ ਤਾਂ ਅਸੀਂ ਇਹਨਾਂ ਤਿੰਨਾਂ ਨੂੰ ਹੀ ਰੱਦ ਕਰ ਰਹੇ ਹੁੰਦੇ ਹਾਂ। ਇਸ ਨਾਲ ਸਿੱਖਾਂ ਦਾ ਇੱਕ ਵੱਖਰੀ ਕੌਮ ਹੋਣ ਦਾ ਦਾਅਵਾ ਵੀ ਆਪਣੇ ਆਪ ਰੱਦ ਹੋ ਜਾਂਦਾ ਹੈ।

ਪਰ ਅਵਤਾਰ ਸਿੰਘ ਸਾਨੂੰ ਇਸ ਗੱਲ ਤੋਂ ਵੀ ਸਾਵਧਾਨ ਕਰਦੇ ਹੋਏ ਕਹਿ ਰਹੇ ਹਨ ਕਿ ਰਾਸ਼ਟਰਵਾਦ ਅਤੇ ਫਾਸ਼ੀਵਾਦ ਦਰਮਿਆਨ ਫਰਕ ਹੁੰਦਾ ਹੈ । ਬਹੁਤ ਵੱਡਾ ਫਰਕ ਹੈ। ਪਰ ਸਵਾਲ ਨਿਸ਼ਾਨਿਆਂ ਦਾ ਹੈ। ਰਾਸ਼ਟਰਵਾਦ ਦੇ ਨਿਸ਼ਾਨੇ ਜੇ ਮਨੁੱਖਤਾਵਾਦੀ ਫਿਲਾਸਫੀ ਤੋਂ ਥਿੜਕ ਜਾਣ ਤਾਂ ਫਿਰ ਉਹ ਫਾਸ਼ੀਵਾਦ ਦਾ ਰੂਪ ਅਖਤਿਆਰ ਕਰ ਲੈਂਦੇ ਹਨ। ਭਾਰਤ ਦੇ ਜਿਸ ਸਿਆਸੀ ਦ੍ਰਿਸ਼ ਨੂੰ ਦੇਖ ਕੇ ਸਿੱਖ ਵਿਦਵਾਨ ਰਾਸ਼ਟਰਵਾਦ ਅਤੇ ਰਾਸ਼ਟਰੀ ਸਟੇਟ ਨੂੰ ਰੱਦ ਕਰ ਰਹੇ ਹਨ,ਉਹ ਗਲਤੀ ਰਾਸ਼ਟਰੀ ਸਟੇਟ ਦੀ ਨਹੀਂ ਹੈ ਬਲਕਿ ਇੱਕ ਬਹੁ-ਰਾਸ਼ਟਰੀ ਸਟੇਟ (ਨੈਸ਼ਨਲ ਸਟੇਟ) ਨੂੰ ਬੰਦੂਕ ਦੀ ਨੋਕ 'ਤੇ ਰਾਸ਼ਟਰੀ ਸਟੇਟ ਬਣਾਉਣ ਦੇ ਯਤਨਾਂ ਦੀ ਹੈ।ਭਾਰਤ ਇੱਕ ਰਾਸ਼ਟਰੀ ਸਟੇਟ ਨਹੀਂ ਹੈ ਬਲਕਿ ਬਹੁ ਰਾਸ਼ਟਰੀ ਸਟੇਟ ਹੈ। ਭਾਰਤ ਦੇ ਹਾਕਮ 1947 ਤੋਂ ਹੀ ਇਸ ਬਹੁ ਰਾਸ਼ਟਰੀ ਸਟੇਟ ਨੂੰ ਇੱਕ ਰਾਸ਼ਟਰੀ ਸਟੇਟ ਬਣਾਉਣ ਦੇ ਯਤਨ ਕਰ ਰਹੇ ਹਨ, ਕਿਉਂਕਿ ਉਹ ਭਾਰਤ ਦੇ ਕੁਦਰਤੀ ਸਿਆਸੀ ਵਹਾਅ ਦੇ ਖਿਲਾਫ ਲੜ ਰਹੇ ਹਨ। ਇਸੇ ਲਈ ਉਹ ਹਰ ਕਿਸਮ ਦਾ ਘੋਰ ਤਸ਼ੱਦਦ, ਮਾਰਾਮਰਾਈ,ਕਤਲੇਆਮ ਅਤੇ ਜ਼ਲਾਲਤ ਘੱਟ ਗਿਣਤੀਆਂ ਦੇ ਪੱਲੇ ਪਾ ਰਹੇ ਹਨ। ਦੁਨੀਆ ਵਿੱਚ ਸਿਰਫ਼ ਇੱਕੋ ਮੁਲਕ ਹੀ ਰਾਸ਼ਟਰੀ-ਸਟੇਟਾਂ ਹਨ ਜਿੱਥੇ ਇੱਕ ਹੀ ਕੌਮ ਵਸਦੀ ਹੈ ਅਤੇ ਹੋਰ ਕੋਈ ਵੀ ਘੱਟ ਗਿਣਤੀ ਭਾਈਚਾਰਾ,ਸਮੂਹ ਜਾਂ ਕੌਮ ਨਹੀਂ ਵੱਸਦੀ। ਅਸਲੀ ਰਾਸ਼ਟਰੀ-ਸਟੇਟਾਂ ਇਨਾਂ 21 ਮੁਲਕਾਂ ਨੂੰ ਹੀ ਆਖਿਆ ਜਾ ਸਕਦਾ ਹੈ। ਬਾਕੀ ਸਾਰੀ ਦੁਨੀਆ ਦੇ ਮੁਲਕ ਬਹੁ-ਰਾਸ਼ਟਰੀ ਅਰਥਾਤ ਨੈਸ਼ਨਲ ਸਟੇਟ ਹਨ। ਸਿੱਖ ਵਿਦਵਾਨਾਂ ਨੂੰ ਨੇਸ਼ਨ-ਸਟੇਟ ਅਤੇ ਨੈਸ਼ਨਲ-ਸਟੇਟ ਦੇ ਫਰਕ ਨੂੰ ਸਮਝਣਾ ਚਾਹੀਦਾ ਹੈ।

ਪਿਛਲੇ ਕੁਝ ਵਰਿਆਂ ਤੋਂ ਭਾਰਤ ਦੀ ਬਹੁ ਗਿਣਤੀ ਨਾਲ ਸਬੰਧਤ ਵਿਦਵਾਨਾਂ ਨੇ ਹਿੰਦੂ ਰਾਸ਼ਟਰ ਦੇ ਸੰਕਲਪ ਅਤੇ ਇਸ ਸੰਕਲਪ ਦੀ ਵਿਆਖਿਆ ਅਤੇ ਹਮਾਇਤ ਵਿੱਚ ਥਬਿਆਂ ਦੇ ਥੱਬੇ ਲੇਖ ਲਿਖੇ ਹਨ ਅਤੇ ਲਗਾਤਾਰ ਲਿਖੇ ਜਾ ਰਹੇ ਹਨ। ਕਈ ਚੈਨਲ ਤਾਂ ਇਸ ਵਿਸ਼ੇ ਉੱਤੇ ਵੱਡੀਆਂ ਅਤੇ ਇੱਕ ਪਾਸੜ ਬਹਿਸਾਂ ਦੀ ਮੂਸਲਾਧਾਰ ਬਾਰਿਸ਼ ਕਰ ਰਹੇ ਹਨ। ਸੰਵਿਧਾਨ ਨੂੰ ਬਦਲਣ ਦੀਆਂ ਗੱਲਾਂ ਵੀ ਸਾਹਮਣੇ ਆ ਰਹੀਆਂ ਹਨ। ਸਵਾਲ ਪੈਦਾ ਹੁੰਦਾ ਹੈ ਕਿ ਕੀ ਹਿੰਦੂ ਰਾਸ਼ਟਰ ਐਮਪਾਇਰ ਕਾਇਮ ਕਰਨ ਦੇ ਕਿਸੇ ਪੁਰਾਣੇ ਮਾਡਲ ਨੂੰ ਨਵੇਂ ਅੰਦਾਜ਼ ਵਿੱਚ ਪੇਸ਼ ਕਰਨ ਵੱਲ ਵਧ ਰਿਹਾ ਹੈ ? ਕੀ ਇੱਕ ਬੋਲੀ ਅਤੇ ਇੱਕ ਸੱਭਿਆਚਾਰ ਨਾਲ ਸਾਰਿਆਂ ਨੂੰ ਨਰੜਿਆ ਜਾ ਰਿਹਾ ਹੈ ? ਅਗਲੀ ਪੁਸਤਕ ਇਹਨਾਂ ਗੰਭੀਰ ਵਿਸ਼ਿਆਂ ਨੂੰ ਆਪਣੀ ਸੋਚ ਦਾ ਹਿੱਸਾ ਬਣਾਏਗੀ, ਇਸ ਦੀ ਲੇਖਕ ਤੋਂ ਉਮੀਦ ਕੀਤੀ ਜਾਂਦੀ ਹੈ।

ਜਸਵੀਰ ਸਿੰਘ ਵੱਲੋਂ ਇਸ ਮਹੱਤਵਪੂਰਨ ਵਿਸ਼ੇ ਉੱਤੇ ਕੀਤੇ ਗਏ ਪਲੇਠੇ ਯਤਨ ਦੀ ਹਰ ਪਾਸਿਓਂ ਪ੍ਰਸ਼ੰਸਾ ਅਤੇ ਸਵਾਗਤ ਕੀਤਾ ਜਾਣਾ ਚਾਹੀਦਾ ਹੈ।

***

## ਅਮਰੀਕਾ, ਕੈਨੇਡਾ ਤੇ ਪਾਕਿਸਤਾਨ

ਪ੍ਰਧਾਨ ਮੰਤਰੀ ਮੋਦੀ ਨੂੰ ਨਾਇਕ ਦਸਕੇ ਇਹਨਾਂ ਕਤਲਾਂ ਲਈ ਭਾਰਤੀ ਰਾਸ਼ਟਰਵਾਦ ਦੇ ਗੁਣਗਾਨ ਕਰ ਰਹੇ ਸਨ। ਹੁਣ ਇਸ ਦੇ ਉਲਟ ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਨੇ ਇਸ ਗੱਲ ਉਤੇ ਇਤਰਾਜ਼ ਜਤਾਕੇ ਨਵੀਂ ਛੁਰਲੀ ਛੱਡੀ ਹੈ ਕਿ ਖ਼ਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੀ ਜਾਂਚ ਪੂਰੀ ਤਰ੍ਹਾਂ ਮੁਕੰਮਲ ਹੋਣ ਤੋਂ ਪਹਿਲਾਂ ਹੀ ਭਾਰਤ ਨੂੰ 'ਦੋਸ਼ੀ' ਠਹਿਰਾ ਦਿੱਤਾ ਗਿਆ। ਕੈਨੇਡਾ ਨੂੰ ਹੱਤਿਆ ਦੇ ਇਸ ਮਾਮਲੇ ਵਿੱਚ ਸਬੂਤ ਦੇਣ ਦੀ ਬੇਨਤੀ ਕਰਦਿਆਂ ਭਾਰਤੀ ਰਾਜਦੂਤ ਨੇ ਆਪਣਾ ਰੁਖ਼ ਦੁਹਰਾਉਂਦਿਆਂ ਕਿਹਾ ਕਿ ਨਵੀਂ ਦਿੱਲੀ ਜਸਟਿਨ ਟਰੂਡੋ ਦੇ ਦੋਸ਼ਾਂ ਨਾਲ ਸਬੰਧਤ 'ਕਿਸੇ ਵੀ ਵਿਸ਼ੇਸ਼ ਤੇ ਢੁੱਕਵੀਂ ਜਾਣਕਾਰੀ' ਉਤੇ ਜ਼ਰੂਰ ਗੌਰ ਕਰੇਗਾ', ਜਿਸ ਦੇ ਅਧਾਰ ਉਤੇ ਕੈਨੇਡਾ ਨੇ ਦਾਅਵੇ ਕੀਤੇ ਹਨ। ਭਾਰਤ ਦਾ ਤਰਕ ਇਹਨਾਂ ਘਟਨਾਵਾਂ ਬਾਰੇ ਕੁਝ ਵੀ ਹੋਵੇ, ਪਰ ਉਹ ਦੁਨੀਆਂ ਦੇ ਕਟਹਿਰੇ ਵਿੱਚ ਦੋਸ਼ੀ ਵਜੋਂ ਖੜਾ ਹੋ ਗਿਆ ਹੈ। ਇਹ ਆਉਣ ਵਾਲਾ ਸਮਾਂ ਦਸੇਗਾ ਕਿ ਅਮਰੀਕਾ ਤੇ ਕੈਨੇਡਾ ਦੀ ਭਾਰਤ ਬਾਰੇ ਕੀ ਨੀਤੀ ਹੁੰਦੀ ਹੈ।

***

## ਮੁਸਲਮਾਨ ਬਾਰੇ ਭਗਵਿਆਂ ਦ

ਰਿਪੋਰਟ ਵਿੱਚ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ 80% ਨਫ਼ਰਤੀ ਭਾਸ਼ਣ ਦੀਆਂ ਘਟਨਾਵਾਂ ਭਾਰਤੀ ਜਨਤਾ ਪਾਰਟੀ ਦੇ ਸ਼ਾਸਨ ਵਾਲੇ ਰਾਜਾਂ ਵਿੱਚ ਹੋਈਆਂ ਹਨ।

22 ਨਵੰਬਰ ਨੂੰ ਪ੍ਰਵੀਨ ਤੋਗੜੀਆ ਨੇ ਹਰਿਆਣਾ ਦੇ ਸੋਨੀਪਤ ਵਿੱਚ ਭਾਸ਼ਣ ਦਿੱਤਾ ਸੀ। ਤੋਗੜੀਆ ਇੱਕ ਹਿੰਦੂਤਵੀ ਨੇਤਾ ਹਨ ਅਤੇ ਪਹਿਲਾਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਅੰਤਰਰਾਸ਼ਟਰੀ ਕਾਰਜਕਾਰੀ ਪ੍ਰਧਾਨ ਸਨ। ਭਾਸ਼ਣ ਵਿੱਚ, ਤੋਗੜੀਆ ਦਾਅਵਾ ਕੀਤਾ ਕਿ ਮੁਸਲਮਾਨ ਪਾਰਕਾਂ 'ਤੇ ਕਬਜ਼ਾ ਕਰ ਰਹੇ ਹਨ ,ਮੇਵਾਤ ਵਿੱਚ ਕਤਲ ਕਰ ਰਹੇ ਹਨ, ਪਾਕਿਸਤਾਨ ਪਾਣੀਪਤ ਵਿੱਚ ਖੜ੍ਹਾ ਹੈ ਅਤੇ ਇੱਥੋਂ ਤੱਕ ਕਿ ਹਿੰਦੂਆਂ ਦੇ ਕਾਰੋਬਾਰਾਂ ਲਈ ਵੀ ਖਤਰਾ ਪੈਦਾ ਕਰ ਰਹੇ ਹਨ। ਇਸ ਤੋਂ ਇਲਾਵਾ, ਉਸਨੇ ਮੁਸਲਿਮ ਆਬਾਦੀ ਵਾਧੇ ਨੂੰ ਹਿੰਦੂ ਭਾਈਚਾਰੇ ਲਈ ਖਤਰਾ ਦਸਿਆ। ਉਨ੍ਹਾਂ ਕਿਹਾ ਕਿ ਸਾਡੇ ਹਿੰਦੂਆਂ ਵਿੱਚ, ਸਾਡੀ ਆਬਾਦੀ ਘਟਦੀ ਜਾ ਰਹੀ ਹੈ। ਕੁਝ ਹਿੰਦੂ ਜੋੜੇ ਬੇਔਲਾਦ ਰਹਿੰਦੇ ਹਨ। ਕਿਸੇ ਕੋਲ ਇੱਕ ਬੱਚਾ ਹੈ, ਕਿਸੇ ਕੋਲ ਦੋ ਹਨ। ਪਰ ਮੁਸਲਮਾਨਾਂ ਨੇ ਬਚੇ ਜੰਮਣ ਦੀ ਫੈਕਟਰੀ ਲਗਾਈ ਹੋਈ ਹੈ।

ਨਵੀਂ ਦਿੱਲੀ ਵਿੱਚ 19 ਨਵੰਬਰ ਨੂੰ ਹਿੰਦੂ ਜਨਜਾਗ੍ਰਿਤੀ ਸਮਿਤੀ ਵੱਲੋਂ ਕਰਵਾਏ ਗਏ ਹਿੰਦੂ ਰਾਸ਼ਟਰ ਸੰਮੇਲਨ ਦੇ ਪ੍ਰੋਗਰਾਮ ਦੌਰਾਨ ਹਿੰਦੂ ਧਰਮਸੈਨਾ ਚੰਡੀ ਵਾਹਿਨੀ ਦੇ ਮੁਖੀ ਲਤਾ ਸਿੰਘ ਠਾਕੁਰ ਨੇ ਮੁਸਲਮਾਨਾਂ ਖ਼ਿਲਾਫ਼ ਨਫ਼ਰਤ ਭਰਿਆ ਭਾਸ਼ਣ ਦਿੱਤਾ ਸੀ। ਠਾਕੁਰ ਨੇ ਨਾ ਸਿਰਫ਼ ਮੁਸਲਿਮ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਸਗੋਂ ਹਿੰਦੂਆਂ ਨੂੰ ਹਥਿਆਰ ਰਖਣ ਲਈ ਵੀ ਕਿਹਾ। ਉਨ੍ਹਾਂ ਅੱਗੇ ਕਿਹਾ, ਜਿਸ ਦਿਨ ਤੁਹਾਡੇ ਅੰਦਰ ਦਾ ਹਿੰਦੂ ਜਾਗ ਜਾਵੇਗਾ, ਉਸ ਦਿਨ ਹਿੰਦੂ ਰਾਸ਼ਟਰ ਦੀ ਸਥਾਪਨਾ ਵਿੱਚ ਕੋਈ ਮੁਸ਼ਕਲ ਨਹੀਂ ਆਵੇਗੀ।

23 ਨਵੰਬਰ, ਵੀਰਵਾਰ ਨੂੰ, ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜੇਪੀ ਨੱਡਾ ਨੇ ਤੇਲੰਗਾਨਾ ਦੇ ਮੁੱਖ ਮੰਤਰੀ ਅਤੇ ਬੀਆਰਐਸ ਮੁਖੀ ਕੇ ਚੰਦਰਸ਼ੇਖਰ ਰਾਓ ਦੀ 'ਘੱਟਗਿਣਤੀਆਂ ਪਖੀ ਰਾਜਨੀਤੀ' ਦੀ ਆਲੋਚਨਾ ਕੀਤੀ। ਨੱਡਾ ਨੇ ਕੇਸੀਆਰ 'ਤੇ ਘੱਟ ਗਿਣਤੀਆਂ ਲਈ ਰਾਖਵਾਂਕਰਨ 4 ਫੀਸਦੀ ਤੋਂ ਵਧਾ ਕੇ 12 ਫੀਸਦੀ ਕਰਨ ਦਾ ਵਾਅਦਾ ਕਰਕੇ ਤੇਲੰਗਾਨਾ ਦੇ ਇੱਕ ਖਾਸ ਵਰਗ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ।

ਚੋਣਾਂ ਵਾਲੇ ਰਾਜ ਦੀ ਰਾਜਧਾਨੀ ਵਿੱਚ ਬੋਲਦੇ ਹੋਏ, ਇੱਕ ਭਾਜਪਾ ਨੇਤਾ ਗੋਪਾਲ ਸ਼ਰਮਾ ਨੇ ਇੱਕ ਭਾਸ਼ਣ ਦਿੱਤਾ ਜਿਸ ਵਿੱਚ ਜ਼ਿਆਦਾਤਰ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ ਅਤੇ ਇਹ ਵੀ ਨਾਅਰਾ ਲਗਾਇਆ ਗਿਆ ਸੀ, ਜੇ ਤੁਸੀਂ ਭਾਰਤ ਵਿੱਚ ਰਹਿਣਾ ਚਾਹੁੰਦੇ ਹੋ ਤਾਂ ਤੁਹਾਨੂੰ ਜੈ ਸ੍ਰੀ ਦੇ ਨਾਅਰੇ ਲਗਾਉਣੇ ਪੈਣਗੇ। ਸ਼ਰਮਾ ਨੇ ਅੱਗੇ ਕਿਹਾ, ਇਹ (ਆਗਾਮੀ) ਚੋਣਾਂ ਤੈਅ ਕਰਨਗੀਆਂ ਕਿ ਜੈਪੁਰ ਇੱਕ ਮਿੰਨੀ ਪਾਕਿਸਤਾਨ ਹੋਵੇਗਾ ਜਾਂ ਨਹੀਂ। ਹਾਲਾਂਕਿ ਅਸੀਂ ਭਾਰਤ ਮਾਤਾ ਦੇ ਪੁੱਤਰ ਹਾਂ ਅਤੇ ਜਿਉਂਦੇ ਹਾਂ ਮਿੰਨੀ ਪਾਕਿਸਤਾਨ ਨਹੀਂ ਬਣਨ ਦੇਵਾਂਗੇ। ਉਨ੍ਹਾਂ ਦੇ ਨਾਅਰਿਆਂ ਦੇ ਜਵਾਬ ਵਿੱਚ ਭਗਵੀਂ ਭੀੜ ਗੂੰਜ ਉੱਠੀ।

ਉਹ ਕਹਿੰਦਾ ਹੈ, ਅਯੁੱਧਿਆ ਇੱਕ ਝਾਕੀ ਹੈ! ਮਥੁਰਾ, ਕਾਸ਼ੀ ਰਹਿ ਗਏ ਹਨ! ਉਨ੍ਹਾਂ ਅੱਗੇ ਕਿਹਾ, ਰਾਜਸਥਾਨ ਦੀਆਂ ਚੋਣਾਂ ਅਸਲ ਵਿੱਚ ਸੈਮੀਫਾਈਨਲ ਹਨ। ਕੇਵਲ ਰਾਮ ਭਗਤ ਹੀ ਲੜਨਗੇ।

ਪਰ ਜਦੋਂ 2024 ਵਿੱਚ ਮੋਦੀ ਜੀ ਦਾ ਰਾਜ ਸਥਾਪਤ ਹੋਵੇਗਾ, ਤਾਂ ਬਹੁਤ ਸਾਰੇ ਲੋਕਾਂ ਨੂੰ ਜਾਣਾ ਪਵੇਗਾ! ਭਾਜਪਾ ਨੇਤਾ ਗੋਪਾਲ ਸ਼ਰਮਾ ਮੁਸਲਮਾਨਾਂ ਖ਼ਿਲਾਫ਼ ਭੜਕਾਊ ਭਾਸ਼ਣ ਦਿੰਦਿਆਂ ਕਿਹਾ ਕਿ ਮਥੁਰਾ ਅਤੇ ਵਾਰਾਣਸੀ ਵਿੱਚ ਮਸਜਿਦਾਂ ਨੂੰ ਮੰਦਰਾਂ ਵਿੱਚ ਤਬਦੀਲ ਕੀਤਾ ਜਾਵੇਗਾ ਅਤੇ ਨਾਅਰਾ ਬੁਲੰਦ ਕੀਤਾ: ਜੇ ਤੁਸੀਂ ਭਾਰਤ ਵਿੱਚ ਰਹਿਣਾ ਚਾਹੁੰਦੇ ਹੋ, ਤਾਂ ਤੁਹਾਨੂੰ ਜੈ ਸ਼੍ਰੀ ਰਾਮ ਦਾ ਉਚਾਰਨ ਕਰਨਾ ਹੋਵੇਗਾ।

***

## ਬੰਦੀ ਸਿੰਘਾਂ ਦੇ ਮਸਲੇ ਦੀ

ਸਰਦਾਰ ਧਾਮੀ ਦੇ ਇਸ ਵਿਚਾਰ ਵਿੱਚ ਸਚਾਈ ਹੈ ਕਿ ਇੱਕ ਪਾਸੇ ਸਜ਼ਾਵਾਂ ਭੁਗਤ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਈ ਨਹੀਂ ਦਿੱਤੀ ਜਾ ਰਹੀ, ਦੂਜੇ ਪਾਸੇ ਸੌਦਾ ਸਾਧ ਨੂੰ ਵਾਰ-ਵਾਰ ਪੈਰੋਲ 'ਤੇ ਬਾਹਰ ਭੇਜਿਆ ਜਾ ਰਿਹਾ ਹੈ।

ਹੈਰਾਨੀ ਦੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਦੀ ਕਿਸੇ ਚਿੱਠੀ ਦਾ ਜੁਆਬ ਦਿਲੀ ਤੇ ਮੋਦੀ ਸਰਕਾਰ ਨਹੀਂ ਦੇ ਰਹੀ। ਇਸ ਦਾ ਕਾਰਣ ਹੈ ਕਿ ਸ਼੍ਰੋਮਣੀ ਕਮੇਟੀ ਬਾਰੇ ਸਿੱਖ ਸੰਗਤ ਵਿੱਚ ਵਿਸ਼ਵਾਸ ਪੈਦਾ ਨਹੀਂ ਹੋ ਰਿਹਾ, ਕਿਉਂਕਿ ਇਸ ਉਪਰ ਬਾਦਲ ਪਰਿਵਾਰ ਦਾ ਦਬਾਅ ਹੈ ਤੇ ਸਿੱਖ ਵੱਖ ਵੱਖ ਧੜਿਆਂ ਵਿੱਚ ਵੰਡੇ ਹੋਏ ਹਨ,ਜਿਸ ਕਰਕੇ ਸਰਕਾਰ ਕਮਜ਼ੋਰ ਸ਼੍ਰੋਮਣੀ ਕਮੇਟੀ ਦੀ ਪਰਵਾਹ ਨਹੀਂ ਕਰ ਰਹੀ। ਗਿਆਨੀ ਰਘਬੀਰ ਸਿੰਘ ਜਥੇਦਾਰ ਅਕਾਲ ਤਖਤ ਸਾਹਿਬ ਇਸ ਮੁੱਦੇ ਬਾਰੇ ਸਾਂਝਾ ਪ੍ਰੋਗਰਾਮ ਦੇਣ ਵਿੱਚ ਅਸਫਲ ਰਹੇ ਹਨ। ਲੋੜ ਇਸ ਗਲ ਦੀ ਹੈ ਕਿ ਜਥੇਦਾਰ ਅਕਾਲ ਤਖਤ ਸਾਹਿਬ ਬੰਦੀ ਸਿੱਖਾਂ ਦੀ ਰਿਹਾਈ ਲਈ ਸਾਂਝਾ ਪ੍ਰਤੀਨਿਧ ਪੰਥਕ ਇਕੱਠ ਸਦੇ ,ਜਿਸ ਵਿੱਚ ਵਿਸ਼ਵ ਭਰ ਦੇ ਸਿੱਖ ਨੁਮਾਇੰਦੇ,ਸਿੱਖ ਬੁੱਧੀਜੀਵੀ, ਪੰਥਕ ਜਥੇਬੰਦੀਆਂ ਸ਼ਾਮਲ ਕੀਤੀਆਂ ਜਾਣ। ਉਸ ਵਿਚੋਂ ਵਿਸ਼ਵ ਸਿੱਖ ਕੌਂਸਲ ਦੀ ਸਥਾਪਨਾ ਕੀਤੀ ਜਾਵੇ ਜੋ ਕਿ ਸਿੱਖ ਮਸਲਿਆਂ ਤੇ ਬੰਦੀ ਸਿੱਖਾਂ ਦੇ ਮਸਲਿਆਂ ਦੀ ਅਗਵਾਈ ਕਰੇ ਅਤੇ ਭਾਰਤ ਸਰਕਾਰ ਨਾਲ ਗਲਬਾਤ ਕਰੇ। ਅਮਰੀਕਾ ਤੇ ਹੋਰ ਪੱਛਮ ਦੀਆਂ ਸਰਕਾਰਾਂ ਵਿੱਚ ਆਪਣਾ ਕੇਸ ਰਖਕੇ ਭਾਰਤ ਸਰਕਾਰ ਉੱਪਰ ਦਬਾਅ ਪਾਵੇ। ਇਕੋ ਸਮੇਂ ਰੋਸ ਮੁਜਾਹਰੇ, ਕਾਨਫਰੰਸਾਂ ਹੋਣ। ਸਾਂਝੀ ਨੀਤੀ, ਸਾਂਝੇ ਪ੍ਰੋਗਰਾਮ ਬਿਨਾਂ ਮੋਦੀ ਸਰਕਾਰ ਸਿੱਖ ਪੰਥ ਦੀ ਸੁਣਵਾਈ ਨਹੀਂ ਕਰੇਗੀ। ਹਾਲੇ ਤੱਕ ਇਸ ਬਾਰੇ ਧੜੇਬਾਜੀ ਦੀ ਸਿਆਸਤ ਹੋਈ ਹੈ। ਇਸ ਪ੍ਰੋਗਰਾਮ ਵਿੱਚ ਸਿੱਖ ਪੱਖੀ ਹਿੰਦੂ ਸੰਤਾਂ, ਬੁੱਧੀਜੀਵੀਆਂ ,ਬੁੱਧ ਧਰਮ, ਦਲਿਤ ਆਗੂਆਂ, ਰਾਜਨੀਤਕ ਜਥੇਬੰਦੀਆਂ ਨੂੰ ਸ਼ਾਮਲ ਕੀਤਾ ਜਾਵੇ।

***

## ਡੀਪਫੇਕ ਟੈਕਨਾਲੋਜੀ 'ਤੇ ਪ੍ਰਧਾਨ ਮੰਤਰੀ

ਵਰਤੋਂ ਲਈ ਅੰਤਰਰਾਸ਼ਟਰੀ ਪ੍ਰਮਾਣੂ ਸਮਝੌਤੇ ਵਰਗੇ ਵਿਸ਼ਵ ਕਾਨੂੰਨ ਦੀ ਵਕਾਲਤ ਕਰ ਰਹੇ ਹਨ, ਪਰ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਇਸ ਦੇ ਵਿਆਪਕ ਫੈਲਾਅ 'ਤੇ ਬਹੁਤ ਜ਼ੋਰ ਦਿੱਤਾ, ਪਰ ਇਸਦੇ ਖਤਰਨਾਕ ਰੁਝਾਨ ਨੂੰ ਰੋਕਣ ਲਈ ਚੁੱਪ ਹਨ। ਹਾਲ ਹੀ ਵਿਚ ਯੂਕੇ ਤੇ ਹੋਰ ਪੱਛਮੀ ਦੇਸ਼ਾਂ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ 'ਤੇ ਰੋਕ ਲਗਾਉਣ ਲਈ ਸਾਂਝੇ ਤੌਰ 'ਤੇ ਬਲੈਚਲੇ ਸਮਝੌਤੇ 'ਤੇ ਦਸਤਖਤ ਕੀਤੇ ਹਨ, ਜਿਸ 'ਤੇ ਅਮਰੀਕਾ,ਚੀਨ, ਜਾਪਾਨ ਅਤੇ ਯੂਰਪੀਅਨ ਯੂਨੀਅਨ ਨੇ ਸਮਝੌਤੇ 'ਤੇ ਦਸਤਖਤ ਕੀਤੇ ਹਨ, ਪਰ ਭਾਰਤ ਨੇ ਇਸ ਸੰਮੇਲਨ ਵਿੱਚ ਹਿੱਸਾ ਨਹੀਂ ਲਿਆ।

ਪ੍ਰਧਾਨ ਮੰਤਰੀ ਜਾਂ ਕਿਸੇ ਹੋਰ ਭਾਜਪਾ ਨੇਤਾ ਦੁਆਰਾ ਡੂੰਘੇ ਫੇਕ 'ਤੇ ਚਿੰਤਾ ਦੇ ਕਿਸੇ ਵੀ ਪ੍ਰਗਟਾਵੇ ਨੂੰ ਸਿਰਫ਼ ਦਿਖਾਵਾ ਕਰਾਰ ਦਿੱਤਾ ਜਾਵੇਗਾ, ਕਿਉਂਕਿ ਦਿੱਲੀ ਵਿੱਚ ਕਰੀਬ ਸਾਢੇ ਤਿੰਨ ਸਾਲ ਪਹਿਲਾਂ ਚੋਣ ਕਰਵਾਈ ਗਈ ਸੀ। ਵਿਧਾਨ ਸਭਾ ਚੋਣਾਂ ਦੌਰਾਨ ਦਿੱਲੀ ਭਾਜਪਾ ਨੇ ਖੁੱਲ੍ਹੇਆਮ ਡੀਪਫੇਕ ਤਕਨੀਕ ਦੀ ਵਰਤੋਂ ਕੀਤੀ ਸੀ, ਪਰ ਪ੍ਰਧਾਨ ਮੰਤਰੀ ਨੇ ਉਸ ਸਮੇਂ ਕੁਝ ਨਹੀਂ ਕਿਹਾ ਸੀ।

ਇਹ ਪਹਿਲੀ ਵਾਰ ਸੀ ਕਿ ਭਾਰਤ ਵਿੱਚ ਕਿਸੇ ਸਿਆਸੀ ਪਾਰਟੀ ਨੇ ਚੋਣਾਂ ਵਿੱਚ ਪ੍ਰਚਾਰ ਲਈ ਖਤਰਨਾਕ ਡੀਪ ਫੇਕ ਤਕਨੀਕ ਦੀ ਵਰਤੋਂ ਕੀਤੀ। ਨਿਊਜ਼ ਸਾਈਟ ਵਾਈਸ ਡਾਟ ਕਾਮ ਨੇ ਸਭ ਤੋਂ ਪਹਿਲਾਂ ਇਸਦਾ ਖੁਲਾਸਾ ਕੀਤਾ ਸੀ, ਅਤੇ ਇਸ 'ਤੇ ਆਧਾਰ ਉਪਰ ਰਿਪੋਰਟਿੰਗ ਕਈ ਅਖਬਾਰਾਂ ਦੇ ਨਾਲ-ਨਾਲ ਐਮਆਈਟੀ ਟੈਕਨਾਲੋਜੀ ਰਿਵਿਊ ਵਿੱਚ ਕੀਤੀ ਗਈ ਸੀ। ਦਿੱਲੀ ਚੋਣਾਂ ਦੌਰਾਨ ਭਾਜਪਾ ਨੇਤਾ ਮਨੋਜ ਤਿਵਾਰੀ ਨੇ ਇੱਕ ਵੀਡੀਓ ਬਣਾਈ ਸੀ ਜਿਸ ਵਿੱਚ ਉਨ੍ਹਾਂ ਨੇ ਹਿੰਦੀ ਵਿੱਚ ਭਾਜਪਾ ਨੂੰ ਵੋਟ ਦੇਣ ਦੀ ਅਪੀਲ ਕੀਤੀ ਸੀ ਅਤੇ ਅਰਵਿੰਦ ਕੇਜਰੀਵਾਲ 'ਤੇ ਵੀ ਨਿਸ਼ਾਨਾ ਸਾਧਿਆ ਸੀ। ਇਸ ਤੋਂ ਬਾਅਦ ਦਿੱਲੀ ਭਾਜਪਾ ਨੇ ਆਈਡੀਆਜ਼ ਫੈਕਟਰੀ ਨਾਂ ਦੀ ਆਈਟੀ ਕੰਪਨੀ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਨੂੰ ਡੀਪਫੇਕ ਦਾ ਕੰਮ ਦਿੱਤਾ। ਇਸ ਦੇ ਮੁਤਾਬਕ ਮਨੋਜ ਤਿਵਾਰੀ ਦੇ ਮੂਲ ਹਿੰਦੀ ਡਾਇਲਾਗ ਵੀਡੀਓ ਦੇ ਆਧਾਰ 'ਤੇ ਅੰਗਰੇਜ਼ੀ ਅਤੇ ਹਰਿਆਣਵੀ 'ਚ ਵੀ ਮੈਸੇਜ ਵੀਡੀਓ ਬਣਾਏ ਜਾਣੇ ਸਨ। ਯਾਨੀ ਡੀਪਫੇਕ ਤਕਨੀਕ ਦੀ ਵਰਤੋਂ ਕਰਕੇ ਮਨੋਜ ਤਿਵਾਰੀ ਨੂੰ ਅੰਗਰੇਜ਼ੀ ਅਤੇ ਹਰਿਆਣਵੀ ਵਿੱਚ ਵੀ ਲੋਕਾਂ ਨੂੰ ਸੰਦੇਸ਼ ਦੇਣਾ ਸੀ। ਇਹ ਵੀਡੀਓਜ਼ ਬਣਾਈਆਂ ਗਈਆਂ ਸਨ ਅਤੇ ਸੋਸ਼ਲ ਮੀਡੀਆ 'ਤੇ ਵਿਆਪਕ ਤੌਰ 'ਤੇ ਪ੍ਰਸਾਰਿਤ ਕੀਤੀਆਂ ਗਈਆਂ ਸਨ, ਜਿਸ ਵਿੱਚ ਮਨੋਜ ਤਿਵਾਰੀ ਦੇ ਬੁੱਲ੍ਹਾਂ ਦੀ ਹਰਕਤ ਨੂੰ ਭਾਸ਼ਾ ਦੇ ਅਨੁਸਾਰ ਬਦਲਿਆ ਗਿਆ ਸੀ ਅਤੇ ਅਸਲ ਸਕ੍ਰਿਪਟ ਵਿੱਚ ਕੁਝ ਬਦਲਾਅ ਵੀ ਕੀਤੇ ਗਏ ਸਨ। ਇਸ ਘਟਨਾ ਦੇ ਸਾਢੇ ਤਿੰਨ ਸਾਲ ਬਾਅਦ ਹੁਣ ਪ੍ਰਧਾਨ ਮੰਤਰੀ ਨੇ ਇਹ ਪਤਾ ਲਗਾਉਣਾ ਸ਼ੁਰੂ ਕਰ ਦਿੱਤਾ ਹੈ ਕਿ ਡੀਪ ਫੇਕ ਤਕਨਾਲੋਜੀ ਚਿੰਤਾਜਨਕ ਹੈ ਅਤੇ ਭਵਿੱਖ ਵਿੱਚ ਇਸ 'ਤੇ ਵਿਚਾਰ ਕਰ ਰਹੀ ਹੈ।

ਪ੍ਰਧਾਨ ਮੰਤਰੀ ਦੇ ਅਨੁਸਾਰ, ਉਸਨੇ ਸੋਸ਼ਲ ਮੀਡੀਆ 'ਤੇ ਆਪਣੀ ਇੱਕ ਵੀਡੀਓ ਵੀ ਦੇਖੀ ਹੈ ਜਿਸ ਵਿੱਚ ਉਹ ਗਰਬਾ ਕਰਦੇ ਹੋਏ ਦਿਖਾਈ ਦੇ ਰਹੇ ਹਨ - ਇਹ ਡੀਪਫੇਕ ਵੀਡੀਓ ਇੰਨੀ ਵਧੀਆ ਬਣਾਈ ਗਈ ਹੈ ਕਿ ਮੈਂ ਇਸ ਤੋਂ ਬਹੁਤ ਪ੍ਰਭਾਵਿਤ ਹਾਂ। ਪਰ ਪ੍ਰਧਾਨ ਮੰਤਰੀ ਦਾ ਇਹ ਦਾਅਵਾ ਵੀ ਝੂਠਾ ਸਾਬਤ ਹੋਇਆ। ਹਾਲ ਹੀ ਵਿੱਚ, ਮੁੰਬਈ ਦੇ ਇੱਕ ਉਦਯੋਗਪਤੀ ਅਤੇ ਕਲਾਕਾਰ ਵਿਕਾਸ ਮਹਾਂਤੇ ਨੇ ਸੋਸ਼ਲ ਮੀਡੀਆ ਰਾਹੀਂ ਦਾਅਵਾ ਕੀਤਾ ਹੈ ਕਿ ਪ੍ਰਧਾਨ ਮੰਤਰੀ ਜਿਸ ਡੀਪਫੇਕ ਵੀਡੀਓ ਦੀ ਗੱਲ ਕਰ ਰਹੇ ਹਨ, ਉਹ ਡੀਪਫੇਕ ਨਹੀਂ, ਸਗੋਂ ਇੱਕ ਅਸਲੀ ਵੀਡੀਓ ਹੈ। ਵਿਕਾਸ ਮਹੰਤੇ ਦੀ ਦਿੱਖ ਅਤੇ ਸਰੀਰ ਪ੍ਰਧਾਨ ਮੰਤਰੀ ਮੋਦੀ ਨਾਲ ਕਾਫੀ ਮਿਲਦਾ ਜੁਲਦਾ ਹੈ, ਪ੍ਰਧਾਨ ਮੰਤਰੀ ਮੋਦੀ ਦੇ ਦਿੱਖ ਵਾਲੇ ਹੋਣ ਕਾਰਨ ਵਿਕਾਸ ਮਹੰਤੇ ਨੂੰ ਦੇਸ਼-ਵਿਦੇਸ਼ 'ਚ ਕਈ ਪ੍ਰੋਗਰਾਮਾਂ ਵਿਚ ਬੁਲਾਇਆ ਜਾਂਦਾ ਹੈ। ਦੀਵਾਲੀ ਤੋਂ ਠੀਕ ਪਹਿਲਾਂ ਉਨ੍ਹਾਂ ਨੂੰ ਲੰਡਨ 'ਚ ਇਕ ਪ੍ਰੋਗਰਾਮ ਵਿੱਚ ਬੁਲਾਇਆ ਗਿਆ ਸੀ, ਜਿੱਥੇ ਗਰਬਾ ਕਰਦੇ ਸਮੇਂ ਇਹ ਵੀਡੀਓ ਬਣਾਈ ਗਈ ਸੀ। ਚੋਣਾਂ ਦੌਰਾਨ ਵੀ ਵਿਕਾਸ ਮਹੰਤੇ ਨੂੰ ਭਾਜਪਾ ਦੇ ਰੋਡ ਸ਼ੋਅ ਵਿੱਚ ਕਈ ਥਾਵਾਂ 'ਤੇ ਬੁਲਾਇਆ ਜਾਂਦਾ ਹੈ ਅਤੇ ਉਸ ਨੂੰ ਟਰੱਕ 'ਤੇ ਖੜ੍ਹਾ ਕੀਤਾ ਜਾਂਦਾ ਹੈ। ਵਿਕਾਸ ਮਹੰਤੇ ਮੁਤਾਬਕ, ਉਹ ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਮੋਦੀ ਜੀ ਨੂੰ ਮਿਲੇ ਸਨ, ਪਰ ਮੋਦੀ ਜੀ ਨੇ ਉਨ੍ਹਾਂ ਨਾਲ ਫੋਟੋ ਖਿਚਵਾਉਣ ਤੋਂ ਇਨਕਾਰ ਕਰ ਦਿੱਤਾ ਸੀ। ਸਪੱਸ਼ਟ ਤੌਰ 'ਤੇ, ਭਾਜਪਾ ਅਤੇ ਪ੍ਰਧਾਨ ਮੰਤਰੀ ਮੋਦੀ ਲਈ, ਵਿਕਾਸ ਮਹੰਤੇ ਕੋਈ ਅਣਜਾਣ ਨਾਮ ਜਾਂ ਅਣਜਾਣ ਚਿਹਰਾ ਨਹੀਂ ਹੈ ਅਤੇ ਪ੍ਰਧਾਨ ਮੰਤਰੀ ਦੁਆਰਾ ਦਾਅਵਾ ਕੀਤਾ ਗਿਆ ਵੀਡੀਓ ਕੋਈ ਡੀਪ ਫੇਕ ਨਹੀਂ ਹੈ, ਬਲਕਿ ਇੱਕ ਅਸਲ ਵੀਡੀਓ ਹੈ ਜਿਸ ਵਿੱਚ ਪ੍ਰਧਾਨ ਮੰਤਰੀ ਨਹੀਂ ਉਨ੍ਹਾਂ ਦੇ ਹਮਸ਼ਕਲ ਹਨ।

ਅਸਲੀਅਤ ਇਹ ਹੈ ਕਿ ਭਾਜਪਾ ਅਤੇ ਸਰਕਾਰ ਦੀਆਂ ਨਜ਼ਰਾਂ ਵਿੱਚ ਜੋ ਨਕਲੀ ਹੈ ਉਹ ਅਸਲੀ ਹੈ ਅਤੇ ਜੋ ਅਸਲੀ ਹੈ ਉਹ ਸ਼ਹਿਰੀ ਨਕਸਲੀ, ਮਾਓਵਾਦੀ, ਗੱਦਾਰ, ਅੱਤਵਾਦੀ, ਪਾਕਿਸਤਾਨੀ ਅਤੇ ਟੁਕੜੇ ਟੁਕੜੇ ਗੈਂਗ ਤੇ ਖ਼ਾਲਿਸਤਾਨੀ ਹਨ। ਭਾਜਪਾ ਦਾ ਆਈਟੀ ਸੈੱਲ ਫਰਜ਼ੀ ਖ਼ਬਰਾਂ ਦੀ ਖਾਨ ਹੈ ਅਤੇ ਗੋਦੀ ਮੀਡੀਆ ਵੀ ਇਸੇ ਖਤਰਨਾਕ ਰਾਹ 'ਤੇ ਹੈ ਜੋ ਦੰਗਿਆਂ ਤੇ ਫਿਰਕੂਵਾਦ ਦੀ ਅੱਗ ਭੜਕਾ ਰਿਹਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਪ੍ਰਧਾਨ ਮੰਤਰੀ ਨਮੋ ਐਪ ਰਾਹੀਂ ਫਰਜ਼ੀ ਖਬਰਾਂ ਅਤੇ ਮੋਰਫਡ ਵੀਡੀਓਜ਼ ਨੂੰ ਕਈ ਵਾਰ ਸ਼ੇਅਰ ਕੀਤਾ ਜਾ ਚੁੱਕਾ ਹੈ। ਭਾਰਤ ਵਿੱਚ ਜਿਸ ਤਰ੍ਹਾਂ ਦੇ ਹਾਲਾਤ ਹਨ, ਉੱਥੇ ਡੀਪ ਫੇਕ ਦੀ ਲੋੜ ਨਹੀਂ ਹੈ। ਇੱਥੇ ਸੱਤਾ ਵਿੱਚ ਬੈਠੇ ਮੋਦੀ ਅਤੇ ਉਨ੍ਹਾਂ ਦੇ ਸਮਰਥਕ ਕਿਸੇ ਵੀ ਸਮੇਂ ਕਿਸੇ 'ਤੇ ਬੇਬੁਨਿਆਦ ਤੇ ਝੂਠੇ ਦੋਸ਼ ਲਗਾ ਸਕਦੇ ਹਨ ਅਤੇ ਇਨ੍ਹਾਂ ਬੇਬੁਨਿਆਦ ਦੋਸ਼ਾਂ ਦੇ ਆਧਾਰ 'ਤੇ ਪੁਲਿਸ ਸਮੇਤ ਸਾਰੀਆਂ ਜਾਂਚ ਏਜੰਸੀਆਂ ਆਪਣੀ ਕਾਰਵਾਈ ਸ਼ੁਰੂ ਕਰ ਦਿੰਦੀਆਂ ਹਨ। ਗੋਦੀ ਮੀਡੀਆ 'ਤੇ ਕਿਸੇਵਿਰੁੱਧ ਕਿਸੇ ਵੀ ਸਮੇਂ ਕਿਸੇ ਨੂੰ ਵੀ ਅਪਰਾਧੀ ਜਾਂ ਦੇਸ ਵਿਰੋਧੀ ਐਲਾਨ ਕੇ ਜੇਲ੍ਹ ਵਿੱਚ ਧਕਿਆ ਜਾ ਸਕਦਾ ਹੈ।'

***

## ਬੰਗਲੌਰ ਦਾ ਅਮਨਦੀਪ ਸਿੰਘ ਖ਼ਾਲਸਾ

8 ਲੱਖ ਰੁਪਏ ਖਰਚ ਹੋ ਗਿਆ। ਲਗਪਗ 35 ਹਜ਼ਾਰ ਸਕੂਲਾਂ ਅਤੇ 12500 ਪਿੰਡਾਂ ਵਿੱਚ ਜਾ ਕੇ ਨਸ਼ਿਆਂ ਵਿਰੁੱਧ ਪ੍ਰਚਾਰ ਕੀਤਾ ਤੇ ਕਰੀਬ 7500 ਬੰਦਿਆਂ ਨੇ ਪ੍ਰਭਾਵਿਤ ਹੋ ਕੇ ਨਸ਼ਾ ਛੱਡਣ ਦਾ ਪ੍ਰਣ ਲਿਆ। ਸਾਈਕਲ 'ਤੇ ਇੰਨੀ ਯਾਤਰਾ ਕਰਨ ਕਰ ਕੇ ਗਿੰਨੀਜ਼ ਬੁੱਕ ਵਿੱਚ ਨਾਂ ਦਰਜ ਹੋਇਆ ਤੇ ਉਸ ਨੂੰ ਕਰੀਬ ਇੱਕ ਲੱਖ ਡਾਲਰ ਦਾ ਚੈੱਕ ਮਿਲਣ ਜਾ ਰਿਹਾ ਹੈ ਜਿਸ ਨਾਲ ਉਹ ਗ਼ਰੀਬ ਬੱਚਿਆਂ ਲਈ ਸਕੂਲ ਤਿਆਰ ਕਰਵਾਏਗਾ। ਉਸ ਨੇ ਦੱਸਿਆ ਕਿ ਹੁਣ ਉਹ ਸਾਈਕਲ ਆਪਣੇ ਧੀ ਦੇ ਘਰ ਰੱਖ ਕੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕ ਕੇ ਜਹਾਜ਼ ਰਾਹੀਂ ਵਾਪਸ ਪਿੰਡ ਚਲਾ ਜਾਵੇਗਾ। ਇਸ ਉਮਰ ਵਿੱਚ ਬੁਲੰਦ ਹੌਸਲੇ ਨਾਲ ਬੋਲਣਾ, ਸਾਈਕਲ ਚਲਾਉਣਾ, ਘਰੋਂ ਬਾਹਰ ਰਾਤਾਂ ਕੱਟਣੀਆਂ, ਬਿਨਾਂ ਕਿਸੇ ਤੋਂ ਪੈਸਾ ਲਏ ਲੋਕ ਸੇਵਾ ਵਿੱਚ ਸਮਾਂ ਲਗਾਉਣਾ ਬਹੁਤ ਮੁਸ਼ਕਲ ਹੁੰਦਾ ਹੈ। ਉਹ ਗੈਸ, ਚੁੱਲ੍ਹਾ, ਰਾਸ਼ਨ, ਬਰਤਨ, ਬਿਸਤਰਾ ਤੇ ਟੈਂਟ ਸਾਈਕਲ 'ਤੇ ਹੀ ਰੱਖਦਾ ਹੈ ਤੇ ਜਿੱਥੇ ਰਾਤ ਪੈਂਦੀ ਹੈ, ਗੁਜ਼ਾਰ ਕੇ ਸਵੇਰੇ ਅਗਲੇ ਸਫ਼ਰ 'ਤੇ ਚੱਲ ਪੈਂਦਾ ਹੈ। ਉਸ ਨੇ ਦੱਸਿਆ ਕਿ ਰੋਜ਼ਾਨਾ 8 ਲੀਟਰ ਪਾਣੀ ਪੀਂਦਾ ਹੈ ਤੇ ਕੋਈ ਦਵਾਈ ਨਹੀਂ ਖਾਂਦਾ। ਰਸਤੇ ਦੌਰਾਨ ਕਈ ਲੋਕਾਂ ਵੱਲੋਂ ਉਸ ਦੀ ਵਿੱਤੀ ਮਦਦ ਵੀ ਕੀਤੀ ਪਰ ਖ਼ੁਦ ਕਦੇ ਕਿਸੇ ਤੋਂ ਰੁਪਏ ਦੀ ਮੰਗ ਨਹੀਂ ਕੀਤੀ। ਅਮਨਦੀਪ ਸਿੰਘ ਖ਼ਾਲਸਾ ਹਰ ਵਰਗ ਲਈ ਪ੍ਰੇਰਨਾ ਸਰੋਤ ਬਣ ਰਿਹਾ ਹੈ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




ON

jus PUNJABI HD

sling

CREDIBILITY RELIABILITY

Minute to Minute Coverage of Punjab Elections

Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com